ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਭਾਸ਼ਾ

ਫੈਕਲਟੀ ਅਧੀਨ ਪੀਐਚ.ਡੀ. (ਪੰਜਾਬੀ)

ਦੀ ਡਿਗਰੀ ਲਈ ਪ੍ਰਸਤੁਤ

ਖੋਜ-ਪ੍ਰਬੰਧ

(2022)

ਨਿਗਰਾਨ

ਡਾ. ਬੂਟਾ ਸਿੰਘ ਬਰਾੜ
ਪ੍ਰੋਫੈਸਰ, ਪੀ. ਜੀ. ਸਟੱਡੀਜ਼ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਰਿਜ਼ਨਲ ਸੈਂਟਰ, ਬਠਿੰਡਾ।

ਖੋਜਾਰਥਣ

ਨੀਲਮ

ਪੰਜਾਬੀ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

Abstract

The main objective of the present research project is to identify the similarities and dissimilarities between the two languages by analyzing a comparative phonological study of Punjabi and Hindi languages. Since both languages belong to the same language-family and both have common linguistic resources, therefore before analyzing synchronic study of both language, have also presented a diachronic study.

The thesis is organized in four chapters plus conclusion and an adequate bibliography. In the first chapter the theoretical model of the study has been designed. This chapter deals with the detailed explanation of the theoretical aspects of phonetics and phonology. In the second and third chapter, the phonological study of Punjabi and Hindi languages respectively has been presented. In both chapters the phonological development of the both languages is ilustrated with examples and then the phonological structure of both languages is analyzed. The distinctive features of the segmental phonemes of both languages are also identified in the theoretical framework of three modern study models of Trubetzkoy, Jakobson-halle and Chomsky-Halle. In forth chapter, a factual comparison of the common and distinct aspects of the phonological structure of the two languages is presented according to the guidance of comparative phonological method. On the three basis of three modern study-model, the similarities and dissimilarities have been obtained on both quantitative and qualitative levels.

ਆਬਸਟ੍ਰੈਕਟ

ਪ੍ਰਸਤੁਤ ਖੋਜ ਪ੍ਰਬੰਧ ਦਾ ਮੁੱਖ ਉਦੇਸ਼ 'ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ ਕਰ ਕੇ, ਦੋਵਾਂ ਭਾਸ਼ਾਵਾਂ ਵਿਚਲੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਦੀ ਨਿਸ਼ਾਨਦੇਹੀ ਕਰਨਾ ਹੈ। ਦੋਵੇਂ ਭਾਸ਼ਾਵਾਂ ਕਿਉਂਕਿ ਇਕੋ ਭਾਸ਼ਾ-ਪਰਿਵਾਰ ਨਾਲ ਸੰਬੰਧਿਤ ਹਨ ਅਤੇ ਦੋਹਾਂ ਦੇ ਭਾਸ਼ਾਈ-ਸ੍ਰੋਤ ਵੀ ਸਾਂਝੇ ਹਨ, ਇਸ ਲਈ ਦੋਹਾਂ ਭਾਸ਼ਾਵਾਂ ਦਾ ਇਕਾਲਕ ਧੁਨੀ ਵਿਉਂਤਕ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਅਸੀਂ ਦੁਕਾਲਕ ਅਧਿਐਨ ਵੀ ਪੇਸ਼ ਕੀਤਾ ਹੈ।

ਸਮੁੱਚੇ ਖੋਜ ਕਾਰਜ ਨੂੰ ਚਾਰ ਅਧਿਆਵਾਂ ਵਿਚ ਵੰਡ ਕੇ ਮੁਕੰਮਲ ਕੀਤਾ ਗਿਆ ਹੈ ਅਤੇ ਅੰਤ ਵਿਚ ਨਿਸ਼ਕਰਸ਼ ਅਤੇ ਸਹਾਇਕ ਪੁਸਤਕ ਸੂਚੀ ਸ਼ਾਮਲ ਕੀਤੀ ਗਈ ਹੈ। ਪਹਿਲੇ ਅਧਿਆਏ ਵਿੱਚ ਧੁਨੀਵਿਉਂਤਕ ਅਧਿਐਨ ਦੇ ਸਿਧਾਂਤਕ ਪਰਿਪੇਖ ਦੀ ਉਸਾਰੀ ਕੀਤੀ ਗਈ ਹੈ।ਇਹ ਅਧਿਆਇ ਧੁਨੀ ਵਿਗਿਆਨ ਅਤੇ ਧੁਨੀਵਿਉਂਤ ਦੇ ਸਿਧਾਂਤਕ ਪੱਖਾਂ ਅਤੇ ਸੰਕਲਪਾਂ ਦੀ ਵਿਆਖਿਆ ਤੋਂ ਲੈ ਕੇ, ਧੁਨੀਵਿਉਂਤਕ ਵਿਆਪਕਤਾ ਅਤੇ ਨਿਖੇੜੂ ਲੱਛਣ ਸਿਧਾਂਤਾਂ ਤੱਕ ਫੈਲਿਆ ਹੋਇਆ ਹੈ। ਦੂਜੇ ਅਤੇ ਤੀਜੇ ਅਧਿਆਏ ਵਿੱਚ ਕ੍ਰਮਵਾਰ ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਧੁਨੀਵਿਉਂਤਕ ਅਧਿਐਨ ਪੇਸ਼ ਕੀਤਾ ਹੈ। ਦੋਹਾਂ ਚੈਪਟਰਾਂ ਦੋਹਾਂ ਭਾਸ਼ਾਵਾਂ ਦਾ ਧੁਨੀਵਿਉਂਤਕ ਵਿਕਾਸ ਨੂੰ ਉਦਾਹਰਨਾਂ ਸਮੇਤ ਦਰਸਾਇਆ ਗਿਆ ਹੈ ਅਤੇ ਫਿਰ ਦੋਹਾਂ ਭਾਸ਼ਾਵਾਂ ਦੀ ਧੁਨੀਵਿਉਂਤਕ ਸੰਰਚਨਾ ਨੂੰ ਵਿਸ਼ਲੇਸ਼ਿਤ ਕੀਤਾ ਗਏ ਹੈਂ। ਦੋਹਾਂ ਭਾਸ਼ਾਵਾਂ ਦੀਆਂ ਧੁਨੀਆਂ ਦੇ ਨਿਖੇੜੂ ਲੱਛਣਾਂ ਦੀ ਪਛਾਣ ਵੀ ਤਿੰਨ ਆਧੁਨਿਕ ਅਧਿਐਨ-ਮਾਡਲਾਂ(ਟ੍ਰਬਟਜ਼ਕਾਏ, ਰੋਮਨ ਜੈਕਬਸਨ ਤੇ ਹਾਲੇ ਅਤੇ ਨੌਮ ਚੌਮਸਕੀ ਤੇ ਹਾਲੇ) ਦੇ ਸਿਧਾਂਤਿਕ ਪਰਿਪੇਖ ਵਿਚ ਕੀਤੀ ਗਈ ਹੈ। ਚੌਥੇ ਅਧਿਆਇ ਵਿਚ ਤੁਲਨਾਤਮਕ ਧੁਨੀਵਿਉਂਤਕ ਵਿਧੀ ਦੀ ਸਿਧਾਂਤਕ ਸੇਧ ਮੁਤਾਬਕ ਦੋਹਾਂ ਭਾਸ਼ਾਵਾਂ ਭਾਸ਼ਾਵਾਂ ਦੀ ਧੁਨੀਵਿਉਂਤਕ ਸੰਰਚਨਾ ਦੇ ਸਾਂਝੇ ਅਤੇ ਨਿੱਖੜਵੇਂ ਪਹਿਲੂਆਂ ਦੀ ਤੱਥਗਤ ਤੁਲਨਾ ਪੇਸ਼ ਕੀਤੀ ਗਈ ਹੈ। ਤਿੰਨ ਆਧੁਨਿਕ ਅਧਿਐਨ-ਮਾਡਲਾਂ ਦੇ ਆਧਾਰ ਤੇ ਦੋਵਾਂ ਭਾਸ਼ਾਵਾਂ ਦੀਆਂ ਧੁਨੀਆਂ ਦੇ ਨਿਖੇੜੂ ਲੱਛਣਾਂ ਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਨੂੰ ਉਜਾਗਰ ਕੀਤਾ ਗਿਆ ਹੈ। ਦੋਵਾਂ ਭਾਸ਼ਾਵਾਂ ਦੇ ਉਨ੍ਹਾਂ ਧੁਨੀਵਿਉਂਤਕ ਨੇਮਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਹੈ ਜੋ ਕਿ ਦੋਵਾਂ ਭਾਸ਼ਾਵਾਂ ਦੀ ਗਹਿਨ ਧੁਨੀਵਿਉਂਤਕ ਸੰਰਚਨਾ ਨੂੰ ਸਤਹੀ ਧੁਨੀਵਿਉਂਤਕ ਪ੍ਰਗਟਾਵੇ ਵਿੱਚ ਰੂਪਾਂਤਰਿਤ ਕਰਦੇ ਹਨ। ਸਾਰੰਸ਼ ਇਹ ਕਿ ਇਸ ਖੋਜ ਕਾਰਜ ਉਪਰੰਤ ਗਿਣਨਾਤਮਕ ਅਤੇ ਗੁਣਨਾਤਮਕ ਦੋਹਾਂ ਪੱਧਰਾਂ ਉਤੇ ਸਮਾਨਤਾਵਾਂ ਅਤੇ ਅਸਮਾਨਤਾਵਾਂ ਪ੍ਰਾਪਤ ਹੋਈਆਂ ਹਨ।

ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਨੀਲਮ ਨੇ **ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ** ਵਿਸ਼ੇ 'ਤੇ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਸੰਪੂਰਨ ਕੀਤਾ ਹੈ। ਇਹ ਖੋਜਾਰਥਣ ਦਾ ਮੌਲਿਕ ਖੋਜ-ਕਾਰਜ ਹੈ। ਇਸ ਖੋਜ ਕਾਰਜ ਨੂੰ ਇਸ ਤੋਂ ਪਹਿਲਾਂ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੰਜਾਬੀ ਜਾਂ ਕਿਸੇ ਹੋਰ ਯੂਨੀਵਰਸਿਟੀ ਵਿੱਚ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ-ਕਾਰਜ ਨੂੰ ਪੀਐਚ.ਡੀ. ਪੰਜਾਬੀ ਦੀ ਡਿਗਰੀ ਦੇ ਯੋਗ ਸਮਝਦਾ ਹਾਂ ਅਤੇ ਇਸ ਖੋਜ ਪ੍ਰਬੰਧ ਨੂੰ ਪੰਜਾਬੀ ਯੂਨੀਵਰਸਿਟੀ ਦੀ ਭਾਸ਼ਾ ਫੈਕਲਟੀ ਵਿਚ ਪੀਐਚ.ਡੀ.ਦੀ ਡਿਗਰੀ ਲਈ ਮੁਲਾਂਕਣ ਹਿਤ ਪੇਸ਼ ਕਰਨ ਦੀ ਸਿਫ਼ਾਰਸ਼ ਕਰਦਾ ਹਾਂ।

ਮਿਤੀ: 24/1/22

(ਬੂਟਾ ਸਿੰਘ ਬਰਾੜ)

ਨਿਗਰਾਨ

ਘੋਸ਼ਣਾ-ਪੱਤਰ

ਮੈਂ ਘੋਸ਼ਣਾ ਕਰਦੀ ਹਾਂ ਕਿ **ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ** ਵਿਸ਼ੇ ਉੱਪਰ ਲਿਖਿਆ ਖੋਜ-ਪ੍ਰਬੰਧ ਮੇਰਾ ਮੌਲਿਕ ਖੋਜ ਕਾਰਜ ਹੈ। ਇਹ ਖੋਜ ਕਾਰਜ ਪਹਿਲਾਂ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੰਜਾਬੀ ਯੂਨੀਵਰਸਿਟੀ ਜਾਂ ਕਿਸੇ ਹੋਰ ਯੂਨੀਵਰਸਿਟੀ ਵਿਚ ਪੇਸ਼ ਨਹੀਂ ਕੀਤਾ ਗਿਆ।

ਪ੍ਰਤੀ ਹਸਤਾਖਰ :

(ਬੂਟਾ ਸਿੰਘ ਬਰਾੜ)

ਨਿਗਰਾਨ

ਖੋਜਾਰਥਣ:

(ਨੀਲਮ)

ਮਿਤੀ 20-7-2022

ਧੰਨਵਾਦ

ਇਸ ਖੋਜ ਪ੍ਰਬੰਧ ਨੂੰ ਸੰਪੂਰਨ ਕਰਨ ਲਈ ਮੈਂ ਅਨੇਕਾਂ ਵਿਦਵਾਨਾਂ ਦੇ ਵਿਚਾਰਾਂ ਤੋਂ ਲਾਭਵਾਨ ਹੋਈ ਹਾਂ। ਖਾਸ ਕਰ ਕੇ ਪ੍ਰੇਮ ਪ੍ਰਕਾਸ਼ ਸਿੰਘ, ਵਿਦਿਆ ਅਰੁਣ ਭਾਸਕਰ, ਦੁਨੀ ਚੰਦ੍ਰ, ਭੋਲਾਨਾਥ ਤਿਵਾਰੀ, ਪਰਮਜੀਤ ਸਿੰਘ ਸਿੱਧੂ, ਸੁਖਵਿੰਦਰ ਸਿੰਘ ਸੰਘਾ ਆਦਿ ਵਿਦਵਾਨਾਂ ਦੀਆਂ ਲਿਖਤਾਂ ਤੋਂ ਸੇਧ ਪ੍ਰਾਪਤ ਕੀਤੀ ਹੈ। ਇਨ੍ਹਾਂ ਸਭਨਾਂ ਦੇ ਗਿਆਨ ਅੱਗੇ ਮੇਰਾ ਨਮਸਕਾਰ ਹੈ। ਮੈਨੂੰ ਇਹ ਅਹਿਸਾਸ ਵੀ ਹੋ ਰਿਹਾ ਹੈ ਕਿ ਖੋਜ ਕਾਰਜ ਮਹਿਜ਼ ਇਕ ਸਿਲੇਬਸੀ ਅਭਿਆਸ ਹੀ ਨਹੀਂ ਹੁੰਦਾ ਬਲਕਿ ਇਸ ਵਿਚ, ਨਿਗਰਾਨ ਦਾ ਯੋਗਦਾਨ, ਬਹੁਤ ਸਾਰੇ ਵਿਦਵਾਨਾਂ ਦੀ ਖੋਜ ਦਾ ਨਿਚੋੜ, ਸੰਸਥਾ ਦਾ ਅਨੁਭਵ, ਔਖੇ-ਸੌਖੇ ਪਲਾਂ ਦੀ ਯਾਦ ਅਤੇ ਦਿਨ-ਰਾਤ ਦੀ ਪੜ੍ਹਾਈ-ਲਿਖਾਈ ਕਰਦਿਆਂ ਸਮੇਂ ਦੀ ਜੱਦੋ-ਜਹਿਦ ਆਦਿ ਕਈ ਕੁੱਝ ਸ਼ਾਮਲ ਹੁੰਦਾ ਹੈ। ਮੈਂ ਸਭ ਤੋਂ ਪਹਿਲਾਂ ਉਸ ਅਕਾਲ ਪੁਰਖ ਦੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਮੈਨੂੰ ਇਹ ਖੋਜ ਕਾਰਜ ਕਰਨ ਲਈ ਬਲ ਅਤੇ ਬੁੱਧੀ ਬਖ਼ਸ਼ੀ। ਉਸ ਤੋਂ ਬਾਅਦ ਮੈਂ ਆਪਣੇ ਗੁਰੂ ਸਤਿਕਾਰਯੋਗ ਬੂਟਾ ਸਿੰਘ ਜੀ ਬਰਾੜ ਦੀ ਧੰਨਵਾਦੀ ਹਾਂ ਜਿਨ੍ਹਾਂ ਦੀ ਯੋਗ ਅਗਵਾਈ ਵਿਚ ਮੈਂ ਆਪਣਾ ਖੋਜ ਕਾਰਜ ਮੁਕੰਮਲ ਕਰ ਸਕੀ ਹਾਂ। ਮੈਂ ਧੰਨਵਾਦੀ ਹਾਂ ਰਿਜ਼ਨਲ ਸੈਂਟਰ ਦੇ ਪ੍ਰੋ. ਜੀਤ ਸਿੰਘ ਜੋਸ਼ੀ, ਪ੍ਰੋ. ਸਤਿਨਾਮ ਸਿੰਘ ਜੱਸਲ, ਪ੍ਰੋ. ਰਜਿੰਦਰ ਸਿੰਘ, ਡਾ. ਰਵਿੰਦਰ ਸੰਧੂ ਅਤੇ ਨਾਨ-ਟੀਚਿੰਗ ਸਟਾਫ ਦੇ ਮੈਡਮ ਵੀਰਪਾਲ ਕੌਰ, ਸਿਮਰਨਜੀਤ ਕੌਰ, ਨਵਪ੍ਰੀਤ ਕੌਰ ਦੀ ਜਿਨ੍ਹਾਂ ਨੇ ਹਮੇਸ਼ਾ ਮੈਨੂੰ ਅੱਗੇ ਵੱਧਣ ਦੀ ਪ੍ਰੇਰਨਾ ਦਿੱਤੀ। ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਮੁਖੀ ਪ੍ਰੋ. ਸੁਰਜੀਤ ਸਿੰਘ, ਵਰਤਮਾਨ ਮੁਖੀ ਪ੍ਰੋ. ਗੁਰਮੁਖ ਸਿੰਘ, ਸਮੂਹ ਪ੍ਰੋਫੈਸਰ ਸਹਿਬਾਨ ਅਤੇ ਮੈਡਮ ਅਮਨਦੀਪ ਕੌਰ ਦੀ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ ਤੇ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ। ਮੈਂ ਆਪਣੇ ਮਾਤਾ-ਪਿਤਾ (ਸਹੁਰਾ ਅਤੇ ਪੇਕਾ ਪਰਿਵਾਰ) ਜੀ ਦੀ ਅਤਿ ਧੰਨਵਾਦੀ ਹਾਂ ਜਿਨ੍ਹਾਂ ਦੀ ਹੌਸਲਾ ਅਫਜ਼ਾਈ ਸਦਕਾ ਇਹ ਖੋਜ ਕਾਰਜ ਨੇਪਰੇ ਚੜ੍ਹਿਆ ਹੈ। ਮੈਂ ਆਪਣੇ ਜੀਵਨ ਸਾਥੀ ਅਸ਼ੋਕ ਕੁਮਾਰ ਅਤੇ ਮੇਰੀ ਦੁਨੀਆਂ ਬੇਟੀ ਸੁਮੀਸ਼ਾ ਦੀ ਧੰਨਵਾਦੀ ਹਾਂ ਜਿਨ੍ਹਾਂ ਦੇ ਕੀਮਤੀ ਪਲ ਚੁਰਾ ਕੇ ਮੈਂ ਇਹ ਖੋਜ ਕਾਰਜ ਪੂਰਾ ਕੀਤਾ। ਮੈਂ ਧੰਨਵਾਦੀ ਹਾਂ ਆਪਣੀਆਂ ਸਹੇਲੀਆਂ ਨਵਦੀਪ ਕੌਰ, ਪਰਮਿੰਦਰ ਕੌਰ, ਸੰਦੀਪ ਕੌਰ (ਤਲਵੰਡੀ ਸਾਬੋ) ਅਤੇ ਭੈਣ ਰਜਨੀ ਦੀ ਜਿਨ੍ਹਾਂ ਨੇ ਸਮੇਂ-ਸਮੇਂ ਤੇ ਮੇਰੀ ਮਦਦ ਕੀਤੀ। ਸਮੁੱਚੇ ਭੈਣਾਂ ਭਰਾਵਾਂ ਅਤੇ ਭਾਬੀ ਜੀ ਪ੍ਰਤੀ ਆਭਾਰ ਪ੍ਰਗਟ ਕਰਦੀ ਹਾਂ ਜਿਨ੍ਹਾਂ ਦੇ ਅਸ਼ੀਰਵਾਦ ਤੇ ਸਹਿਯੋਗ ਤੋਂ ਬਿਨ੍ਹਾ ਇਹ ਖੋਜ ਕਾਰਜ ਮੁਕੰਮਲ ਕਰਨਾ ਅਸੰਭਵ ਸੀ।

ਨੀਲਮ

ਸੰਕੇਤਾਵਲੀ

/ /	=	ਧੁਨੀਮਕ (Phonemic) ਲਿਪੀਅੰਤ੍ਰਣ
[ ]	=	ਧੁਨੀਆਤਮਕ (Phonetic) ਲਿਪੀਅੰਤ੍ਰਣ
→	=	ਵਿਚ ਬਦਲਦਾ ਹੈ
#	=	ਰੁਪੀਮੀ ਹੱਦ
+	=	ਜਮ੍ਹਾਂ ਨਿਖੇੜੂ ਲੱਛਣ
-	=	ਮਨਫ਼ੀ ਨਿਖੇੜੂ ਲੱਛਣ
ਸੰ.	=	ਸੰਸਕ੍ਰਿਤ ਭਾਸ਼ਾ
ਹਿੰ.	=	ਹਿੰਦੀ ਭਾਸ਼ਾ
ਪੰ.	=	ਪੰਜਾਬੀ ਭਾਸ਼ਾ
ਪ੍ਰਾ.	=	ਪ੍ਰਾਕ੍ਰਿਤ
ਪ੍ਰਾ.ਹਿੰ.ਆ.	=	ਪ੍ਰਾਚੀਨ ਹਿੰਦ ਆਰੀਆ
ਸ	=	ਸਵਰ
ਵਿ	=	ਵਿਅੰਜਨ
╱	=	ਉੱਚੀ ਸੁਰ
╲	=	ਨੀਵੀਂ ਸੁਰ
	=	ਪੂਰਵ ਤੋਂ ਉਤਪੰਨ

ਭੂਮਿਕਾ

'ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ' ਨਾਮੀ ਪ੍ਰਸਤੁਤ ਖੋਜ ਪ੍ਰਬੰਧ ਵਿਚ ਪੰਜਾਬੀ ਅਤੇ ਹਿੰਦੀ ਭਾਸ਼ਾ ਦੀ ਧੁਨੀਵਿਉਂਤ ਨੂੰ ਅਧਿਐਨ ਵਸਤੂ ਵਜੋਂ ਗ੍ਰਹਿਣ ਕੀਤਾ ਗਿਆ ਹੈ। ਖੋਜ ਕਾਰਜ ਦਾ ਮੁੱਖ ਉਦੇਸ਼ ਦੋਹਾਂ ਭਾਸ਼ਾਵਾਂ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ ਕਰ ਕੇ, ਦੋਵਾਂ ਭਾਸ਼ਾਵਾਂ ਵਿਚਲੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਦੀ ਨਿਸ਼ਾਨਦੇਹੀ ਕਰਨਾ ਹੈ। ਇਸ ਉਦੇਸ਼ ਦੀ ਪੂਰਤੀ ਹਿੱਤ ਪੰਜਾਬੀ ਅਤੇ ਹਿੰਦੀ ਭਾਸ਼ਾ ਦੀ ਧੁਨੀਵਿਉਂਤ ਦਾ ਅਧਿਐਨ ਕਰਨ ਲਈ ਪਰੰਪਰਾਈ ਅਧਿਐਨ-ਵਿਧੀ ਅਤੇ ਆਧੁਨਿਕ ਭਾਸ਼ਾ ਵਿਗਿਆਨਕ ਮਾਡਲਾਂ ਤੋਂ ਅੰਤਰ ਦ੍ਰਿਸ਼ਟੀ ਗ੍ਰਹਿਣ ਕਰ ਕੇ, ਸਿਧਾਂਤਕ ਮਾਡਲ ਦੀ ਉਸਾਰੀ ਕੀਤੀ ਗਈ ਹੈ। ਇਨ੍ਹਾਂ ਅਧਿਐਨ ਮਾਡਲਾਂ ਵਿਚ ਪਰਿੰਸ ਨਿਕਲਾਏ ਟ੍ਰਬਟਜ਼ਕਾਏ, ਰੋਮਨ ਜੈਕਬਸਨ ਤੇ ਹਾਲੇ ਅਤੇ ਨੌਮ ਚੌਮਸਕੀ ਤੇ ਹਾਲੇ ਦੇ ਨਿਖੇੜੂ ਲੱਛਣ ਸਿਧਾਂਤਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਦੋਵੇਂ ਭਾਸ਼ਾਵਾਂ ਕਿਉਂਕਿ ਇਕੋ ਭਾਸ਼ਾ-ਪਰਿਵਾਰ ਨਾਲ ਸੰਬੰਧਿਤ ਹਨ ਅਤੇ ਦੋਹਾਂ ਦੇ ਭਾਸ਼ਾਈ-ਸ੍ਰੋਤ ਵੀ ਸਾਂਝੇ ਹਨ, ਇਸ ਲਈ ਦੋਹਾਂ ਭਾਸ਼ਾਵਾਂ ਦਾ ਇਕਾਲਕ ਧੁਨੀ ਵਿਉਂਤਕ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਅਸੀਂ ਦੁਕਾਲਕ ਅਧਿਐਨ ਵੀ ਪੇਸ਼ ਕੀਤਾ ਹੈ। ਤੁਲਨਾਤਮਕ ਧੁਨੀਵਿਉਂਤ ਅਸਲ ਵਿਚ ਤੁਲਨਾਤਮਕ ਭਾਸ਼ਾ ਵਿਗਿਆਨ ਦੀ ਹੀ ਇਕ ਉਪਸ਼ਾਖਾ ਹੈ ਜੋ ਕਿ ਇਤਿਹਾਸਕ ਭਾਸ਼ਾ ਵਿਗਿਆਨ ਦੀ ਮੁੱਖ ਸਹਾਇਕ ਵਿਧੀ ਹੈ। ਇਤਿਹਾਸਕ ਭਾਸ਼ਾ ਵਿਗਿਆਨ ਤੁਲਨਾਤਮਕ ਭਾਸ਼ਾ-ਸ਼ਾਸਤਰ ਦਾ ਅਗਲਾ ਵਿਕਾਸ ਪੜਾਅ ਹੈ ਜਿਸ ਦੀ ਬੁਨਿਆਦ ਸਰ ਵਿਲੀਅਮ ਜੋਨਜ਼ ਨੇ 1786 ਵਿਚ ਆਪਣੇ ਐਲਾਨਨਾਮੇ ਨਾਲ ਰੱਖ ਦਿੱਤੀ ਸੀ। ਵਿਹਾਰਕ ਰੂਪ ਵਿਚ ਤੁਲਨਾਤਮਕ ਭਾਸ਼ਾ ਵਿਗਿਆਨ ਦਾ ਮੋਢੀ ਡੈਨਮਾਰਕ ਵਾਸੀ ਭਾਸ਼ਾ ਵਿਗਿਆਨੀ ਆਰ.ਰਸਕ (R.Rask;1787-1832) ਸੀ ਜਿਸ ਨੇ ਪੁਰਾਤਨ ਨੌਰਸ (Old Norse) ਦੀ ਉਤਪਤੀ ਬਾਰੇ 1818 ਵਿਚ ਇਕ ਕਿਤਾਬ ਪ੍ਰਕਾਸ਼ਿਤ ਕਰ ਕੇ, ਤੁਲਨਾਤਮਕ ਧੁਨੀਵਿਉਂਤਕ ਅਤੇ ਰੂਪਵਿਉਂਤਕ ਅਧਿਐਨ ਪੇਸ਼ ਕੀਤਾ। ਇਸ ਤੋਂ ਬਾਅਦ ਗ੍ਰਿਮ, ਗ੍ਰਾਸਮੈਨ ਅਤੇ ਵਰਨਰ ਆਦਿ ਭਾਸ਼ਾ ਵਿਗਿਆਨੀਆਂ ਨੇ ਭਾਰੋਪੀ ਭਾਸ਼ਾਵਾਂ ਦੀਆਂ ਧੁਨੀਆਂ ਵਿਚ ਇਤਿਹਾਸਕ ਵਿਕਾਸ ਦੌਰਾਨ ਜੋ ਪਰਿਵਰਤਨ ਆਏ, ਉਨ੍ਹਾਂ ਦੇ ਨਿਯਮਾਂ ਦੀ ਖੋਜ ਕਰ ਕੇ, ਇਸ ਖੇਤਰ ਦੀ ਖੋਜ ਨੂੰ ਅੱਗੇ ਵਧਾਇਆ।

ਪ੍ਰਸਤੁਤ ਖੋਜ ਕਾਰਜ ਨਾਲ ਸਿੱਧੇ ਤੌਰ ਤੇ ਸੰਬੰਧਿਤ ਜੋ ਖੋਜ ਕਾਰਜ ਪ੍ਰਾਪਤ ਹੈ, ਉਨ੍ਹਾਂ ਵਿਚ ਪਹਿਲਾ ਵਿਦਿਆ ਭਾਸਕਰ ਅਰੁਣ ਰਚਿਤ 'A Comparative Phonology of Hindi and Punjabi' (1997) ਅਤੇ ਦੂਜਾ ਡੀ.ਡੀ ਸ਼ਰਮਾ ਦੁਆਰਾ ਰਚਿਤ 'Syllabic Structure of Hindi And Punjabi' (1971) ਹੈ। ਇਹ ਦੋਵੇਂ ਖੋਜ ਕਾਰਜ ਅੰਗਰੇਜ਼ੀ ਭਾਸ਼ਾ ਵਿਚ ਪੁਸਤਕ ਰੂਪ ਵਿਚ ਹਾਸਲ ਹਨ। ਵਿਦਿਆ ਭਾਸਕਰ ਅਰੁਣ ਨੇ ਆਪਣੇ ਖੋਜ ਕਾਰਜ ਵਿਚ ਪੰਜਾਬ ਦੇ ਕੇਂਦਰ ਵਿਚ ਬੋਲੀ ਜਾਂਦੀ ਪੰਜਾਬੀ ਭਾਸ਼ਾ ਦੇ ਸਾਹਿਤਕ ਰੂਪ ਨੂੰ ਅਧਿਐਨ ਦਾ ਆਧਾਰ ਬਣਾਇਆ ਹੈ। ਇਸ ਪੁਸਤਕ ਦੀ ਭੂਮਿਕਾ ਵਿਚ ਹਿੰਦੀ ਅਤੇ ਪੰਜਾਬੀ ਭਾਸ਼ਾ ਦੇ ਭਾਸ਼ਾਈ ਖੇਤਰਾਂ, ਇਨ੍ਹਾਂ ਦਾ ਇਤਿਹਾਸਕ ਵਿਕਾਸ, ਮੁੱਢਲੇ ਸਾਹਿਤਕ ਸੋਮਿਆਂ ਨਾਲ ਰਸਾਈ ਕਰ ਕੇ ਪੰਜਾਬੀ ਅਤੇ ਹਿੰਦੀ ਭਾਸ਼ਾ ਦੀ ਧੁਨੀਵਿਉਂਤ ਦਾ ਤੁਲਨਾਤਮਕ ਅਧਿਐਨ ਇਕਾਲਕ ਅਤੇ ਦੁਕਾਲਕ ਦੋਹਾਂ ਪੱਧਰਾਂ ਉੱਤੇ ਕੀਤਾ ਹੈ। ਪੁਸਤਕ ਦੇ ਦੋ ਭਾਗ ਹਨ: ਪਹਿਲੇ ਭਾਗ ਵਿਚ ਦੋਵਾਂ ਭਾਸ਼ਾਵਾਂ ਦੇ ਧੁਨੀਆਤਮਕ ਵਿਸ਼ਲੇਸ਼ਣ ਨੂੰ ਬਿਆਨ ਕਰਨ ਦੇ ਨਾਲ-ਨਾਲ ਦੋਵਾਂ ਭਾਸ਼ਾਵਾਂ ਦਾ ਤੁਲਨਾਤਮਕ ਧੁਨੀਵਿਉਂਤਕ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ। ਦੂਸਰੇ ਭਾਗ ਵਿਚ ਦੋਵਾਂ ਭਾਸ਼ਾਵਾਂ ਦੇ ਇਤਿਹਾਸਕ ਵਿਕਾਸ ਨੂੰ ਤੁਲਨਾਤਮਕ ਵਿਧੀ ਰਾਹੀਂ ਬਿਆਨ ਕੀਤਾ ਗਿਆ ਹੈ। ਇਤਿਹਾਸਕ ਵਿਕਾਸ ਦੇ ਅਧਿਐਨ ਨੂੰ ਤਿੰਨ ਭਾਗਾਂ-1.ਪ੍ਰਾਚੀਨ ਭਾਰਤੀ-ਆਰੀਆਈ (Old Indo-Aryan) 2. ਮੱਧਕਾਲੀ ਭਾਰਤੀ ਆਰੀਆਈ (Middle Indo-Aryan) ਅਤੇ 3.ਬਾਹਰੀ ਸਰੋਤਾਂ ਜਾਂ ਹੋਰ ਕਾਰਨਾਂ ਕਾਰਨ ਨਵਾਂ ਵਿਕਾਸ (New developments due to borrowings or otherwise) ਵਿਚ ਵੰਡ ਕੇ ਵਿਚਾਰਿਆ ਹੈ। ਲੇਖਕ ਅਨੁਸਾਰ ਪਹਿਲੇ ਵਿਕਾਸ-ਪੜਾਅ 'ਤੇ ਇਨ੍ਹਾਂ ਦੋਵਾਂ ਭਾਸ਼ਾਵਾਂ ਦੇ ਸ੍ਰੋਤਾਂ ਵਿਚ ਕੋਈ ਵਿਸ਼ੇਸ਼ ਵੱਖਰਤਾ ਨਹੀਂ ਹੈ। ਪਰ ਦੂਜੇ ਵਿਕਾਸ ਪੜਾਅ ਉੱਤੇ ਆ ਕੇ, ਧੁਨੀ ਵਿਗਿਆਨਕ ਪਰਿਵਰਤਨ ਵਾਪਰਦੇ ਹਨ। ਤੀਜੇ ਵਿਕਾਸ ਨੂੰ ਅੱਗੋਂ ਦੋ ਹਿਸਿਆਂ ਵਿਚ ਵੰਡ ਕੇ ਵਿਚਾਰਿਆ ਗਿਆ ਹੈ: 1. ਸੁਤੰਤਰ ਵਿਕਾਸ (Independent developments) 2. ਬਾਹਰੀ ਸਰੋਤਾਂ ਕਾਰਨ (Taken through borrowings) ਹੋਇਆ ਵਿਕਾਸ। ਲੇਖਕ ਨੇ ਧੁਨੀਵਿਉਂਤਕ ਪਰਿਵਰਤਨਾਂ ਨੂੰ ਤਾਂ ਪੇਸ਼ ਕੀਤਾ ਹੈ ਪਰੰਤੂ ਇਨ੍ਹਾਂ ਦਾ ਸਮਾਂ ਨਿਰਧਾਰਿਤ ਨਹੀਂ ਕੀਤਾ। ਇਤਿਹਾਸਕ ਵਿਕਾਸ ਕ੍ਰਮ ਵਿਚ ਬੇਸ਼ੱਕ ਹਿੰਦੀ ਅਤੇ ਪੰਜਾਬੀ ਭਾਸ਼ਾ ਦਾ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਆਦਿ ਦੇ ਭਾਸ਼ਾਈ ਪਰਿਵਰਤਨਾਂ ਦਾ ਵੀ ਉਲੇਖ ਕੀਤਾ ਹੈ ਪਰ ਮੂਲ ਰੂਪ ਵਿਚ ਇਨ੍ਹਾਂ ਦੋਵਾਂ ਭਾਸ਼ਾਵਾਂ ਦੇ ਆਧੁਨਿਕ ਰੂਪ ਦੀ ਤੁਲਨਾ ਸੰਸਕ੍ਰਿਤ ਨਾਲ ਹੀ ਕੀਤੀ ਗਈ ਹੈ। ਇਸ ਤਰ੍ਹਾਂ ਭਾਵੇਂ ਇਹ ਖੋਜ ਕਾਰਜ ਇਕਾਲਕ

ਅਧਿਐਨ ਤੋਂ ਦੁਕਾਲਕ ਅਧਿਐਨ ਤੱਕ ਫੈਲਿਆ ਹੋਇਆ ਹੈ। ਪਰ ਇਸ ਅਧਿਐਨ ਵਿਚ ਵਧੇਰੇ ਬਲ ਦੁਕਾਲਕ ਅਧਿਐਨ ਉਪਰ ਹੀ ਦਿੱਤਾ ਗਿਆ ਹੈ। ਇਕਾਲਕ ਅਧਿਐਨ ਦਾ ਪਾਸਾਰ ਬਹੁਤ ਸੀਮਿਤ ਹੈ।

ਇਕਾਲਕ ਪੱਧਰ ਉੱਤੇ ਦੋਵਾਂ ਭਾਸ਼ਾਵਾਂ ਦੀਆਂ ਕੁੱਝ ਵਿਲੱਖਣ ਧੁਨੀਆਂ ਵੀ ਹਨ ਅਤੇ ਕੁੱਝ ਵਿਚਲੀਆਂ ਸਾਂਝੀਆਂ ਧੁਨੀਆਂ ਦੇ ਵਿਭਿੰਨ ਵਰਤਾਰੇ ਵੀ ਇਨ੍ਹਾਂ ਵਿਚੋਂ ਸੰਰਚਨਾਤਮਕ ਨਿਖੇੜਾ ਉਤਪੰਨ ਕਰਦੇ ਹਨ। ਮਸਲਨ /ਣ, ਨ/ ਆਦਿ ਨਾਸਕੀ ਵਿਅੰਜਨ ਧੁਨੀਆਂ ਦੇ ਸੰਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ /ਣ/ ਪ੍ਰਧਾਨ ਭਾਸ਼ਾ ਹੈ ਜਦਕਿ ਹਿੰਦੀ /ਨ/ ਪ੍ਰਧਾਨ ਭਾਸ਼ਾ ਹੈ। ਪੰਜਾਬੀ ਭਾਸ਼ਾ ਵਿਚ /ਣ/ ਦਾ ਧੁਨੀਵੀਂ ਵਿਰੋਧ ਵੱਡੀ ਪੱਧਰ 'ਤੇ ਹੈ ਪਰ ਹਿੰਦੀ ਭਾਸ਼ਾ ਦਾ ਇਹ ਵਿਰੋਧ ਨਾਂਹ ਦੇ ਬਰਾਬਰ ਹੈ। ਅਖੰਡੀ ਧੁਨੀਆਂ ਦੇ ਪੱਧਰ ਉੱਤੇ ਵੀ ਦੋਵਾਂ ਭਾਸ਼ਾਵਾਂ ਦਾ ਅੰਤਰ ਸਪੱਸ਼ਟ ਨਜ਼ਰ ਆਉਂਦਾ ਹੈ।ਸੌਰਸੇਨੀ ਅਪਭ੍ਰੰਸ਼ ਤੋਂ ਉਤਪਤ ਹਿੰਦੀ ਭਾਸ਼ਾ ਦੇ ਮੁਕਾਬਲੇ ਵਿਚ ਪੰਜਾਬੀ ਭਾਸ਼ਾ ਦੀ ਜਿਹੜੀ ਨਿੱਖਰਵੀਂ ਵਿਸ਼ੇਸ਼ਤਾ ਉਭਰਦੀ ਹੈ, ਉਹ ਦੁੱਤੀਕਰਨ ਦੀ ਪ੍ਰਕਿਰਿਆ ਹੈ। ਇਸ ਪ੍ਰਵਿਰਤੀ ਨਾਲ ਦੋਵਾਂ ਭਾਸ਼ਾਵਾਂ ਦਾ ਨਿਵੇਕਲਾ ਧੁਨੀ-ਪੈਟਰਨ ਬਣਦਾ ਹੈ। ਵਿਦਿਆ ਭਾਸਕਰ ਅਰੁਣ ਨੇ ਅਜਿਹੀਆਂ ਬਾਰੀਕੀਆਂ ਦਾ ਵਿਸ਼ਲੇਸ਼ਣ ਗਹਿਨ ਪੱਧਰ ਉੱਤੇ ਨਹੀਂ ਕੀਤਾ।

ਪ੍ਰਸਤੁਤ ਖੋਜ ਕਾਰਜ ਨਾਲ ਸੰਬੰਧਿਤ ਦੂਜੀ ਪੁਸਤਕ "Syllabic Structure of Hindi And Punjabi (1971)" ਵਿਚ ਡੀ.ਡੀ ਸ਼ਰਮਾ ਨੇ ਹਿੰਦੀ ਅਤੇ ਪੰਜਾਬੀ ਭਾਸ਼ਾ ਦੇ ਉਚਾਰਖੰਡੀ ਬਣਤਰਾਂ ਦੇ ਅਧਿਐਨ ਨੂੰ ਪੇਸ਼ ਕੀਤਾ ਹੈ। ਇਸ ਪੁਸਤਕ ਵਿਚ ਉਚਾਰਖੰਡ ਦੇ ਗਹਿਨ ਸਿਧਾਂਤਕ ਪਰਿਪੇਖ ਤੋਂ ਇਲਾਵਾ ਦੋਵੇਂ ਭਾਸ਼ਾਵਾਂ ਦੇ ਉਚਾਰਖੰਡੀ ਪੈਟਰਨਾਂ ਦਾ ਵਿਸਤ੍ਰਿਤ ਤੁਲਨਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ। ਡੀ.ਡੀ ਸ਼ਰਮਾ ਨੇ ਇਸ ਖੋਜ ਕਾਰਜ ਵਿਚ ਦੋਵਾਂ ਭਾਸ਼ਾਵਾਂ ਦੇ ਸਵਰਾਂ ਦੀ ਗਿਣਤੀ ਇਕਸਮਾਨ ਮੰਨੀ ਹੈ। ਇਸ ਵਿਚ ਦੋਵਾਂ ਭਾਸ਼ਾਵਾਂ ਦੇ ਇਕਹਿਰੇ (monosyllabic), ਦੁਹਰੇ (disyllabic) ਅਤੇ ਤੀਹਰੇ (trisyllabic) ਉਚਾਰਖੰਡੀ ਪੈਟਰਨਾਂ ਦਾ ਅਧਿਐਨ ਵੀ ਸ਼ਾਮਲ ਹੈ।

ਉਪਰੋਕਤ ਖੋਜ ਕਾਰਜ ਤੋਂ ਇਲਾਵਾ ਸਿੱਧੇ ਰੂਪ ਵਿਚ ਹਥਲੇ ਖੋਜ ਕਾਰਜ ਨਾਲ ਸੰਬੰਧਿਤ ਹੋਰ ਕੋਈ ਖੋਜ ਕਾਰਜ ਜਾਂ ਪੁਸਤਕ ਤਾਂ ਪ੍ਰਾਪਤ ਨਹੀਂ ਹੈ ਪਰ ਦੋਹਾਂ ਭਾਸ਼ਾਵਾਂ ਦੀ ਧੁਨੀਵਿਉਂਤ ਦਾ ਸੁਤੰਤਰ ਰੂਪ ਵਿਚ

ਅਧਿਐਨ ਪ੍ਰਾਪਤ ਹੈ। ਵੈਸੇ ਤਾਂ ਪੰਜਾਬੀ ਉਚਾਰਨ ਜਾਂ ਧੁਨੀਆਂ ਦੀਆਂ ਵਿਸ਼ੇਸ਼ਤਾਵਾਂ ਵੱਲ ਪੱਛਮੀ ਵਿਦਵਾਨਾਂ ਦਾ ਧਿਆਨ 19ਵੀਂ ਸਦੀ ਦੇ ਅੱਧ ਵਿਚ ਹੀ ਖਿੱਚਿਆ ਜਾਣ ਲੱਗ ਪਿਆ ਸੀ। ਜੇ.ਨਿਊਟਨ (1851), ਜੈਨਵੀਅਰ (1854) ਅਤੇ ਜੋਨ ਬੀਮਜ਼ (1872) ਆਦਿ ਨੇ ਪੰਜਾਬੀ ਦੀਆਂ ਨਾਦੀ ਮਹਾਪ੍ਰਾਣ ਧੁਨੀਆਂ ਦੇ ਨਿਰਾਲੇ ਉਚਾਰਨ ਦਾ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ ਸੀ। ਤੀਸਦਾਲ ਨੇ 1887 ਵਿਚ ਪੰਜਾਬੀ ਸ਼ਬਦਾਂ ਵਿਚ /ਹ/ ਧੁਨੀ ਦੇ ਸੁਰੀ ਪ੍ਰਭਾਵ ਬਾਰੇ ਟਿੱਪਣੀ ਕੀਤੀ। ਇਸ ਤੋਂ ਪਿੱਛੋਂ 1913-14 ਵਿਚ ਗ੍ਰਾਹਮ ਬੇਲੀ ਰਚਿਤ ਪੰਜਾਬੀ ਫੋਨੈਟਿਕ ਰੀਡਰ ਪ੍ਰਕਾਸ਼ਿਤ ਹੋਇਆ। ਉਸ ਨੇ ਪਹਿਲੀ ਵਾਰੀ ਪੰਜਾਬੀ ਸ਼ਬਦ ਸੁਰਾਂ ਬਾਰੇ ਵਿਚਾਰ ਪੇਸ਼ ਕੀਤਾ। ਸੰਨ 1934 ਵਿਚ ਲਾਹੌਰ ਤੋਂ ਬਨਾਰਸੀ ਦਾਸ ਜੈਨ ਦਾ ਲੰਡਨ ਯੂਨੀਵਰਸਿਟੀ ਤੋਂ ਪ੍ਰਵਾਣਿਤ ਥੀਸਿਸ ਛਪਿਆ ਜਿਸ ਵਿਚ ਪੰਜਾਬੀ ਧੁਨੀਵਿਉਂਤ ਦਾ ਵੇਰਵੇ ਸਹਿਤ ਬਿਆਨ ਕੀਤਾ ਗਿਆ ਹੈ। ਸੰਨ 1957 ਵਿਚ 'ਇੰਡੀਅਨ ਲਿੰਗੂਇਸਟਿਕਸ' ਪੱਤ੍ਰਿਕਾ ਵਿਚ ਕਾਲੀ ਚਰਨ ਬਹਿਲ ਦਾ ਪੰਜਾਬੀ ਸੁਰਾਂ ਬਾਰੇ ਖੋਜ ਪੱਤਰ ਪ੍ਰਕਾਸ਼ਿਤ ਹੋਇਆ। ਹਰਜੀਤ ਸਿੰਘ ਗਿੱਲ ਅਤੇ ਹੈਨਰੀ. ਏ. ਗਲੀਸਨ ਦਾ ਖੋਜ ਕਾਰਜ ਪੁਸਤਕ ਰੂਪ ਵਿਚ ਸੰਨ 1969 ਵਿਚ ਪ੍ਰਕਾਸ਼ਿਤ ਹੋਇਆ। ਇਸ ਖੋਜ ਕਾਰਜ ਵਿਚ ਪੰਜਾਬੀ ਧੁਨੀਵਿਉਂਤ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ। ਖ਼ਾਸ ਕਰਕੇ ਪੰਜਾਬੀ ਖੰਡੀ ਧੁਨੀਆਂ ਦਾ ਵਰਗੀਕਰਨ ਅਤੇ ਵਰਤੋਂ-ਵਿਉਂਤ ਦੇ ਅੰਤਰਗਤ ਵਿਅੰਜਨਾਂ ਦੇ ਅੰਤਮ ਗੁੱਛੇ (Final Clusters), ਵਿਚਕਾਰਲੇ ਵਿਅੰਜਨ ਗੁੱਛੇ (Medial Clusters), ਦੁੱਤੀਕਰਨ (Geminates) ਬਾਰੇ ਅਤੇ ਸਵਰਾਂ ਦੇ ਅੰਤਰਗਤ ਦੋਹਰੇ ਸਵਰ (Dipthongs), ਦੂਹਰੇ ਉਚਾਰਖੰਡੀ ਸਵਰ ਸੰਯੋਗ (Disyllabic vowel Sequence), ਅਰਧ ਸਵਰ ਤੇ ਗਲਾਈਡ (Semi-Vowels and Glides), ਸਵਰਾਂ ਦਾ ਨਾਸਕੀਕਰਨ (Nasalised Vowels), ਕੇਂਦਰੀ ਸਵਰ /ਅ/ ਦੀ ਸਥਿਤੀ ਅਤੇ ਪੰਜਾਬੀ ਸੁਰ ਪ੍ਰਬੰਧ ਸੰਬੰਧੀ ਗਹਿਨ ਅਧਿਐਨ ਪੇਸ਼ ਕੀਤਾ ਹੈ। ਇਸ ਪੁਸਤਕ ਵਿਚ ਇਕ ਲੇਖ "The Phonology of the Punjabi as compared to that Hindi and other Aryan Languages" ਸਿਰਲੇਖ ਹੇਠ ਦਰਜ ਹੈ ਜਿਸ ਵਿਚ ਪੰਜਾਬੀ ਧੁਨੀਵਿਉਂਤ ਸੰਬੰਧੀ ਸਥਾਪਨਾਵਾਂ ਦੀ ਸਥਾਪਤੀ ਦੇ ਨਾਲ-ਨਾਲ ਦੂਜੀਆਂ ਭਾਸ਼ਾਵਾਂ ਜਿਵੇਂ ਹਿੰਦੀ, ਬੰਗਾਲੀ, ਅਸਾਮੀ, ਗੁਜਰਾਤੀ ਆਦਿ ਦੀਆਂ ਧੁਨੀਵਿਉਂਤਕ ਵਿਸ਼ੇਸ਼ਤਾਵਾਂ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ।

ਸੰਨ 1970 ਵਿਚ ਸ.ਸ. ਜੋਸ਼ੀ ਨੇ ਲੰਡਨ ਯੂਨੀਵਰਸਿਟੀ ਤੋਂ ਆਪਣਾ ਖੋਜ ਕਾਰਜ ਕੀਤਾ। ਇਹ ਖੋਜ ਕਾਰਜ 'ਪਿੱਚ ਐਂਡ ਰਿਲੇਟਿਡ ਫਿਨੋਮਿਨਾ ਇਨ ਪੰਜਾਬੀ' ਸਿਰਲੇਖ ਹੇਠ ਭਾਖਾ ਸੰਜਮ ਦੇ ਅੰਕ-6 ਵਿਚ ਪ੍ਰਕਾਸ਼ਿਤ ਹੋਇਆ। ਸ.ਸ. ਜੋਸ਼ੀ ਨੇ ਪੰਜਾਬੀ ਦੀ ਸ਼ਬਦ-ਸੁਰ ਦੇ ਨਾਲ ਵਾਕ-ਸੁਰ ਬਾਰੇ ਵੀ ਆਧੁਨਿਕ ਮਸ਼ੀਨਾਂ ਦੀ ਸਹਾਇਤਾ ਨਾਲ ਬੜੀ ਬਰੀਕੀ ਨਾਲ ਟੈਸਟ ਕਰ ਕੇ, ਪ੍ਰਮਾਣ ਸਹਿਤ ਸਿੱਟੇ ਪੇਸ਼ ਕੀਤੇ। ਸੰਨ 1978 ਵਿਚ ਸ.ਸ. ਜੋਸ਼ੀ ਨੇ ਦੁਆਬੀ ਉਪ-ਭਾਸ਼ਾ ਆਧਾਰਿਤ ਪੰਜਾਬੀ ਕਿਰਿਆ-ਪਦ ਦੀ ਧੁਨੀਵਿਉਂਤ ਸੰਬੰਧੀ ਆਪਣੀ ਖੋਜ ਨੂੰ ਸੰਪੂਰਨ ਕੀਤਾ ਜੋ ਕਿ ਬਾਅਦ ਵਿਚ ਪੁਸਤਕ ਰੂਪ ਵਿਚ ਵੀ ਪ੍ਰਕਾਸ਼ਿਤ ਹੋਈ। ਪੰਜਾਬੀ ਧੁਨੀਵਿਉਂਤ ਦੇ ਖੇਤਰ ਵਿਚ ਇਹ ਨਵੀਂ ਦਿਸ਼ਾ ਸੀ। ਇਸੇ ਤਰ੍ਹਾਂ ਬਲਬੀਰ ਸਿੰਘ ਸੰਧੂ ਨੇ ਵੀ ਆਧੁਨਿਕ ਮਸ਼ੀਨਾਂ ਦੀ ਸਹਾਇਤਾ ਨਾਲ ਪੰਜਾਬੀ ਦੀਆਂ ਸਵਰ-ਵਿਅੰਜਨ ਧੁਨੀਆਂ ਅਤੇ ਸੁਰ ਦਾ ਅਧਿਐਨ ਪੇਸ਼ ਕੀਤਾ। ਪੰਜਾਬੀ ਸਵਰਾਂ ਬਾਰੇ ਸੰਧੂ ਦਾ ਖੋਜ ਕਾਰਜ 'ਪਰਖ' ਖੋਜ ਪੱਤ੍ਰਿਕਾ ਵਿਚ 1974 ਵਿਚ ਪ੍ਰਕਾਸ਼ਿਤ ਹੋਇਆ ਅਤੇ ਵਿਅੰਜਨ ਧੁਨੀਆਂ ਬਾਰੇ 1986 ਵਿਚ ਇਸ ਨੂੰ ਪੰਜਾਬੀ ਯੂਨੀਵਰਸਿਟੀ ਨੇ ਕਿਤਾਬੀ ਰੂਪ ਵਿਚ ਪ੍ਰਕਾਸ਼ਿਤ ਕੀਤਾ। ਪੰਜਾਬੀ ਧੁਨੀਵਿਉਂਤ ਬਾਰੇ ਇਸ ਖੋਜ ਕਾਰਜ ਵਿਚ ਕਈ ਨਵੇਂ ਤੱਥ ਪੇਸ਼ ਕੀਤੇ ਗਏ। ਖ਼ਾਸ ਕਰਕੇ ਇਸ ਨਾਲ ਪੰਜਾਬੀ ਧੁਨੀਆਂ ਦੇ ਉਤਪਾਦਨ ਅਤੇ ਵਰਤੋਂ ਨੂੰ ਸਮਝਣ ਵਿਚ ਸਹਾਇਤਾ ਮਿਲੀ। ਇਸੇ ਤਰ੍ਹਾਂ ਸੰਨ 1989 ਵਿਚ ਜੇ.ਐਨ.ਯੂ. ਦਿੱਲੀ ਦੇ ਸਕੂਲ ਆਫ ਲੈਂਗੂਏਜਿਜ਼ ਵੱਲੋਂ ਵੈਸ਼ਨਾ ਨਾਰੰਗ ਦਾ ਪੰਜਾਬੀ ਸਵਰਾਂ ਦੇ ਸਪੈਕਟੋਗ੍ਰਾਫਿਕ ਅਧਿਐਨ ਬਾਰੇ ਇਕ ਮੋਨੋ-ਗ੍ਰਾਫ ਵੀ ਛਪਿਆ ਜੋ ਕਿ ਪੰਜਾਬੀ ਧੁਨੀਵਿਉਂਤ ਦੇ ਖੇਤਰ ਨੂੰ ਨਵੀਂ ਦਿਸ਼ਾ ਦੇਣ ਵਾਲਾ ਕਾਰਜ ਹੈ। ਸੰਨ 2002 ਵਿਚ ਪ੍ਰੇਮ ਪ੍ਰਕਾਸ਼ ਸਿੰਘ ਦੀ ਪ੍ਰਕਾਸ਼ਿਤ ਪੁਸਤਕ 'ਸਿਧਾਂਤਕ ਭਾਸ਼ਾ ਵਿਗਿਆਨ' ਵਿਚ ਵੀ ਤਿੰਨ ਅਧਿਆਇ ਧੁਨੀ ਵਿਗਿਆਨ, ਧੁਨੀ ਵਿਉਂਤ ਅਤੇ ਪੰਜਾਬੀ ਧੁਨੀ ਵਿਉਂਤ ਨਾਲ ਹੀ ਵਾਬਸਤਾ ਹਨ, ਜਿਨਾਂ ਵਿਚ ਧੁਨੀ ਵਿਗਿਆਨ ਅਤੇ ਧੁਨੀ ਵਿਉਂਤ ਦੇ ਸਿਧਾਂਤਕ ਸੰਕਲਪਾਂ ਅਤੇ ਪੰਜਾਬੀ ਧੁਨੀ ਵਿਉਂਤ ਵਿਸਤਰਿਤ ਵਿਚਾਰ-ਵਿਮਰਸ਼ ਕੀਤਾ ਗਿਆ ਹੈ।

ਸੰਨ 2014 ਵਿਚ ਸੁਖਵਿੰਦਰ ਸਿੰਘ ਸੰਘਾ ਦੀ ਪੁਸਤਕ 'ਪੰਜਾਬੀ ਧੁਨੀ ਵਿਉਂਤ ਸਿਧਾਂਤ ਅਤੇ ਵਿਹਾਰ" ਸਿਰਲੇਖ ਹੇਠ ਪ੍ਰਕਾਸਿਤ ਹੋਈ ਹੈ। ਇਹ ਪੁਸਤਕ ਇਕ ਨਿਸ਼ਚਿਤ ਪ੍ਰੋਜੈਕਟ ਅਧੀਨ ਕੀਤਾ ਗਿਆ ਖੋਜ ਕਾਰਜ ਹੈ। ਇਸ ਖੋਜ ਕਾਰਜ ਵਿਚ ਪੰਜਾਬੀ ਧੁਨੀਵਿਉਂਤ ਦੇ ਉਨਾਂ ਨੇਮਾਂ ਦੀ ਨਿਸ਼ਾਨਦੇਹੀ ਕੀਤੀ ਗਈ

ਹੈ ਜੋ ਪੰਜਾਬੀ ਭਾਸ਼ਾ ਦੀ ਡੂੰਘੀ ਧੁਨੀਵਿਉਂਤਕ ਬਣਤਰ ਨੂੰ ਸਤੱਹੀ ਧੁਨੀਆਤਮਕ ਪ੍ਰਗਟਾਵੇ ਵਿਚ ਰੂਪਾਂਤਰਿਤ ਕਰਦੇ ਹਨ। ਇਸ ਪੁਸਤਕ ਵਿਚ ਧੁਨੀ ਵਿਗਿਆਨ ਦੇ ਸਿਧਾਂਤਕ ਪੱਖਾਂ ਬਾਰੇ ਵੀ ਵਿਚਾਰ-ਵਿਮਰਸ਼ ਕੀਤਾ ਗਿਆ ਹੈ ਅਤੇ ਸਿਧਾਂਤ ਨੂੰ ਵਿਹਾਰਕ ਰੂਪ ਵਿਚ ਪੰਜਾਬੀ ਧੁਨੀਵਿਉਂਤ ਉਪਰ ਲਾਗੂ ਵੀ ਕੀਤਾ ਗਿਆ ਹੈ। ਖਾਸ ਕਰਕੇ ਆਰਕੀਧੁਨੀਮ, ਨਿਰਵਿਰੋਧੀਕਰਨ ਅਤੇ ਧੁਨੀਵਿਉਂਤਕ ਵਿਆਪਕਤਾ ਜਿਹੇ ਸੰਕਲਪਾਂ ਨੂੰ ਉਦਾਹਰਨਾਂ ਸਹਿਤ ਸਪੱਸ਼ਟ ਕੀਤਾ ਗਿਆ ਹੈ। ਅਖੰਡੀ ਧੁਨੀਵਿਉਂਤ ਲਈ ਲੇਖਕ ਨੇ 'ਪਰਾਖੰਡੀ' ਮੱਦ ਦੀ ਵਰਤੋਂ ਕੀਤੀ ਹੈ। ਖੰਡੀ ਧੁਨੀਵਿਉਂਤ ਦੇ ਅੰਤਰਗਤ ਪੰਜਾਬੀ ਦੀਆਂ ਵਿਅੰਜਨ ਅਤੇ ਸਵਰ ਧੁਨੀਆਂ ਨੂੰ ਧੁਨੀਮਕ ਸੂਚੀ ਅਤੇ ਧੁਨੀਮਕ ਉਚਾਰਨ ਰਾਹੀਂ ਦਰਸਾਇਆ ਗਿਆ ਹੈ। ਉਚਾਰਖੰਡ ਦੀ ਸਿਧਾਂਤਕ ਵਿਆਖਿਆ ਦੇ ਨਾਲ-ਨਾਲ ਪੰਜਾਬੀ ਉਚਾਰਖੰਡ ਦੀ ਬਣਤਰ ਦਾ ਅਧਿਐਨ ਵੀ ਪੇਸ਼ ਕੀਤਾ ਹੈ। ਪੰਜਾਬੀ ਸੁਰ ਨੂੰ ਉਲੀਕਦੇ ਹੋਏ ਸੁਰ ਦੇ ਪ੍ਰਕਾਰ, ਪ੍ਰਕਾਰਜ, ਸੁਰ ਦਾ ਵਿਕਾਸ, ਇਸਦੇ ਪ੍ਰਮੁੱਖ ਲੱਛਣਾਂ ਅਤੇ ਸੁਰ ਨੇਮਾਂ ਦੀ ਵਿਸਥਾਰ ਸਹਿਤ ਵਿਆਖਿਆ ਕੀਤੀ ਗਈ ਹੈ। ਇਸ ਖੋਜ ਕਾਰਜ ਵਿਚ ਪਹਿਲੀ ਵਾਰ ਪੰਜਾਬੀ ਧੁਨੀਵਿਉਂਤ ਨੂੰ ਨਿਖੇੜੂ ਲੱਛਣ ਸਿਧਾਂਤ ਦੇ ਚੌਖਟੇ ਵਿਚ ਰੱਖ ਕੇ ਪਰਖਿਆ ਗਿਆ ਹੈ। ਇਸ ਤਰ੍ਹਾਂ ਇਹ ਪੁਸਤਕ ਵੀ ਪੰਜਾਬੀ ਧੁਨੀਵਿਉਂਤ ਦੇ ਖੇਤਰ ਵਿਚ ਇਕ ਮਹੱਤਵਪੂਰਨ ਅਤੇ ਨਵੀਂ ਦਿਸ਼ਾ ਦੇਣ ਵਾਲਾ ਖੋਜ ਕਾਰਜ ਹੈ।

ਹਿੰਦੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਹਿੰਦੀ ਭਾਸ਼ਾ ਦੀਆਂ ਧੁਨੀਆਂ ਦੇ ਵਿਸ਼ਲੇਸ਼ਣ ਦੀ ਸ਼ੁਰੂਆਤ 1958 ਵਿਚ ਗੋਲੋਕ ਬਿਹਾਰੀ ਧਲ ਦੀ ਪੁਸਤਕ 'ध्वनिविज्ञान' ਨਾਲ ਹੋਈ ਮੰਨੀ ਗਈ ਹੈ। ਉਸਨੇ ਇਹ ਪੁਸਤਕ ਡੈਨੀਅਲ ਜੋਨਜ਼ ਦੀ ਪੁਸਤਕ 'An Outline of English Phonetics' (1950) ਨੂੰ ਆਧਾਰ ਬਣਾ ਕੇ ਲਿਖੀ। ਵੈਸੇ ਮਸਊਦ ਹਸਨ ਖਾਂ ਨੇ 1930 ਵਿਚ ਹੈਦਰਾਬਾਦ ਦੇ ਉਚਾਰਨ ਦੇ ਆਧਾਰ 'ਤੇ 'ਹਿੰਦੁਸਤਾਨੀ ਫੋਨੈਟਿਕਸ' ਨਾਮੀ ਪੁਸਤਕ ਪ੍ਰਕਾਸ਼ਿਤ ਕੀਤੀ। ਪਰ ਹਿੰਦੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਗੋਲੋਕ ਬਿਹਾਰੀ ਧਲ (1958) ਦੇ ਅਧਿਐਨ ਨੂੰ ਹੀ ਪਹਿਲਾ ਅਧਿਐਨ ਮੰਨਿਆ ਜਾਂਦਾ ਹੈ। ਇਸ ਤੋਂ ਬਾਅਦ ਯੂਰਪੀ ਭਾਸ਼ਾ ਵਿਗਿਆਨੀਆਂ ਦੇ ਅਧਿਐਨ ਦੇ ਆਧਾਰ 'ਤੇ ਹਿੰਦੀ ਵਿਚ ਕਈ ਖੋਜ ਪ੍ਰਬੰਧ, ਖੋਜ ਪ੍ਰਬੰਧਾਂ ਦੇ ਅਧਿਆਇ ਅਤੇ ਪੁਸਤਕਾਂ ਲਿਖੀਆਂ ਗਈਆਂ, ਜਿਨ੍ਹਾਂ ਵਿਚ ਰਮੇਸ਼ਚੰਦ੍ਰ ਮਹਰੋਤਰਾ ਦਾ ਖੋਜ ਪ੍ਰਬੰਧ 'ਹਿੰਦੀ ਧਵਨਿਕੀ ਔਰ ਧਵਨਿਕੀ (1970)', ਕੈਲਾਸ਼ਚੰਦ੍ਰ ਭਾਟੀਆ ਦਾ ਖੋਜ ਪ੍ਰਬੰਧ 'ਹਿੰਦੀ ਭਾਸ਼ਾ ਮੇਂ ਉਚਾਰਖੰਡ

ਤਥਾ ਸ਼ਬਦ-ਸੀਮਾ (1970)', ਭੋਲਾਨਾਥ ਤਿਵਾਰੀ ਦੀ ਪੁਸਤਕ 'ਹਿੰਦੀ ਧਵਨੀਆਂ ਔਰ ਉਨਕਾ ਉਚਾਰਨ (1973)', ਮਹਾਵੀਰ ਸਰਨ ਜੈਨ ਦੀ ਪੁਸਤਕ 'ਪਰਿਨਿਸ਼ਠਿਤ ਹਿੰਦੀ ਕਾ ਧਵਨੀਗ੍ਰਾਮਿਕ ਅਧਿਐਨ (1974)', ਲਕਸ਼ਮੀਨਾਰਾਇਣ ਮਿੱਤਲ ਦਾ ਖੋਜ ਪ੍ਰਬੰਧ 'ਹਿੰਦੀ ਮੇਂ ਸੰਧੀ (1968)' ਅਤੇ ਸੁਧਾਕਰ ਸਿੰਘ ਦਾ ਖੋਜ ਪ੍ਰਬੰਧ 'ਸਮਕਾਲੀਨ ਹਿੰਦੀ ਰੂਪਸਵਨਿਮਵਿਗਿਆਨ (1976 ਅਣਪ੍ਰਕਾਸ਼ਿਤ)' ਆਦਿ ਪ੍ਰਮੁੱਖ ਹਨ।

ਹਿੰਦੀ ਧੁਨੀਵਿਉਂਤਕ ਵਿਸ਼ਲੇਸ਼ਣ ਤੇ ਕਈ ਖੋਜ ਕਾਰਜ ਰੂਸੀ, ਫਰਾਂਸੀਸੀ ਅਤੇ ਅੰਗਰੇਜ਼ੀ ਆਦਿ ਵਿਦੇਸ਼ੀ ਭਾਸ਼ਾਵਾਂ ਵਿਚ ਵੀ ਹੋਏ ਹਨ। ਜਿਵੇਂ ਕਿ ਰਵਿੰਦ੍ਰਨਾਥ ਸ਼੍ਰੀਵਾਸਤਵ ਨੇ 1965 ਵਿਚ ਹਿੰਦੀ ਦੇ ਸ਼ਬਦ ਆਰੰਭਲੇ ਵਿਅੰਜਨ ਗੁੱਛਿਆਂ ਦੀ ਪ੍ਰਕ੍ਰਿਤੀ ਅਤੇ ਵੰਡ ਤੇ ਰੂਸੀ ਭਾਸ਼ਾ ਵਿਚ ਖੋਜ ਪ੍ਰਬੰਧ ਮੁਕੰਮਲ ਕੀਤਾ। ਰਿਪਲੀ ਮੂਰ ਨੇ ਅੰਗਰੇਜ਼ੀ ਵਿਚ ਹਿੰਦੀ ਅਨੁਤਾਨ ਉੱਪਰ ਆਪਣਾ ਖੋਜ ਪ੍ਰਬੰਧ 'A study of Hindi Intonation (1965)' ਲਿਖਿਆ। ਮੈਥਿਊਸ ਨੇ ਹਿੰਦੀ ਕੀ ਸਵਨਿਕੀ ਅਤੇ ਸਵਨਿਮੀ ਤੇ ਫਰਾਂਸੀਸੀ ਭਾਸ਼ਾ ਵਿਚ ਖੋਜ ਪ੍ਰਬੰਧ ਪ੍ਰਸਤੁਤ ਕੀਤਾ ਅਤੇ ਕੇਲਕਰ ਨੇ ਹਿੰਦੀ-ਉਰਦੂ ਦੀ ਧੁਨੀਵਿਉਂਤ ਤੇ ਪੁਸਤਕ 'Studies in Hindi and Urdu (1968)' ਲਿਖੀ। ਇਸ ਤੋਂ ਮਗਰੋਂ ਰਮੇਸ਼ਚੰਦ੍ਰ ਮਹਰੋਤਰ ਦੁਆਰਾ ਹਿੰਦੀ ਧੁਨੀਵਿਉਂਤ ਨਾਮੀ ਪੁਸਤਕ 'Hindi Phonology (1980)' ਰਚੀ ਗਈ। ਇਨ੍ਹਾਂ ਤੋਂ ਇਲਾਵਾ ਕੁੱਝ ਪੁਸਤਕਾਂ ਅੰਗਰੇਜ਼ੀ ਵਿਚ ਵੀ ਆਈਆਂ ਜਿਵੇਂ ਕਿ ਨੋਰਿਹਿਕੀ ਉਚੀਦਾ ਦੀ Hindi Phonology: A study of the treatment of Indo-Aryan Vowel Sequences ਸੰਨ 1977 ਵਿਚ ਪ੍ਰਕਾਸ਼ਿਤ ਹੋਈ।

ਹਿੰਦੀ ਧੁਨੀਆਂ ਦੇ ਨਿਖੇੜੂ ਲੱਛਣਾਂ ਤੇ ਆਧਾਰਿਤ ਦੋ ਵਿਅਕਤੀਆਂ ਦਾ ਖੋਜ ਕਾਰਜ ਮਹੱਤਵਪੂਰਨ ਹੈ। ਜਿਸ ਵਿਚ ਸਭ ਤੋਂ ਪਹਿਲਾ 1961 ਵਿਚ ਐਲੀਜ਼ਾਰੇਕੋਵਾ ਦਾ ਰੂਸੀ ਵਿਚ ਲੇਖ 'ਹਿੰਦੀ ਸਵਨਿਮਾਂ ਦੇ ਪ੍ਰਭੇਦਕ ਲੱਛਣ' ਪ੍ਰਕਾਸ਼ਿਤ ਹੋਇਆ ਅਤੇ ਦੂਜਾ 1963 ਵਿਚ ਦੀਕਸ਼ਿਤ ਨੇ ਅੰਗਰੇਜ਼ੀ ਵਿਚ 'ਆਧੁਨਿਕ ਹਿੰਦੀ ਦੇ ਖੰਡੀ ਸਵਨਿਮ' ਨਾਮੀ ਖੋਜ ਪ੍ਰਬੰਧ ਆਸਟਿਨ ਵਿਚ ਪ੍ਰਸਤੁਤ ਕੀਤਾ।

ਵਿਸ਼ਵਨਾਥ ਪ੍ਰਸਾਦ ਨੇ ਜੇ.ਆਰ.ਫਰਥ ਦੇ ਸਿਧਾਂਤ ਨੂੰ ਆਧਾਰ ਬਣਾ ਕੇ 1950 ਵਿਚ ਅੰਗਰੇਜ਼ੀ ਵਿਚ ਆਪਣਾ ਖੋਜ ਪ੍ਰਬੰਧ 'Phonetic and Phonological studu of Bhojpuri' ਪੇਸ਼ ਕੀਤਾ। ਇਸ ਤੋਂ ਮਗਰੋਂ ਚੌਮਸਕੀ ਦੇ ਸਿਧਾਂਤ ਦੇ ਆਧਾਰ 'ਤੇ ਡੈਵੀਸਨ ਨੇ 1969 ਵਿਚ 'The Phonology of Native

and Broad vocabulary in modern standard Hindi' ਨਾਮੀ ਖੋਜ ਕਾਰਜ ਪੇਸ਼ ਕੀਤਾ। ਇਸ ਦੇ ਨਾਲ ਹੀ ਮੰਜਰੀ ਔਹਾਲਾ ਦਾ 1972 ਵਿਚ 'Topics in Hindi Urdu Phonology', 1979 ਵਿਚ, ਸ਼ਾਰਧਾ ਭਸੀਨ ਦਾ 'The Contrastive Study of Hindi and Japanese word-Phonology', ਨਾਰੰਗ ਅਤੇ ਬੇਕਰ ਦਾ 'Aspiration and Nasalization in the Generative Phonology of Hindi-Urdu' 1971 ਵਿਚ, ਮੰਜਰੀ ਔਹਾਲਾ ਦਾ ਹਿੰਦੀ ਵਿਚ 'ਅ ਲੋਪ ਦੇ ਸਵਨਿਕ ਅਤੇ ਅਸਵਨਿਕ ਨਿਰਧਾਰਕ ਨਿਯਮਾਂ ਦਾ ਪ੍ਰਯੋਗ' ਅਤੇ ਤੇਜ ਕ੍ਰਿਸ਼ਨ ਭਾਟੀਆ ਦਾ 'ਹਿੰਦੀ ਅਨੁਨਾਸਿਕਤਾ ਤੇ ਪੁਨਰਵਿਚਾਰ' ਆਦਿ ਪ੍ਰਕਾਸ਼ਿਤ ਹੋਏ। ਇਨ੍ਹਾਂ ਤੋਂ ਇਲਾਵਾ ਕੁੱਝ ਲੇਖ ਹਿੰਦੀ ਭਾਸ਼ਾ ਵਿਚ ਵੀ ਲਿਖੇ ਗਏ। ਜਿਵੇਂ: 'ਹਿੰਦੀ ਕੇ ਸਵਰ-ਸਵਨਿਕੋਂ ਕੇ ਪ੍ਰਭੇਦਕ ਲਕਸ਼ਣ (1973), ਰਮੇਸ਼ਚੰਦ੍ਰ ਗਰਗ ਦਾ 'ਹਿੰਦੀ ਵਿਅੰਜਨ ਸਵਨਿਮੋਂ ਕੇ ਪ੍ਰਭੇਦਕ ਲਕਸ਼ਣ' (1973), ਤੇਜ ਕ੍ਰਿਸ਼ਨ ਭਾਟੀਆ ਦਾ 'ਹਿੰਦੀ ਵਿਚ ਅਨੁਨਾਸਿਕਤਾ' (1973), ਰਵਿੰਦ੍ਰਨਾਥ ਸ਼੍ਰੀਵਾਸਤਵ ਦਾ 'ਹਿੰਦੀ ਵਿਚ ਨਾਸਿਕੀ ਅਨੁਸਵਰ' (1976) ਅਤੇ ਸ਼ਾਰਧਾ ਭਸੀਨ ਦੁਆਰਾ 'ਹਿੰਦੀ ਦੀ ਸਵਰ-ਵਿਵਸਥਾ' (1981) ਆਦਿ ਮਹੱਤਵਪੂਰਨ ਹਨ।

ਉਪਰੋਕਤ ਤੋਂ ਇਲਾਵਾ ਸੰਨ 1965 ਹਰਦੇਵ ਬਾਹਰੀ ਦੀ ਪੁਸਤਕ 'ਹਿੰਦੀ ਉਦਭਵ, ਵਿਕਾਸ ਔਰ ਰੂਪ' ਵਿਚ ਹਿੰਦੀ ਧੁਨੀ-ਵਿਕਾਸ ਦੇ ਅਧਿਆਇ ਨੂੰ ਸ਼ਾਮਲ ਕੀਤਾ ਗਿਆ ਹੈ; ਜਿਸ ਵਿਚ ਸਭ ਤੋਂ ਪਹਿਲਾਂ ਹਿੰਦੀ ਵਿਅੰਜਨਾਂ ਦਾ ਵਿਕਾਸ, ਇਨ੍ਹਾਂ ਦਾ ਵਰਗੀਕਰਨ, ਸਵਰਾਂ ਦਾ ਵਿਕਾਸ, ਸਵਰਾਂ ਦਾ ਪਰਿਵਰਤਨ ਹਿੰਦੀ ਸਵਰਾਂ ਦਾ ਵਰਗੀਕਰਨ ਅਤੇ ਅਖੰਡੀ ਧੁਨੀ 'ਬਲ' ਨੂੰ ਪੇਸ਼ ਕੀਤਾ ਗਿਆ ਹੈ। ਸੰਨ 2002 ਵਿਚ ਭੋਲਾਨਾਥ ਤਿਵਾਰੀ ਦੁਆਰਾ ਸੰਪਾਦਿਤ ਪੁਸਤਕ 'ਹਿੰਦੀ ਭਾਸ਼ਾ ਕੀ ਧਵਨੀ ਸੰਰਚਨਾ' ਵਿਚ ਹਿੰਦੀ ਭਾਸ਼ਾ ਦੇ ਧੁਨੀਵਿਉਂਤਕ ਪੱਖ ਤੋਂ ਹੋਏ ਵੱਖ-ਵੱਖ ਖੋਜ ਕਾਰਜਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪੁਸਤਕ ਵਿਚ ਕੁੱਲ 29 ਲੇਖਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪੁਸਤਕ ਦਾ ਦਾਇਰਾ ਹਿੰਦੀ ਧੁਨੀਆਂ ਦੇ ਅਧਿਐਨ ਦੇ ਸਰਵੇਖਣ ਤੋਂ ਲੈ ਕੇ, ਇਸਦੀਆਂ ਖੰਡੀ ਧੁਨੀਆ (ਸਵਰ ਅਤੇ ਵਿਅੰਜਨ) ਅਤੇ ਅਖੰਡੀ ਧੁਨੀਆਂ (ਨਾਸਿਕਤਾ, ਬਲ, ਅਨੁਤਾਨ, ਸਵਰਾਘਾਤ, ਸੰਗਮ) ਅਤੇ ਹਿੰਦੀ ਉਚਾਰਖੰਡ ਦੇ ਸੰਪੂਰਨ ਵਿਸ਼ਲੇਸ਼ਣ ਤੱਕ ਫੈਲਿਆ ਹੋਇਆ ਹੈ।

'ਆਧੁਨਿਕ ਭਾਸ਼ਾ ਵਿਗਿਆਨ' ਨਾਮੀ ਖੋਜ ਕਾਰਜ ਪੁਸਤਕ ਰੂਪ ਵਿਚ 2010 ਵਿਚ ਕ੍ਰਿਪਾਸ਼ੰਕਰ ਸਿੰਘ ਅਤੇ ਚਤੁਰਭੁਜ ਸਹਾਇ ਦੁਆਰਾ ਪ੍ਰਕਾਸ਼ਿਤ ਹੋਇਆ। ਇਸ ਦਾ ਅਧਿਐਨ ਖੇਤਰ ਭਾਸ਼ਾ ਤੋਂ ਲੈ ਕੇ ਉਸਦੇ ਧੁਨੀ ਅਧਿਐਨ ਦੇ ਪੱਖਾਂ ਅਤੇ ਆਧੁਨਿਕ ਵਿਕਾਸ ਤੱਕ ਫੈਲਿਆ ਹੋਇਆ ਹੈ। ਇਸ ਖੋਜ ਕਾਰਜ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਵਿਚ ਹਿੰਦੀ ਭਾਸ਼ਾ ਦੇ ਧੁਨੀ ਵਿਗਿਆਨਕ ਖੇਤਰ ਦੇ ਹਰ ਇਕ ਪਹਿਲੂ ਦਾ ਆਧੁਨਿਕ ਨਜ਼ਰੀਏ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ।

ਸੰਨ 2014 ਵਿਚ ਉਦੈਨਾਰਾਇਣ ਤਿਵਾਰੀ ਦੀ ਪੁਸਤਕ 'ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ' ਸਿਰਲੇਖ ਅਧੀਨ ਪ੍ਰਾਪਤ ਹੁੰਦੀ ਹੈ। ਇਸ ਵਿਚ ਹਿੰਦੀ ਧੁਨੀਵਿਉਂਤ ਨਾਲ ਸੰਬੰਧਿਤ ਇਕ ਚੈਪਟਰ ਵਿਚ ਹਿੰਦੀ ਦੀਆਂ ਸਵਰ ਅਤੇ ਵਿਅੰਜਨ ਧੁਨੀਆਂ ਦੇ ਵਰਗੀਕਰਨ ਦੇ ਨਾਲ-ਨਾਲ ਸਵਰਾਘਾਤ, ਹਿੰਦੀ ਵਿਚ ਅਨੁਨਾਸਿਕਤਾ ਅਤੇ ਹਿੰਦੀ ਦੇ ਪ੍ਰਾਰੰਭ ਕਾਲ ਤੱਕ ਦੇ ਵਿਅੰਜਨਾਂ ਦੇ ਧੁਨੀ ਵਿਕਾਸ ਨੂੰ ਸ਼ਾਮਲ ਕੀਤਾ ਗਿਆ ਹੈ।

ਪ੍ਰਸਤੁਤ ਖੋਜ ਕਾਰਜ ਉਪਰੋਕਤ ਪੁਸਤਕਾਂ/ਖੋਜ ਕਾਰਜਾਂ ਦੀ ਅੰਤਰ-ਦ੍ਰਿਸ਼ਟੀ ਵਿਚ ਅਗਲਾ ਵਿਸਤਾਰ ਹੈ। ਸਮੁੱਚੇ ਖੋਜ ਕਾਰਜ ਨੂੰ ਚਾਰ ਅਧਿਆਵਾਂ ਵਿਚ ਵੰਡ ਕੇ ਮੁਕੰਮਲ ਕੀਤਾ ਗਿਆ ਹੈ। ਖੋਜ ਪ੍ਰਬੰਧ ਦੇ ਪਹਿਲੇ ਅਧਿਆਏ 'ਪੰਜਾਬੀ ਧੁਨੀਵਿਉਂਤ: ਸਿਧਾਂਤਕ ਪਰਿਪੇਖ' ਵਿੱਚ ਧੁਨੀਵਿਉਂਤਕ ਅਧਿਐਨ ਦੇ ਸਿਧਾਂਤਕ ਪਰਿਪੇਖ ਦੀ ਉਸਾਰੀ ਕੀਤੀ ਹੈ। ਧੁਨੀਵਿਗਿਆਨ ਅਤੇ ਧੁਨੀਵਿਉਂਤ ਦਾ ਵਿਸ਼ਲੇਸ਼ਣ ਕਰਨ ਲਈ ਦੋਹਾਂ ਸੰਕਲਪਾਂ ਦੇ ਪਿਛੋਕੜ ਦਾ ਵਿਸਤ੍ਰਿਤ ਅਧਿਐਨ ਪੇਸ਼ ਕੀਤਾ ਗਿਆ ਹੈ। ਧੁਨੀ ਵਿਗਿਆਨ ਦੇ ਅੰਤਰਗਤ 'ਪ੍ਰਯੋਗਾਤਮਕ ਧੁਨੀਵਿਗਿਆਨ' ਦਾ ਵਿਸ਼ਲੇਸ਼ਣ ਵੀ ਪੇਸ਼ ਕੀਤਾ ਗਿਆ ਹੈ; ਜਿਸਦੀ ਪੂਰਤੀ ਲਈ ਧੁਨੀਵਿਗਿਆਨ ਦੀਆਂ ਤਿੰਨੇ ਸ਼ਾਖਾਵਾਂ (ਉਚਾਰਨੀ ਧੁਨੀ ਵਿਗਿਆਨ, ਸੰਚਾਰਨੀ ਧੁਨੀ ਵਿਗਿਆਨ ਅਤੇ ਸ਼੍ਰਵਣੀ ਧੁਨੀ ਵਿਗਿਆਨ) ਲਈ ਸਹਾਇਕ ਸੰਦਾਂ ਦੀ ਜਾਣਕਾਰੀ ਤਸਵੀਰਾਂ ਨਾਲ ਦੇਣ ਦੀ ਕੋਸ਼ਿਸ ਕੀਤੀ ਗਈ ਹੈ। ਇਸ ਦੇ ਨਾਲ ਹੀ ਧੁਨੀਵਿਉਂਤ ਦੇ ਖੇਤਰ ਵਿਚ ਆਧੁਨਿਕ ਅਧਿਐਨ ਮਾਡਲਾਂ ਦੀ ਸੰਪੂਰਨ ਸਿਧਾਂਤਕ ਉਸਾਰੀ ਕੀਤੀ ਗਈ ਹੈ।ਇਸ ਤਰ੍ਹਾਂ ਸਾਡਾ ਸਿਧਾਂਤ ਚਿੰਤਨ ਧੁਨੀ ਵਿਗਿਆਨ ਦੇ ਸਿਧਾਂਤਕ ਪਹਿਲੂਆਂ, ਧੁਨੀਵਿਉਂਤਕ ਵਿਆਪਕਤਾ, ਧੁਨੀਵਿਉਂਤ ਅਤੇ ਨਿਖੇੜੂ ਲੱਛਣ ਸਿਧਾਂਤਾਂ ਤੱਕ ਫੈਲਿਆ ਹੋਇਆ ਹੈ।

ਦੂਜੇ ਅਧਿਆਏ ਵਿੱਚ ਪੰਜਾਬੀ ਭਾਸ਼ਾ ਦਾ ਧੁਨੀਵਿਉਂਤਕ ਅਧਿਐਨ ਪੇਸ਼ ਕੀਤਾ ਹੈ। ਇਸ ਅਧਿਆਇ ਵਿਚ ਪੰਜਾਬੀ ਧੁਨੀਵਿਉਂਤ ਦੇ ਵਿਕਾਸ ਨੂੰ ਉਲੀਕਦੇ ਹੋਏ, ਪੰਜਾਬੀ ਭਾਸ਼ਾ ਦੀਆਂ ਸਵਰ ਅਤੇ ਵਿਅੰਜਨ ਧੁਨੀਆਂ ਦੇ ਵਿਕਾਸ ਨੂੰ ਪੇਸ਼ ਕੀਤਾ ਗਿਆ ਹੈ।ਪੰਜਾਬੀ ਧੁਨੀ ਵਿਉਂਤ ਸੰਬੰਧੀ ਜੋ ਖੋਜ ਕਾਰਜ ਹੁਣ ਤੱਕ ਪ੍ਰਾਪਤ ਹੈ, ਉਸ ਵਿੱਚ ਬਲਬੀਰ ਸਿੰਘ ਸੰਧੂ, ਐਸ. ਐਸ. ਜੋਸ਼ੀ, ਹਰਜੀਤ ਸਿੰਘ ਗਿੱਲ ਅਤੇ ਸੁਖਵਿੰਦਰ ਸਿੰਘ ਸੰਘਾ ਦਾ ਨਾਂ ਮੁੱਖ ਰੂਪ ਵਿੱਚ ਲਿਆ ਜਾ ਸਕਦਾ ਹੈ। ਪੰਜਾਬੀ ਭਾਸ਼ਾ ਦੇ ਧੁਨੀਵਿਉਂਤਕ ਅਧਿਐਨ ਦਾ ਆਧਾਰ ਅਸੀਂ ਇਨ੍ਹਾਂ ਭਾਸ਼ਾ ਵਿਗਿਆਨੀਆਂ ਦੀ ਖੋਜ ਨੂੰ ਬਣਾਇਆ ਹੈ। ਪੰਜਾਬੀ ਦੀ ਧੁਨੀਵਿਉਂਤਕ ਸੰਰਚਨਾ ਦੇ ਅੰਤਰਗਤ ਖੰਡੀ ਅਤੇ ਅਖੰਡੀ ਧੁਨੀਵਿਉਂਤ ਅਤੇ ਪੰਜਾਬੀ ਭਾਸ਼ਾ ਦੀ ਉਚਾਰਖੰਡੀ ਬਣਤਰ ਨੂੰ ਵੀ ਵਿਸ਼ਲੇਸ਼ਿਤ ਕੀਤਾ ਗਿਆ ਹੈ। ਪੰਜਾਬੀ ਭਾਸ਼ਾ ਦੀਆਂ ਖੰਡੀ ਧੁਨੀਆਂ ਦੇ ਨਿਖੇੜੂ ਲੱਛਣਾਂ ਦੀ ਪਛਾਣ, ਤਿੰਨ ਅਧਿਐਨ ਮਾਡਲਾਂ (ਟ੍ਰਬਟਜ਼ਕਾਏ, ਜੈਕਬਸਨ ਤੇ ਹਾਲੇ, ਚੌਮਸਕੀ ਤੇ ਹਾਲੇ) ਦੇ ਸਿਧਾਂਤਕ ਪਰਿਪੇਖ ਵਿਚ ਕੀਤੀ ਗਈ ਹੈ।

ਤੀਜੇ ਅਧਿਆਇ ਵਿਚ 'ਹਿੰਦੀ ਧੁਨੀਵਿਉਂਤ' ਦੇ ਅਧਿਐਨ ਨੂੰ ਸ਼ਾਮਲ ਕੀਤਾ ਹੈ। ਇਹ ਅਧਿਆਇ ਨੂੰ ਹਿੰਦੀ ਭਾਸ਼ਾ ਦੇ ਨਾਮਕਰਨ ਤੋਂ ਲੈ ਕੇ,ਹਿੰਦੀ ਭਾਸ਼ੀ ਖੇਤਰ, ਇਸਦੀਆਂ ਧੁਨੀਆਂ ਦੇ ਵਿਕਾਸ ਅਤੇ ਹਿੰਦੀ ਧੁਨੀਵਿਉਂਤ ਦੀ ਸੰਰਚਨਾ ਦੇ ਧੁਨੀਵਿਉਂਤਕ ਵਿਸ਼ਲੇਸ਼ਣ ਤੱਕ ਫੈਲਾਇਆ ਗਿਆ ਹੈ। ਹਿੰਦੀ ਭਾਸ਼ਾ ਦੇ ਧੁਨੀਵਿਉਂਤਕ ਅਧਿਐਨ ਦਾ ਆਧਾਰ ਭੋਲਾਨਾਥ ਤਿਵਾਰੀ, ਉਦੈ ਨਾਰਾਇਣ ਤਿਵਾਰੀ, ਹਰਦੇਵ ਬਾਹਰੀ ਅਤੇ ਕ੍ਰਿਪਾ ਸ਼ੰਕਰ ਸਿੰਘ ਸਹਾਇ ਆਦਿ ਦੇ ਖੋਜ ਕਾਰਜ ਨੂੰ ਬਣਾਇਆ ਹੈ।ਹਿੰਦੀ ਭਾਸ਼ਾ ਦੀਆਂ ਧੁਨੀਆਂ ਦੇ ਨਿਖੇੜੂ ਲੱਛਣਾਂ ਦੀ ਪਛਾਣ ਵੀ ਤਿੰਨ ਆਧੁਨਿਕ ਅਧਿਐਨ-ਮਾਡਲਾਂ (ਟ੍ਰਬਟਜ਼ਕਾਏ, ਜੈਕਬਸਨ ਤੇ ਹਾਲੇ, ਚੌਮਸਕੀ ਤੇ ਹਾਲੇ) ਦੇ ਸਿਧਾਂਤਿਕ ਪਰਿਪੇਖ ਵਿਚ ਕੀਤੀ ਗਈ ਹੈ।

ਖੋਜ ਪ੍ਰਬੰਧ ਦੇ ਚੌਥੇ ਅਧਿਆਇ ਵਿਚ ਤੁਲਨਾਤਮਕ ਧੁਨੀਵਿਉਂਤਕ ਵਿਧੀ ਦੀ ਸਿਧਾਂਤਕ ਸੇਧ ਮੁਤਾਬਕ ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ ਪੇਸ਼ ਕੀਤਾ ਗਿਆ ਹੈ। ਪੰਜਾਬੀ ਅਤੇ ਹਿੰਦੀ ਭਾਸ਼ਾ ਦੀ ਧੁਨੀਵਿਉਂਤ ਦਾ ਤੁਲਨਾਤਮਕ ਵਿਧੀ ਦੀ ਵਰਤੋਂ ਰਾਹੀਂ ਦੋਵਾਂ ਭਾਸ਼ਾਵਾਂ ਦੀ ਧੁਨੀਵਿਉਂਤਕ ਸੰਰਚਨਾ ਦੇ ਸਾਂਝੇ ਅਤੇ ਨਿੱਖੜਵੇਂ ਪਹਿਲੂਆਂ ਦੀ ਤੱਥਗਤ ਤੁਲਨਾ ਪੇਸ਼ ਕੀਤੀ ਗਈ ਹੈ। ਧੁਨੀਵਿਉਂਤਕ ਵਿਸ਼ਲੇਸ਼ਣ ਦੇ ਤਿੰਨ ਆਧੁਨਿਕ ਅਧਿਐਨ-ਮਾਡਲਾਂ ਦੇ ਆਧਾਰ ਤੇ ਦੋਵਾਂ ਭਾਸ਼ਾਵਾਂ ਦੀਆਂ

ਧੁਨੀਆਂ ਦੇ ਨਿਖੇੜੂ ਲੱਛਣਾਂ ਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਨੂੰ ਉਜਾਗਰ ਕੀਤਾ ਗਿਆ ਹੈ।ਦੋਵਾਂ ਭਾਸ਼ਾਵਾਂ ਦੇ ਧੁਨੀਵਿਉਂਤਕ ਨੇਮਾਂ ਦੀ ਨਿਸ਼ਾਨਦੇਹੀ ਖੰਡੀ ਅਤੇ ਅਖੰਡੀ ਧੁਨੀਆਂ ਦੇ ਪ੍ਰਸੰਗ ਵਿੱਚ ਕੀਤੀ ਹੈ ਜੋ ਕਿ ਦੋਵਾਂ ਭਾਸ਼ਾਵਾਂ ਦੀ ਗਹਿਨ ਧੁਨੀਵਿਉਂਤਕ ਸੰਰਚਨਾ ਨੂੰ ਸਤਹੀ ਧੁਨੀਵਿਉਂਤਕ ਪ੍ਰਗਟਾਵੇ ਵਿੱਚ ਰੂਪਾਂਤਰਿਤ ਕਰਦੇ ਹਨ। ਇਸ ਅਧਿਆਇ ਵਿਚ ਦੁਹਰਾਓ ਦਾ ਆਉਣਾ ਵੀ ਸੁਭਾਵਕ ਹੈ। ਪਰ ਖੋਜ ਕਾਰਜ ਦੇ ਵਿਧੀ-ਵਿਧਾਨ ਮੁਤਾਬਕ ਪੰਜਾਬੀ ਅਤੇ ਹਿੰਦੀ ਦਾ ਵੱਖਰੇ ਤੌਰ ਤੇ ਤੁਲਨਾਤਮਕ ਧੁਨੀ ਵਿਉਂਤਕ ਅਧਿਐਨ ਪੇਸ਼ ਕਰਨਾ ਜ਼ਰੂਰੀ ਸੀ।

ਤੁਲਨਾਤਮਕ ਧੁਨੀਵਿਉਂਤਕ ਅਧਿਐਨ ਉਪਰੰਤ ਦੋਹਾਂ ਭਾਸ਼ਾਵਾਂ ਦੀ ਧੁਨੀਵਿਉਂਤਕ ਸੰਰਚਨਾ ਦੇ ਜੋ ਤੱਥ ਪ੍ਰਾਪਤ ਹੋਏ ਹਨ, ਉਨਾਂ ਨੂੰ ਨਿਸ਼ਕਰਸ਼ ਸਿਰਲੇਖ ਹੇਠ ਪੇਸ਼ ਕੀਤਾ ਗਿਆ ਹੈ। ਖੋਜ ਪ੍ਰਬੰਧ ਦੇ ਅੰਤ ਤੇ 'ਪੁਸਤਕ ਸੂਚੀ' ਸਿਰਲੇਖ ਅਧੀਨ ਉਨ੍ਹਾਂ ਸਹਾਇਕ ਪੁਸਤਕਾਂ, ਖੋਜ ਪ੍ਰਬੰਧਾਂ ਆਦਿ ਦੀ ਸੂਚੀ ਪੇਸ਼ ਕੀਤੀ ਗਈ ਹੈ, ਜਿਨ੍ਹਾਂ ਤੋਂ ਇਸ ਸਮੁੱਚੇ ਖੋਜ ਕਾਰਜ ਦੌਰਾਨ ਸਹਾਇਤਾ ਪ੍ਰਾਪਤ ਕੀਤੀ ਗਈ।

ਤਤਕਰਾ

ਪੰਨਾ ਨੰ.

ਸੰਕੇਤਾਵਲੀ

ਭੂਮਿਕਾ **1 -11**

ਅਧਿਆਇ - 1 ਧੁਨੀਵਿਉਂਤਕ ਅਧਿਐਨ: ਸਿਧਾਂਤਕ ਪਰਿਪੇਖ **13 - 58**

1.0 ਵਿਸ਼ਾ-ਪ੍ਰਵੇਸ਼

1.1 ਧੁਨੀ ਵਿਗਿਆਨ ਦਾ ਵਿਕਾਸ

1.2 ਨਵੀਨ ਖੋਜਾਂ

1.3 ਧੁਨੀ ਵਿਗਿਆਨ ਦਾ ਪਾਸਾਰ

1.3.1 ਉਚਾਰਨੀ ਧੁਨੀ ਵਿਗਿਆਨ

1.3.2 ਸੰਚਾਰਨੀ ਧੁਨੀ ਵਿਗਿਆਨ

1.3.3 ਸ੍ਰਵਣੀ ਧੁਨੀ ਵਿਗਿਆਨ

1.4 ਧੁਨੀਵਿਉਂਤ

1.4.1 ਭਾਸ਼ਾ ਧੁਨੀਆਂ ਦੀ ਵਰਗਵੰਡ

1.4.2 ਧੁਨੀ, ਧੁਨੀਮ ਅਤੇ ਸਹਿ ਧੁਨੀ

1.5 ਧੁਨੀਵਿਉਂਤਕ ਅਧਿਐਨ ਦਾ ਵਿਕਾਸ

1.5.1 ਨਿਖੇੜੂ ਲੱਛਣ ਸਿਧਾਂਤ

ਅਧਿਆਇ - 2 ਪੰਜਾਬੀ ਭਾਸ਼ਾ ਦੀ ਧੁਨੀਵਿਉਂਤ **60 - 105**

2.0 ਪ੍ਰਵੇਸ਼-ਸ੍ਰੋਤ

2.1 ਧੁਨੀਵਿਉਂਤਕ ਪਰਿਵਰਤਨ

2.2 ਧੁਨੀਗਤ ਵਿਕਾਸ

2.3 ਪੰਜਾਬੀ ਦੀ ਧੁਨੀਵਿਉਂਤਕ ਸੰਰਚਨਾ

2.3.1 ਖੰਡੀ ਧੁਨੀਵਿਉਂਤ

2.3.2 ਅਖੰਡੀ ਧੁਨੀਵਿਉਂਤ

2.3.3 ਉਚਾਰਖੰਡ

2.4 ਨਿਖੇੜੂ ਲੱਛਣ ਸਿਧਾਂਤ ਅਤੇ ਪੰਜਾਬੀ ਧੁਨੀਵਿਉਂਤ

ਅਧਿਆਇ- 3 ਹਿੰਦੀ ਭਾਸ਼ਾ ਦੀ ਧੁਨੀਵਿਉਂਤ **107 - 149**

3.0 ਪ੍ਰਵੇਸ਼-ਸ੍ਰੋਤ

3.1 ਹਿੰਦੀ ਭਾਸ਼ੀ ਖੇਤਰ

3.2 ਧੁਨੀਗਤ ਇਤਿਹਾਸਕ ਸੰਦਰਭ

3.2.1 ਧੁਨੀਗਤ ਬਦਲਾਵ

3.3 ਹਿੰਦੀ ਦੀ ਧੁਨੀਵਿਉਂਤਕ ਸੰਰਚਨਾ

3.3.1 ਖੰਡੀ ਧੁਨੀਵਿਉਂਤ

3.3.2 ਅਖੰਡੀ ਧੁਨੀਵਿਉਂਤ

3.3.3 ਉਚਾਰਖੰਡ

3.4 ਨਿਖੇੜੂ ਲੱਛਣ ਸਿਧਾਂਤ ਅਤੇ ਹਿੰਦੀ ਧੁਨੀਵਿਉਂਤ

ਅਧਿਆਇ- 4 ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ **151 - 183**

4.0 ਤੁਲਨਾਤਮਕ ਧੁਨੀਵਿਉਂਤ

4.1 ਪੰਜਾਬੀ-ਹਿੰਦੀ: ਧੁਨੀਵਿਉਂਤਕ ਰੁਪਾਂਤਰਨ

4.2 ਪੰਜਾਬੀ-ਹਿੰਦੀ: ਧੁਨੀਵਿਉਂਤਕ ਸੰਰਚਨਾ

4.2.1 ਖੰਡੀ ਧੁਨੀਵਿਉਂਤ

4.2.2 ਅਖੰਡੀ ਧੁਨੀਵਿਉਂਤ

4.2.3 ਉਚਾਰਖੰਡ

4.3 ਨਿਖੇੜੂ ਲੱਛਣ

ਨਿਸ਼ਕਰਸ਼	**184 - 195**
ਪੁਸਤਕ ਸੂਚੀ	**196 - 201**

ਅਧਿਆਇ ਪਹਿਲਾ

ਧੁਨੀਵਿਉਂਤਕ ਅਧਿਐਨ: ਸਿਧਾਂਤਕ ਪਰਿਪੇਖ

ਧੁਨੀਵਿਉਂਤਕ ਅਧਿਐਨ: ਸਿਧਾਂਤਕ ਪਰਿਪੇਖ

1.0 ਵਿਸ਼ਾ ਪ੍ਰਵੇਸ਼

ਆਧੁਨਕਿ ਭਾਸ਼ਾ ਵਿਗਿਆਨ ਵਿਚ ਭਾਸ਼ਾ ਨੂੰ ਸੰਚਾਰ ਮਾਧਿਅਮ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ। ਭਾਸ਼ਾ ਦੀ ਸੰਚਾਰ ਪ੍ਰਕਿਰਿਆ ਵਿਚ ਤਿੰਨ ਮੁੱਖ ਪ੍ਰਬੰਧ ਕਾਰਜਸ਼ੀਲ ਹੁੰਦੇ ਹਨ:- ਧੁਨੀ ਪ੍ਰਬੰਧ, ਰੂਪ ਪ੍ਰਬੰਧ ਅਤੇ ਅਰਥ ਪ੍ਰਬੰਧ। ਭਾਸ਼ਾ ਵਿਗਿਆਨ ਵਿਚ ਭਾਸ਼ਾ ਦੇ ਧੁਨੀ ਪ੍ਰਬੰਧ ਦਾ ਅਧਿਐਨ ਕਰਨ ਵਾਲੀ ਸ਼ਾਖਾ ਨੂੰ ਧੁਨੀ ਵਿਗਿਆਨ ਕਿਹਾ ਜਾਂਦਾ ਹੈ। ਧੁਨੀ ਪ੍ਰਬੰਧ ਵਿਚ ਭਾਸ਼ਾ-ਧੁਨੀ ਦੇ ਦੋ ਪੱਖਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਕ ਭਾਸ਼ਾ ਧੁਨੀ ਦੀ ਸੰਰਚਨਾ ਦਾ ਅਤੇ ਦੂਜਾ ਭਾਸ਼ਾ-ਧੁਨੀਆਂ ਦੀ ਵਰਤੋਂ ਦੀ ਵਿਉਂਤਬੰਦੀ ਦਾ। ਧੁਨੀ ਪ੍ਰਬੰਧ ਦੇ ਪਹਿਲੇ ਪੱਖ ਨੂੰ ਧੁਨੀ ਵਿਗਿਆਨ (Phonetics) ਅਤੇ ਦੂਜੇ ਪੱਖ ਨੂੰ ਧੁਨੀਵਿਉਂਤ (Phonology) ਕਿਹਾ ਜਾਂਦਾ ਹੈ। ਧੁਨੀ ਵਿਗਿਆਨ ਭਾਸ਼ਾ-ਧੁਨੀਆਂ ਦੇ ਵਿਸ਼ਲੇਸ਼ਣ ਕਰਨ ਵਾਲੀ ਸ਼ੁੱਧ ਸਿਧਾਂਤਕ ਸ਼ਾਖਾ ਹੈ ਅਤੇ ਧੁਨੀਵਿਉਂਤ ਭਾਸ਼ਾ ਵਿਸ਼ੇਸ਼ ਦੀਆਂ ਧੁਨੀਆਂ ਦਾ ਅਧਿਐਨ ਕਰਨ ਵਾਲੀ ਵਿਹਾਰਕ ਸ਼ਾਖਾ ਹੈ।

ਭਾਸ਼ਾ-ਧੁਨੀਆਂ ਦੇ ਅਧਿਐਨ ਦੀ ਪਰੰਪਰਾ ਸਦੀਆਂ ਪੁਰਾਣੀ ਹੈ। ਸਭ ਤੋਂ ਪਹਿਲਾ ਅਧਿਐਨ ਚੌਥੀ ਸਦੀ ਈ. ਪੂ. ਪਾਣਿਨੀ ਦੁਆਰਾ ਰਚਿਤ 'ਅਸ਼ਟਧਿਆਈ' ਵਿਚ ਮਿਲਦਾ ਹੈ। ਪਾਣਿਨੀ ਵਿਆਕਰਨ ਦੇ ਆਰੰਭ ਵਿਚ ਹੀ ਮਹੇਸ਼ਵਰ ਸੂਤਰ ਦਰਜ ਹੈ, ਜਿਸਦੀ ਵਿਵਸਥਾ ਪੂਰੀ ਤਰ੍ਹਾਂ ਨਾਲ ਉਚਾਰਨ ਸ਼ਾਸਤਰ 'ਤੇ ਆਧਾਰਿਤ ਹੈ। ਇਸ ਦੇ ਨਾਲ ਹੀ ਬ੍ਰਾਹਮਣ ਗ੍ਰੰਥਾਂ ਵਿਚ ਵੀ ਸਵਰ, ਉਚਾਰਨ ਸਥਾਨ, ਅੱਖਰ, ਅਨੁਦਾਨ, ਰੂਪ ਆਦਿ ਦਾ ਪ੍ਰਯੋਗ ਹੋਣ ਲੱਗ ਪਿਆ ਸੀ। ਇਸ ਦਾ ਅਰਥ ਇਹ ਹੋਇਆ ਕਿ ਭਾਸ਼ਾ-ਧੁਨੀਆਂ ਦੇ ਖੇਤਰ ਵਿਚ ਸੱਭ ਤੋਂ ਪਹਿਲਾਂ ਭਾਰਤ ਵਿਚ ਹੀ ਅਧਿਐਨ ਦੀ ਪਰੰਪਰਾ ਸ਼ੁਰੂ ਹੋਈ। ਵਿਆਕਰਨ ਗ੍ਰੰਥਾਂ ਵਿਚ ਵੀ ਧੁਨੀ ਦੇ ਚਿੰਤਨ-ਮਨਨ ਸੰਬੰਧੀ ਸਮੱਗਰੀ ਮਿਲਦੀ ਹੈ। ਭਾਰਤ ਵਿਚ ਧੁਨੀ ਨਾਲ ਸੰਬੰਧਿਤ ਸਿੱਖਿਆ ਅਤੇ ਪ੍ਰਤੀਸ਼ਾਖਯ ਗ੍ਰੰਥ ਮਿਲਦੇ ਹਨ। ਇਨ੍ਹਾਂ ਵਿੱਚੋਂ ਕੁੱਝ ਦੇ ਮੂਲ ਰੂਪ ਦੀ ਰਚਨਾ ਈਸਵੀ ਸੰਨ ਦੇ ਆਰੰਭ ਤੋਂ ਪਹਿਲਾਂ ਹੀ ਸੂਤਰਾਂ ਅਤੇ ਸ਼ਲੋਕਾਂ ਦੇ ਰੂਪ ਵਿਚ ਕੀਤੀ ਜਾ ਚੁੱਕੀ ਸੀ। ਭੋਲਾਨਾਥ ਤਿਵਾਰੀ (2002:09) ਅਨੁਸਾਰ, "ਸਿੱਖਿਆ ਗ੍ਰੰਥ ਮੁੱਖ ਰੂਪ ਵਿਚ ਧੁਨੀਆਂ ਦੇ ਅਧਿਐਨ ਦੇ ਸਿਧਾਂਤਕ ਗ੍ਰੰਥ ਹਨ ਅਤੇ ਪ੍ਰਤੀਸ਼ਾਖ ਗ੍ਰੰਥ, ਵੇਦਾਂ ਅਤੇ ਉਸਦੀਆਂ ਸ਼ਾਖਾਵਾਂ ਦੇ ਠੀਕ

ਉਚਾਰਨ ਨਾਲ ਸੰਬੰਧਿਤ ਵਿਹਾਰਕ ਗ੍ਰੰਥ ਹਨ।"[1] ਇਨ੍ਹਾਂ ਦੋਹਾਂ ਦੇ ਮੁੱਖ ਵਿਸ਼ੇ ਉਚਾਰਨ ਸਥਾਨ, ਉਚਾਰਨ ਲਹਿਜ਼ਾ, ਅਲਪਪ੍ਰਾਣਤਾ, ਮਹਾਂਪ੍ਰਾਣਤਾ, ਘੋਸ਼ਤਾ-ਅਘੋਸ਼ਤਾ, ਮੌਖਿਕਤਾ- ਅਨੁਨਾਸਿਕਤਾ, ਸਵਰ-ਵਿਅੰਜਨ, ਉਚਾਰਖੰਡ ਦੀ ਵੰਡ, ਸਵਰ ਭਕਤੀ, ਸਵਰਾਘਾਤ ਅਤੇ ਉਚਾਰਨ ਦੇ ਗੁਣ ਦੋਸ਼ ਆਦਿ ਸਨ।

ਆਰ.ਐਚ.ਰੋਬਿਨਸ (1967: 142) ਅਨੁਸਾਰ ਭਾਰਤੀ ਵਿਆਕਰਨਕਾਰ ਉਚਾਰਨ ਅੰਗਾਂ ਨੂੰ ਦੋ ਹਿੱਸਿਆਂ ਵਿਚ ਵੰਡਦੇ ਸਨ: ਮੂੰਹ ਪੋਲ ਵਿਚਲੇ ਅਤੇ ਮੂੰਹ ਪੋਲ ਤੋਂ ਬਾਹਰਲੇ)। ਮੂੰਹ ਪੋਲ ਵਿਚਲੇ ਅੰਗਾਂ ਨੂੰ ਬਿਆਨ ਕਰਨ ਸਮੇਂ ਉਹ ਪਿਛਲੇ ਅੰਗਾਂ ਨੂੰ ਪਹਿਲਾਂ ਅਤੇ ਅਗਲੇ ਅੰਗਾਂ ਦਾ ਬਾਅਦ ਵਿਚ ਵਰਣਨ ਕਰਦੇ ਸਨ। ਮੂੰਹ ਤੋਂ ਬਾਹਰਲੇ ਅੰਗਾਂ ਵਿਚ ਫੇਫੜੇ, ਗਲਾ ਅਤੇ ਨੱਕ ਪੋਲ ਨੂੰ ਸ਼ਾਮਲ ਕਰਦੇ ਸਨ। ਇਨ੍ਹਾਂ ਅੰਗਾਂ ਦੁਆਰਾ ਨਾਦੀ ਤੇ ਨਾਦ ਰਹਿਤ, ਮਹਾਂਪ੍ਰਾਣ ਤੇ ਨਾਸਿਕੀ ਅਤੇ ਗੈਰ ਨਾਸਿਕੀ ਧੁਨੀਆਂ ਦਾ ਉਚਾਰਨ ਹੁੰਦਾ ਮੰਨਿਆ ਜਾਂਦਾ ਸੀ।[2]

1.1 ਧੁਨੀ ਵਿਗਿਆਨ ਦਾ ਵਿਕਾਸ: ਅਠਾਰਵੀਂ ਸਦੀ ਦੇ ਅੰਤ ਵਿਚ ਯੌਰਪ ਦੇ ਭਾਸ਼ਾ ਵਿਗਿਆਨੀਆਂ ਨੇ ਇਸ ਅਧਿਐਨ ਖੇਤਰ ਵਿਚ ਕੰਮ ਸ਼ੁਰੂ ਕੀਤਾ। ਇਸ ਅਧਿਐਨ ਖੇਤਰ ਵਿਚ ਭਾਸ਼ਾ ਦੇ ਅਧਿਆਪਕ, ਸ਼ਬਦ ਜੋੜਾਂ ਦੇ ਸੁਧਾਰਕ, ਸ਼ਾਰਟਹੈਂਡ ਦੇ ਨਿਰਮਾਤਾ, ਪਾਦਰੀ ਆਦਿ ਸ਼ਾਮਲ ਸਨ। ਸੰਨ 1886 ਵਿਚ 'International phonetics Association' ਦੀ ਸਥਾਪਨਾ ਨਾਲ ਭਾਸ਼ਾ-ਧੁਨੀਆਂ ਦੇ ਅਧਿਐਨ ਦਾ ਖੇਤਰ ਹੋਰ ਵੀ ਵਿਸ਼ਾਲ ਹੋ ਗਿਆ ਅਤੇ ਇਉਂ ਪੂਰੇ ਯੂਰਪ ਅਤੇ ਯੂਰਪ ਤੋਂ ਬਾਹਰ ਵੀ ਧੁਨੀ-ਅਧਿਐਨ ਦਾ ਕਾਰਜ ਹੋਣ ਲੱਗਾ। ਯੂਰਪ ਵਿਚ 'ਦਿ ਇੰਗਲਿਸ਼ ਸਕੂਲ ਆਫ ਫੋਨੈਟਿਕਸ' (The English School of Phonetics) ਦੀ ਸਥਾਪਨਾ ਹੋਈ। ਇਸ ਵਿਚ ਜੇ. ਹਾਰਟ (J.Hart), ਬੂਲੋਕਰ (W.Bullokar), ਹਿਊਮ (A. Humes), ਰੋਬਿਨਸ (R.H. Robins), ਬਟਲਰ (C. Butler), ਵੈਲਿਸ (J. Wallis) ਅਤੇ ਹੋਲਡਰ (W.Holder) ਆਦਿ ਭਾਸ਼ਾ

---

[1] शक्षा ग्रन्थ मुख्य रूप से ध्वनियों के अध्ययन के सैद्धांतिक ग्रन्थ हैं तथा प्रतिशाख्य व भन्न वेदों और उनकी शाखाओं के ठीक उच्चारण से संबंध व्यावहारिक ग्रन्थ हैं।यद्य प इनके जो आज रूप उपलब्ध हैं, उनमें सैद्धांतिकता और व्यवहारिकता की दृष्टि से मश्रण भी मलता है।"

[2] "The Articlatory organs were divided into intrabuccal and extra buccal. Extra buccal being the glottis, the lungs, and the nasal cavity. These three are responsible for the distinctions of voice and voicelessness, aspiration and non-aspiration, and nasality and non-nasality."

ਚਿੰਤਕ ਸ਼ਾਮਲ ਸਨ। ਡਬਲਯੂ ਹੋਲਡਰ ਅਜਿਹਾ ਧੁਨੀਵਿਗਿਆਨੀ ਸੀ, ਜਿਸਨੇ ਧੁਨੀਆਂ ਦੀ ਵਿਆਖਿਆ ਕਰਨ ਵਿਚ ਸੱਭ ਤੋਂ ਵੱਧ ਮੁਹਾਰਤ ਹਾਸਲ ਕੀਤੀ। ਸੰਨ 1669 ਈ. ਵਿਚ ਹੋਲਡਰ ਦਾ "Elements of Speech" ਨਾਮੀ ਲੇਖ ਰਾਇਲ ਸੁਸਾਇਟੀ (Royal Society) ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਹੋਲਡਰ ਦੇ ਸਮਕਾਲੀ ਜੇ. ਵੈਲਿਸ ਨੇ ਵੀ ਉਸ ਸਮੇਂ ਦੀ ਅੰਗਰੇਜ਼ੀ ਦੇ ਉਚਾਰਨ ਦੀਆਂ ਵਿਸ਼ੇਸ਼ਤਾਵਾਂ ਦਾ ਪੁਨਰ-ਨਿਰਮਾਣ ਕੀਤਾ। ਵੈਲਿਸ ਅੰਗਰੇਜ਼ੀ ਦਾ ਧੁਨੀ ਵਿਗਿਆਨੀ ਹੋਣ ਤੋਂ ਇਲਾਵਾ ਆਕਸਫੋਰਡ ਯੂਨੀਵਰਸਿਟੀ ਦਾ ਚੇਅਰਮੈਨ ਅਤੇ ਕੁਦਰਤੀ ਵਿਗਿਆਨੀ ਵੀ ਸੀ। ਇਸੇ ਤਰ੍ਹਾਂ ਬੂਲੋਕਰ ਨੇ ਲਾਤੀਨੀ ਭਾਸ਼ਾ ਵਿਚ ਧੁਨੀ-ਪ੍ਰਣਾਲੀ ਨੂੰ ਸਥਾਪਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਯੌਰਪ ਦੇ ਇਨ੍ਹਾਂ ਭਾਸ਼ਾ ਵਿਗਿਆਨੀਆਂ ਨੇ ਅੰਗਰੇਜ਼ੀ ਉਚਾਰਨ ਢੰਗ ਨੂੰ ਬਿਆਨ ਕੀਤਾ।

ਇਸ ਤੋਂ ਬਾਅਦ ਇੰਗਲੈਂਡ ਵਿਚ ਭਾਸ਼ਾ ਸਿੱਖਣ-ਸਿਖਾਉਣ, ਸ਼ਾਰਟਹੈਂਡ ਅਤੇ ਸ਼ਬਦ ਜੋੜਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਧੁਨੀ ਵਿਗਿਆਨ ਦਾ ਕਾਫੀ ਵਿਕਾਸ ਹੋਇਆ। ਇਸ ਵਿਕਾਸ ਪ੍ਰਕਿਰਿਆ ਵਿਚ ਜੋਸ਼ੂਆ ਸਟੀਲ (Joshua Steel) ਦਾ ਅਧਿਐਨ ਮਹੱਤਵਪੂਰਨ ਹੈ। ਸਟੀਲ ਬ੍ਰਿਟਿਸ਼ ਲੇਖਕ ਸੀ। ਸਟੀਲ ਨੇ ਛੰਦ ਵਿੱਦਿਆ ਸੰਬੰਧੀ "Prosodia Rationalis" ਨਾਮੀ ਇਕ ਲੇਖ ਲਿਖਿਆ ਜੋ ਕਿ 1775 ਈ. ਵਿਚ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ। ਇਹ ਲੇਖ ਉਚਾਰਨੀ ਧੁਨੀ ਵਿਗਿਆਨ ਨਾਲ ਸੰਬੰਧਿਤ ਸੀ, ਜਿਸ ਵਿਚ ਉਸ ਨੇ ਉਚਰਿਤ ਆਵਾਜ਼ਾਂ ਨੂੰ ਮਾਪਕ ਦੁਆਰਾ ਮਾਪਿਆ। ਸਟੀਲ ਮਗਰੋਂ ਅਲੈਕਸਜ਼ੈਂਡਰ ਮੇਲਵਾਇਲ ਬੈੱਲ (Alexander Melville Bell) ਨੇ 1867 ਈ. ਵਿਚ ਧੁਨੀਗ੍ਰਾਮਾਂ ਦਾ ਅਧਿਐਨ ਕੀਤਾ। ਇਸ ਅਧਿਐਨ ਨੂੰ ਬੈੱਲ ਨੇ "Visible Speech" ਦਾ ਨਾਂ ਦਿੱਤਾ। ਇਹ ਅਧਿਐਨ ਧੁਨੀਗ੍ਰਾਮ ਪ੍ਰਤੀਕਾਂ ਦੀ ਪ੍ਰਣਾਲੀ ਨਾਲ ਸੰਬੰਧਿਤ ਸੀ। ਸੰਨ 1889 ਵਿਚ ਹੈਨਰੀ ਸਵੀਟ (Henry Sweet) ਦੇ ਯਤਨਾਂ ਸਦਕਾ ਅੰਤਰਰਾਸ਼ਟਰੀ ਧੁਨੀ ਲਿਪੀ (IPA) ਦੀ ਸਥਾਪਨਾ ਹੋਈ। ਆਈ. ਪੀ. ਏ. ਦਰਅਸਲ ਧੁਨੀਵਿਗਿਆਨਕ ਲਿਪੀਅੰਤਰਨ ਹੈ। ਪੱਛਮੀ ਸਕਾਲਰਾਂ ਨੇ 19ਵੀਂ ਸਦੀ ਦੇ ਅੰਤ ਵਿਚ ਉਚਾਰਨੀ ਧੁਨੀ ਵਿਗਿਆਨ ਦੇ ਵਿਸਥਾਰ ਵੱਲ ਹੋਰ ਵੀ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਸੰਨ 1908 ਵਿਚ ਹੈਨਰੀ ਸਵੀਟ ਦੀ ਪੁਸਤਕ 'The sounds of English' ਪ੍ਰਕਾਸ਼ਿਤ ਹੋਈ। ਸੰਨ 1908 ਈ. ਮਗਰੋਂ ਉਸ ਨੇ ਧੁਨੀਆਂ ਨੂੰ ਲਿਪੀਅੰਤਰਨ ਕਰਨ ਲਈ ਪ੍ਰਮਾਣਿਤ ਅਤੇ ਅੰਤਰਰਾਸ਼ਟਰੀ ਤੌਰ ਤੇ ਮਨਜ਼ੂਰਸ਼ੁਦਾ ਸੰਸਥਾ ਦੀ ਲੋੜ ਮਹਿਸੂਸ ਕੀਤੀ। ਇਸੇ ਕਰਕੇ ਅੰਤਰਰਾਸ਼ਟਰੀ ਧੁਨੀ ਸੰਸਥਾ (International Phonetic Association) ਦੁਆਰਾ ਅੰਗਰੇਜ਼ੀ

ਭਾਸ਼ਾ ਦੀ ਪੜ੍ਹਾਈ ਨੂੰ ਵਿਹਾਰਕ ਤੌਰ ਤੇ ਵਰਣਨ ਕਰਨ ਦੇ ਮੰਤਵ ਨੂੰ ਪੂਰਾ ਕਰਨ ਲਈ ਸਥਾਪਿਤ ਕੀਤਾ ਗਿਆ ਤਾਂ ਕਿ ਗ਼ੈਰ ਮਾਤ ਭਾਸ਼ਾਈ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਦੀਆਂ ਧੁਨੀਆਂ ਦਾ ਸਹੀ ਉਚਾਰਨ ਕਰਨਾ ਸਿਖਾਇਆ ਜਾ ਸਕੇ। ਇਸ ਸੰਸਥਾ ਦੇ ਮੁੱਢਲੇ ਮੈਂਬਰਾਂ ਵਿਚ ਪਾਲ ਪਾਮਲੇ, ਹੈਨਰੀ ਸਵੀਟ ਅਤੇ ਆਟੋ ਜੈਸਪਰਸਨ ਆਦਿ ਸ਼ਾਮਿਲ ਸਨ। ਇਸ ਸੰਸਥਾ ਨੇ 1888 ਈ. ਵਿਚ ਅੰਤਰਰਾਸ਼ਟਰੀ ਧੁਨੀ ਲਿਪੀ (International Phonetic Alphabets) ਦਾ ਵਿਕਸਿਤ ਰੂਪ ਤਿਆਰ ਕੀਤਾ ਤਾਂ ਕਿ ਵਿਸ਼ਵ ਦੀਆਂ ਸਾਰੀਆਂ ਭਾਸ਼ਾਵਾਂ ਦੀਆਂ ਧੁਨੀਆਂ ਨੂੰ ਸਹੀ ਢੰਗ ਨਾਲ ਉਚਾਰਿਆ ਅਤੇ ਅੰਕਿਤ ਕੀਤਾ ਜਾ ਸਕੇ। ਅੰਤਰਰਾਸ਼ਟਰੀ ਧੁਨੀ ਲਿਪੀ ਅਜਿਹੀ ਧੁਨੀ ਲਿਪੀ ਹੈ ਜੋ ਸੰਸਾਰ ਵਿਚਲੀ ਹਰ ਭਾਸ਼ਾ ਦੀ ਧੁਨੀ ਨੂੰ ਚਿੰਨ੍ਹਾਂ ਰਾਹੀਂ ਅੰਕਿਤ ਕਰਨ ਦੀ ਸਮਰੱਥਾ ਰੱਖਦੀ ਹੈ। IPA ਦੀ ਪਹਿਲੀ ਵਾਰ ਵਰਤੋਂ ਆਟੋ ਜੈਸਪਰਸਨ ਵਲੋਂ ਪਾਲ ਪਾਮਲੇ ਨੂੰ ਲਿਖੇ ਪੱਤਰ ਰਾਹੀਂ ਕੀਤੀ ਗਈ।

1.2 ਨਵੀਨ ਖੋਜਾਂ: ਭੌਤਿਕ ਵਿਗਿਆਨ ਦੇ ਵਿਕਾਸ ਸਦਕਾ ਧੁਨੀ ਵਿਗਿਆਨ ਦੇ ਖੇਤਰ ਵਿਚ ਹੋਰ ਵੀ ਨਵੀਨ ਖੋਜਾਂ ਵਿਕਸਿਤ ਹੋਈਆਂ। ਸੰਨ 1940 ਵਿਚ ਸਾਉਂਡ-ਸਪੈਕਟਰੋਗ੍ਰਾਫ (Sound Spectrograph) ਦੀ ਖੋਜ ਹੋਈ। ਇਸ ਨਾਲ ਬੋਲਾਂ ਦੇ ਸੰਚਾਰ ਦਾ ਵਿਸ਼ਲੇਸ਼ਣ ਕਰਨ ਵਿਚ ਮਦਦ ਮਿਲੀ। ਇਸੇ ਤਰ੍ਹਾਂ ਸੰਚਾਰੀ ਧੁਨੀ ਵਿਗਿਆਨ (Acoustic Phonetics) ਦਾ ਵਿਕਾਸ ਹੋਇਆ। ਇਸੇ ਸਮੇਂ ਦੌਰਾਨ ਫੋਨੋਗ੍ਰਾਫ (Phonograph) ਦੀ ਕਾਢ ਕੱਢੀ ਗਈ, ਜੋ ਕਿ ਉਚਾਰਨੀ ਤਰੰਗਾਂ ਨੂੰ ਸਿਗਨਲਾਂ ਰਾਹੀਂ ਰਿਕਾਰਡ ਕਰਨ ਵਿਚ ਬਹੁਤ ਲਾਭਦਾਇਕ ਸਿੱਧ ਹੋਇਆ। ਧੁਨੀ ਵਿਗਿਆਨੀ ਇਹਨਾਂ ਉਚਾਰਨੀ ਸਿਗਨਲਾਂ ਨੂੰ ਵਾਰ-ਵਾਰ ਦੁਹਰਾਉਂਦੇ ਸਨ ਅਤੇ ਸਿਗਨਲਾਂ ਤੇ ਸੰਚਾਰਨੀ ਫਿਲਟਰਾਂ (Acoustic Filters) ਨੂੰ ਲਾਗੂ ਕਰਦੇ ਸਨ। ਭੌਤਿਕ ਵਿਗਿਆਨ ਦੀ ਤਰੱਕੀ ਦੇ ਨਾਲ-ਨਾਲ ਹੋਰ ਵੀ ਕਈ ਮਸ਼ੀਨਾਂ ਹੋਂਦ ਵਿਚ ਆਈਆਂ, ਜਿਨ੍ਹਾਂ ਦੀ ਸਹਾਇਤਾ ਨਾਲ ਭਾਸ਼ਾਈ ਉਚਾਰਨ, ਸੰਚਾਰਨ ਅਤੇ ਸ੍ਰਵਣ ਨੂੰ ਵਧੇਰੇ ਵਿਗਿਆਨਕਤਾ ਨਾਲ ਵਿਸ਼ਲੇਸ਼ਿਤ ਕੀਤਾ ਜਾਣ ਲੱਗਾ। ਲੂਡੀਮਰ ਹਰਮਨ (Ludimar Hermann) ਨੇ ਐਡੀਸਨ (Edison) ਦੇ ਫੋਨੋਗ੍ਰਾਫ ਦੀ ਮਦਦ ਨਾਲ ਸਵਰਾਂ ਅਤੇ ਵਿਅੰਜਨਾਂ ਦੀਆਂ ਵਿਸ਼ੇਸ਼ਤਾਵਾਂ ਦੀ ਜਾਂਚ ਕੀਤੀ। ਹਰਮਨ ਜਰਮਨ ਦੇਸ਼ ਦਾ ਫਿਜ਼ਿਓਲੋਜਿਸਟ ਅਤੇ ਉਚਾਰਨ ਵਿਗਿਆਨੀ (Speech Scientist) ਸੀ ਜਿਸਨੇ ਫੋਨੋਗ੍ਰਾਫ ਦੀ ਵਰਤੋਂ ਦੁਆਰਾ ਸਵਰ ਉਤਪਾਦਨ ਦੀਆਂ ਥਿਊਰੀਆਂ ਤੇ ਕਾਰਜ ਕੀਤਾ। ਉਸ ਨੇ ਬਾਅਦ ਵਿਚ ਵਿਲੀਜ਼ (Robert Willi's) ਅਤੇ ਵੀਹਟਸਟੋਨ (Charles

Wheatstone) ਦੀਆਂ ਸਵਰ ਉਚਾਰਨੀ ਥਿਊਰੀਆਂ ਨਾਲ ਫੋਨੋਗ੍ਰਾਫ ਦੀਆਂ ਵੱਖ-ਵੱਖ ਸਪੀਡਾਂ 'ਤੇ ਬਣੇ ਸਵਰਾਂ ਨੂੰ ਰਿਕਾਰਡ ਵੀ ਕੀਤਾ।

ਧੁਨੀ ਵਿਗਿਆਨ ਦੇ ਅੰਤਰਗਤ ਇਕ ਹੋਰ ਖੇਤਰ 'ਪ੍ਰਯੋਗਾਤਮਕ ਧੁਨੀ ਵਿਗਿਆਨ' ਦਾ ਸ਼ਾਮਲ ਹੈ; ਜਿਸਨੂੰ 'Experimental Phonetics' ਕਿਹਾ ਗਿਆ ਹੈ। ਇਹ ਸ਼ਾਖਾ ਜਨਰਲ ਧੁਨੀ ਵਿਗਿਆਨ ਨਾਲ ਜੁੜੀ ਹੋਈ ਹੈ; ਜਿਸ ਵਿਚ ਧੁਨੀਆਂ ਅਤੇ ਮਾਨਵੀ ਉਚਾਰਨਾਂ ਦਾ ਅਧਿਐਨ ਮਸ਼ੀਨਾਂ ਨਾਲ ਕੀਤਾ ਜਾਂਦਾ ਹੈ। ਇਹ ਅਧਿਐਨ ਖੇਤਰ ਧੁਨੀ ਵਿਗਿਆਨ ਦੀਆਂ ਤਿੰਨੇ ਸ਼ਾਖਾਵਾਂ ਉਚਾਰਨੀ ਧੁਨੀ ਵਿਗਿਆਨ, ਸੰਚਾਰਨੀ ਧੁਨੀ ਵਿਗਿਆਨ ਅਤੇ ਸ੍ਰਵਣੀ ਧੁਨੀ ਵਿਗਿਆਨ ਲਈ ਸਹਾਇਕ ਸੰਦ ਵਜੋਂ ਕਾਰਜਸ਼ੀਲ ਹੁੰਦਾ ਹੈ। ਇਸ ਤੋਂ ਇਲਾਵਾ ਧੁਨੀਆਂ ਦੇ ਵਰਗੀਕਰਨ ਵਿਚ ਵੀ ਇਨ੍ਹਾਂ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪ੍ਰਯੋਗਾਤਮਕ ਧੁਨੀ ਵਿਗਿਆਨ ਵਿਚ ਹੇਠ ਲਿਖੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਫੋਨੋਗ੍ਰਾਫ (Phonograph): ਫੋਨੋਗ੍ਰਾਫ ਦੀ ਖੋਜ 1887 ਈ. ਵਿਚ ਥੋਮਸ ਐਡੀਸਨ ਦੁਆਰਾ ਕੀਤੀ ਗਈ। ਜਦੋਂ ਕਿ ਦੂਜੇ ਖੋਜਕਾਰਾਂ ਨੇ ਅਜਿਹੇ ਬਿਜਲਈ ਉਪਕਰਣ ਤਿਆਰ ਕੀਤੇ ਸਨ ਜਿਸ ਵਿਚ ਇਕ ਵਾਰ ਹੀ ਧੁਨੀਆਂ ਨੂੰ ਰਿਕਾਰਡ ਕੀਤਾ ਜਾਂਦਾ ਸੀ। ਪਰੰਤੂ ਐਡੀਸਨ ਦੇ ਇਸ ਫੋਨੋਗ੍ਰਾਫ ਵਿਚ ਧੁਨੀ ਤਰੰਗ ਨੂੰ ਦੁਬਾਰਾ ਤੋਂ ਸੁਣਿਆ ਜਾ ਸਕਦਾ ਸੀ ਅਤੇ ਇਸਦਾ ਵਾਰ-ਵਾਰ ਅਧਿਐਨ ਵੀ ਕੀਤਾ ਜਾ ਸਕਦਾ ਸੀ। ਅਜਿਹਾ ਫੋਨੋਗ੍ਰਾਫ ਤਿਆਰ ਕਰਨ ਵਾਲਾ ਐਡੀਸਨ ਪਹਿਲਾ ਵਿਅਕਤੀ ਸੀ।

ਫੋਨੋਗ੍ਰਾਫ ਇਕ ਆਵਾਜ਼ ਦੀ ਰਿਕਾਰਡਿੰਗ ਕਰਨ ਵਾਲਾ ਉਪਕਰਨ ਹੈ। ਬਾਅਦ ਵਿਚ ਬਣੇ ਫੋਨੋਗ੍ਰਾਫ ਨੂੰ ਗ੍ਰਾਮੋਫੋਨ (Gramophone) ਦੇ ਨਾਂ ਨਾਲ ਵੀ ਜਾਣਿਆ ਜਾਣ ਲੱਗਾ। ਸੰਨ 1887 ਵਿਚ ਯੂਕੇ (United of Kingdom) ਵਿਚ ਇਹੀ ਨਾਮ ਵੱਧ ਪ੍ਰਚਲਿਤ ਹੋਇਆ। ਉਸਤੋਂ ਬਾਅਦ 1940 ਵਿਚ ਇਸਨੂੰ ਰਿਕਾਰਡ ਪਲੇਅਰ (Record Player) ਦਾ ਨਾਂ ਦਿੱਤਾ ਗਿਆ। ਇਸ ਵਿਚ ਆਵਾਜ਼ ਸੰਬੰਧੀ ਤਰੰਗਾਂ ਨੂੰ ਦਰਜ ਕੀਤਾ ਜਾਂਦਾ ਸੀ। ਇਹ ਤਰੰਗਾਂ ਇਕ ਘੁੰਮਦੇ ਹੋਏ ਸਿਲੰਡਰ ਜਾਂ ਡਿਸਕ ਦੀ ਸਤਹ ਵਿਚ ਦਰਜ ਹੁੰਦੀਆਂ ਸਨ, ਇਸੇ ਨੂੰ ਹੀ 'ਰਿਕਾਰਡ' ਕਿਹਾ ਜਾਂਦਾ ਸੀ। ਇਹਨਾਂ ਆਵਾਜ਼ਾਂ ਦਾ ਅਧਿਐਨ ਕਰਨ ਲਈ ਸਿਲੰਡਰ ਨੂੰ ਵਾਰ-ਵਾਰ ਘੁਮਾਇਆ ਜਾਂਦਾ ਸੀ, ਜਿਸ ਉੱਤੇ ਇਕ ਪੈੱਨ ਦੀ ਮਦਦ ਨਾਲ ਆਵਾਜ਼ ਨੂੰ ਅੰਕਿਤ ਕੀਤਾ ਜਾਂਦਾ ਸੀ। ਇਸ ਪੈੱਨ ਨੂੰ ਸਟਾਈਲਸ (Stylus) ਕਿਹਾ ਜਾਂਦਾ ਸੀ। ਰਿਕਾਰਡ ਕਰਨ ਵੇਲੇ ਇਸਦੀ ਆਵਾਜ਼ ਬਹੁਤ ਤੇਜ਼ ਹੋ ਜਾਂਦੀ ਸੀ।

ਇਸ ਵਿਚ ਸਟੈਥੋਸਕੋਪ ਵਾਂਗ ਈਅਰਫੋਨਾਂ (ear phones) ਰਾਹੀਂ ਸਿੱਧਾ ਸਰੋਤੇ ਦੇ ਕੰਨਾਂ ਤੱਕ ਆਵਾਜ਼ ਨੂੰ ਖੁੱਲੀ ਹਵਾ ਰਾਹੀਂ ਪਹੁੰਚਾਇਆ ਜਾਂਦਾ ਸੀ।



ਐਡੀਸਨ ਆਪਣੇ ਫੋਨੋਗ੍ਰਾਫ ਨਾਲ   ਫੋਨੋਗ੍ਰਾਫ ਦਾ ਬਿਓਰਾ 1880

ਇਲੈਕਟਰੋਗਲੈਟੋਗ੍ਰਾਫ (Electroglattograph): ਇਹ ਯੰਤਰ ਉਚਾਰਨ ਧੁਨੀ ਵਿਗਿਆਨ ਦੀ ਸ਼ਾਖਾ ਵਿਚ ਨਾਦ-ਤੰਤਰੀਆਂ ਦੀ ਕੰਬਾਹਟ ਨੂੰ ਜਾਂਚਣ ਲਈ ਵਰਤਿਆ ਗਿਆ ਸੀ। ਇਸ ਯੰਤਰ ਵਿਚ ਬਿਜਲੀ ਦੇ ਦੋ ਇਲੈਕਟ੍ਰੋਡਜ਼ ਨੂੰ ਗਲੇ ਦੇ ਦੋਨੋਂ ਪਾਸੇ ਜੋੜ ਦਿੱਤਾ ਜਾਂਦਾ ਹੈ, ਜਿਸ ਨਾਲ ਨਾਦ ਤੰਤਰੀਆਂ ਦੀ ਕੰਬਾਹਟ ਦੇ ਉਤਰਾਅ-ਚੜਾਅ ਨੂੰ ਮਾਪਿਆ ਜਾ ਸਕੇ। ਅਜਿਹੀ ਪ੍ਰਕਿਰਿਆ ਰਾਹੀਂ ਜੋ ਵੀ ਨਤੀਜੇ ਪ੍ਰਾਪਤ ਹੁੰਦੇ ਹਨ, ਉਸ ਨੂੰ ਗਲੈਟੋਗ੍ਰਾਮ ਦੀ ਸਹਾਇਤਾ ਨਾਲ ਪ੍ਰਿੰਟ ਕਰ ਲਿਆ ਜਾਂਦਾ ਹੈ।





ਸਪੈਕਟ੍ਰੋਗ੍ਰਾਮ ਵਿਚ ਵਰਤੋਂ ਹੋਣ ਵਾਲੀਆਂ ਬਿਜਲਈ ਇਲੈਕਟ੍ਰੋਡਸ

ਇਲੈਕਟਰੋਮਾਇਓਗ੍ਰਾਫੀ (Elecromyography): ਇਲੈਕਟਰੋਮਾਇਗ੍ਰਾਫੀ ਇਕ ਅਜਿਹੀ ਪ੍ਰਕਿਰਿਆ ਹੈ, ਜਿਸ ਵਿਚ ਧੁਨੀਆਂ ਦੇ ਉਚਾਰਨ ਸਮੇਂ ਮਾਸਪੇਸ਼ੀਆਂ ਦੇ ਸੁੰਗੜਨ ਨੂੰ ਰਿਕਾਰਡ ਕੀਤਾ ਜਾਂਦਾ ਹੈ। ਇਹ ਪ੍ਰਕਿਰਿਆ ਇਲੈਕਟਰੋਮਾਇਓਗ੍ਰਾਫ (Electromyograph) ਨਾਂ ਦੇ ਯੰਤਰ ਰਾਹੀਂ ਮੁਕੰਮਲ ਹੁੰਦੀ ਹੈ। ਇਸ ਵਿਚ ਬਿਜਲਈ ਸੂਈਆਂ (electrodes needles) ਦਾ ਇਸਤੇਮਾਲ ਹੁੰਦਾ ਹੈ, ਜਿਨ੍ਹਾਂ ਨੂੰ ਨਾਦ-ਯੰਤਰ ਵਿਚ ਦਾਖਲ ਕਰ ਕੇ ਮਾਸਪੇਸ਼ੀਆਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।



ਇਲੈਟਰੋਮਾਇਓਗ੍ਰਾਫ ਦੀ ਮਦਦ ਨਾਲ ਧੁਨੀਆਂ ਨੂੰ ਰਿਕਾਰਡ ਕਰਦਾ ਹੋਇਆ ਵਿਗਿਆਨੀ

ਪਲੈਟੋਗ੍ਰਾਮ (platogram): ਪਲੈਟੋਗ੍ਰਾਮ ਇਕ ਵਿਸ਼ੇਸ਼ ਕਿਸਮ ਦਾ ਨਕਲੀ ਤਾਲੂ (Artificial Palate) ਹੁੰਦਾ ਹੈ, ਜਿਹੜਾ ਦੰਦਾਂ ਦੇ ਡਾਕਟਰ ਦੁਆਰਾ ਧਾਤ ਵਿਚ ਪੱਤੀਆਂ ਲਗਾ ਕੇ ਬਣਾਇਆ ਜਾਂਦਾ ਹੈ। ਇਹ ਬਹੁਤ ਹੀ ਪਤਲੀ ਸਮੱਗਰੀ ਦਾ ਬਣਿਆ ਹੁੰਦਾ ਹੈ ਅਤੇ ਆਸਾਨੀ ਨਾਲ ਬੁਲਾਰੇ ਦੇ ਮੂੰਹ ਵਿਚ ਲਗਾਇਆ ਜਾ ਸਕਦਾ ਹੈ। ਤਾਲੂ ਦੇ ਹੇਠਲੇ ਹਿੱਸੇ ਨੂੰ ਬਰੀਕ ਚਾਕ (ਪਾਊਡਰ) ਨਾਲ ਢਕਿਆ ਜਾਂਦਾ ਹੈ ਅਤੇ ਮੂੰਹ ਅੰਦਰ ਫਿਟ ਕਰ ਦਿੱਤਾ ਜਾਂਦਾ ਹੈ। ਬੁਲਾਰੇ ਵਲੋਂ ਇਕ ਆਵਾਜ਼ ਉਚਾਰੀ ਜਾਂਦੀ ਹੈ ਅਤੇ ਫਿਰ ਨਕਲੀ ਤਾਲੂ ਨੂੰ ਬਾਹਰ ਕੱਢ ਲਿਆ ਜਾਂਦਾ ਹੈ। ਤਾਲੂ ਦੇ ਉੱਪਰ ਜਿੱਥੇ ਵੀ ਚਾਕ ਨਹੀਂ ਹੁੰਦਾ ਤਾਂ ਇਸਦਾ ਭਾਵ ਹੈ ਕਿ ਉੱਥੇ ਜੀਭ ਦਾ ਤਾਲੂ ਨਾਲ ਸੰਪਰਕ ਹੋਇਆ ਹੈ। ਤਾਲੂ 'ਤੇ ਬਣੇ ਇਨ੍ਹਾਂ ਨਿਸ਼ਾਨਾਂ ਦੀ ਜਾਂ ਤਾਂ ਫੋਟੋ ਖਿੱਚ ਲਈ ਜਾਂਦੀ ਹੈ, ਨਹੀਂ ਤਾਂ ਤਾਲੂ ਦਾ ਚਿੱਤਰ ਬਣਾ ਕੇ ਰੱਖ ਲਿਆ ਜਾਂਦਾ ਹੈ। ਪਲੈਟੋਗ੍ਰਾਮ ਦੀ ਸਹਾਇਤਾ ਨਾਲ ਰਿਕਾਰਡ ਉਪਲਬਧ ਹੁੰਦੇ ਹਨ ਤੇ ਇਸ ਤਕਨੀਕ ਨੂੰ ਪਲੈਟੋਗ੍ਰਾਫੀ (Platography) ਕਿਹਾ ਜਾਂਦਾ ਹੈ।



ਪਲੈਟੋਗ੍ਰਾਮ ਦਾ ਚਿੱਤਰ

ਕਾਈਮੋਗ੍ਰਾਫ (Kymograph): ਕਾਈਮੋਗ੍ਰਾਫ ਇਕ ਅਜਿਹਾ ਯੰਤਰ ਹੈ ਜਿਸਦਾ ਉਪਯੋਗ ਧੁਨੀਆ ਦੇ ਅਧਿਐਨ ਲਈ ਕੀਤਾ ਜਾਂਦਾ ਹੈ। ਕਾਈਮੋਗ੍ਰਾਫ ਦੀ ਖੋਜ 1840 ਦੇ ਦਹਾਕੇ ਵਿਚ ਜਰਮਨ ਫਿਜ਼ਿਓਲੋਜਿਸਟ (Physiologist) ਕਾਰਲ ਲੁਡਵਿਗ (Carl Ludwig) ਦੁਆਰਾ ਕੀਤੀ ਗਈ। ਲੁਡਵਿਗ ਨੇ ਇਸਦਾ ਇਸਤੇਮਾਲ ਸੱਭ ਤੋਂ ਪਹਿਲਾਂ ਖ਼ੂਨ ਦੇ ਦਬਾ ਨੂੰ ਅੰਕਿਤ ਕਰਨ ਲਈ ਕੀਤਾ ਸੀ। ਇਹ ਇਕ ਚੌਰਸ ਬਕਸੇ ਦੀ ਤਰ੍ਹਾਂ ਦਿਖਣ ਵਾਲੀ ਮਸ਼ੀਨ ਹੁੰਦੀ ਹੈ ਜਿਸਦੇ ਉੱਪਰ ਸਿਗਰੇਟ ਦੇ ਗੋਲ ਡੱਬੇ ਦੀ ਤਰ੍ਹਾਂ ਘੁੰਮਣ ਵਾਲਾ ਡਰੱਮ ਲੱਗਿਆ ਹੁੰਦਾ ਹੈ। ਡਰੱਮ ਦੇ ਉੱਪਰ ਚਾਰੇ ਪਾਸੇ ਧੂੰਏਂ ਨਾਲ ਕਾਲਾ ਕੀਤਾ ਹੋਇਆ ਕਾਗਜ਼ ਲਪੇਟਿਆ ਹੁੰਦਾ ਹੈ। ਉਸਦੇ ਨਾਲ ਹੀ ਇਕ ਡੰਡਾ ਖੜਾ ਕੀਤਾ ਹੁੰਦਾ ਹੈ ਜਿਸ ਵਿਚ ਇਕ ਛੋਟੀ ਜਿਹੀ ਮਸ਼ੀਨ ਹੁੰਦੀ ਹੈ ਜਿਸ ਨਾਲ ਸੰਬੰਧਿਤ ਇਕ ਰਬੜ ਦੀ ਪਾਈਪ ਹੁੰਦੀ ਹੈ। ਇਸ ਦੇ ਨਾਲ ਇਕ ਪੈਨ (Stylus) ਜੁੜਿਆ ਹੁੰਦਾ ਹੈ ਜੋ ਕਿ ਛਪਾਈ ਦੇ ਕੰਮ ਆਉਂਦਾ ਹੈ। 19ਵੀਂ ਅਤੇ 20ਵੀਂ ਸਦੀ ਵਿਚ ਕਾਈਮੋਗ੍ਰਾਫ ਦਾ ਉਪਯੋਗ ਭਾਸ਼ਣਾਂ ਨੂੰ ਰਿਕਾਰਡ ਕਰਨ ਲਈ ਵੀ ਹੋਣ ਲੱਗ ਪਿਆ।



ਕਾਇਮੋਗ੍ਰਾਫ ਦਾ ਚਿੱਤਰ

ਪੈਟਰਨ ਪਲੇਅ ਬੈਕ (Pattern Play Back): ਪੈਟਰਨ ਪਲੇਅ ਬੈਕ ਸੱਭ ਤੋਂ ਪਹਿਲਾ ਗੱਲ ਕਰਨ ਵਾਲਾ ਯੰਤਰ ਸੀ ਜਿਸਨੂੰ ਫਰੈਂਕਲਿਨ (Dr. Franklin S. Cooper) ਅਤੇ ਬੋਸਟ (John M. Borst) ਦੁਆਰਾ ਤਿਆਰ ਕੀਤਾ ਗਿਆ ਸੀ। ਇਹ ਯੰਤਰ ਹਾਸਕਿਨ ਲੈਬਾਰਟਰੀ (Haskins Laboratories) ਵਿਚ 1950 ਵਿਚ ਤਿਆਰ ਕੀਤਾ ਗਿਆ ਸੀ। ਇਸਦੀ ਖਾਸੀਅਤ ਇਹ ਸੀ ਕਿ ਇਸ ਦੀ ਮਦਦ ਨਾਲ ਤਸਵੀਰ ਦੇ ਆਧਾਰ 'ਤੇ ਧੁਨੀਆਂ ਨੂੰ ਸੁਣਿਆ ਵੀ ਜਾ ਸਕਦਾ ਸੀ। ਜਿਹੜੀਆਂ ਕਿ ਉਸ ਵਿਚ ਛਪੀਆਂ ਹੁੰਦੀਆਂ ਸਨ।ਇਸ ਮਸ਼ੀਨ ਵਿਚ ਸਪੈਕਟ੍ਰੋਗ੍ਰਾਫ ਦੇ ਧੁਨੀ ਚਿੱਤਰਾਂ ਦੇ ਆਧਾਰ 'ਤੇ ਬਣਾਈਆਂ ਗਈਆਂ ਤਸਵੀਰਾਂ ਨੂੰ ਵਜਾਇਆ ਜਾ ਸਕਦਾ ਸੀ। ਇਹ ਯੰਤਰ ਧੁਨੀ ਦੀਆਂ ਵਿਭਿੰਨ ਵਿਸ਼ੇਸ਼ਤਾਵਾਂ ਦੇ ਅਧਿਐਨ ਵਿਚ ਬਹੁਤ ਸਹਾਇਕ ਸਿੱਧ ਹੋਇਆ।



ਪੈਟਰਨ ਪਲੇਅ ਬੈਕ ਦਾ ਚਿੱਤਰ

ਲਰਿੰਗੋਸਕੋਪ (Laryngoscope): ਇਸ ਯੰਤਰ ਦਾ ਪ੍ਰਯੋਗ ਲਰਿੰਗੋਸਕੋਪ (ਇਕ ਯੰਤਰ) ਦੀ ਮਦਦ ਨਾਲ ਸੰਘ ਦੀ ਕਿਰਿਆ ਨੂੰ ਮਾਪਣ ਲਈ ਕੀਤਾ ਜਾਂਦਾ ਹੈ। ਇਹ ਇਕ ਅਜਿਹੀ ਮੈਡੀਕਲ ਪ੍ਰਕਿਰਿਆ ਹੈ ਜੋ ਨਾਦ ਤੰਤਰੀਆ ਅਤੇ ਕੰਠ ਪਠਾਰ ਦੇ ਦ੍ਰਿਸ਼ ਪ੍ਰਾਪਤ ਕਰਨ ਲਈ ਵਰਤੀ ਜਾਂਦੀ ਹੈ। ਇਹ ਇਕ ਪਤਲੀ ਜਿਹੀ ਸੋਟੀ ਹੁੰਦੀ ਹੈ ਜਿਸ ਉੱਤੇ 120° ਦੇ ਕੋਣ 'ਤੇ ਇਕ ਛੋਟਾ ਜਿਹਾ ਗੋਲ ਸ਼ੀਸ਼ਾ ਲੱਗਿਆ ਹੁੰਦਾ ਹੈ। ਇਸਦੀ ਸਹਾਇਆ ਰਾਹੀਂ ਸੁਰ ਯੰਤਰ ਅਤੇ ਉਸ ਦੁਆਰਾ ਕੀਤੀ ਗਏ ਕੰਮ ਨੂੰ ਦੇਖਿਆ ਜਾ ਸਕਦਾ ਹੈ। ਬੁਲਾਰੇ ਨੂੰ ਸੂਰਜ ਦੇ ਸਾਹਮਣੇ ਜਾਂ ਲੈਂਪ ਦੇ ਮੂਹਰੇ ਬੈਠਾ ਦਿੱਤਾ ਜਾਂਦਾ ਹੈ। ਲਰਿੰਗੋਸਕੋਪ ਨੂੰ

ਬੁਲਾਰੇ ਦੇ ਮੂੰਹ ਵਿਚ ਪਾਇਆ ਜਾਂਦਾ ਹੈ। ਇਸ ਨਾਲ ਸੋਟੀ ਦੇ ਮੂਹਰੇ ਲੱਗਿਆ ਸ਼ੀਸ਼ਾ ਕਾਕਲ ਦੇ ਕੋਲ ਚਲਾ ਜਾਂਦਾ ਹੈ। ਇਸ ਤਰ੍ਹਾਂ ਸ਼ੀਸ਼ੇ ਵਿਚ ਸੁਰ ਯੰਤਰ ਦਿਖਣ ਲੱਗ ਜਾਂਦਾ ਹੈ।



ਔਸਿਲੋਸਕੋਪ (Oscilloscope): ਔਸਿਲੋਗ੍ਰਾਫ ਨੂੰ ਓਸਿਲੋਸਕੋਪ ਵੀ ਕਿਹਾ ਜਾਂਦਾ ਹੈ। ਐਸਿਲੋਸਕੋਪ ਨੂੰ CRO (Cathode Ray Oscilloscope) ਅਤੇ DSO (Digital Storage Oscillograph) ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ ਜੋ ਕਿ ਇਕ ਬਿਜਲਈ ਯੰਤਰ ਹੈ। ਇਸ ਬਿਜਲਈ ਯੰਤਰ ਨਾਲ ਸਿਗਨਲ ਵੋਲਟੇਜ਼ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਯੰਤਰ ਰਾਹੀਂ ਆਵਾਜ਼ਾਂ ਦੀ ਕੰਬਾਹਟ ਨੂੰ ਵੋਲਟੇਜ਼ ਵਿਚ ਤਬਦੀਲ ਕੀਤਾ ਜਾਂਦਾ ਹੈ। ਇਸ ਯੰਤਰ ਦੀ ਸਹਾਇਤਾ ਨਾਲ 'ਸੁਰ' ਦਾ ਅਧਐਨ ਕੀਤਾ ਜਾਂਦਾ ਹੈ। ਧੁਨੀਆਂ ਦੇ ਤਰੰਗ ਸਰੂਪ ਦਾ ਵੀ ਇਸੇ ਯੰਤਰ ਰਾਹੀਂ ਪਤਾ ਚੱਲਦਾ ਹੈ।

ਔਸਿਲੋਸਕੋਪ ਦਾ ਚਿੱਤਰ

ਸਾਉਂਡ-ਸਪੈਕਟੋਗ੍ਰਾਫ (Sound Spectograph): ਇਸ ਯੰਤਰ ਦੀ ਮਦਦ ਰਾਹੀਂ ਮੁੱਖ ਤੌਰ ਤੇ ਉਚਾਰਨ ਸਮੇਂ ਅਤੇ ਆਵਿਰਤੀ ਦਾ ਪਤਾ ਲਗਾਇਆ ਜਾਂਦਾ ਹੈ। ਵਿਸ਼ੇਸ਼ ਰੂਪ ਵਿਚ ਹੁਣ ਤੱਕ ਸਵਰ ਧੁਨੀਆਂ ਦਾ ਅਧਿਐਨ ਹੀ ਇਸ ਦੁਆਰਾ ਸੰਭਵ ਹੋ ਸਕਿਆ ਹੈ। ਵਿਅੰਜਨ ਧੁਨੀਆਂ ਤੇ ਕੀਤਾ ਗਿਆ ਵਿਸ਼ਲੇਸ਼ਣ ਸਪੱਸ਼ਟ ਰੂਪ ਵਿਚ ਪ੍ਰਾਪਤ ਨਹੀਂ ਹੁੰਦਾ। ਪਰ ਇਸ ਪ੍ਰਤੀ ਯਤਨ ਜਾਰੀ ਹਨ। ਇਹ ਯੰਤਰ ਸੋਨੋਗ੍ਰਾਫ (Sonograph), ਵਾਈਬ੍ਰਾਲਾਈਜ਼ਰ (Vibralyzer) ਅਤੇ ਕਾਰਡੀਆਲਾਈਜ਼ਰ (Cardialyzer) ਆਦਿ ਕਈ ਰੂਪਾਂ ਵਿਚ ਚੱਲ ਰਿਹਾ ਹੈ। ਇਨ੍ਹਾਂ ਵਿੱਚੋਂ ਸੋਨੋਗ੍ਰਾਫ ਸਮੇਂ-ਮਾਪਨ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਮਸ਼ੀਨ ਉਚਰਿਤ ਧੁਨੀ ਦੀ ਉੱਚਾਈ ਵਿਚ ਆਵਿਰਤੀ ਅਤੇ ਲੰਬਾਈ ਵਿਚ ਸਮੇਂ ਨੂੰ ਦਿਖਾਉਂਦੀ ਹੈ। ਇਸ ਵਿਚ ਧੁਨੀ ਦੇ ਭੌਤਿਕ ਸਰੂਪ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਵਿਚ ਮਾਈਕ ਰਾਹੀਂ ਬੋਲ ਕੇ ਧੁਨੀ ਦੇ ਚਿੱਤਰ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।



ਯੰਤਰ ਦੁਆਰਾ ਲਈ ਗਈ ਤਸਵੀਰ



ਯੰਤਰ ਦੀ ਮਦਦ ਰਾਹੀਂ ਲਈ ਗਈ ਤਸਵੀਰ

ਉਪਰੋਕਤ ਯੰਤਰਾਂ ਤੋਂ ਇਲਾਵਾ ਐਕਸ-ਰੇ ਫੋਟੋਗ੍ਰਾਫੀ, ਸੈਂਸਟਿਵ ਫਲੇਮਸ (Sensitive Flames), ਟੇਪ ਰਿਕਾਡਰਜ਼, ਹਾਰਮੋਨਿਕ ਵਿਸ਼ਲੇਸ਼ਕ (Harmonic Analysers) ਅਤੇ ਕੰਪਿਊਟਰ ਆਦਿ ਵਰਗੀਆਂ ਅਤਿ ਆਧੁਨਿਕ ਤਕਨੀਕੀ ਮਸ਼ੀਨਾਂ ਨਾਲ ਧੁਨੀ ਵਿਗਿਆਨ ਦੀ ਸ਼ਾਖਾ ਵਧੇਰੇ ਵਿਕਸਤ ਹੋਈ।

1.3 ਧੁਨੀ ਵਿਗਿਆਨ ਦਾ ਪਾਸਾਰ: ਧੁਨੀ ਵਿਗਿਆਨ ਧੁਨੀਆਂ ਦਾ ਵਿਗਿਆਨਕ ਅਧਿਐਨ ਹੈ। ਇਹ ਭਾਸ਼ਾਈ ਧੁਨੀਆਂ ਦਾ ਵਿਸ਼ਲੇਸ਼ਣ ਕਰਨ ਵਾਲੀ ਭਾਸ਼ਾ ਵਿਗਿਆਨ ਦੀ ਸ਼ੁੱਧ ਸਿਧਾਂਤਕ ਸ਼ਾਖਾ ਹੈ। ਟ੍ਰਬਟਜ਼ਕਾਏ (1939: 11) ਅਨੁਸਾਰ, "ਭਾਸ਼ਾਈ ਧੁਨੀਆਂ ਜਿਨ੍ਹਾਂ ਦਾ ਧੁਨੀ ਵਿਗਿਆਨ ਵਿਚ ਅਧਿਐਨ ਕੀਤਾ ਜਾਣਾ ਚਾਹੀਦਾ ਹੈ, ਵੱਡੀ ਗਿਣਤੀ ਵਿਚ ਧੁਨੀ ਅਤੇ ਉਚਾਰਨ ਇਸਦੀਆਂ ਵਿਸ਼ੇਸ਼ਤਾਵਾਂ ਹਨ। ਇਹ ਸਭ ਧੁਨੀ ਵਿਗਿਆਨੀ ਲਈ ਮਹੱਤਵਪੂਰਨ ਹਨ ਕਿਉਂਕਿ ਇਹਨਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਇਕ ਖਾਸ ਧੁਨੀ ਕਿਵੇਂ ਪੈਦਾ ਹੁੰਦੀ ਹੈ, ਇਸ ਸਵਾਲ ਦਾ ਸਹੀ ਜਵਾਬ ਦੇਣਾ ਸੰਭਵ ਹੈ।"

ਡੇਵਿਡ ਕ੍ਰਿਸਟਲ (2003:349) ਅਨੁਸਾਰ, "ਧੁਨੀ ਵਿਗਿਆਨ ਇਕ ਅਜਿਹਾ ਵਿਗਿਆਨ ਹੈ ਜੋ ਬੋਲਣ-ਕ੍ਰਿਆ ਵਿਚ ਵਰਤੀਆਂ ਜਾਂਦੀਆਂ ਮਾਨਵੀ ਧੁਨੀਆਂ ਤੇ ਧੁਨੀਆਤਮਕ ਸੰਰਚਨਾਵਾਂ ਦੀਆਂ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਦਾ ਹੈ ਅਤੇ ਜੋ ਧੁਨੀਆਂ ਦੇ ਵਰਣਨ , ਸ਼੍ਰੇਣੀਕਰਨ ਅਤੇ ਚਿੰਨ੍ਹੀਕਰਨ ਸੰਬੰਧੀ ਵਿਧੀਆਂ ਨੂੰ ਵੀ ਉਪਲਬਧ ਕਰਾਉਂਦਾ ਹੈ।"

ਲੈਰੀ. ਐਮ. ਹੀਮੈਨ (1975:02) ਅਨੁਸਾਰ, "ਧੁਨੀ ਵਿਗਿਆਨ ਭਾਸ਼ਾਈ ਧੁਨੀਆਂ ਦਾ ਅਧਿਐਨ ਹੈ। ਧੁਨੀ ਵਿਗਿਆਨਕ ਅਧਿਐਨ ਦੱਸਦਾ ਹੈ ਕਿ ਭਾਸ਼ਾ ਦੀਆਂ ਧੁਨੀਆਂ ਕਿਵੇਂ ਬਣਦੀਆਂ ਹਨ ਅਤੇ ਉਹਨਾਂ ਦੀਆਂ ਧੁਨੀ ਵਿਸ਼ੇਸ਼ਤਾਵਾਂ ਕੀ ਹਨ।"

ਸਮੁੱਚਾ ਭਾਸ਼ਾ ਸੰਚਾਰ ਧੁਨੀਆਂ ਤੇ ਹੀ ਨਿਰਭਰ ਕਰਦਾ ਹੈ। ਭਾਸ਼ਾ ਦੀ ਸਮਾਜਿਕ ਵਰਤੋਂ ਦੀ ਪ੍ਰਕਿਰਿਆ ਦੌਰਾਨ ਬੁਲਾਰਾ ਜੋ ਕਹਿਣਾ ਚਾਹੁੰਦਾ ਹੈ, ਦਿਮਾਗ ਬੋਲਣ ਵਾਲੇ ਦੇ ਕਹਿਣ ਅਨੁਸਾਰ ਨਾੜੀਆਂ ਨੂੰ ਉਤੇਜਨਾ ਪ੍ਰਦਾਨ ਕਰਦਾ ਹੈ। ਉਤੇਜਨਾ ਗ੍ਰਹਿਣ ਕਰਨ ਮਗਰੋਂ ਉਚਾਰਨ ਨਾੜੀਆਂ ਇਕ ਦੂਸਰੇ ਦੇ ਸੰਪਰਕ ਵਿਚ ਆ ਕੇ ਵਿਭਿੰਨ ਰੂਪਾਂ ਵਿਚ ਸਾਹ ਦੀ ਹਵਾ ਨੂੰ ਬਾਹਰ ਕੱਢਦੀਆਂ ਹਨ ਅਤੇ ਵਾਯੂਧਾਰਾ ਦੀ ਸਹਾਇਤਾ ਨਾਲ ਹੀ ਧੁਨੀਆਂ ਦਾ ਉਚਾਰਨ ਹੁੰਦਾ ਹੈ। ਉਚਰਿਤ ਧੁਨੀਆਂ ਹਵਾ-ਕਣਾਂ ਦੇ ਸਹਾਰੇ ਧੁਨੀ-ਤਰੰਗ ਦੇ ਰੂਪ ਵਿਚ ਸੱਭ ਦਿਸ਼ਾਵਾਂ ਵਿਚ ਫੈਲ ਜਾਂਦੀਆਂ ਹਨ। ਇਹੀ ਧੁਨੀ-ਤਰੰਗਾਂ ਫਿਰ ਸੁਣਨ ਵਾਲੇ ਜਾਂ ਸਰੋਤੇ ਦੀ ਕੰਨ-ਨਲੀ ਵਿਚ ਪਹੁੰਚਦੀਆਂ ਹਨ। ਧੁਨੀ-ਤਰੰਗ ਕੰਨ ਦੇ ਮੱਧ ਵਾਲੇ ਭਾਗ ਦੀਆਂ ਵਿਭਿੰਨ ਹੱਡੀਆਂ ਦੇ ਇਕੱਠ ਵਿੱਚੋਂ ਹੁੰਦੇ ਹੋਏ, ਅੰਦਰੂਨੀ ਕੰਨ ਦੇ ਕੋਕਲੀਆ ਵਿਚ ਪਹੁੰਚਦੀ ਹੈ ਅਤੇ ਫਿਰ ਸੁਣਨ-ਨਾੜੀ ਦੁਆਰਾ ਤੰਤੂ-ਆਵੇਗ (nerve impulse) ਦੇ ਰੂਪ ਵਿਚ ਦਿਮਾਗ ਤੱਕ ਪਹੁੰਚ ਜਾਂਦੀ ਹੈ। ਜਿਸ ਨਾਲ ਸੁਣਨ ਵਾਲਾ ਇਨ੍ਹਾਂ ਨੂੰ ਸਮਝ ਜਾਂਦਾ ਹੈ। ਇਸ ਤਰ੍ਹਾਂ ਧੁਨੀ ਵਿਗਿਆਨ ਦੀਆਂ ਤਿੰਨ ਸ਼ਾਖਾਵਾਂ ਹਨ :

ਉਚਾਰਨੀ ਧੁਨੀ ਵਿਗਿਆਨ (Articulatory Phonetics)

ਸੰਚਾਰਨੀ ਧੁਨੀ ਵਿਗਿਆਨ (Accoustic phonetics)

ਸ਼੍ਰਵਣੀ ਧੁਨੀ ਵਿਗਿਆਨ (Auditory Phonetics)





1.3.1 ਉਚਾਰਨੀ ਧੁਨੀ ਵਿਗਿਆਨ: ਉਚਾਰਨੀ ਧੁਨੀ ਵਿਗਿਆਨ ਧੁਨੀਆਂ ਦੇ ਉਚਾਰਨ ਨੂੰ ਆਪਣਾ ਅਧਿਐਨ ਬਿੰਦੂ ਬਣਾਉਂਦਾ ਹੈ। ਕੋਈ ਵੀ ਦੋ ਜਾਂ ਇਸ ਤੋਂ ਵੱਧ ਉਚਾਰਨ ਅੰਗਾਂ ਦੇ ਸੰਚਾਲਣ ਨਾਲ ਧੁਨੀ ਦਾ ਉਤਪਾਦਨ ਹੁੰਦਾ ਹੈ। ਉਚਾਰਨੀ ਧੁਨੀ ਵਿਗਿਆਨ ਵਿਚ ਸਰੀਰਕ ਗਤੀਆਂ ਦੇ ਪ੍ਰਸੰਗ ਵਿਚ ਧੁਨੀਆਂ ਦਾ ਅਧਿਐਨ ਹੁੰਦਾ ਹੈ। ਸਰੀਰਕ ਗਤੀਆਂ ਨੂੰ ਸਾਡੇ ਸਰੀਰ ਦੇ ਉਚਾਰਨ ਅੰਗ ਪੈਦਾ ਕਰਦੇ ਹਨ। ਉਚਾਰਨੀ ਧੁਨੀ ਵਿਗਿਆਨ ਵਿਚ ਸਰੀਰ ਦੇ ਸਿਰਫ ਉਸ ਹਿੱਸੇ ਦਾ ਵਰਣਨ ਕੀਤਾ ਜਾਂਦਾ ਹੈ ਜਿਸ ਹਿੱਸੇ ਦਾ ਧੁਨੀਆਂ ਨੂੰ ਉਤਪੰਨ ਕਰਨ ਵਿਚ ਯੋਗਦਾਨ ਹੁੰਦਾ ਹੈ। ਇਸ ਵਿਚ ਮਨੁੱਖੀ ਅੰਗਾਂ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਧੁਨੀਆਂ ਦੀ ਸਮੁੱਚੀ ਪ੍ਰਕਿਰਿਆ ਦਾ ਅਧਿਐਨ ਕੀਤਾ ਜਾਂਦਾ ਹੈ। ਐਚ. ਏ. ਗਲੀਸਨ (1968:187) ਨੇ ਲਿਖਿਆ ਹੈ ਕਿ, "ਉਚਾਰਨ ਧੁਨੀ ਵਿਗਿਆਨ ਦਾ ਸਿੱਧਾ ਸਰੋਕਾਰ ਉਨ੍ਹਾਂ ਭਾਸ਼ਾਈ ਧੁਨੀਆਂ ਦੇ ਅਧਿਐਨ ਨਾਲ ਹੈ ਜਿਨ੍ਹਾਂ ਦਾ ਉਤਪਾਦਨ ਮਾਨਵੀ ਉਚਾਰਨੀ ਅੰਗਾਂ ਦੁਆਰਾ ਉਤਪਾਦਨ ਪ੍ਰਕਿਰਿਆ ਦੇ ਸੰਦਰਭ ਵਿਚ ਕੀਤਾ ਜਾਂਦਾ ਹੈ।" ਅਗਲੇ ਚਿੱਤਰ ਵਿਚ ਉਚਾਰਨੀ ਧੁਨੀ ਵਿਗਿਆਨ ਦੀ ਪ੍ਰਕਿਰਿਆ ਨੂੰ ਸਪੱਸ਼ਟ ਕੀਤਾ ਗਿਆ ਹੈ; ਜਿਸ ਵਿਚ ਸ੍ਰੋਤ ਫੇਫੜੇ, ਮੂੰਹ ਦੀ ਪ੍ਰਕਿਰਿਆ ਰਾਹੀਂ ਧੁਨੀ ਦਾ ਉਚਾਰਿਆ ਜਾਣਾ ਅਤੇ ਧੁਨੀ ਦਾ ਤਰੰਗ ਵਿਚ ਤਬਦੀਲ ਹੋਣਾ ਦਰਸਾਇਆ ਗਿਆ ਹੈ:



ਉਚਾਰਨੀ ਧੁਨੀ ਵਿਗਿਆਨ ਵਿਚ ਫੇਫੜਿਆਂ ਤੋਂ ਲੈ ਕੇ ਬੁੱਲਾਂ ਤੱਕ ਦੀ ਉਚਾਰਨ ਪ੍ਰਕਿਰਿਆ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਅਧਿਐਨ ਵਿਚ ਧੁਨੀ ਉਚਾਰਨ ਸਥਾਨ, ਉਚਾਰਨ ਲਹਿਜਾ ਅਤੇ ਪੌਣ ਧਾਰਾ ਵਿਧੀਆਂ ਦਾ ਅਧਿਐਨ ਹੁੰਦਾ ਹੈ। ਉਚਾਰਨੀ ਧੁਨੀ ਵਿਗਿਆਨ ਵਿਚ ਉਚਾਰਨ ਪ੍ਰਕਿਰਿਆ ਅਤੇ ਉਚਾਰਨ ਅਮਲ ਨੂੰ ਮੁੱਖ ਰੂਪ ਵਿਚ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ- ਸਾਹ ਪ੍ਰਣਾਲੀ (Respiratory system), ਧੁਨੀ ਪ੍ਰਣਾਲੀ (Phonatory system) ਅਤੇ ਉਚਾਰਨ ਪ੍ਰਣਾਲੀ (Articulatory system)।

ਸਾਹ ਪ੍ਰਣਾਲੀ ਵਿਚ ਫੇਫੜੇ, ਛਾਤੀ ਦੇ ਪੱਠੇ ਅਤੇ ਸਾਹ ਨਲੀ ਸ਼ਾਮਲ ਹੁੰਦੇ ਹਨ। ਫੇਫੜਿਆਂ ਦਾ ਮੁੱਖ ਕੰਮ ਛਾਤੀ ਦੇ ਪੱਠਿਆਂ ਨੂੰ ਹਰਕਤ ਵਿਚ ਲਿਆ ਕੇ ਵਾਯੂਧਾਰਾ ਨੂੰ ਉਤਪੰਨ ਕਰਨਾ ਹੁੰਦਾ ਹੈ। ਫੇਫੜਿਆਂ ਦੁਆਰਾ ਉਤਪੰਨ ਕੀਤੀ ਗਈ ਹਵਾ ਜਦੋਂ ਭਾਸ਼ਾਈ ਧੁਨੀਆ ਦੇ ਉਚਾਰਨ ਲਈ ਵਰਤੀ ਜਾਂਦੀ ਹੈ ਤਾਂ ਇਸਨੂੰ ਪੌਣਧਾਰਾ (Airstream) ਕਿਹਾ ਜਾਂਦਾ ਹੈ। ਪੌਣਧਾਰਾ ਜਿਸ ਤਰੀਕੇ ਨਾਲ ਉਚਾਰਨ ਪ੍ਰਕਿਰਿਆ ਵਿਚ ਸਹਾਈ ਹੁੰਦੀ ਹੈ, ਉਸਨੂੰ ਪੌਣਧਾਰਾ ਵਿਧੀ (Airstream mechanism) ਕਿਹਾ ਜਾਂਦਾ ਹੈ। ਫੇਫੜਿਆਂ ਵਿੱਚੋਂ ਉਤਪੰਨ ਹੋਈ ਵਾਯੂਧਾਰਾ ਬਾਹਰਵਰਤੀ ਹੁੰਦੀ ਹੈ। ਇਸ ਲਈ ਇਸਨੂੰ ਬਾਹਰਵਰਤੀ ਪੌਣਧਾਰਾ ਵਿਧੀ (Egressive Airstream mechanism) ਕਿਹਾ ਜਾਂਦਾ ਹੈ। ਵਿਸ਼ਵ ਦੀਆਂ ਸਮੁੱਚੀਆਂ ਭਾਸ਼ਾਈ ਧੁਨੀਆਂ ਬਾਹਰਵਰਤੀ ਪੌਣਧਾਰਾ ਵਿਧੀ ਰਾਹੀਂ ਉਚਾਰੀਆਂ ਜਾਂਦੀਆਂ ਹਨ ਪਰੰਤੂ ਭਾਰਤੀ ਭਾਸ਼ਾਵਾਂ ਵਿਚ ਸਿੰਧੀ ਇਕ ਅਜਿਹੀ ਭਾਸ਼ਾ ਹੈ ਜਿਸ ਵਿਚ ਧੁਨੀਆਂ ਦੇ ਇਕ ਵਰਗ ਦਾ ਉਚਾਰਨ ਅੰਦਰਵਰਤੀ ਪੌਣਧਾਰਾ ਵਿਧੀ ਦੁਆਰਾ ਕੀਤਾ ਜਾਂਦਾ ਹੈ।

ਧੁਨੀ ਪ੍ਰਣਾਲੀ ਵਿਚ ਮੁੱਖ ਰੂਪ ਵਿਚ ਕੰਠ ਪਠਾਰ ਅਤੇ ਨਾਦ ਤੰਦਾਂ ਕਾਰਜਸ਼ੀਲ ਹੁੰਦੀਆਂ ਹਨ। ਸਾਹ ਨਲੀ ਦੇ ਉੱਪਰ ਇਕ ਲਚਕਦਾਰ ਹੱਡੀਆਂ ਦਾ ਛੋਟਾ ਜਿਹਾ ਬਕਸਾ ਹੁੰਦਾ ਹੈ, ਜਿਸਨੂੰ ਕੰਠ ਪਠਾਰ (Larynx) ਕਿਹਾ ਜਾਂਦਾ ਹੈ। ਇਹ ਤਿੰਨ

ਲਚਕਦਾਰ ਹੱਡੀਆਂ ਦਾ ਬਣਿਆਂ ਹੁੰਦਾ ਹੈ। ਇਕ ਹੱਡੀ ਪਿੱਛੇ ਅਤੇ ਦੋ ਹੱਡੀਆਂ ਅੱਗੇ ਹੁੰਦੀਆਂ ਹਨ। ਦੋਵੇਂ ਅਗਲੀਆਂ ਹੱਡੀਆਂ ਮਿਲਕੇ ਇਕ ਤਿਕੋਣ ਜਿਹੀ ਬਣਾਉਂਦੀਆਂ ਹਨ, ਜਿਸ ਨੂੰ ਬਾਹਰੋਂ ਅਸੀਂ ਘੰਡੀ ਕਹਿੰਦੇ ਹਾਂ। ਕੰਠ ਪਠਾਰ ਦੇ ਉੱਪਰ ਦੋ ਮਾਸ-ਪੇਸ਼ੀਆਂ ਲੱਗੀਆਂ ਹੁੰਦੀਆਂ ਹਨ। ਇਨ੍ਹਾਂ ਨੂੰ ਨਾਦ ਤੰਦਾਂ (Vocal cords) ਕਿਹਾ ਜਾਂਦਾ ਹੈ। ਫੇਫੜਿਆਂ ਵਿੱਚੋਂ ਆਉਂਦੀ ਵਾਯੂਧਾਰਾ ਇਨ੍ਹਾਂ ਤੰਦਾਂ ਰਾਹੀਂ ਲੰਘ ਕੇ ਭਾਸ਼ਾਈ ਧੁਨੀਆਂ ਪੈਦਾ ਕਰਦੀ ਹੈ। ਨਾਦ ਤੰਦਾਂ ਤਿੰਨ ਵਿਭਿੰਨ ਪ੍ਰਸਥਿਤੀਆਂ ਵਿਚ ਵਿਚਰ ਕੇ ਭਾਸ਼ਾਈ ਧੁਨੀਆਂ ਦਾ ਉਚਾਰਨ ਕਰਦੀਆਂ ਹਨ। ਜਦੋਂ ਨਾਦ-ਤੰਦਾਂ ਦੇ ਵਿਚਕਾਰ ਦੀ ਵਿੱਥ (glottis) ਸਾਹ ਲੈਣ ਦੀ ਪ੍ਰਕਿਰਿਆ ਦੇ ਸਮਾਨਾਂਤਰ ਹੋਵੇ ਤਾਂ ਉਸ ਸਥਿਤੀ ਵਿਚ ਪੈਦਾ ਹੋਈਆਂ ਭਾਸ਼ਾਈ ਧੁਨੀਆਂ ਨੂੰ ਅਘੋਸ਼ (Voiceless) ਧੁਨੀਆਂ ਕਿਹਾ ਜਾਂਦਾ ਹੈ। ਜਦੋਂ ਨਾਦ-ਤੰਦਾਂ ਦੇ ਵਿਚਕਾਰ ਦੀ ਵਿੱਥ ਨਾ-ਮਾਤਰ ਹੋਵੇ ਅਤੇ ਫੇਫੜਿਆਂ ਵਿੱਚੋਂ ਆਉਂਦੀ ਵਾਯੂਧਾਰਾ ਸੰਘਰਸ਼ ਕਰਦੀ ਹੋਈ ਬਾਹਰ ਨਿਕਲੇ ਤਾਂ ਇਸ ਸਥਿਤੀ ਵਿਚ ਪੈਦਾ ਹੋਈਆਂ ਭਾਸ਼ਾਈ ਧੁਨੀਆਂ ਨੂੰ ਸਘੋਸ਼ (Voiced) ਧੁਨੀਆਂ ਕਿਹਾ ਜਾਂਦਾ ਹੈ। ਪਰ ਜਦੋਂ ਨਾਦ-ਤੰਦਾਂ ਇਕ ਦੂਜੇ ਨਾਲ ਪੂਰਨ ਤੌਰ ਤੇ ਜੁੜੀਆਂ ਹੋਣ ਅਤੇ ਫੇਫੜਿਆਂ ਤੋਂ ਆਉਣ ਵਾਲੀ ਵਾਯੂਧਾਰਾ ਦੇ ਦਬਾ ਸਦਕਾ ਇਕ ਦਮ ਖੁੱਲਦੀਆਂ ਹਨ ਤਾਂ ਇਸ ਸਥਿਤੀ ਵਿਚ ਪੈਦਾ ਹੋਈਆਂ ਧੁਨੀਆਂ ਨੂੰ ਸੁਰਯੰਤਰੀ ਧੁਨੀਆਂ ਕਿਹਾ ਜਾਵੇਗਾ।



ਕੰਠ ਪਠਾਰ ਦਾ ਚਿੱਤਰ

ਉਚਾਰਨ ਪ੍ਰਣਾਲੀ ਵਿਚ ਕੰਠ ਪਠਾਰ ਤੋਂ ਉੱਪਰਲੇ ਅੰਗਾਂ ਨੂੰ ਬਿਆਨ ਕੀਤਾ ਜਾਂਦਾ ਹੈ। ਇਨ੍ਹਾਂ ਉਚਾਰਨ ਅੰਗਾਂ ਵਿਚ ਬੁੱਲ, ਦੰਦ ਪਠਾਰ, ਸਖਤ ਤਾਲੂ, ਕੋਮਲ ਤਾਲੂ, ਕਾਕਲ ਅਤੇ ਜੀਭ ਆਦਿ ਅੰਗਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਹ ਕਿਹਾ ਜਾ

ਸਕਦਾ ਹੈ ਕਿ ਉਚਾਰਨ ਪ੍ਰਣਾਲੀ ਵਿਚ ਕੰਠ ਪਠਾਰ ਤੋਂ ਲੈ ਕੇ ਬੁੱਲਾਂ ਤੱਕ ਦੇ ਉਚਾਰਨ ਅੰਗਾਂ ਦਾ ਵਿਸ਼ਲੇਸ਼ਣ ਸ਼ਾਮਲ ਹੁੰਦਾ ਹੈ। ਇਸ ਨੂੰ ਕੰਠ ਮਾਰਗ (Pharyngeal Cavity) ਕਿਹਾ ਜਾਂਦਾ ਹੈ।

1.3.2 ਸੰਚਾਰਨੀ ਧੁਨੀ ਵਿਗਿਆਨ: ਸੰਚਾਰਨੀ ਧੁਨੀ ਵਿਗਿਆਨ, ਧੁਨੀ ਵਿਗਿਆਨ ਦੀ ਉਹ ਸ਼ਾਖਾ ਹੈ ਜਿਸ ਵਿਚ ਧੁਨੀ-ਤਰੰਗ ਦਾ ਅਧਿਐਨ ਕੀਤਾ ਜਾਂਦਾ ਹੈ। ਧੁਨੀ ਨੂੰ ਉਤਪੰਨ ਕਰਨ ਵਾਲੇ ਅੰਗਾਂ ਦੀ ਕੰਬਾਹਟ ਨਾਲ ਧੁਨੀ-ਤਰੰਗ ਬਣਦੀ ਹੈ, ਜਿਹੜੀ ਕਿ ਸੁਣਨ ਵਾਲੇ ਦੇ ਕੰਨਾਂ ਤੱਕ ਪਹੁੰਚਦੀ ਹੈ। ਧੁਨੀ ਦਾ ਬੁਲਾਰੇ ਦੇ ਬੁੱਲ੍ਹਾਂ ਤੋਂ ਲੈ ਕੇ, ਧੁਨੀ ਤਰੰਗ ਦੀ ਪ੍ਰਕਿਰਿਆ, ਧੁਨੀ ਤਰੰਗ ਦੇ ਭੌਤਿਕ ਸਰੂਪ ਅਤੇ ਇਨ੍ਹਾਂ ਦੇ ਕਾਰਨ ਧੁਨੀ ਤਰੰਗ ਅੱਗੇ ਕਿਵੇਂ ਵੱਧਦੀ ਹੈ ਆਦਿ ਦਾ ਵਿਸ਼ਲੇਸ਼ਣ ਸੰਚਾਰਨੀ ਧੁਨੀ ਵਿਗਿਆਨ ਦੇ ਘੇਰੇ ਵਿਚ ਆਉਂਦਾ ਹੈ। ਡੈਵਿਡ ਕ੍ਰਿਸਟਲ (ਉਹੀ: 07) ਅਨੁਸਾਰ, "ਧੁਨੀ ਵਿਗਿਆਨ ਦੀ ਇਹ ਸ਼ਾਖਾ ਮਨੁੱਖੀ ਆਵਾਜ਼ਾਂ ਦੇ ਭੌਤਿਕ ਗੁਣਾਂ ਦਾ ਅਧਿਐਨ ਕਰਦੀ ਹੈ। ਬੁਲਾਰੇ ਦੇ ਮੂੰਹ ਚੋਂ ਪੈਦਾ ਹੋਈਆਂ ਧੁਨੀਆਂ ਕਿਵੇਂ ਸਰੋਤੇ ਦੇ ਕੰਨਾਂ ਤੱਕ ਪਹੁੰਚਦੀਆਂ ਹਨ, ਇਸ ਸੱਭ ਦਾ ਅਧਿਐਨ ਇਸੇ ਸ਼ਾਖਾ ਦੇ ਅੰਤਰਗਤ ਆਉਂਦਾ ਹੈ।" ਸੰਖੇਪ ਵਿਚ ਕਿਹਾ ਜਾਵੇ ਤਾਂ ਬੁਲਾਰੇ ਦੇ ਬੁੱਲਾਂ ਤੋਂ ਲੈ ਕੇ ਸਰੋਤੇ ਦੇ ਕੰਨਾਂ ਤੱਕ ਦੇ ਸਫਰ ਦੀ ਜਾਣਕਾਰੀ ਸਾਨੂੰ ਸੰਚਾਰਨੀ ਧੁਨੀ ਵਿਗਿਆਨ ਰਾਹੀਂ ਭਲੀਭਾਂਤ ਮਿਲ ਜਾਂਦੀ ਹੈ।

ਕ੍ਰਿਪਾਸ਼ੰਕਰ ਸਿੰਘ (2010:24) ਅਨੁਸਾਰ, "ਧੁਨੀ ਇਕ ਸਥਾਨ ਤੋਂ ਦੂਜੇ ਸਥਾਨ ਤੱਕ ਪਹੁੰਚਣ ਵਾਲੀ ਇਕ ਊਰਜਾ ਹੈ ਜਿਹੜੀ ਕਿਸੇ ਮਾਧਿਅਮ ਦੁਆਰਾ ਪਹੁੰਚਾਈ ਜਾਂਦੀ ਹੈ।" ਇਹ ਮਾਧਿਅਮ ਹਵਾ ਹੈ। ਸਾਡੇ ਬੋਲਣ ਵਿਚ ਹਵਾ ਹੀ ਮਾਧਿਅਮ ਦਾ ਕੰਮ ਕਰਦੀ ਹੈ। ਇਸਦਾ ਅਰਥ ਇਹ ਨਹੀਂ ਹੈ ਕਿ ਧੁਨੀ ਨੂੰ ਹਵਾ ਲੈ ਕੇ ਚੱਲਦੀ ਹੈ। ਹਵਾ ਤਾਂ ਧੁਨੀ ਨੂੰ ਸਰੋਤੇ ਦੇ ਕੰਨਾਂ ਤੱਕ ਪਹੁੰਚਾਣ ਦਾ ਇਕ ਮਾਧਿਅਮ ਹੈ। ਧੁਨੀ ਦੇ ਸੰਚਾਰਨ ਵੇਲੇ ਹਵਾ ਵਿਚ ਮੌਜੂਦ ਕਣ ਆਪਣੀ ਜਗ੍ਹਾ ਤੇ ਹੀ ਸਥਿਰ ਰਹਿ ਕੇ ਕੰਬਾਹਟ ਪੈਦਾ ਕਰਕੇ ਆਪਣੇ ਨੇੜੇ ਦੇ ਹਵਾ ਕਣਾਂ ਨੂੰ ਧੱਕਾ ਦਿੰਦੇ ਹਨ। ਇਸ ਤਰ੍ਹਾਂ ਧੁਨੀ ਦੀ ਕੰਬਾਹਟ ਤਰੰਗ ਦੇ ਰੂਪ ਵਿਚ ਅੱਗੇ ਵੱਧਦੀ ਹੈ। ਜਿਵੇਂ-ਜਿਵੇਂ ਇਨ੍ਹਾਂ ਦੀ ਦੂਰੀ ਵੱਧਦੀ ਹੈ, ਉਵੇਂ ਹੀ ਇਨ੍ਹਾਂ ਦੀ ਸ਼ਕਤੀ ਘੱਟਦੀ ਹੈ। ਇਹ ਸਰੋਤੇ ਦੇ ਕੰਨ-ਪੜਦਿਆਂ ਤੱਕ ਜਾ ਪਹੁੰਚਦੀਆਂ ਹਨ।

ਦਬਾਅ (Compression) ਅਤੇ ਵਿਰਲਾਪਨ (Rarefaction): ਆਮ ਤੌਰ ਤੇ ਹਵਾ ਦੇ ਕਣ ਇਕੋ ਦਬਾ ਅਤੇ ਤਾਪਮਾਨ 'ਤੇ ਔਸਤਨ ਇਕ ਹੀ ਦੂਰੀ ਤੇ ਰਹਿੰਦੇ ਹਨ ਅਤੇ ਹਵਾ ਦੀ ਘਣਤਾ ਵੀ ਉਹੀ ਰਹਿੰਦੀ ਹੈ। ਪਰ ਜਦੋਂ ਆਵਾਜ਼ ਦੁਆਰਾ ਇਸ ਮਾਧਿਅਮ ਵਿਚ ਧੱਕਾ ਪੈਦਾ ਹੁੰਦਾ ਹੈ ਤਾਂ ਧੁਨੀ ਉਤਪਾਦਕ ਵਸਤੂ ਦੀ ਕੰਬਾਹਟ ਦੁਆਰਾ ਧੁਨੀ ਵਿਚ ਇਕ ਊਰਜਾ ਪੈਦਾ ਹੁੰਦੀ ਹੈ; ਜਿਸ ਕਾਰਨ, ਧੁਨੀ ਉਤਪਾਦਕ ਵਸਤੂ ਦੇ ਨੇੜਲੇ ਹਵਾ-ਕਣ ਧੱਕੇ ਨੂੰ ਪ੍ਰਾਪਤ ਕਰ ਕੇ ਇਕ ਜਗ੍ਹਾ ਤੇ ਇਕੱਠੇ ਹੋ ਜਾਂਦੇ ਹਨ, ਇਸਨੂੰ ਦਬਾਅ ਕਹਿੰਦੇ ਹਨ। ਪਰ ਜਦੋਂ ਸੁੰਗੜੀ ਹੋਈ ਹਵਾ ਦੇ ਪਿਛਲੇ ਹਵਾ ਕਣਾਂ ਵਿਚ ਇਕ ਵਿੱਥ ਬਣ ਜਾਂਦੀ ਹੈ ਤਾਂ ਇਸ ਪ੍ਰਕਿਰਿਆ ਨੂੰ ਵਿਰਲਾਪਨ ਕਿਹਾ ਜਾਂਦਾ ਹੈ। ਭਾਵ ਕਿ ਕੰਮਪਰੈਸ਼ਨ ਵਿਚ ਮਾਧਿਅਮ ਦੇ ਹਵਾ-ਕਣਾਂ ਵਿਚਕਾਰ ਦੂਰੀ ਆਮ ਨਾਲੋਂ ਘੱਟ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਇਕ ਸੰਘਣਾ ਜਿਹਾ ਖੇਤਰ ਬਣ ਜਾਂਦਾ ਹੈ, ਜਿਸਨੂੰ ਕੰਮਪਰੈਸ਼ਨ ਦਾ ਖੇਤਰ ਕਿਹਾ ਜਾਂਦਾ ਹੈ। ਵਿਰਲੇਪਨ ਵਿਚ ਮਾਧਿਅਮ ਕਣਾਂ ਦੀ ਆਪਸੀ ਦੂਰੀ ਆਮ ਨਾਲੋਂ ਵੱਧ ਜਾਂਦੀ ਹੈ, ਉਹ ਇਕ ਦੂਜੇ ਤੋਂ ਮੁਕਾਬਲਤਨ ਦੂਰ ਹੋ ਜਾਂਦੇ ਹਨ। ਇਸ ਖੇਤਰ ਨੂੰ ਵਿਰਲੇਪਨ ਦਾ ਖੇਤਰ ਕਿਹਾ ਜਾਂਦਾ ਹੈ। ਦਬਾ ਅਤੇ ਵਿਰਲੇਪਨ ਦਾ ਇਕ ਕ੍ਰਮ ਲਗਾਤਾਰ ਚੱਲਦਾ ਰਹਿੰਦਾ ਹੈ। ਇਕ ਦਬਾ ਅਤੇ ਇਕ ਵਿਰਲਾਪਨ ਜਾਂ ਇਕ ਵਿਰਲਾਪਨ ਅਤੇ ਇਕ ਦਬਾ ਨਾਲ ਧੁਨੀ ਤਰੰਗ ਬਣਦੀ ਹੈ। ਇਸ ਤਰ੍ਹਾਂ ਦਬਾ ਅਤੇ ਵਿਰਲੇਪਨ ਦੀ ਪ੍ਰਕਿਰਿਆ ਦੁਆਰਾ ਧੁਨੀ ਤਰੰਗ ਅੱਗੇ ਨੂੰ ਵੱਧਦੀ ਰਹਿੰਦੀ ਹੈ।

ਲੰਮੀ ਤਰੰਗ (longitudinal wave) ਅਤੇ ਤਿਰਛੀ ਤਰੰਗ (transverse wave): ਲੰਮੀ ਤਰੰਗ ਹਮੇਸ਼ਾ ਕੰਬਾਹਟ ਦੀ ਦਿਸ਼ਾ ਵਿਚ ਯਾਤਰਾ ਕਰਦੀ ਹੈ। ਇਸਦੇ ਉਲਟ ਤਿਰਛੀ ਤਰੰਗ ਹਮੇਸ਼ਾ ਕੰਬਾਹਟ ਦੀ ਸਿੱਧੀ ਖੜੀ ਰੇਖਾ ਵਿਚ ਚੱਲਦੀ ਹੈ। ਹਵਾ ਵਿਚ ਸਿਰਫ ਲੰਮੀਆਂ ਤਰੰਗਾਂ ਹੀ ਸੰਭਵ ਹੁੰਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਹਵਾ ਵਿਚ ਸੰਚਾਲਨ ਸਿਰਫ ਉਨ੍ਹਾਂ ਤਰੰਗਾਂ ਦਾ ਹੋ ਸਕਦਾ ਹੈ; ਜਿਹੜੀਆਂ ਮਾਧਿਅਮ ਵਿਚ ਦਬਾ ਅਤੇ ਵਿਰਲਾਪਨ ਉਤਪੰਨ ਕਰ ਸਕਣ। ਲੰਮੀ ਤਰੰਗ ਇਸੇ ਤਰ੍ਹਾਂ ਦੀ ਤਰੰਗ ਹੁੰਦੀ ਹੈ, ਇਸ ਵਿਚ ਹੀ ਦਬਾ ਅਤੇ ਵਿਰਲੇਪਨ ਦੀਆਂ ਤਰੰਗਾਂ ਸ਼ਾਮਲ ਹੁੰਦੀਆਂ ਹਨ।

ਤਰੰਗ ਗਤੀ (Wave motion): ਧੁਨੀ ਤਰੰਗ ਅਸਲ ਵਿਚ ਤਰੰਗ-ਗਤੀ ਦੇ ਰੂਪ ਵਿਚ ਊਰਜਾ ਦਾ ਪ੍ਰਸਾਰਣ ਹੈ। ਤਰੰਗ ਗਤੀ ਤੋਂ ਇਲਾਵਾ ਪ੍ਰਕਾਸ਼-ਤਰੰਗ, ਤਾਪ-ਤਰੰਗ ਅਤੇ ਐਕਸਵਿਕਿਰਨ ਤਰੰਗ ਗਤੀ ਦੇ ਰੂਪ ਵਿਚ ਊਰਜਾ ਦੇ ਪ੍ਰਸਾਰਣ ਦੇ ਉਦਾਹਰਨ ਹਨ। ਊਰਜਾ ਦੇ ਪ੍ਰਸਾਰਣ ਦੇ ਮਾਧਿਅਮ ਦੇ ਰੂਪ ਵਿਚ ਠੋਸ, ਤਰਲ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ। ਤਰੰਗ

ਗਤੀ ਇਕ ਤਰ੍ਹਾਂ ਦੀ ਰੁਕਾਵਟ ਹੈ ਜਿਹੜੀ ਕਿ ਕਿਸੇ ਮਾਧਿਅਮ ਵਿਚ ਕਣਾਂ ਦੇ ਅਦਲ-ਬਦਲ (displacement) ਨਾਲ ਪੈਦਾ ਹੁੰਦੀ ਹੈ। ਕਿਸੇ ਕਣ ਦੀ ਅਦਲੀ–ਬਦਲੀ ਦਾ ਪ੍ਰਭਾਵ ਇਹ ਹੁੰਦਾ ਹੈ ਕਿ ਉਸਦੇ ਨੇੜੇ-ਤੇੜੇ ਦੇ ਦੂਸਰੇ ਕਣਾਂ ਵਿਚ ਰੁਕਾਵਟ ਆਉਂਦੀ ਹੈ; ਜਿਸ ਨਾਲ ਉਨ੍ਹਾਂ ਵਿਚ ਕੰਬਾਹਟ ਪੈਦਾ ਹੁੰਦੀ ਹੈ। ਉਚਾਰਨ ਅੰਗਾਂ ਦੁਆਰਾ ਉਚਰਿਤ ਹੋਣ ਤੋਂ ਬਾਅਦ ਧੁਨੀ ਦੀ ਊਰਜਾ, ਹਵਾ ਵਿਚ ਦਬਾ ਪੈਦਾ ਕਰਦੀ ਹੈ। ਜਿਸ ਨਾਲ ਹਵਾ ਵਿਚ ਰੁਕਾਵਟ ਪੈਦਾ ਹੁੰਦੀ ਹੈ ਅਤੇ ਤਰੰਗ ਬਣਦੀ ਹੈ। ਤਰੰਗ ਦੀ ਇਕ ਵੱਧ ਤੋਂ ਵੱਧ ਉਚਾਈ ਅਤੇ ਇਕ ਘੱਟ ਤੋਂ ਘੱਟ ਨੀਵੀਂ ਗਤੀ ਹੁੰਦੀ ਹੈ। ਇਸ ਤਰ੍ਹਾਂ ਨਾਲ ਉੱਚੀਆਂ ਅਤੇ ਨੀਵੀਂਆਂ ਗਤੀਆਂ ਦਾ ਇਕ ਸਿਲਸਿਲਾ ਚੱਲਦਾ ਰਹਿੰਦਾ ਹੈ। ਇਸੇ ਨੂੰ ਹੀ ਤਰੰਗ ਗਤੀ ਕਿਹਾ ਜਾਂਦਾ ਹੈ।

ਨਾਦ (Musical sound) ਅਤੇ ਸ਼ੋਰ (Noise): ਸ੍ਰਵਣ-ਨਾਦ ਨੂੰ ਜੇਕਰ ਧਿਆਨ ਵਿਚ ਰੱਖਿਆ ਜਾਵੇ ਤਾਂ ਧੁਨੀ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਕੁੱਝ ਧੁਨੀਆਂ ਸੁਣਨ ਵਿਚ ਬੇਤੁਕੀਆਂ ਹੁੰਦੀਆਂ ਹਨ ਅਤੇ ਕਈ ਧੁਨੀਆਂ ਸਮਝਣ ਗੋਚਰੀਆਂ ਹੁੰਦੀਆ ਹਨ। ਜਿਹੜੀਆਂ ਧੁਨੀਆਂ ਸਮਝਣਯੋਗ ਹੁੰਦੀਆਂ ਹਨ; ਉਨ੍ਹਾਂ ਦੇ ਪਿੱਛੇ ਧੁਨੀਆਂ ਦੀ ਕੰਬਾਹਟ ਦੀ ਇਕਸਾਰਤਾ ਕਾਰਜਸ਼ੀਲ ਹੁੰਦੀ ਹੈ। ਪਰ ਜਿਹੜੀਆਂ ਧੁਨੀਆਂ ਸੁਣਨ ਵਿਚ ਬੇਤੁਕੀਆਂ ਹੰਦੀਆਂ ਹਨ, ਉਨ੍ਹਾਂ ਧੁਨੀਆ ਦੀ ਕੰਬਾਹਟ ਇਕਸਾਰ ਨਹੀਂ ਹੁੰਦੀ। ਸਮਝ ਵਿਚ ਆਈਆਂ ਧੁਨੀਆਂ ਨੂੰ ਨਾਦ ਕਹਿੰਦੇ ਹਨ। ਜਿਵੇਂ ਕਿ ਬਾਂਸੁਰੀ, ਸਾਰੰਗੀ ਦੀ ਆਵਾਜ਼ ਅਤੇ ਜਿਹੜੀਆ ਧੁਨੀਆ ਨੂੰ ਸੁਣ ਕੇ ਅਜੀਬ ਜਿਹਾ ਲੱਗੇ ਉਨ੍ਹਾਂ ਧੁਨੀਆਂ ਨੂੰ 'ਸ਼ੋਰ' ਕਿਹਾ ਜਾਂਦਾ ਹੈ। ਜਿਵੇਂ ਕਿ ਕਿਸੇ ਚੀਜ਼ ਦੇ ਡਿੱਗਣ ਦੀ ਆਵਾਜ਼, ਮੋਟਰ ਦੇ ਚੱਲਣ ਦੀ ਆਵਾਜ਼, ਸੜਕਾਂ ਤੇ ਵੱਜਦੇ ਹਾਰਨਾਂ ਦੀ ਆਵਾਜ਼ ਆਦਿ।

ਸੁਣਨ ਦੀ ਦ੍ਰਿਸ਼ਟੀ ਤੋਂ ਨਾਦ ਦੇ ਤਿੰਨ ਲੱਛਣ ਹੋ ਸਕਦੇ ਹਨ। ਪਹਿਲਾ ਲੱਛਣ ਹੈ ਪਿੱਚ ਜੋ ਕਿ ਨਾਦ ਦੇ ਨੀਵੇਂ ਅਤੇ ਉੱਚੇ ਹੋਣ ਨਾਲ ਸੰਬੰਧਿਤ ਹੁੰਦਾ ਹੈ। ਭੌਤਿਕ ਦ੍ਰਿਸ਼ਟੀ ਤੋਂ ਪਿੱਚ ਕੰਬਾਹਟ ਦੀ ਆਵਿਰਤੀ (frequency) ਤੇ ਨਿਰਭਰ ਕਰਦੀ ਹੈ। ਵੱਧ ਆਵਿਰਤੀ ਨਾਲ ਪਿੱਚ ਵੱਧ ਹੋਵੇਗੀ ਅਤੇ ਘੱਟ ਆਵਿਰਤੀ ਨਾਲ ਪਿੱਚ ਵੀ ਘੱਟ ਹੋਵੇਗੀ। ਧੁਨੀ ਦੇ ਉੱਚੀ ਜਾਂ ਨੀਵੀਂ ਹੋਣ ਦਾ ਅਰਥ ਹੈ ਉਸਦੀ ਸੁਰ ਦਾ ਉੱਚਾ ਜਾਂ ਨੀਵਾਂ ਹੋਣਾ। ਸੁਰ ਦਾ ਇਹ ਫਰਕ ਧੁਨੀ-ਸਰੋਤ ਦੀ ਕੰਬਾਹਟ ਤੇ ਨਿਰਭਰ ਕਰਦਾ ਹੈ। ਇਕ ਸੈਕਿੰਡ ਵਿਚ ਧੁਨੀ ਦੇ ਸਰੋਤ ਵਿਚ ਜਿੰਨੀ ਵਾਰ ਵੀ ਕੰਬਾਹਟ ਹੋਵੇਗੀ, ਉਹੀ ਸੰਖਿਆ ਉਸ ਧੁਨੀ ਦੀ ਆਵਿਰਤੀ ਹੋਵੇਗੀ। ਕਿਸੇ ਵੀ ਧੁਨੀ ਦਾ ਵੱਧ ਕੰਬਣਾ ਉਸਦੀ ਉੱਚੀ ਆਵਿਰਤੀ ਨੂੰ ਦਰਸਾਉਂਦਾ ਹੈ। ਇਸਨੂੰ ਮਾਪਣ ਲਈ ਸੈਕਿੰਡ ਦੇ ਸੌਵੇਂ ਹਿੱਸੇ ਦੇ

ਮਾਪ ਨੂੰ ਇਸਤੇਮਾਲ ਕੀਤਾ ਜਾਂਦਾ ਹੈ। ਜੇ ਕਿਸੇ ਵੀ ਧੁਨੀ ਵਿਚ ਕੰਬਾਹਟ ਇਕ ਸੈਕਿੰਡ ਵਿਚ 200 ਵਾਰ ਹੈ ਤਾਂ ਉਸ ਧੁਨੀ ਦੀ ਮਾਤਰਾ 200 ਸਾਇਕਲ ਪ੍ਰਤੀ ਸੈਕਿੰਡ ਮੰਨੀ ਜਾਂਦੀ ਹੈ। ਇਕ ਸਾਇਕਲ ਦਾ ਅਰਥ ਪੂਰੀ ਕੰਬਾਹਟ ਨਾਲ ਹੈ। ਸਾਡੇ ਕੰਨਾਂ ਦੀ ਪਛਾਣ ਦੀ ਸੀਮਾ ਵਿਚ ਆਉਣ ਵਾਲੀ ਨੀਵੀਂ ਤੋਂ ਨੀਵੀਂ ਆਵਿਰਤੀ ਲਗਭਗ 16-20 ਸਾਇਕਲ ਪ੍ਰਤੀ ਸੈਕਿੰਡ ਹੈ ਅਤੇ ਉੱਚੀ ਤੋਂ ਉੱਚੀ 20,000 ਸਾਇਕਲ ਪ੍ਰਤੀ ਸੈਕਿੰਡ ਹੈ। ਸਾਡੇ ਕੰਨ ਸੰਗੀਤ ਨੂੰ ਸੰਗੀਤ ਦੇ ਰੂਪ ਵਿਚ ਤਾਂ ਹੀ ਸੁਣ ਸਕਦੇ ਹਨ ਜੇਕਰ ਉਸਦੀ ਆਵਿਰਤੀ 40 ਤੋਂ 4000 ਦੇ ਵਿਚ ਹੋਵੇ।

ਉੱਚੀ ਆਵਾਜ਼ (Loudness) ਨਾਦ ਦਾ ਦੂਜਾ ਲੱਛਣ ਹੈ ਜਿਹੜਾ ਭੌਤਿਕ ਦ੍ਰਿਸ਼ਟੀ ਤੋਂ ਕੰਬਾਹਟ ਦੀ ਬਹੁਲਤਾ (Amplitude) ਤੇ ਨਿਰਭਰ ਕਰਦਾ ਹੈ। ਕੰਨਾਂ ਦੇ ਸੁਣਨ ਦੀ ਦ੍ਰਿਸ਼ਟੀ ਤੋਂ ਉੱਚੀ ਆਵਾਜ਼ ਦਾ ਅਰਥ ਹੈ; ਕੰਨ ਦੇ ਪਰਦੇ ’ਤੇ ਵੱਧ ਦਬਾਅ ਦੀ ਉਚਾਈ ਦਾ ਅਨੁਭਵ ਹੋਣਾ। ਉਚਾਰਨ ਦੀ ਦ੍ਰਿਸ਼ਟੀ ਤੋਂ ਉੱਚੀ ਆਵਾਜ਼, ਸਾਹ ਦੀ ਹਵਾ ਦਾ ਵੱਧ ਸ਼ਕਤੀ ਦੇ ਇਸਤੇਮਤਲ ਦਾ ਨਾਮ ਹੈ। ਧੁਨੀ ਪੈਦਾ ਕਰਨ ਵਾਲੇ ਉਚਾਰਨ ਅੰਗਾਂ ਦੀ ਵੱਧ ਕਿਰਿਆ ਜਾਂ ਹਰਕਤ ਨਾਲ ਉੱਚੀ ਧੁਨੀ ਪੈਦਾ ਹੁੰਦੀ ਹੈ। ਇਸ ਤਰ੍ਹਾਂ ਹਵਾ ਦੇ ਦਬਾ ਵਿਚ ਉਤਰਾ-ਚੜਾ ਵੱਧ ਜਾਂਦਾ ਹੈ। ਸੁਣਨ ਵਾਲੇ ਦੇ ਕੰਨ ਦੇ ਪਰਦੇ ਦੀ ਹਰਕਤ ਵੀ ਉਸੇ ਅਨੁਪਾਤ ਵਿਚ ਵੱਧ ਜਾਂਦੀ ਹੈ ਅਤੇ ਦਿਮਾਗ ਦੇ ਸੁਣਨ ਅਤੇ ਸਮਝਣ ਵਿਚ ਤਾਲਮੇਲ ਰੱਖਣ ਵਾਲੇ ਹਿੱਸੇ ਵਿਚ ਉਸੇ ਅਨੁਪਾਤ ਵਿਚ ਆਵੇਗ ਮਹਿਸੂਸ ਹੁੰਦਾ ਹੈ। ਵੱਧ ਉੱਚੀ ਆਵਾਜ਼ ਵਾਲੀਆਂ ਧੁਨੀਆ ਦੀਆ ਤਰੰਗਾਂ ਦੀ ਗਤੀ ਵੱਧ ਉੱਚੀ ਹੁੰਦੀ ਹੈ। ਉਦਾਹਰਨ ਲਈ ਘੁਸਰਮੁਸਰ ਵਾਲੀਆਂ ਧੁਨੀਆ ਦੀ ਉੱਚਾਈ 10 ਡੈਸੀਬਲ ਹੁੰਦੀ ਹੈ ਅਤੇ ਸਧਾਰਨ ਗੱਲਬਾਤ ਵਿਚ ਇਸਤੇਮਾਲ ਹੋਣ ਵਾਲੀਆਂ ਧੁਨੀਆਂ ਦੀ ਉੱਚਾਈ 40-50 ਡੈਸੀਬਲ ਤੱਕ ਹੁੰਦੀ ਹੈ।

ਗੁਣ (Quality): ਇਕ ਤੋਂ ਵੱਧ ਧੁਨੀਆਂ ਵਿਚ ਇਕ ਮੂਲ ਸੁਰ (Fundamental tone) ਅਤੇ ਉਸਦੇ ਨਾਲ ਹੀ ਉਪ-ਸੁਰ (overtone) ਹੁੰਦੀ ਹੈ। ਜੇਕਰ ਇਕ ਸਮਾਨ ਸੁਰ ਦੀ ਉੱਚਾਈ ਨੂੰ ਪੈਦਾ ਕਰਨ ਵਾਲੇ ਦੋ ਭਿੰਨ ਯੰਤਰ ਹਨ ਤਾਂ ਵੀ ਉਨ੍ਹਾਂ ਦੀ ਧੁਨੀ ਇਕੋ ਜਿਹੀ ਨਹੀਂ ਹੋਵੇਗੀ। ਉਨ੍ਹਾਂ ਦਾ ਉਚਾਰਨ ਅੱਡ-ਅੱਡ ਹੋਵੇਗਾ। ਇਸ ਦੇ ਅੱਡ ਹੋਣ ਦਾ ਕਾਰਨ ਸੁਰ ਦੇ ਨਾਲ ਆਉਣ ਵਾਲੀਆਂ ਉਪ-ਸੁਰਾਂ ਦੀ ਗਿਣਤੀ, ਉਨ੍ਹਾਂ ਦੀ ਤਰਤੀਬ ਅਤੇ ਪਰਸਪਰ ਤੀਬਰਤਾ ਹੁੰਦੀ ਹੈ। ਇਹੀ ਧੁਨੀ ਦਾ ਗੁਣ ਅਖਵਾਉਂਦਾ ਹੈ। ਧੁਨੀ ਦੇ ਗੁਣ ਨੂੰ ਉਸਦੇ ਤਰੰਗ-ਗੁਲਾਈ (Wave curve) ਵਿਸ਼ਲੇਸ਼ਣ ਤੋਂ ਜਾਣਿਆ ਜਾ ਸਕਦਾ ਹੈ। 19ਵੀਂ ਸਦੀ ਦੇ ਅਖੀਰ

ਵਿਚ ਸੰਚਾਰਨੀ ਧੁਨੀ ਵਿਗਿਆਨ ਦੇ ਅਧਿਐਨ ਖੇਤਰ ਵਿਚ ਐਡੀਸਨ ਦੇ ਫੋਨੋਗ੍ਰਾਫ (Edison's Phonograph) ਦੀ ਖੋਜ ਦੁਆਰਾ ਬਹੁਤ ਵਾਧਾ ਹੋਇਆ। ਇਹ ਫੋਨੋਗ੍ਰਾਫ ਧੁਨੀ-ਤਰੰਗਾਂ ਨੂੰ ਰਿਕਾਰਡ ਕਰ ਸਕਦਾ ਸੀ। ਰਿਕਾਰਡ ਕੀਤੀਆਂ ਗਈਆਂ ਇਹਨਾਂ ਧੁਨੀਆਂ ਦਾ ਬਾਅਦ ਵਿਚ ਵਿਸ਼ਲੇਸ਼ਣ ਕੀਤਾ ਜਾਂਦਾ ਸੀ। ਫੋਨੋਗ੍ਰਾਫ ਵਿਚ ਫਿਲਟਰ ਜੁੜੇ ਹੁੰਦੇ ਸਨ, ਜਿਨ੍ਹਾਂ ਉੱਤੇ ਰਿਕਾਰਡ ਅੰਕਿਤ ਕੀਤੇ ਜਾਂਦੇ ਸਨ। ਇਕ ਸਮਾਨ ਧੁਨੀਆਂ ਨੂੰ ਵਾਰ-ਵਾਰ ਵੱਖਰੀ ਰਫਤਾਰ ਤੇ ਅੱਡ-ਅੱਡ ਫਿਲਟਰਾਂ ਤੇ ਦਰਸਾਇਆ ਜਾਂਦਾ ਸੀ ਤਾਂ ਜੋ ਧੁਨੀ-ਤਰੰਗਾਂ ਦੀ ਗਤੀ ਦਾ ਪਤਾ ਲਗਾਇਆ ਜਾ ਸਕੇ। ਲੁਡੀਮਰ ਹਰਮਨ (Ludimar Hermann) ਦੁਆਰਾ 19ਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਦੌਰਾਨ "Pflugers Archiv" ਵਿਚ ਛਾਪੇ ਗਏ ਕਾਗਜਾਂ ਦੀ ਇਕ ਲੜੀ ਵਿਚ ਇਸੇ ਫੋਨੋਗ੍ਰਾਫ ਦੀ ਹੀ ਵਰਤੋਂ ਕੀਤੀ ਗਈ ਸੀ। ਫੋਨੋਗ੍ਰਾਫ ਦੀ ਵਰਤੋਂ ਕਰਦੇ ਹੋਏ ਹਰਮਨ ਨੇ ਸਵਰਾਂ ਅਤੇ ਵਿਅੰਜਨਾਂ ਦੀਆਂ ਵਿਸ਼ੇਸ਼ਤਾਵਾਂ ਦੀ ਛਾਣਬੀਣ ਕੀਤੀ।

1.3.3 ਸ੍ਰਵਣੀ ਧੁਨੀ ਵਿਗਿਆਨ: ਸ੍ਰਵਣ ਜਾਂ ਧੁਨੀ ਦੇ ਸੁਣਨ ਦਾ ਸੰਬੰਧ ਮਨੁੱਖੀ ਕੰਨਾਂ ਨਾਲ ਹੁੰਦਾ ਹੈ। ਕੰਨ ਧੁਨੀ ਤਰੰਗਾਂ ਨੂੰ ਗ੍ਰਹਿਣ ਕਰ ਕੇ ਉਨ੍ਹਾਂ ਨੂੰ ਤੰਤਰੀ-ਆਵੇਗ ਦੇ ਰੂਪ ਵਿਚ ਬਦਲ ਦਿੰਦੇ ਹਨ। ਉਨ੍ਹਾਂ ਤੰਤਰੀ-ਆਵੇਗਾਂ ਨੂੰ ਦਿਮਾਗ ਗ੍ਰਹਿਣ ਕਰਦਾ ਹੈ। ਇਨ੍ਹਾਂ ਤੰਤਰੀਆਂ ਆਵੇਗਾਂ ਵਿਚ ਹੀ ਭਾਸ਼ਾ ਦਾ ਸਾਰਾ ਇੰਦਰਜਾਲ ਲੁਕਿਆ ਹੋਇਆ ਹੈ। ਡੈਵਿਡ ਕ੍ਰਿਸਟਲ (2003: 42) ਅਨੁਸਾਰ, "ਸ੍ਰਵਣੀ, ਧੁਨੀ ਵਿਗਿਆਨ ਦੀ ਇਕ ਅਜਿਹੀ ਸ਼ਾਖਾ ਹੈ ਜਿਸਦਾ ਸੰਬੰਧ ਧੁਨੀ ਤਰੰਗਾਂ ਨਾਲ ਹੁੰਦਾ ਹੈ। ਇਹ ਤਰੰਗਾਂ ਮਨੁੱਖੀ ਕੰਨ, ਸੁਣਨ ਵਾਲੀਆਂ ਨਾੜੀਆਂ ਅਤੇ ਦਿਮਾਗ ਨਾਲ ਸੰਬੰਧ ਰੱਖਦੀਆਂ ਹਨ।"

ਕੰਨ ਦੇ ਮੁੱਖ ਰੂਪ ਵਿਚ ਤਿੰਨ ਭਾਗ ਹੁੰਦੇ ਹਨ:-(1) ਬਾਹਰੀ ਭਾਗ (2) ਵਿਚਕਾਰਲਾ ਭਾਗ ਅਤੇ (3) ਅੰਦਰਲਾ ਭਾਗ। ਬਾਹਰੀ ਭਾਗ ਬਾਹਰ ਤੋਂ ਦਿਖਾਈ ਦੇਣ ਵਾਲਾ ਉਹ ਹਿੱਸਾ ਹੈ; ਜੋ ਅੰਦਰ ਦੀ ਹੋ ਕੇ ਪਰਦੇ ਤੱਕ ਪਹੁੰਚਦਾ ਹੈ। ਬਾਹਰੀ ਕੰਨ ਦੇ ਵੀ ਅੱਗੋਂ ਤਿੰਨ ਹਿੱਸੇ ਬਣਦੇ ਹਨ। ਜਿਵੇਂ: ਬਾਹਰੀ ਹਿੱਸਾ, ਕੰਨ ਦੀ ਨਾਲੀ ਵਾਲਾ ਹਿੱਸਾ ਅਤੇ ਨਾਲੀ ਦੇ ਅੰਦਰ ਦੇ ਦੂਸਰੇ ਸਿਰੇ ਉੱਪਰ ਸਥਿਤ ਕੰਨ ਦਾ ਪਰਦਾ। ਬਾਹਰੀ ਹਿੱਸੇ ਵਿਚ ਮੌਜੂਦ ਧੁਨੀ-ਤਰੰਗ ਨੂੰ ਕੰਨ ਦਾ ਪਰਦਾ (eardrum) ਕਿਹਾ ਜਾਂਦਾ ਹੈ। ਇਸ ਵਿਚ ਕੰਬਾਹਟ ਉਤਪੰਨ ਹੁੰਦੀ ਹੈ। ਇਹ ਨਾਲੀ ਦੇ ਅੰਦਰਲੇ ਹਿੱਸੇ ਨੂੰ ਢੱਕ ਕੇ ਰੱਖਦਾ ਹੈ। ਪਰਦੇ ਦੇ ਪਿੱਛੇ ਕੰਨ ਦਾ ਮੱਧ ਵਾਲਾ ਭਾਗ ਹੁੰਦਾ ਹੈ, ਜਿਸ ਦਾ ਸੰਬੰਧ ਯੋਸਟੇਸ਼ੀਅਨ ਨਾਲੀ ਦੁਆਰਾ ਗਲੇ ਨਾਲ ਹੁੰਦਾ ਹੈ। ਮੱਧ ਵਾਲੇ ਕੰਨ ਵਿਚ ਤਿੰਨ

ਛੋਟੀਆਂ ਅਤੇ ਹਲਕੀਆਂ ਹੱਡੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਹਥੌੜੀ ਜਾਂ ਰਿਕਾਬ ਕਿਹਾ ਜਾਂਦਾ ਹੈ। ਇਹ ਹੱਡੀਆਂ ਇਕ ਛੇਕ/ਮੋਰੀ (Cavity) ਦੇ ਅੰਦਰ ਸਥਿਤ ਹੁੰਦੀਆਂ ਹਨ ਜਿਸ ਵਿਚ ਹਵਾ ਰਹਿੰਦੀ ਹੈ। ਯੋਸਟੇਸ਼ੀਅਨ ਨਾਲੀ ਇਸੇ ਛੇਕ ਵਿਚ ਖੁੱਲਦੀ ਹੈ। ਇਸ ਤਰ੍ਹਾਂ ਯੋਸਟੇਸ਼ੀਅਨ ਨਾਲੀ, ਛੇਕ ਅਤੇ ਉਸਦੇ ਅੰਦਰ ਦੀਆਂ ਤਿੰਨ ਹੱਡੀਆਂ ਮਿਲ ਕੇ ਮੱਧ ਕੰਨ ਨੂੰ ਬਣਾਉਂਦੀਆਂ ਹਨ। ਹਥੌੜੀ ਦਾ ਇਕ ਸਿਰਾ ਜਿਸਨੂੰ ਹੱਥਾ ਵੀ ਕਹਿ ਸਕਦੇ ਹਾਂ, ਪਰਦੇ ਦੀ ਅੰਦਰਲੀ ਤਹਿ ਤੇ ਤੰਤੂਆਂ ਦੁਆਰਾ ਜੁੜਿਆ ਹੁੰਦਾ ਹੈ ਅਤੇ ਦੂਸਰਾ ਸਿਰਾ ਨਿਹਾਈ ਜਾਂ ਅਹਿਰਨ (anvil) ਦੇ ਨਾਲ ਲਿਗਾਮੈਂਟਸ ਦੁਆਰਾ ਜੁੜਿਆ ਹੁੰਦਾ ਹੈ। ਨਿਹਾਈ ਦਾ ਦੂਸਰਾ ਸਿਰਾ ਰਿਕਾਬ ਨਾਲ ਜੁੜਿਆ ਰਹਿੰਦਾ ਹੈ। ਇਸਦੇ ਨਾਲ ਪਰਦੇ ’ਤੇ ਕੰਬਾਹਟ; ਇਕ ਤੋਂ ਦੂਸਰੀ ਅਤੇ ਦੂਸਰੀ ਤੋਂ ਤੀਸਰੀ ਹੱਡੀ ਤੋਂ ਹੁੰਦੀ ਹੋਈ ਅੰਦਰਲੇ ਕੰਨ ਤੱਕ ਪਹੁੰਚਦੀ ਹੈ। ਰਿਕਾਬ ਦੀ ਫੁੱਟਪਲੇਟ ਮੱਧ ਕੰਨ ਦੇ ਅੰਡਾਕਾਰ ਝਰੋਖੇ ਨਾਲ ਜੁੜੀ ਹੈ, ਜਿਸਨੂੰ ਰਿਕਾਬ ਦੇ ਥੱਲੇ ਬੰਦ ਰੱਖਦੀ ਹੈ। ਇਸ ਤੋਂ ਇਲਾਵਾ ਇਕ ਗੋਲ ਝਰੋਖਾ ਵੀ ਇੱਥੇ ਹੀ ਹੈ ਜਿਸਨੂੰ ਝਿੱਲੀ ਬੰਦ ਰੱਖਦੀ ਹੈ। ਧੁਨੀ ਤਰੰਗ ਦੀ ਦਬਾਅ-ਭਿੰਨਤਾ ਨੂੰ ਬਾਹਰੀ ਅਤੇ ਮੱਧ ਕੰਨ ਮਿਲਕੇ ਵਧਾਉਂਦੇ ਹਨ ਅਤੇ ਇਹ ਅੰਦਰੂਨੀ ਕੰਨ ਵਿਚ ਸਥਿਤ ਤਰਲ ਪਦਾਰਥ ਤੱਕ ਪਹੁੰਚਦੇ ਹਨ। ਹੇਠਾਂ ਦਿੱਤੇ ਗਏ ਚਿੱਤਰ ਰਾਹੀਂ ਕੰਨ ਦਾ ਤਿੰਨੇ ਭਾਗਾਂ ਨੂੰ ਦਿਖਾਇਆ ਗਿਆ ਹੈ;



Fig. 1.1. A schematic diagram of the mechanism of the ear.

ਕੰਨ ਦਾ ਸੱਭ ਤੋਂ ਅੰਦਰ ਵਾਲਾ ਭਾਗ ਅੰਦਰਲਾ ਕੰਨ ਅਖਵਾਉਂਦਾ ਹੈ, ਜਿਸਦੀ ਬਣਾਵਟ ਘੋਘੇ (Cochlea) ਨਾਲ ਮਿਲਦੀ ਜੁਲਦੀ ਹੈ। ਅੰਗਰੇਜ਼ੀ ਵਿਚ ਪ੍ਰਚਲਿਤ ਲੇਟਿਨ ਨਾਮ ਕੋਕਲੀਆ ਦਾ ਅਰਥ ਘੋਘਾ ਹੀ ਹੈ। ਕੋਕਲੀਆ ਆਪਣੇ ਵਿਸਤਾਰ ਵਿਚ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ, ਜਿਸ ਨੂੰ ਸਕੇਲਾ ਟਿੰਪੇਨੀ (Scala tympani) ਅਤੇ ਸਕੇਲਾ ਵੇਸਟੀਬੁਲੀ (Scala vestibuli) ਕਹਿੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਵੰਡਣ ਦਾ ਕੰਮ ਕੋਕਲੀਆ ਵਿਭਾਜਨ ਝਿੱਲੀ ਕਰਦੀ ਹੈ। ਕੋਕਲੀਆ ਵਿਭਾਜਨ ਝਿੱਲੀ ਰੇਸਨਰ ਝਿੱਲੀ ਅਤੇ ਬੇਸਲਰ ਝਿੱਲੀ ਨਾਮਕ ਦੋ ਝਿੱਲੀਆਂ ਨਾਲ ਸੰਬੰਧਿਤ ਹੈ। ਇਨ੍ਹਾਂ ਝਿੱਲੀਆਂ ਦੇ ਮੱਧ ਵਿਚ ਸੰਵੇਦੀ ਤੱਤ ਹੈ ਜਿਨ੍ਹਾਂ ਦੀਆਂ ਤੰਤਰੀਆਂ ਕੇਂਦਰੀ ਤੰਤਰੀ ਵਿਵਸਥਾ ਅਤੇ ਦਿਮਾਗ ਤੱਕ ਜਾਂਦੀ ਹੈ। ਇਹ ਵਿਭਾਜਕ ਐਂਡੋਲਿਫ (Endolymph fluid) ਨਾਮਕ ਤਰਲ ਪਦਾਰਥ ਨਾਲ ਭਰਿਆ ਹੁੰਦਾ ਹੈ। ਮੱਧ ਕੰਨ ਦੇ ਰਿਕਾਬ ਫੁਟਪਲੇਟ ਦੇ ਹਿੱਲਣ ਨਾਲ ਅੰਡਾਕਾਰ ਝਰੋਖੇ ਨਾਲ ਇਹ ਕੰਪਨ ਕੋਕਲੀਆ ਸੰਰਚਨਾ ਨੂੰ ਉਤੇਜਿਤ ਕਰਦੀ ਹੈ। ਕੋਕਲੀਆ ਵਿਚ 2¾ ਫੇਰੇ ਹੁੰਦੇ ਹਨ। ਕੋਕਲੀਆਂ ਦੇ ਦੋਨੋਂ ਹਿੱਸਿਆਂ ਵਿਚ ਇਕ ਪ੍ਰਕਾਰ ਦਾ ਤਰਲ ਭਰਿਆ ਹੁੰਦਾ ਹੈ ਜਿਸਨੂੰ ਪੈਰੀਲਿਫ ਦ੍ਰਵ (Perilymph fluid) ਕਹਿੰਦੇ ਹਨ। ਦੋਨੋਂ ਹਿੱਸਿਆਂ ਦੇ ਤਰਲ ਉਪੱਰਲੇ ਹਿੱਸੇ ਤੇ ਮਿਲਦੇ ਹਨ ਕਿਉਂਕਿ ਇਨ੍ਹਾਂ ਨੂੰ ਅਲੱਗ ਕਰਨ ਵਾਲੀ ਝਿੱਲੀ ਉੱਪਰ ਸਥਿਤ ਨਹੀਂ ਹੁੰਦੀ। ਅੰਡਾਕਾਰ ਝਰੋਖਾ ਮੱਧ ਕੰਨ ਤੋਂ ਸਕੇਲਾ ਟਿੰਪੇਂਨੀ ਨੂੰ ਅੱਡ ਕਰਦਾ ਹੈ ਅਤੇ ਸਕੇਲਾ ਵੇਸਟੀਬੁਲੀ ਨੂੰ ਬੰਦ

ਕਰਦਾ ਹੈ। ਅੰਦਰੂਨੀ ਕੰਨ ਵਿਚ ਕੋਕਲੀਆ ਦੇ ਆਵਰਤੀ ਵਿਸ਼ਲੇਸ਼ਕ ਕਾਰਜ ਦੁਆਰਾ ਧੁਨੀ ਤਰੰਗ ਦੀ ਦਬਾਅ ਭਿੰਨਤਾ ਨੂੰ ਅੱਡ-ਅੱਡ ਕੀਤਾ ਜਾਂਦਾ ਹੈ। ਇਹ ਆਵੇਗ ਦੇ ਰੂਪ ਵਿਚ ਤੰਦਾਂ ਦੀ ਵਿਵਸਥਾ ਦੁਆਰਾ ਦਿਮਾਗ ਤੱਕ ਪਹੁੰਚਦਾ ਹੈ। ਜਿੱਥੇ ਸ੍ਰਵਣੀ ਕੇਂਦਰ ਉਤੇਜਨਾ ਦੇ ਢਾਂਚਿਆਂ ਨੂੰ ਬਣਾਉਂਦੇ ਹਨ। ਜਦੋਂ ਧੁਨੀ ਤਰੰਗ ਦਾ ਦਬਾਅ ਪੈਂਦਾ ਹੈ ਤਾਂ ਕੋਕਲੀਆਂ ਦੇ ਮੱਧ ਦੀਆਂ ਬਿਜਲਈ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ।



ਕੰਨ ਦੇ ਅੰਦਰੂਨੀ ਭਾਗ ਦੀ ਤਸਵੀਰ

ਕੰਨ ਦੇ ਪਰਦੇ ਕੋਲ ਕੋਕਲੀਆ ਦਾ ਮੂਲ ਕਿਨਾਰਾ (Basal End) ਹੈ। ਕੋਕਲੀਆ ਦੇ ਦੂਸਰੇ ਸਿਰੇ ਨੂੰ ਐਪੀਕਲ ਕਿਨਾਰਾ (apical end) ਕਿਹਾ ਜਾਂਦਾ ਹੈ। ਜਦੋਂ ਦਬਾਅ ਤਰੰਗ ਅੰਡਕਾਰ ਝਰੋਖੇ ਨੂੰ ਧੱਕਾ ਦਿੰਦੀ ਹੈ ਤਾਂ ਕੋਕਲੀਆ ਵਿਭਾਜਨ ਉਸ ਦਬਾਅ ਨਾਲ ਹੇਠਾਂ ਵੱਲ ਨੂੰ ਸਕੇਲਾ ਟਿੰਪੇਨੀ ਵੱਲ ਝੁੱਕ ਜਾਂਦਾ ਹੈ। ਵਿਭਾਜਨ ਪਹਿਲੇ ਮੂਲ ਕਿਨਾਰੇ ਦੇ ਨਜ਼ਦੀਕ ਫੁੱਲਦਾ ਜਾਂ ਉੱਭਰਦਾ ਹੈ ਅਤੇ ਉਸਦੇ ਵੱਲ ਆਕਰਸ਼ਿਤ ਹੁੰਦਾ ਹੈ। ਇੱਥੇ ਤੱਕ ਪਹੁੰਚਣ ਵਿਚ ਇਸਨੂੰ ਲਗਭਗ 3 ਮਿਲੀ ਸੈਕੰਡ ਦਾ ਸਮਾਂ ਲੱਗਦਾ ਹੈ।

ਸੁਣਨ ਪ੍ਰਕਿਰਿਆ ਬਾਰੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਧੁਨੀਆਂ ਦੀਆਂ ਵਿਭਿੰਨ ਤਰੰਗਾਂ ਨੂੰ ਅੰਦਰੂਨੀ ਕੰਨ ਕਿਵੇਂ ਗ੍ਰਹਿਣ ਕਰਦਾ ਹੈ। ਦਰਅਸਲ ਅਜਿਹਾ ਗੂੰਜ (resonance) ਕਾਰਨ ਹੁੰਦਾ ਹੈ। ਗੂੰਜ ਦੇ ਸਿਧਾਂਤ ਨੂੰ ਸੱਭ ਤੋਂ ਪਹਿਲਾਂ ਸੱਤਰਵੀਂ ਸ਼ਤਾਬਦੀ ਦੇ ਵਿਗਿਆਨੀ ਡੁਵਰਨੇ ਨੇ ਸਾਹਮਣੇ ਰੱਖਿਆ। ਉਨ੍ਹਾਂ ਨੇ ਦੱਸਿਆ ਕਿ ਕੋਕਲੀਆ ਦੇ ਵਿਚਕਾਰ ਸਥਿਤ ਹੱਡੀ ਦੀ ਪੱਤੀ ਹੀ ਗੂੰਜ ਦਾ ਖੇਤਰ ਹੈ। ਇਹ ਪੱਤੀ ਕੋਕਲੀਆ ਵਿਚ ਕਿਨਾਰੇ ਤੋਂ ਚੋਟੀ ਵੱਲ ਜਾਂਦੀ ਹੈ ਅਤੇ ਕਿਨਾਰੇ ਤੋਂ ਚੋਟੀ ਤੱਕ ਵੱਧਦੀ ਹੋਈ ਘੱਟਦੀ ਜਾਂਦੀ ਹੈ।

ਇਸ ਸੰਬੰਧ ਵਿਚ ਇਕ ਦੂਸਰਾ ਮੱਤ ਹਰਮਨ ਹੈਲਮਹੋਜ਼ (Hermann von Helmholtz) ਦਾ ਇਹ ਸੀ ਕਿ ਗੂੰਜ ਦਾ ਖੇਤਰ ਹੱਡੀ ਦੀ ਪੱਤੀ ਨਹੀਂ ਹੈ ਭਾਵ ਕਿ ਉਸਦੀ ਬੇਸਿਲਰ ਝਿੱਲੀ ਵਿਚ ਚੌੜਾਈ ਵੱਲ ਤਣਾਅ ਵਾਲੇ ਰੇਸ਼ੇ ਹੁੰਦੇ ਹਨ ਜਿਸ ਵਿਚ ਆਵ੍ਰਿਤੀ ਅਨੁਸਾਰ ਅਨੁਨਾਦ ਹੁੰਦਾ ਹੈ। ਉਸਨੇ ਇਹ ਵੀ ਦੱਸਿਆ ਕਿ ਉੱਚੀ ਆਵ੍ਰਿਤੀ ਦੇ ਕਾਰਣ ਆਧਾਰ ਦੀ ਦਿਸ਼ਾ ਵਾਲੇ ਰੇਸ਼ਿਆ ਵਿਚ ਗੂੰਜ ਪੈਦਾ ਹੁੰਦੀ ਹੈ। ਉਸਨੇ ਅੱਗੇ ਦੱਸਿਆ ਕਿ ਸ਼ਰੁਤੀ ਤੰਤੂ ਉਤੇਜਨਾ ਲੋਮਕੋਸ਼ ਦੇ ਮੱਧ ਵਿਚ ਅਨੁਨਾਦ ਦੁਆਰਾ ਪ੍ਰਾਪਤ ਹੁੰਦਾ ਹੈ। ਪਰੰਤੂ ਬਾਅਦ ਵਿਚ ਇਹ ਸਾਬਤ ਹੋ ਗਿਆ ਕਿ ਬੇਸਿਲਰ ਝਿੱਲੀ ਵਿਚ ਰੇਸ਼ੇ ਨਹੀਂ ਹੁੰਦੇ। ਬਾਅਦ ਵਿਚ ਇਹ ਖਿਆਲ ਡਿਰੋਜ਼ਾ (1947) ਦੁਆਰਾ ਦਿੱਤਾ ਗਿਆ ਕਿ ਅਲੱਗ-ਅਲੱਗ ਵੇਗ ਨਾਲ ਚੱਲਣ ਵਾਲੀਆਂ ਦੋ ਦਬਾ-ਤਰੰਗਾਂ ਕੋਕਲੀਆ ਦੇ ਤਰਲ ਵਿਚ ਹੁੰਦੀਆਂ ਹਨ। ਬੇਸਿਲਰ ਝਿੱਲੀ ਵਿਚ ਕਿਸੇ ਵੀ ਬਿੰਦੂ ਦੇ ਉਤੇਜਿਤ ਹੋਣ ਪਿੱਛੇ ਦੋਨਾਂ ਤਰੰਗਾਂ ਦਾ ਮੇਲ ਹੈ। ਵਿੰਭਿੰਨ ਆਵ੍ਰਿਤੀਆਂ ਦੇ ਲਈ ਉਤੇਜਨਾ ਦੇ ਵਿਭਿੰਨ ਬਿੰਦੂ ਹਨ। ਡਿਰੋਜ਼ਾ ਦੇ ਨਿਸ਼ਕਰਸ਼ ਦਾ ਆਧਾਰ ਕੋਕਲੀਆ ਵਿਚ ਤਰੰਗ ਦੀ ਨਮੀ ਦਾ ਹੈ। ਬੇਸਿਲਰ ਝਿੱਲੀ ਦੀ ਉਤੇਜਨਾ ਵਿਚ ਲੋਮਕੋਸ਼ 'ਤੇ ਦਬਾਅ ਪੈਂਦਾ ਹੈ ਜਿਸਦੀ ਵਜ੍ਹਾ ਨਾਲ ਉਸ ਵਿਚ ਸੰਭਾਵਨਾ ਉਤਪੰਨ ਹੁੰਦੀ ਹੈ। ਇਹ ਉਤੇਜਨਾ ਟੈਕਟੋਰਿਅਲ ਝਿੱਲੀ ਵਿਚ ਪਹੁੰਚਦੀ ਹੈ ਅਤੇ ਉੱਥੋਂ ਦੀ ਹੁੰਦੀ ਹੋਈ ਸ਼ਰੁਤੀ ਤੰਤੂ ਵਿਚ ਆਉਂਦੀ ਹੈ। ਇਸ ਤਰ੍ਹਾਂ ਕੰਨ ਭਾਸ਼ਾ ਦੀਆਂ ਦਬਾਅ ਤਰੰਗਾਂ ਨੂੰ ਤੰਤੂ ਆਵੇਗਾਂ ਵਿਚ ਤਬਦੀਲ ਕਰਕੇ ਬਾਹਰੀ ਭਾਸ਼ਾ ਨੂੰ ਦਿਮਾਗ ਲਈ ਗ੍ਰਾਫ ਬਣਾ ਦਿੰਦਾ ਹੈ।

ਉਪਰੋਕਤ ਵਿਵਰਨ ਤੋਂ ਸਪੱਸ਼ਟ ਹੈ ਕਿ ਭਾਸ਼ਾ-ਧੁਨੀਆਂ ਦਾ ਅਧਿਐਨ ਤਿੰਨ ਪੱਖਾਂ ਤੋਂ ਕੀਤਾ ਜਾ ਸਕਦਾ ਹੈ। ਪਰ ਇਨ੍ਹਾਂ ਤਿਨ੍ਹਾਂ ਸ਼ਾਖਾਵਾਂ ਵਿੱਚੋਂ ਧੁਨੀ ਵਿਗਿਆਨ ਦੀ ਸੱਭ ਤੋਂ ਵੱਧ ਵਿਕਸਿਤ ਸ਼ਾਖਾ ਉਚਾਰਨੀ ਧੁਨੀ ਵਿਗਿਆਨ ਹੀ ਹੈ। ਭਾਵੇਂ

ਭਾਸ਼ਾ ਧੁਨੀਆਂ ਦੇ ਅਨੇਕਾਂ ਤੱਥ ਅਜਿਹੇ ਹਨ ਜਿਨ੍ਹਾਂ ਦੀ ਪੁਸ਼ਟੀ ਸ੍ਰਵਣੀ ਧੁਨੀ ਵਿਗਿਆਨ ਰਾਹੀਂ ਵੀ ਕੀਤੀ ਗਈ ਹੈ। ਵਾਸਤਵ ਵਿਚ ਧੁਨੀਆਤਮਕ ਪਛਾਣ ਇਕ ਸਿਧਾਂਤਕ ਸੰਕਲਪ ਹੈ ਪਰ ਵਿਹਾਰਕ ਰੂਪ ਵਿਚ ਮਨੁੱਖਾਂ ਵਲੋਂ ਉਚਰਿਤ ਧੁਨੀਆਂ ਸਿਧਾਂਤਕ ਸੰਕਲਪਾਂ ਦੇ ਨੇੜੇ-ਤੇੜੇ ਹੀ ਪਹੁੰਚਦੀਆਂ ਹਨ। ਹੋਰ ਵੀ ਸਹੀ ਪਹੁੰਚ ਧੁਨੀਆਤਮਕ ਸਮਾਨਤਾ ਹੈ ਨਾ ਕਿ ਪਛਾਣ। ਇਸ ਲਈ ਜੇਕਰ ਅਸੀਂ ਭਾਸ਼ਾ ਧੁਨੀਆਂ ਨੂੰ ਤਿੰਨਾਂ ਪੱਖਾਂ ਤੋਂ ਵਿਚਾਰੀਏ ਤਾਂ ਧੁਨੀਆਤਮਕ ਸਮਾਨਤਾ ਬਹੁ-ਪਾਸਾਰੀ ਹੁੰਦੀ ਹੈ। ਇਸ ਤਰ੍ਹਾਂ ਧੁਨੀ ਵਿਗਿਆਨ ਧੁਨੀਆਂ ਦੀ ਭੌਤਿਕ ਸੰਰਚਨਾ ਦਾ ਵਿਸ਼ਲੇਸ਼ਣ ਹੈ, ਭਾਵ ਕਿ ਇਸ ਵਿਚ ਧੁਨੀਆ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਦੀ ਪਛਾਣ ਕੀਤੀ ਜਾਂਦੀ ਹੈ।

1.4 ਧੁਨੀਵਿਉਂਤ: ਧੁਨੀਵਿਉਂਤ ਦਾ ਮੁੱਖ ਮਨੋਰਥ ਕਿਸੇ ਭਾਸ਼ਾ ਵਿਸ਼ੇਸ ਦੇ ਧੁਨੀ ਪ੍ਰਬੰਧ ਦੀਆਂ ਉਨ੍ਹਾਂ ਵਿਸ਼ੇਸ਼ਤਾਵਾਂ ਅਤੇ ਵਿਲੱਖਣਤਾਵਾਂ ਦੀ ਨਿਸ਼ਾਨਦੇਹੀ ਕਰਨਾ ਹੁੰਦਾ ਹੈ, ਜਿਨ੍ਹਾਂ ਵਿਲੱਖਣਤਾਵਾਂ ਨੂੰ ਭਾਸ਼ਾਈ ਬੁਲਾਰਾ ਆਪਣੀ ਅੰਦਰੂਨੀ ਯੋਗਤਾ ਦਾ ਹਿੱਸਾ ਬਣਾਉਂਦਾ ਹੈ। ਜਾੱਨ ਲਾਇਨਜ਼ (1971:21) ਨੇ ਲਿਖਿਆ ਹੈ ਕਿ ਧੁਨੀ ਵਿਗਿਆਨ ਧੁਨੀਵਿਉਂਤ ਤੋਂ ਇਸ ਗੱਲ ਕਰਕੇ ਵੱਖਰਾ ਹੈ ਕਿ ਧੁਨੀ ਵਿਗਿਆਨ ਭਾਸ਼ਾ ਧੁਨੀਆਂ ਦਾ ਵਰਣਨ ਕਿਸੇ ਭਾਸ਼ਾ ਦੀਆਂ ਵਿਸ਼ੇਸ਼ ਧੁਨੀਆਂ ਦੇ ਲੜੀਬੱਧ ਵਿਰੋਧਾਂ ਅਤੇ ਕੜੀਬੱਧ ਸੰਯੋਜਨਾਂ ਤੋਂ ਸੁਤੰਤਰ ਹੋ ਕੇ ਕਰਦਾ ਹੈ।[3] ਧੁਨੀਵਿਉਂਤ ਲਈ ਭਾਸ਼ਾ ਵਿਗਿਆਨ ਵਿਚ ‘Phonology’ ਅਤੇ ‘ Phonemics’ ਮੱਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਦੋਵੇਂ ਮੱਦਾਂ ਸਮਾਨਾਂਤਰ ਅਰਥਾਂ ਦੀਆਂ ਧਾਰਨੀ ਹਨ। ਯੋਰਪ ਵਿਚ ਭਾਸ਼ਾ ਵਿਗਿਆਨੀ ‘Phonology’ ਮੱਦ ਵਰਤਦੇ ਹਨ ਜਿਸ ਤੋਂ ਉਨ੍ਹਾਂ ਦਾ ਭਾਵ ਇਕ ਭਾਸ਼ਾ ਦੀ ਧੁਨੀ ਪ੍ਰਣਾਲੀ ਦਾ ਅਧਿਐਨ ਹੈ। ਉਹ ਇਸ ਅਧਿਐਨ ਰਾਹੀਂ ਇਕ ਭਾਸ਼ਾ ਦੀਆਂ ਧੁਨੀਮਾਂ ਦੇ ਕਾਰਜ ਅਤੇ ਪ੍ਰਕਿਰਤੀ ਦੀ ਵੱਖਰਤਾ ਸਪੱਸ਼ਟ ਕਰਦੇ ਹਨ। ਅਮਰੀਕੀ ਭਾਸ਼ਾ ਵਿਗਿਆਨੀ ‘Phonemics’ ਮੱਦ ਵਰਤਦੇ ਹੋਏ ਕਹਿੰਦੇ ਹਨ ਕਿ ਇਹ ਇਕ ਅਜਿਹੀ ਤਕਨੀਕ ਦਾ ਅਧਿਐਨ ਹੈ ਜਿਸ ਰਾਹੀਂ ਭਾਸ਼ਾਈ ਉਚਾਰਨ ਨੂੰ ਲਿਖਤ ਵਿਚ ਤਬਦੀਲ ਕੀਤਾ ਜਾਂਦਾ ਹੈ। ਲਿੰਡਾ ਸ਼ੋਕੀ (2003: 04) ਅਨੁਸਾਰ ਧੁਨੀਵਿਉਂਤ ਇਕੋ ਭਾਸ਼ਾ ਵਿਚਲੀਆਂ ਧੁਨੀ ਇਕਾਈਆਂ ਅਤੇ ਅਰਥਾਂ ਵਿਚਲੇ ਸੰਬੰਧਾਂ ਨਾਲ ਹੀ ਸੰਬੰਧਿਤ ਹੁੰਦੀ ਹੈ।[4]

---

[3] “Phonetics differs from phonology in that it considers speech sounds independently of their paradigmatic oppositions and syntagmatic combinations in particular languages.”

[4] “Phonology deals only with the relationship between sound units in a language (segmental and suprasegmental) and meaning.”

1.4.1 ਭਾਸ਼ਾ ਧੁਨੀਆਂ ਦੀ ਵਰਗਵੰਡ: ਧੁਨੀਵਿਉਂਤਕ ਅਧਿਐਨ ਵਿਚ ਭਾਸ਼ਾ ਧੁਨੀਆਂ ਦੀ ਵਰਗਵੰਡ ਧੁਨੀਵਿਉਂਤ ਦਾ ਮੁੱਢਲਾ ਸਰੋਕਾਰ ਹੈ। ਧੁਨੀਵਿਗਿਆਨ ਦੀ ਸਿਧਾਂਤਕ ਸੇਧ ਅਨੁਸਾਰ ਭਾਸ਼ਾ ਧੁਨੀਆਂ ਦੀ ਵਰਗਵੰਡ ਦਾ ਮੁੱਖ ਆਧਾਰ ਤਾਂ ਸਾਹ ਦੀ ਵਾਯੂ ਧਾਰਾ ਹੈ। ਇਸ ਆਧਾਰ ਉੱਤੇ ਭਾਸ਼ਾ ਧੁਨੀਆਂ ਨੂੰ ਦੋ ਮੁੱਖ ਵਰਗਾਂ-ਖੰਡੀ ਅਤੇ ਅਖੰਡੀ ਧੁਨੀਆਂ-ਵਿਚ ਵੰਡਿਆ ਜਾਂਦਾ ਹੈ। ਡੈਵਿਡ ਕ੍ਰਿਸਟਲ (ਉਹੀ:231) ਅਨੁਸਾਰ, 'ਖੰਡੀ ਧੁਨੀਆਂ ਨੂੰ ਭਾਸ਼ਾ ਦੀ ਬੋਲਧਾਰਾ ਵਿਚ ਇਕ ਵੱਖਰੀ ਇਕਾਈ ਵਜੋਂ ਸਥਾਪਿਤ ਕੀਤਾ ਜਾ ਸਕਦਾ ਹੈ ਜਦ ਕਿ ਅਖੰਡੀ ਧੁਨੀਆਂ ਖੰਡੀ ਧੁਨੀਆਂ ਦੇ ਆਸਰੇ ਹੀ ਪ੍ਰਗਟ ਹੁੰਦੀਆਂ ਹਨ।

ਖੰਡੀ ਧੁਨੀਆਂ: ਕਿਸੇ ਭਾਸ਼ਾ-ਵਿਸ਼ੇਸ਼ ਵਿਚ ਖੰਡੀ ਧੁਨੀਆਂ ਦੀ ਪਛਾਣ ਤੇ ਵਜੂਦ ਲਈ ਦੋ ਸਿਧਾਂਤ ਕੰਮ ਕਰਦੇ ਹਨ: ਪਹਿਲਾ ਸਿਧਾਂਤ ਵਿਰੋਧੀ ਲਘੂ ਜੁੱਟਾਂ ਆਧਾਰਿਤ ਹੈ ਅਤੇ ਦੂਜਾ ਪੂਰਕ ਵੰਡ ਦਾ ਸਿਧਾਂਤ ਹੈ। ਖੰਡੀ ਧੁਨੀਆਂ ਵਿਚ ਸੱਭ ਤੋਂ ਪਹਿਲੀ ਵੰਡ ਪਹਿਲੇ ਸਿਧਾਂਤ ਅਨੁਸਾਰ ਸਵਰਾਂ ਤੇ ਵਿਅੰਜਨਾ ਦੀ ਕੀਤੀ ਜਾਂਦੀ ਹੈ। ਅੱਗੋਂ ਭਾਸ਼ਾ-ਵਿਸ਼ੇਸ਼ ਦੇ ਧੁਨੀ-ਸੰਜਮ ਅਨੁਸਾਰ ਵੱਖਰੀ ਤੇ ਨਿੱਖੜਵੀਂ ਧੁਨੀ-ਮਾਲਾ ਸਥਾਪਿਤ ਕੀਤੀ ਜਾਂਦੀ ਹੈ। ਪਰ ਇਨ੍ਹਾਂ ਦੀ ਅਗਲੇਰੀ ਵਰਗਵੰਡ ਦੇ ਆਧਾਰ ਲਗਭਗ ਸਮਾਨ ਹਨ। ਪਰਮਜੀਤ ਸਿੰਘ ਸਿੱਧੂ (1998:95) ਅਨੁਸਾਰ ਭਾਸ਼ਾ ਧੁਨੀਆਂ ਦੀ ਵਰਗਵੰਡ ਲਈ ਪੰਜ ਪ੍ਰਮੁੱਖ ਆਧਾਰ ਹਨ:

ਪੌਣ ਧਾਰਾ ਦੀ ਰੁਕਾਵਟ: ਫੇਫੜਿਆਂ ਰਾਹੀਂ ਉਤਪੰਨ ਕੀਤੀ ਗਈ ਹਵਾ ਜਦੋਂ ਭਾਸ਼ਾਈ ਧੁਨੀਆਂ ਦੇ ਉਚਾਰਨ ਲਈ ਵਰਤੀ ਜਾਂਦੀ ਹੈ ਤਾਂ ਇਸਨੂੰ ਪੌਣਧਾਰਾ (Air stream) ਕਿਹਾ ਜਾਂਦਾ ਹੈ। ਇਹ ਪੌਣਧਾਰਾ ਉਚਾਰਨ-ਅੰਗਾਂ ਵਿੱਚੋਂ ਨਿਕਲਣ ਵੇਲੇ ਕਦੇ ਘੱਟ, ਕਦੇ ਵੱਧ ਜਾਂ ਬਿਲਕੁਲ ਵੀ ਨਹੀਂ ਰੋਕੀ ਜਾਂਦੀ। ਇਸ ਦੇ ਆਧਾਰ ’ਤੇ ਭਾਸ਼ਾਈ ਧੁਨੀਆਂ ਨੂੰ ਦੋ ਹਿੱਸਿਆਂ ਵਿਚ ਵੰਡਿਆਂ ਜਾਂਦਾ ਹੈ: ਸਵਰ ਅਤੇ ਵਿਅੰਜਨ।

-ਸਵਰ: ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਪੌਣਧਾਰਾ ਨੂੰ ਰੁਕਾਵਟ ਨਹੀਂ ਪਾਈ ਜਾਂਦੀ ਭਾਵ ਕਿ ਪੌਣਧਾਰਾ ਬੇਰੋਕ ਬਾਹਰ ਆਉਂਦੀ ਹੈ, ਉਨ੍ਹਾਂ ਨੂੰ ਸਵਰ ਧੁਨੀਆਂ ਕਿਹਾ ਜਾਂਦਾ ਹੈ। ਸਵਰਾਂ ਦੀ ਵਰਗਵੰਡ ਲਈ ਜੀਭ ਦੀ ਸਥਿਤੀ ਅਤੇ ਬੁੱਲਾਂ ਦੇ ਆਕਾਰ ਨੂੰ ਆਧਾਰ ਬਣਾਇਆ ਜਾਂਦਾ ਹੈ।

ਜੀਭ ਦੀ ਸਥਿਤੀ ਦੇ ਆਧਾਰ ’ਤੇ ਸਵਰਾਂ ਨੂੰ ਦੋ ਤਰੀਕਿਆਂ ਨਾਲ ਵੰਡਿਆਂ ਜਾਂਦਾ ਹੈ। ਇਕ ਤਾਂ ਮੂੰਹ ਪੋਲ ਵਿਚ ਅੱਗੇ ਤੋਂ ਪਿੱਛੇ ਤੱਕ, ਇਸ ਨੂੰ ਲੇਟਵੇਂ ਰੁੱਖ ਕਿਹਾ ਜਾਂਦਾ ਹੈ। ਦੂਸਰਾ ਤਰੀਕਾ ਮੂੰਹ ਪੋਲ ਵਿਚ ਫਰਸ਼ ਤੋਂ ਛੱਤ ਤੱਕ ਨੂੰ ਵੰਡ ਲਿਆ ਜਾਂਦਾ ਹੈ, ਇਸਨੂੰ ਖੜ੍ਹਵੇਂ ਰੁੱਖ ਕਿਹਾ ਜਾਂਦਾ ਹੈ।

ਬੁੱਲਾਂ ਦੇ ਆਕਾਰ ਅਨੁਸਾਰ ਸਵਰਾਂ ਨੂੰ ਦੋ ਭਾਗਾਂ ਵਿਚ ਵੰਡਿਆਂ ਜਾਂਦਾ ਹੈ। ਗੁਲਾਈ ਰਹਿਤ ਅਤੇ ਗੁਲਾਈ ਸਹਿਤ। ਜਿਨ੍ਹਾਂ ਸਵਰਾਂ ਦੇ ਉਚਾਰਨ ਸਮੇਂ ਵਰਾਛਾਂ ਇਕ-ਦੂਜੇ ਤੋਂ ਦੂਰ-ਦੂਰ ਹੋਣ ਤਾਂ ਬੁੱਲਾਂ ਦੇ ਆਕਾਰ ਨੂੰ ਗੁਲਾਈ ਰਹਿਤ ਕਿਹਾ ਜਾਂਦਾ ਹੈ। ਪਰ ਜਦੋਂ ਵਰਾਛਾਂ ਇਕ-ਦੂਜੇ ਦੇ ਨੇੜੇ ਹੋਣ ਤਾਂ ਬੁੱਲਾਂ ਦਾ ਆਕਾਰ ਗੁਲਾਈ ਵਾਲਾ ਹੋ ਜਾਂਦਾ ਹੈ ਤਾਂ ਗੁਲਾਈ ਰਹਿਤ ਸਵਰਾਂ ਦਾ ਉਚਾਰਨ ਹੁੰਦਾ ਹੈ।

-ਵਿਅੰਜਨ: ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਪੌਣਧਾਰਾ ਨੂੰ ਰੁਕਾਵਟ ਪਾਈ ਜਾਂਦੀ ਹੈ, ਉਨ੍ਹਾਂ ਨੂੰ ਵਿਅੰਜਨ ਧੁਨੀਆਂ ਕਿਹਾ ਜਾਂਦਾ ਹੈ। ਇਨ੍ਹਾਂ ਦੀ ਵਰਗਵੰਡ ਦੇ ਅੱਗੋਂ ਕਈ ਹੋਰ ਆਧਾਰ ਹਨ:

ਨਾਦ ਯੰਤਰ ਦੀ ਸਥਿਤੀ: ਨਾਦ ਯੰਤਰ ਦੀ ਸਥਿਤੀ ਦੇ ਆਧਾਰ ’ਤੇ ਵਿਅੰਜਨ ਧੁਨੀਆਂ ਨੂੰ ਦੋ ਭਾਗਾਂ ਵਿਚ ਵੰਡਿਆਂ ਜਾਂਦਾ ਹੈ:

-ਨਾਦ ਰਹਿਤ: ਜਿਨ੍ਹਾਂ ਵਿਅੰਜਨ ਧੁਨੀਆਂ ਦੇ ਉਚਾਰਨ ਵੇਲੇ ਨਾਦ-ਤੰਦਾਂ ਵਿਚ ਕੰਬਾਹਟ ਪੈਦਾ ਨਾ ਹੋਵੇ, ਉਨ੍ਹਾਂ ਨੂੰ ਨਾਦ ਰਹਿਤ ਵਿਅੰਜਨ ਧੁਨੀਆਂ ਕਿਹਾ ਜਾਂਦਾ ਹੈ।

-ਨਾਦੀ: ਜਿਨ੍ਹਾਂ ਵਿਅੰਜਨ ਧੁਨੀਆਂ ਦੇ ਉਚਾਰਨ ਸਮੇਂ ਨਾਦ-ਤੰਦਾਂ ਵਿਚ ਕੰਬਾਹਟ ਪੈਦਾ ਹੋਵੇ ਤਾਂ ਨਾਦੀ ਵਿਅੰਜਨ ਧੁਨੀਆਂ ਉਚਰਿਤ ਹੁੰਦੀਆਂ ਹਨ।

ਕੋਮਲ ਤਾਲੂ ਦੀ ਸਥਿਤੀ: ਕੋਮਲ ਤਾਲੂ ਦੀ ਸਥਿਤੀ ਦੇ ਆਧਾਰ ’ਤੇ ਵਿਅੰਜਨ ਧੁਨੀਆਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ:

-ਨਾਸਿਕੀ ਵਿਅੰਜਨ: ਨਾਸਿਕੀ ਵਿਅੰਜਨ ਕੋਮਲ ਤਾਲੂ ਦੀ ਰੋਕ ਤੋਂ ਬਿਨਾਂ ਉਚਾਰੇ ਜਾਂਦੇ ਹਨ।

-ਮੌਖਿਕ ਵਿਅੰਜਨ: ਮੌਖਿਕੀ ਵਿਅੰਜਨ ਕੋਮਲ ਤਾਲੂ ਦੀ ਰੋਕ ਦੁਆਰਾ ਉਚਾਰੇ ਜਾਂਦੇ ਹਨ

ਪੌਣ ਧਾਰਾ ਦੀ ਮਾਤਰਾ: ਪੌਣਧਾਰਾ ਦੀ ਮਾਤਰਾ ਦੇ ਆਧਾਰ ’ਤੇ ਵਿਅੰਜਨ ਧੁਨੀਆਂ ਨੂੰ ਦੋ ਹਿੱਸਿਆਂ ਵਿਚ ਵੰਡਿਆਂ ਜਾਂਦਾ ਹੈ:

-ਅਲਪਪ੍ਰਾਣ: ਪ੍ਰਾਣ ਤੋਂ ਭਾਵ ਹੈ; ਸਾਹ। ਜਿਨ੍ਹਾਂ ਵਿਅੰਜਨਾਂ ਧੁਨੀਆਂ ਦੇ ਉਚਾਰਨ ਸਮੇਂ ਸਾਧਾਰਨ ਮਾਤਰਾ ਵਿਚ ਸਾਹ ਵਰਤਿਆ ਜਾਵੇ ਤਾਂ ਉਨ੍ਹਾਂ ਨੂੰ ਅਲਪਪ੍ਰਾਣ ਵਿਅੰਜਨ ਧੁਨੀਆਂ ਕਿਹਾ ਜਾਂਦਾ ਹੈ।

-ਮਹਾਂਪ੍ਰਾਣ: ਜਿਨ੍ਹਾਂ ਵਿਅੰਜਨ ਧੁਨੀਆਂ ਦੇ ਉਚਾਰਨ ਸਮੇਂ ਸਾਧਾਰਨ ਨਾਲੋਂ ਵੱਧ ਸਾਹ ਵਰਤਿਆ ਜਾਵੇ ਤਾਂ ਉਨ੍ਹਾਂ ਨੂੰ ਮਹਾਂਪ੍ਰਾਣ ਵਿਅੰਜਨ ਧੁਨੀਆਂ ਕਿਹਾ ਜਾਂਦਾ ਹੈ।

ਵਿਅੰਜਨ ਵਰਗੀਕਰਨ: ਵਿਅੰਜਨ ਧੁਨੀਆਂ ਦੇ ਵਰਗੀਕਰਨ ਲਈ ਦੋ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਕ ਵਿਧੀ ਤਾਂ ਡੇਵਿਡ ਐਬਰਕਰੋਂਬੀ (1977) ਨੇ ਪੌਣਧਾਰਾ ਵਿਧੀਆਂ ਆਧਾਰਿਤ ਸੁਝਾਈ ਹੈ**,** ਜਿਸ ਵਿਚ ਉਸਨੇ ਸੱਤ ਸਵਾਲਾਂ ਦੇ ਜਵਾਬਾਂ ਰਾਹੀਂ ਵਿਅੰਜਨਾਂ ਦੇ ਵਰਗੀਕਰਨ ਨੂੰ ਦਰਸਾਇਆ ਹੈ। ਜਿਵੇਂ: ਪੌਣਧਾਰਾ ਵਿਧੀ ਕਿਹੜੀ ਵਰਤੀ ਗਈ ਹੈ?, ਕੀ ਪੌਣਧਾਰਾ ਨਿਕਾਸੀ ਜਾਂ ਪ੍ਰਵੇਸ਼ੀ ਹੈ?, ਨਾਦ ਯੰਤਰ ਦੀ ਸਥਿਤੀ ਕੀ ਹੈ?, ਕੋਮਲ ਤਾਲੂ ਦੀ ਸਥਿਤੀ ਕੀ ਹੈ?, ਚੁਸਤ ਅੰਗ ਕਿਹੜੇ ਹਨ?, ਸੁਸਤ ਅੰਗ ਕਿਹੜੇ ਹਨ? ਅਤੇ ਸੁੰਗੇੜ ਦਾ ਦਰਜਾ ਅਤੇ ਪ੍ਰਕ੍ਰਿਤੀ ਕੀ ਹੈ?

ਦੂਜੀ ਵਿਧੀ ਪਰੰਪਰਾਈ ਵੰਡ ਦੀ ਹੈ; ਜਿਸ ਵਿਚ ਉਚਾਰਨ ਸਥਾਨ ਅਤੇ ਉਚਾਰਨ ਢੰਗ ਦੇ ਆਧਾਰ ’ਤੇ ਵਿਅੰਜਨਾਂ ਦਾ ਵਰਗੀਕਰਨ ਕੀਤਾ ਜਾਂਦਾ ਹੈ। ਉਚਾਰਨ ਸਥਾਨ ਉਸ ਜਗ੍ਹਾ ਨੂੰ ਕਿਹਾ ਜਾਂਦਾ ਹੈ, ਜਿੱਥੇ ਚੁਸਤ ਅਤੇ ਸੁਸਤ ਅੰਗ ਮਿਲ ਕੇ ਧੁਨੀ ਉਚਾਰਦੇ ਹਨ। ਇਹ ਚੁਸਤ ਅਤੇ ਸੁਸਤ ਅੰਗ ਮਿਲ ਕੇ ਪੌਣਧਾਰਾ ਦੇ ਵਹਾਅ ਨੂੰ ਕਿਵੇਂ ਰੁਕਾਵਟ ਪਾਉਂਦੇ ਹਨ, ਉਸ ਨੂੰ ਉਚਾਰਨ ਢੰਗ ਕਿਹਾ ਜਾਂਦਾ ਹੈ। ਪਰੰਪਰਾਈ ਵੰਡ ਅਨੁਸਾਰ ਵਿਅੰਜਨ ਧੁਨੀਆਂ ਛੇ ਉਚਾਰਨ ਸਥਾਨਾਂ ਤੋਂ ਉਚਾਰੀਆ ਜਾਂਦੀਆ ਹਨ: ਜਿਨ੍ਹਾਂ ਵਿਚ ਦੋ ਹੋਠੀ, ਦੰਤੀ, ਉਲਟਜੀਭੀ, ਤਾਲਵੀ, ਕੰਠੀ ਅਤੇ ਸੁਰ-ਯੰਤਰੀ ਨੂੰ ਸ਼ਾਮਲ ਕੀਤਾ ਜਾਂਦਾ ਹੈ। ਉਚਾਰਨ ਢੰਗ ਦੇ ਆਧਾਰ ਤੇ ਵਿਅੰਜਨ ਧੁਨੀਆਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ: ਡੱਕਵੀਆਂ ਅਤੇ ਅਡੱਕਵੀਆਂ ਧੁਨੀਆਂ। ਡੱਕਵੀਆਂ ਧੁਨੀਆਂ ਉਨ੍ਹਾਂ ਧੁਨੀਆਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦੇ ਉਚਾਰਨ ਸਮੇਂ ਫੇਫਿੜਆਂ ਵਿੱਚੋਂ ਉੱਪਰ ਨੂੰ ਆਉਂਦੀ ਪੌਣਧਾਰਾ ਨੂੰ ਕਿਸੇ ਨਾ ਕਿਸੇ ਉਚਾਰਨ ਸਥਾਨ ਤੇ ਰੋਕ ਕੇ ਛੱਡਿਆ ਜਾਂਦਾ ਹੈ। ਅਡੱਕਵੀਆਂ ਉਨ੍ਹਾਂ ਧੁਨੀਆਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੇ

ਉਚਾਰਨ ਸਮੇਂ ਫੇਫੜਿਆਂ ਵਿੱਚੋਂ ਆਉਂਦੀ ਪੌਣਧਾਰਾ ਨੂੰ ਘੱਟ-ਵੱਧ ਰੁਕਾਵਟ ਪਾ ਕੇ ਉਚਾਰਿਆ ਜਾਂਦਾ ਹੈ। ਅਡੱਕਵੀਆਂ ਧੁਨੀਆਂ ਦੀ ਸ਼੍ਰੇਣੀ ਵਿਚ ਨਾਸਿਕੀ, ਪਾਰਸ਼ਵਿਕ, ਫਲੈਪ, ਸੰਘਰਸੀ ਅਤੇ ਅਰਧ-ਸਵਰਾਂ ਨੂੰ ਰੱਖਿਆ ਜਾਂਦਾ ਹੈ।

ਅਖੰਡੀ ਧੁਨੀਆਂ: ਧੁਨੀਵਿਉਂਤ ਵਿਚ ਸਵਰ/ ਵਿਅੰਜਨ ਦੀ ਵਰਗਵੰਡ ਤੋਂ ਇਲਾਵਾ, ਕੁੱਝ ਹੋਰ ਧੁਨੀਆਤਮਕ ਤੱਤਾਂ ਦੀ ਪਛਾਣ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਅਖੰਡੀ ਧੁਨੀਆਂ ਕਿਹਾ ਜਾਂਦਾ ਹੈ। ਜਿਵੇਂ: ਬਲ, ਨਾਸਿਕਤਾ, ਸੁਰ, ਅਤੇ ਸੰਗਮ ਆਦਿ ਅਖੰਡੀ ਧੁਨੀਆਂ ਵਜੋਂ ਸਥਾਪਿਤ ਧੁਨੀਆਤਮਕ ਇਕਾਈਆਂ ਹਨ। ਟ੍ਰਬਟਜ਼ਕਾਏ ਨੇ ਇਸ ਲਈ 'ਪਰੋਸੋਡਿਕ' ਅਤੇ ਕੇ.ਐਲ.ਪਾਇਕ ਨੇ 'ਸੁਪਰਾਸੈਗਮੈਂਟਲ' ਮਦ ਦੀ ਵਰਤੋਂ ਕੀਤੀ ਹੈ। ਪੰਜਾਬੀ ਵਿਚ ਇਸ ਲਈ ਅਖੰਡੀ ਮਦ ਪ੍ਰਚੱਲਿਤ ਹੈ।

ਬਲ (Stress): ਧੁਨੀਵਿਉਂਤ ਵਿਚ 'ਬਲ (Stress)' ਦਾ ਸੰਕਲਪ ਵੀ ਇਕ ਅਖੰਡੀ ਧੁਨੀ ਵਜੋਂ ਵਰਤਿਆ ਜਾਂਦਾ ਹੈ। ਦਰਅਸਲ ਸੰਸਾਰ ਦੀਆਂ ਕੁੱਝ ਭਾਸ਼ਾਵਾਂ ਵਿਚ 'ਬਲ' ਇਕ ਨਿਖੇੜੂ ਤੇ ਸਾਰਥਕ ਅਖੰਡੀ ਧੁਨੀ ਵਜੋਂ ਕਾਰਜਸ਼ੀਲ ਹੁੰਦਾ ਹੈ। ਬਲ ਦੇ ਪੱਖ ਤੋਂ ਵੀ ਭਾਸ਼ਾਵਾਂ ਨੂੰ ਦੋ ਵਰਗਾਂ ਵਿਚ ਵੰਡਿਆਂ ਜਾਂਦਾ ਹੈ: ਇਕ ਨਿਸ਼ਚਿਤ ਬਲ ਵਾਲੀਆਂ ਭਾਸ਼ਾਵਾਂ ਅਤੇ ਦੂਜਾ ਅਨਿਸ਼ਚਿਤ ਬਲ ਵਾਲੀਆਂ ਭਾਸ਼ਾਵਾਂ। ਪਹਿਲੀ ਭਾਂਤ ਦੀਆਂ ਭਾਸ਼ਾਵਾਂ ਉਹ ਹੁੰਦੀਆਂ ਹਨ ਜਿਨ੍ਹਾਂ ਵਿਚ ਬਹੁ-ਉਚਾਰਖੰਡੀ ਸ਼ਬਦਾਂ ਵਿਚ ਬਲ ਦੀ ਸਥਿਤੀ ਪੱਕੇ ਤੌਰ 'ਤੇ ਨਿਰਧਾਰਤ ਹੁੰਦੀ ਹੈ ਕਿ ਬਲ ਸ਼ਬਦ ਦੇ ਕਿਸ ਉਚਾਰਖੰਡ 'ਤੇ ਹੋਵੇਗਾ। ਭਾਸ਼ਾਵਾਂ ਦੀ ਇਸ ਸ਼੍ਰੇਣੀ ਵਿਚ ਫਰਾਂਸੀਸੀ ਭਾਸ਼ਾ ਹੈ; ਜਿਸ ਵਿਚ ਬਲ ਹਮੇਸ਼ਾ ਸ਼ਬਦ ਦੇ ਅਖੀਰੀ ਉਚਾਰਖੰਡ 'ਤੇ ਹੁੰਦਾ ਹੈ। ਚੈੱਕ ਅਤੇ ਫਿਨਿਸ਼ ਭਾਸ਼ਾਵਾਂ ਵਿਚ ਬਲ ਸ਼ਬਦ ਦੇ ਪਹਿਲੇ ਉਚਾਰਖੰਡ 'ਤੇ ਹੁੰਦਾ ਹੈ। ਦੂਜੇ ਵਰਗ ਦੀਆਂ ਉਹ ਭਾਸ਼ਾਵਾਂ ਹਨ ਜਿਨ੍ਹਾਂ ਵਿਚ ਬਲ ਸ਼ਬਦ ਵਿਚਲੀ ਬਣਤਰ ਅਨੁਸਾਰ ਆਪਣਾ ਸਥਾਨ ਬਦਲਦਾ ਰਹਿੰਦਾ ਹੈ। ਇਸ ਵਰਗ ਦੀਆਂ ਮੁੱਖ ਭਾਸ਼ਾਵਾਂ ਵਿਚ ਸਪੇਨਿਸ਼, ਰੂਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਸ਼ਾਮਲ ਹਨ।

ਬਲ ਵਾਸਤਵ ਵਿਚ ਉਚਾਰ-ਸ਼ਕਤੀ ਦੀ ਵੱਧ ਮਾਤਰਾ ਦਾ ਨਾਮ ਹੈ। ਧੁਨੀਵਿਉਂਤ ਦੇ ਖੇਤਰ ਵਿਚ ਜਦੋਂ ਕਿਸੇ ਧੁਨੀ, ਉਚਾਰਖੰਡ ਦਾ ਉਚਾਰਨ ਕੀਤਾ ਜਾਂਦਾ ਹੈ ਤਾਂ ਸ਼ਬਦਾਂ ਵਿਚਲੀਆਂ ਧੁਨੀਆਂ/ਉਚਾਰਖੰਡਾਂ ਉੱਤੇ ਇਕਸਾਰ ਦਬਾ ਨਹੀਂ ਪਾਇਆ ਜਾਂਦਾ। ਭਾਵ ਸਾਹ ਦੀ ਹਵਾ ਕਿਤੇ ਬਲ ਸਹਿਤ ਬਾਹਰ ਨੂੰ ਨਿਕਲਦੀ ਹੈ ਅਤੇ ਕਿਤੇ ਬਲ ਰਹਿਤ। ਜਦੋਂ ਸ਼ਬਦਾਂ ਵਿਚਲੇ ਉਚਾਰਖੰਡਾਂ ਉੱਤੇ ਬਲ ਦੀ ਸਥਿਤੀ ਬਦਲਣ ਨਾਲ ਸ਼ਬਦਾਂ ਦੇ ਅਰਥਾਂ ਵਿਚ ਅੰਤਰ ਆ ਜਾਵੇ ਤਾ ਸਾਰਥਕ ਅਖੰਡੀ ਧੁਨੀ ਬਲ

ਦੀ ਉਤਪਤੀ ਹੁੰਦੀ ਹੈ। ਆਰ.ਐਚ.ਰੋਬਿਨਸ (ਉਹੀ:85) ਅਨੁਸਾਰ ਬਲ ਕਿਸੇ ਉਚਾਰਖੰਡ ਦੀ ਖਾਸ ਇਕਾਈ ਦੇ ਉਚਾਰਨ ਵਿਚ ਮੁਕਾਬਲਤਨ ਵਧੇਰੇ ਦਬਾ ਦੇਣ ਦਾ ਨਾਮ ਹੈ।[5] ਸਪੱਸ਼ਟ ਹੈ ਕਿ ਇਕ ਉਚਾਰਨ-ਜੁਗਤ ਵਜੋਂ ਬਲ ਦੀ ਹੋਂਦ ਬਹੁ-ਉਚਾਰਖੰਡੀ ਸ਼ਬਦਾਂ ਵਿਚ ਹੀ ਹੋਵੇਗੀ।

ਨਾਸਿਕਤਾ (Nasalization): ਧੁਨੀਵਿਉਂਤ ਵਿਚ ਨਾਸਿਕਤਾ ਅਤੇ ਨਾਸਿਕੀ ਵਿਅੰਜਨ ਦੋ ਵੱਖ-ਵੱਖ ਭਾਸ਼ਾ ਵਿਗਿਆਨਕ ਸੰਕਲਪ ਹਨ। ਨਾਸਿਕੀ ਵਿਅੰਜਨ ਦਾ ਸੰਬੰਧ ਉਚਾਰਨ ਸਥਾਨ ਨਾਲ ਹੈ ਪਰ ਨਾਸਿਕਤਾ ਦਾ ਸੰਬੰਧ ਉਚਾਰਨ ਪ੍ਰਕਿਰਿਆ ਨਾਲ ਹੈ। ਇਕ ਅਖੰਡੀ ਧੁਨੀ ਵਜੋਂ ਨਾਸਿਕਤਾ ਦਾ ਸੰਬੰਧ ਸਿਰਫ਼ ਸਵਰਾਂ ਨਾਲ ਹੁੰਦਾ ਹੈ। ਸੁਖਵਿੰਦਰ ਸਿੰਘ ਸੰਘਾ (2014: 168) ਅਨੁਸਾਰ, "ਮੌਖਿਕ ਸਵਰਾਂ ਨੂੰ ਨਾਸਿਕੀ ਸਵਰਾਂ ਵਿਚ ਤਬਦੀਲ ਕਰਨ ਦੀ ਪ੍ਰਕਿਰਿਆ ਨੂੰ ਨਾਸਿਕਤਾ ਕਿਹਾ ਜਾਂਦਾ ਹੈ। /ਮ, ਨ, ਣ, ਞ, ਙ/ ਨਾਸਕੀ ਵਿਅੰਜਨ ਹਨ ਪਰ /ਆ/ ਸਵਰ ਨੂੰ /ਆਂ/ ਵਿਚ ਤਬਦੀਲ ਕਰਨਾ ਨਾਸਿਕਤਾ ਹੈ।" ਭਾਸ਼ਾ ਪ੍ਰਕਾਰਜ ਦੀ ਦ੍ਰਿਸ਼ਟੀ ਤੋਂ ਨਾਸਿਕਤਾ ਨੂੰ ਦੋ ਵਰਗਾਂ ਵਿਚ ਵੰਡਿਆਂ ਜਾਂਦਾ ਹੈ:

ਨਿਰਾਰਥਕ ਨਾਸਿਕਤਾ: ਨਿਰਾਰਥਕ ਨਾਸਿਕਤਾ ਰਾਹੀਂ ਸ਼ਬਦਾਂ ਦੇ ਉਚਾਰਨ ਵਿਚ ਅੰਤਰ ਹੋਣ ਨਾਲ, ਸ਼ਬਦਾਂ ਦੇ ਕੋਸ਼ਗਤ ਅਰਥਾਂ ਵਿਚ ਕੋਈ ਅੰਤਰ ਨਹੀਂ ਹੁੰਦਾ।

ਸਾਰਥਕ ਨਾਸਿਕਤਾ: ਸਾਰਥਕ ਨਾਸਿਕਤਾ ਰਾਹੀਂ ਸ਼ਬਦਾਂ ਦੇ ਉਚਾਰਨ ਵਿਚ ਅੰਤਰ ਹੋਣ ਨਾਲ ਸ਼ਬਦ ਸ਼੍ਰੇਣੀ ਵਿਚ ਵੀ ਤਬਦੀਲੀ ਵਾਪਰਦੀ ਹੈ। ਸ਼ਬਦ ਸ਼੍ਰੇਣੀ ਪਰਿਵਰਤਨ ਦੀ ਦ੍ਰਿਸ਼ਟੀ ਤੋਂ ਸਾਰਥਕ ਨਾਸਿਕਤਾ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ: ਸ਼੍ਰੇਣੀ ਰੱਖਿਅਕ ਅਤੇ ਸ਼੍ਰੇਣੀ ਬਦਲੂ। ਸ਼੍ਰੇਣੀ ਰੱਖਿਅਕ ਨਾਸਿਕਤਾ ਵਿਚ ਨਾਸਿਕਤਾ ਦੀ ਵਰਤੋਂ ਨਾਲ ਸ਼ਬਦਾਂ ਦੇ ਕੋਸ਼ਗਤ ਅਰਥਾਂ ਵਿਚ ਤਬਦੀਲੀ ਆਉਂਦੀ ਹੈ। ਪਰ ਉਨ੍ਹਾਂ ਦੀ ਸ਼ਬਦ ਸ਼੍ਰੇਣੀ ਸਥਿਰ ਰਹਿੰਦੀ ਹੈ। ਸ਼੍ਰੇਣੀ ਬਦਲੂ ਵਿਚ ਨਾਸਿਕਤਾ ਦੀ ਵਰਤੋਂ ਨਾਲ ਸ਼ਬਦਾਂ ਦੇ ਕੋਸ਼ਗਤ ਅਰਥਾਂ ਵਿਚ ਪਰਿਵਰਤਨ ਹੋਣ ਦੇ ਨਾਲ-ਨਾਲ ਉਨ੍ਹਾਂ ਦੀ ਸ਼ਬਦ ਸ਼੍ਰੇਣੀ ਵੀ ਪਰਿਵਰਤਿਤ ਹੋ ਜਾਂਦੀ ਹੈ।

---

[5] "Stress is a generic term for the relatively greater force exerted in the articulation of part of an uuterance."

ਸੁਰ (Tone): ਡੈਵਿਡ ਕ੍ਰਿਸਟਲ (2003:309) ਅਨੁਸਾਰ, "ਧੁਨੀਵਿਉਂਤ ਦੇ ਖੇਤਰ ਵਿਚ ਸੁਰ ਉਚਾਰਖੰਡ ਦੀ ਨਿਖੇੜੂ ਸਾਰਥਕ ਤਾਨ ਪੱਧਰ ਹੈ।"[6] ਸੁਰ ਲਹਿਰ (Intonation) ਦੇ ਖੇਤਰ ਵਿਚ ਸੁਰ-ਕ੍ਰਮ ਨੂੰ ਕੰਟੂਰ ਜਾਂ ਸੁਰ ਇਕਾਈ ਕਿਹਾ ਜਾਂਦਾ ਹੈ। ਇਸ ਸੰਦਰਭ ਵਿਚ ਕੇ.ਐਲ.ਪਾਇਕ (1948:05) ਨੇ ਦੋ ਤਰ੍ਹਾਂ ਦੀਆਂ ਸੁਰ ਭਾਸ਼ਾਵਾਂ ਦੀ ਪਛਾਣ ਕੀਤੀ ਹੈ। ਰਜਿਸਟਰ ਸੁਰ ਭਾਸ਼ਾਵਾਂ (Register Tone language) ਅਤੇ ਕੰਟੂਰ ਸੁਰ ਭਾਸ਼ਾਵਾਂ (Contour Tone language)। ਰਜਿਸਟਰ ਸੁਰ ਨਾ ਚੜ੍ਹਦੀ ਹੈ ਅਤੇ ਨਾ ਹੀ ਲਹਿੰਦੀ ਹੈ ਸਗੋਂ ਇਕ ਸਮਾਨਾਂਤਰ ਪਿੱਚ ਲੈਵਲ ਤੇ ਵਿਚਰਦੀ ਹੈ। ਇਸ ਦੇ ਉਲਟ ਕੰਟੂਰ ਸੁਰ ਇਕ ਲੈਵਲ ਤੇ ਨਹੀਂ ਵਿਚਰਦੀ ਸਗੋਂ ਘੱਟਦੀ-ਵੱਧਦੀ ਰਹਿੰਦੀ ਹੈ। ਅਫਰੀਕਨ ਭਾਸ਼ਾਵਾਂ ਰਜਿਸਟਰ ਅਤੇ ਪੂਰਬੀ ਭਾਸ਼ਾਵਾਂ ਕੰਟੂਰ ਸੁਰ ਭਾਸ਼ਾਵਾਂ ਹਨ। ਪੰਜਾਬੀ ਭਾਸ਼ਾ ਦੀ ਸੁਰ ਕੰਟੂਰ ਹੈ। ਕੰਟੂਰ ਭਾਸ਼ਾਵਾਂ ਦੀ ਸੁਰ ਵੀ ਹਮੇਸ਼ਾ ਚੜ੍ਹਦੀ ਜਾਂ ਲਹਿੰਦੀ ਨਹੀਂ ਰਹਿੰਦੀ ਸਗੋਂ ਇਹ ਇਕ ਲੈਵਲ ਤੇ ਵੀ ਆ ਜਾਂਦੀ ਹੈ। ਜਿਵੇਂ; ਪੰਜਾਬੀ ਸ਼ਬਦ 'ਮਾਂ' ਦੀ ਸੁਰ ਪੱਧਰੀ ਜਾਂ ਲੈਵਲ ਹੀ ਰਹਿੰਦੀ ਹੈ।

ਦਰਅਸਲ ਮਨੁੱਖੀ ਬੋਲ ਯੰਤਰ ਵਿਚ ਨਾਦ-ਤੰਦਾਂ ਦੀ ਕੰਬਾਹਟ ਬੋਲਣ ਵੇਲੇ ਵਦਦੀ-ਘਟਦੀ ਰਹਿੰਦੀ ਹੈ। ਨਾਦ-ਤੰਦਾ ਦੀ ਕੰਬਾਹਟ ਦੀ ਬਾਰੰਬਾਰਤਾ ਜਿੰਨੀ ਉੱਚੀ ਹੋਵੇਗੀ ਉੱਨੀ ਹੀ ਪਿੱਚ ਜਾਂ ਤਾਨ ਵੀ ਉੱਚੀ ਹੋਵੇਗੀ। ਜਦੋਂ ਇਹ ਪਿੱਚ ਪੈਟਰਨ ਸ਼ਬਦ-ਸੰਰਚਨਾ ਵਿਚ ਸਾਰਥਕ ਭੂਮਿਕਾ ਨਿਭਾਉਂਦੇ ਹਨ ਤਾਂ ਸੁਰ ਦੀ ਉਤਪਤੀ ਹੁੰਦੀ ਹੈ। ਇਉਂ ਸੁਰ ਦਾ ਮੂਲ ਆਧਾਰ ਪਿੱਚ ਹੈ। ਆਰ.ਐਚ.ਰੋਬਿਨਸ (ਉਹੀ:118) ਅਨੁਸਾਰ ਨਾਦ ਤੰਦਾਂ ਦੀ ਕੰਬਾਹਟ ਵਿਚ ਗਤੀ ਦਾ ਉਤਰਾ-ਚੜਾਅ ਧੁਨੀਆਤਮਕ ਦ੍ਰਿਸ਼ਟੀ ਤੋਂ ਉੱਚੀਆਂ ਜਾਂ ਨੀਵੀਆਂ ਆਵਾਜ਼ਾਂ ਪੈਦਾ ਕਰਦਾ ਹੈ। ਇਹ ਸੁਰ ਦਾ ਫੋਨੈਟਿਕ ਪੱਖ ਹੈ। ਫੋਨੀਮਿਕ ਪੱਧਰ ਉੱਤੇ ਨਾਦ-ਤੰਦਾਂ ਦੀ ਕੰਬਾਹਟ ਦਾ ਉਤਰਾਅ-ਚੜਾਅ ਜਦੋਂ ਸ਼ਬਦ-ਪੱਧਰ 'ਤੇ ਸਾਰਥਕ ਹੁੰਦਾ ਹੈ ਤਾਂ ਇਸ ਨੂੰ ਅਖੰਡੀ ਧੁਨੀ 'ਸੁਰ' ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਇਹੋ ਪਿੱਚ ਦਾ ਵਧਣਾ-ਘਟਣਾ ਜਦੋਂ ਸ਼ਬਦ ਤੋਂ ਵੱਡੀ ਇਕਾਈ ਉਪਵਾਕ ਜਾਂ ਵਾਕ ਦੇ ਪੱਧਰ 'ਤੇ ਸਾਰਥਕ ਹੁੰਦਾ ਹੈ ਤਾਂ ਇਸ ਨੂੰ 'ਵਾਕ ਸੁਰ' ਕਿਹਾ ਜਾਂਦਾ ਹੈ।

---

[6] Tone, a term used in phonology to refer to the distinctive pitch level of syllable.

ਸੁਰ ਭਾਸ਼ਾਵਾਂ ਵਿਚ ਸੁਰ ਦੋ ਤਰ੍ਹਾਂ ਦਾ ਪ੍ਰਕਾਰਜ ਕਰਦੀ ਹੈ: ਸ਼ਾਬਦਿਕ ਪ੍ਰਕਾਰਜ ਅਤੇ ਵਿਆਕਰਨਕ ਪ੍ਰਕਾਰਜ। ਸੁਰ ਦੇ ਸ਼ਾਬਦਿਕ ਪ੍ਰਕਾਰਜ ਦਾ ਸੰਬੰਧ ਸ਼ਬਦ ਦੇ ਅਰਥ ਨਾਲ ਹੁੰਦਾ ਹੈ।ਇਸ ਤਰ੍ਹਾਂ ਸੁਰ ਦੇ ਬਦਲਣ ਨਾਲ ਸ਼ਬਦਾਂ ਦੇ ਕੋਸ਼ੀ ਅਰਥਾਂ ਵਿਚ ਪਰਿਵਰਤਨ ਆਉਂਦਾ ਹੈ। ਪਰ ਜਦੋਂ ਇਹ ਪਰਿਵਰਤਨ ਸ਼ਬਦ ਤੋਂ ਵੱਡੀ ਇਕਾਈ ਵਾਕ ਦੀ ਪੱਧਰ 'ਤੇ ਵਿਚਰਦਾ ਹੈ ਤਾਂ ਉਸ ਨੂੰ ਸੁਰ ਦਾ ਵਿਆਕਰਨਕ ਪ੍ਰਕਾਰਜ ਕਿਹਾ ਜਾਂਦਾ ਹੈ।

ਸੰਗਮ (Juncture): ਧੁਨੀਵਿਉਂਤਕ ਅਧਿਐਨ ਵਿੱਚ ਸੰਗਮ ਵੀ ਇਕ ਸਾਰਥਕ ਅਖੰਡੀ ਧੁਨੀ ਸਥਾਪਤ ਕੀਤੀ ਗਈ ਹੈ। ਟ੍ਰੇਗਰ (1962) ਨੇ ਸੱਭ ਤੋਂ ਪਹਿਲਾਂ ਸੰਗਮ ਦੇ ਅਰਥਾਂ ਵਿੱਚ 'Juncture' ਸ਼ਬਦ ਦੀ ਵਰਤੋਂ 1939 ਵਿੱਚ ਬਲਾਕ ਨਾਲ ਕੀਤੇ ਇਕ ਪੱਤਰ-ਵਿਹਾਰ ਵਿੱਚ ਕੀਤੀ। ਬਲਾਕ ਤੇ ਟ੍ਰੇਗਰ (1962:35) ਨੇ Juncture ਨੂੰ ਤੀਜੀ ਕਿਸਮ ਦਾ ਪਾਰਖੰਡੀ ਲੱਛਣ ਮੰਨਿਆਂ ਹੈ। ਦਰਅਸਲ ਭਾਸ਼ਕ ਉਚਾਰਨ ਦਰਮਿਆਨ ਜੋ ਅੰਤਰਾਲ ਹੁੰਦਾ ਹੈ, ਧੁਨੀਵਿਉਂਤਕ ਨਜ਼ਰੀਏ ਤੋਂ ਜਦੋਂ ਉਹ ਸਾਰਥਕ ਹੁੰਦਾ ਹੈ ਤਾਂ ਉਥੇ ਹੀ ਅਖੰਡੀ ਧੁਨੀ ਸੰਗਮ ਦੀ ਉਤਪਤੀ ਹੁੰਦੀ ਹੈ। ਭਾਵ ਭਾਸ਼ਾ ਦੀ ਬੋਲਧਾਰਾ ਦੀ ਨਿਰੰਤਰਤਾ ਵਿੱਚ ਸਾਰਥਕ ਵਿੱਥ ਹੀ ਸੰਗਮ ਦਾ ਪਛਾਣ-ਲੱਛਣ ਹੈ। ਪ੍ਰੇਮ ਪ੍ਰਕਾਸ਼ ਸਿੰਘ (1999:388) ਅਨੁਸਾਰ, "ਸੰਗਮ ਧੁਨੀਆਤਮਕ ਹੱਦਬੰਦੀ ਦੀ ਵਿਸ਼ੇਸ਼ਤਾ ਦਾ ਸੂਚਕ ਸੰਕਲਪ ਹੈ ਜੋ ਕਿ ਵਿਆਕਰਣਿਕ ਇਕਾਈਆਂ ਵਿਚ ਸੀਮਾ-ਰੇਖਾ ਨਿਰਧਾਰਤ ਕਰਦਾ ਹੈ।" ਸੰਗਮ ਧੁਨੀਆਤਮਕ ਪੱਧਰ ਉੱਤੇ ਉਚਾਰਖੰਡ ਆਧਾਰਿਤ ਇਕਾਈ ਵੀ ਹੈ।

ਉਚਾਰਖੰਡ (Syllable): ਧੁਨੀਵਿਉਂਤ ਵਿਚ ਭਾਸ਼ਾ-ਧੁਨੀਆਂ ਨੂੰ ਜੋੜ ਕੇ ਇਨ੍ਹਾਂ ਤੋਂ ਵੱਡੀ ਇਕਾਈ ਉਚਾਰਖੰਡ ਸਥਾਪਿਤ ਕੀਤੀ ਜਾਂਦੀ ਹੈ। ਉਚਾਰਖੰਡ ਉਚਾਰਨ ਪ੍ਰਣਾਲੀ ਦੀ ਇਕ ਅਹਿਮ ਇਕਾਈ ਹੁੰਦੀ ਹੈ ਜੋ ਕਿ ਸ਼ਬਦ ਦਾ ਬੋਲ-ਭਾਗ ਹੈ। ਉਚਾਰਖੰਡ ਉਚਾਰਨ ਦਾ ਉਹ ਖੰਡਨ ਹੈ ਜੋ ਦੋ ਠਹਿਰਾਵਾਂ ਦੇ ਦਰਮਿਆਨ ਸਾਕਾਰ ਹੁੰਦਾ ਹੈ। ਇਕ ਸ਼ਬਦ ਉਚਾਰੇ ਜਾਣ ਤੋਂ ਬਾਅਦ ਜਿੰਨੇ ਹਿੱਸਿਆਂ ਵਿਚ ਕੱਟ ਕੇ ਉਚਾਰਿਆ ਜਾਵੇ, ਉਸ ਸ਼ਬਦ ਦੇ ਉੰਨੇ ਹੀ ਉਚਾਰਖੰਡ ਹੋਣਗੇ। ਪ੍ਰੇਮ ਪ੍ਰਕਾਸ਼ ਸਿੰਘ (ਉਹੀ: 368) ਨੇ ਲਿਖਿਆ ਹੈ ਕਿ "ਉਚਾਰਖੰਡ ਉਚਾਰਨ ਪ੍ਰਣਾਲੀ ਦਾ ਇਕ ਯੂਨਿਟ ਹੈ ਜੋ 'ਧੁਨੀ' ਤੋਂ ਵਡੇਰਾ ਅਤੇ 'ਸ਼ਬਦ' ਤੋਂ ਛੋਟੇਰਾ ਹੈ।" ਉਚਾਰਖੰਡ ਅਜਿਹੀ ਧੁਨੀਆਤਮਕ ਇਕਾਈ ਹੈ ਜੋ ਉਚਾਰਨ ਸਮੇਂ ਦੋ ਰੋਕਾਂ ਦੇ ਵਿਚਕਾਰ ਸਾਕਾਰ ਹੁੰਦੀ ਹੈ। ਇਕ ਸ਼ਬਦ ਵਿਚ ਜਿੰਨੇ ਵੀ ਸਵਰ ਹੁੰਦੇ ਹਨ ਉਸ ਵਿਚ ਉੰਨੇ ਹੀ ਉਚਾਰਖੰਡ ਹੁੰਦੇ ਹਨ। ਇਸ ਤੋਂ ਭਾਵ ਇਹ ਹੈ ਕਿ ਉਚਾਰਖੰਡ ਦਾ ਮੁੱਖ ਹਿੱਸਾ

'ਸਵਰ' ਹੁੰਦਾ ਹੈ। ਉਚਾਰਖੰਡ ਦੀ ਸੰਰਚਨਾ ਵਿਚ ਇਕ ਸਵਰ ਧੁਨੀ ਲਾਜ਼ਮੀ (ਕੇਂਦਰੀ) ਤੱਤ ਹੁੰਦਾ ਹੈ। ਉਚਾਰ ਖੰਡ ਦੇ ਤਿੰਨ ਹਿੱਸੇ ਹੁੰਦੇ ਹਨ: onset, nucleus ਤੇ coda। ਵੱਖ-ਵੱਖ ਭਾਸ਼ਾਵਾਂ ਦੀ ਉਚਾਰਖੰਡ ਸੰਰਚਨਾ ਵਿਵਿਧ ਭਾਂਤੀ ਹੁੰਦੀ ਹੈ।

ਧੁਨੀ ਵਿਗਿਆਨਕ ਦ੍ਰਿਸ਼ਟੀ ਤੋਂ ਉਚਾਰਖੰਡ ਨੂੰ ਦੋ ਭਾਗਾਂ ਵਿਚ ਵੰਡਿਆਂ ਜਾਂਦਾ ਹੈ। 1.ਖੁੱਲੇ ਉਚਾਰਖੰਡ 2.ਬੰਦ ਉਚਾਰਖੰਡ। ਖੁੱਲੇ ਉਚਾਰਖੰਡ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੇ ਅੰਤ ਤੇ ਰੋਕ-ਪਾਊ ਵਿਅੰਜਨ ਨਹੀਂ ਵਿਚਰਦਾ ਅਤੇ ਇਸ ਵਿਚ ਉਚਾਰਖੰਡ ਦਾ ਅੰਤ ਸਵਰ ਨਾਲ ਹੁੰਦਾ ਹੈ। ਪਰ ਬੰਦ ਉਚਾਰਖੰਡ ਵਿਚ ਉਚਾਰਖੰਡ ਦੇ ਅੰਤ ਤੇ ਰੋਕ-ਪਾਊ ਵਿਅੰਜਨ ਮੌਜੂਦ ਹੁੰਦਾ ਹੈ। ਇਸ ਵਿਚ ਉਚਾਰਖੰਡ ਦਾ ਅੰਤ ਵਿਅੰਜਨ ਨਾਲ ਹੁੰਦਾ ਹੈ।

1.4.2 ਧੁਨੀ, ਧੁਨੀਮ ਅਤੇ ਸਹਿ ਧੁਨੀ: ਭਾਸ਼ਾ ਦੀ ਛੋਟੀ ਤੋਂ ਛੋਟੀ ਧੁਨੀਆਤਮਕ ਇਕਾਈ ਨੂੰ ਧੁਨੀਮ (Phoneme) ਕਿਹਾ ਜਾਂਦਾ ਹੈ। ਭਾਸ਼ਾ ਧੁਨੀ ਦੇ ਸੰਕਲਪ ਨੂੰ ਸਪੱਸ਼ਟ ਕਰਨ ਲਈ ਧੁਨੀ (Phone), ਧੁਨੀਮ (Phoneme) ਅਤੇ ਸਹਿ ਧੁਨੀ (Allo phone) ਦੇ ਸੰਕਲਪ ਨੂੰ ਸਮਝਣਾ ਲਾਜ਼ਮੀ ਹੈ। ਧੁਨੀ ਵਿਗਿਆਨ ਦੀ ਮੁੱਖ ਇਕਾਈ 'ਧੁਨੀ' (phone) ਹੈ ਅਤੇ ਧੁਨੀਵਿਉਂਤ ਦੀ ਮੁੱਖ ਇਕਾਈ 'ਧੁਨੀਮ' (phoneme) ਹੈ। ਧੁਨੀ ਆਵਾਜ਼ ਦਾ ਭੌਤਿਕ ਪੱਖ ਹੈ ਜਦਕਿ ਧੁਨੀਮ ਉਸਦਾ ਭਾਸ਼ਾਈ ਪ੍ਰਕਾਰਜ। ਧੁਨੀ ਇਕ 'sound Unit' ਹੈ, ਇਹ ਇਕ ਭੌਤਿਕ ਸੱਚ ਹੈ। ਡੈਵਿਡ ਕ੍ਰਿਸਟਲ (ਉਹੀ: 347) ਧੁਨੀ ਨੂੰ ਧੁਨੀ ਵਿਗਿਆਨ ਦੀ ਛੋਟੀ ਇਕਾਈ ਵਜੋਂ ਸਵੀਕਾਰ ਕਰਦਾ ਹੈ।[7] ਧੁਨੀਗ੍ਰਾਮ ਇਕ ਅਮੂਰਤ (Abstraction) ਇਕਾਈ ਹੈ। ਇਹ ਭਾਸ਼ਿਕ ਸੰਰਚਨਾ ਦੀ ਛੋਟੀ ਤੋਂ ਛੋਟੀ ਲਘੂਤਮ ਇਕਾਈ ਹੈ। ਇਹ ਕਿਸੇ ਖਾਸ ਭਾਸ਼ਾ ਦੀ ਨਿਖੇੜੂ ਇਕਾਈ ਹੈ। ਧੁਨੀਮ ਕਿਸੇ ਖਾਸ ਭਾਸ਼ਾ ਦੇ ਧੁਨੀ ਸਿਸਟਮ ਵਿਚ ਆਪਸੀ ਵਿਰੋਧ ਵਿਚ ਸਥਿਰ ਰਹਿੰਦੇ ਹਨ। ਡੈਵਿਡ ਕ੍ਰਿਸਟਲ (ਉਹੀ :347) ਇਸਨੂੰ ਲਘੁਤਮ ਇਕਾਈ ਵਜੋਂ ਪ੍ਰਵਾਨ ਕਰਦਾ ਹੈ।[8] ਸਹਿ ਧੁਨੀ ਇਕ ਪ੍ਰਕਾਰਜੀ ਇਕਾਈ (Functional) ਹੈ। ਧੁਨੀ ਦੇ ਪ੍ਰਸੰਗਿਕ ਧੁਨੀਆਤਮਕ ਵਖਰੇਵੇਂ ਨੂੰ

---

[7] "A term used in phonetics to refer to the smallest perceptible discrete segment of sound in a stream of speech (phonic continuum or phonic substance)"

[8] "Phoneme is a minimal unit in the sound system of a language."

ਸਹਿ ਧੁਨੀ ਕਿਹਾ ਜਾਂਦਾ ਹੈ। ਧੁਨੀ ਸੰਰਚਨਾ ਦੇ ਅਧਿਐਨ ਵੇਲੇ ਮੁੱਢਲੀ ਸਮੱਸਿਆ ਇਹ ਰਹੀ ਹੈ ਕਿ ਇਸ ਦੀ ਪਛਾਣ ਕਿਵੇਂ ਕੀਤੀ ਜਾਵੇ? ਧੁਨੀਮ ਨੂੰ ਮੁੱਖ ਰੂਪ ਵਿਚ ਚਾਰ ਭਾਸ਼ਾ ਵਿਗਿਆਨਕ ਦ੍ਰਿਸ਼ਟੀਕੋਣਾ ਤੋਂ ਬਿਆਨ ਕੀਤਾ ਗਿਆ ਹੈ।

(i) ਮਨੋਵਿਗਿਆਨਕ ਧਾਰਨਾ (Psychological View): ਧੁਨੀਮ ਪ੍ਰਤੀ ਮਨੋਵਿਗਿਆਨਕ ਦ੍ਰਿਸ਼ਟੀ ਪੋਲੈਂਡ ਦੇ ਭਾਸ਼ਾ ਵਿਗਿਆਨੀ ਕਾਰਟਨੇਯ (Baudouin de coutenay 1845-1929) ਨੇ ਦਿੱਤੀ। ਮਨੋਵਿਗਿਆਨਕ ਦ੍ਰਿਸ਼ਟੀ ਅਨੁਸਾਰ ਧੁਨੀਮ ਇਕ ਅਜਿਹੀ ਆਦਰਸ਼ਕ ਇਕਾਈ ਹੈ; ਜਿਸ ਦੇ ਉਚਾਰਨ ਨੂੰ ਭਾਸ਼ਾ ਦਾ, ਹਰੇਕ ਬੁਲਾਰਾ ਨਕਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਕ ਤਾਂ ਧੁਨੀਮ ਨੂੰ ਹੂ-ਬ-ਹੂ ਉਚਾਰਨਾ ਮੁਸ਼ਕਿਲ ਹੁੰਦਾ ਹੈ, ਇਸ ਲਈ ਜਦੋਂ ਬੁਲਾਰਾ ਇਸ ਦਾ ਉਚਾਰਨ ਕਰਦਾ ਹੈ ਤਾਂ ਉਸ ਦੇ ਉਚਾਰਨ ਵਿਚ ਵਿਅਕਤੀਗਤ ਰੰਗਣ ਆ ਜਾਂਦੀ ਹੈ। ਇਸ ਧਾਰਨਾ ਨਾਲ ਸੰਬੰਧਿਤ ਵਿਗਿਆਨੀਆਂ ਨੇ ਧੁਨੀਮ ਨੂੰ ਕਲਪਿਤ ਰੂਪ ਮੰਨਿਆ ਹੈ। ਉਨ੍ਹਾਂ ਨੇ ਇਸਦਾ ਆਧਾਰ ਭੌਤਿਕ ਜਾਂ ਧੁਨੀ ਵਿਗਿਆਨ ਨਾਲ ਨਹੀਂ, ਸਗੋਂ ਵਕਤੇ ਦੀ ਮਨੋਦਸ਼ਾ ਨਾਲ ਵਧੇਰੇ ਮੰਨਿਆ ਹੈ। ਵਕਤਾ ਉਨ੍ਹਾਂ ਧੁਨੀਆਂ ਦੀ ਹੀ ਪਛਾਣ ਕਰਦਾ ਹੈ, ਜਿਹੜੀਆਂ ਧੁਨੀਆਂ ਉਸਦੇ ਦਿਮਾਗ ਵਿਚ ਉਸਦੀ ਆਪਣੀ ਮਾਤ-ਭਾਸ਼ਾ ਦੀ ਸੁਭਾਵਕ ਪਕੜ ਕਰਕੇ ਪਹਿਲਾਂ ਤੋਂ ਹੀ ਘਰ ਕਰ ਚੁੱਕੀਆਂ ਹੁੰਦੀਆਂ ਹਨ। ਜੇਕਰ ਕੋਈ ਵਕਤਾ ਅਜਿਹਾ ਕਰਨ ਤੋਂ ਨਾਕਾਮ ਰਹਿੰਦਾ ਹੈ ਤਾਂ ਇਸਦੇ ਦੋ ਕਾਰਨ ਹੋ ਸਕਦੇ ਹਨ। ਇਕ ਕਾਰਨ ਤਾਂ ਇਹ ਕਿ ਕੋਈ ਵੀ ਵਕਤਾ ਇਕੋ ਧੁਨੀਮ ਨੂੰ ਵਾਰ-ਵਾਰ ਨਹੀਂ ਉਚਾਰ ਸਕਦਾ। ਭਾਵ ਕਿ ਉਹ 'indentical sounds' ਨਹੀਂ ਪੈਦਾ ਕਰ ਸਕਦਾ। ਇਸ ਕਾਰਨ ਧੁਨੀਮ ਦੇ ਬਦਲਵੇਂ ਸ਼ਾਬਦਕ ਪ੍ਰਸੰਗ ਕਾਰਨ ਵੀ ਉਚਾਰਨ ਵਿਚ ਵਖਰੇਵਾਂ ਆ ਸਕਦਾ ਹੈ।

(ii) ਭੌਤਿਕ ਧਾਰਨਾ (Physical View): ਭੌਤਿਕ ਧਾਰਨਾ ਦੇ ਪੈਰੋਕਾਰਾਂ ਵਿੱਚੋਂ ਪ੍ਰਤੀਨਿਧ ਨਾਮ ਡੇਨੀਅਲ ਜੋਨਜ਼ (Daniel Jones) ਦਾ ਹੈ। ਇਸ ਨੇ ਧੁਨੀਮ ਨੂੰ ਇਕ ਸ਼੍ਰੇਣੀ ਦਾ ਰੂਪ ਦਿੱਤਾ ਹੈ; ਜਿਸਨੂੰ ਬਾਕੀ ਮੈਂਬਰਾਂ ਤੋਂ ਫੌਨੈਟਿਕ ਆਧਾਰਾਂ ਉੱਤੇ ਵੱਖਰਾ ਕੀਤਾ ਜਾ ਸਕਦਾ ਹੈ। ਜੋਨਜ਼ ਦਾ ਖਿਆਲ ਸੀ ਕਿ ਜੇਕਰ ਕੋਈ ਧੁਨੀਮ ਕਿਸੇ ਇਕ ਸ਼ਾਬਦਿਕ ਪ੍ਰਸੰਗ ਵਿਚ ਵੱਖਰੀ ਹੈ ਤਾਂ ਉਹ ਬਾਕੀ ਦੇ ਸ਼ਾਬਦਿਕ ਪ੍ਰਸੰਗ ਵਿਚ ਵੀ ਵੱਖਰੀ ਹੋਵੇਗੀ। ਇਸੇ ਕਰਕੇ ਜੋਨਜ਼ ਨੇ "Once a phoneme, always a phoneme" ਦੀ ਗੱਲ ਕੀਤੀ। ਦੂਜੇ ਪਾਸੇ ਪ੍ਰੋਫੈਸਰ ਫਰਥ (J.R. Firth) ਦਾ ਖਿਆਲ ਸੀ ਕਿ ਇਹ ਜ਼ਰੂਰੀ ਨਹੀਂ ਕਿ ਜੇਕਰ ਇਕ ਧੁਨੀ ਕਿਸੇ ਇਕ ਪ੍ਰਸੰਗ ਵਿਚ ਵੱਖਰੀ ਹੈ ਤਾਂ ਦੂਜੇ ਪ੍ਰਸੰਗਾਂ ਵਿਚ ਵੀ ਨਿਖੇੜੂ ਹੀ ਹੋਵੇ।

ਦੂਜੀ ਗੱਲ ਇਹ ਸੀ ਕਿ ਕੋਈ ਦੋ ਧੁਨੀਮਾਂ ਸਾਂਝੇ ਸ਼ਾਬਦਕ ਪ੍ਰਸੰਗ ਵਿਚ ਨਹੀਂ ਆ ਸਕਦੀਆਂ। ਜੇਕਰ ਦੋ ਧੁਨੀਮਾਂ ਇਕ ਪ੍ਰਸੰਗ ਵਿਚ ਬਦਲਵੇਂ ਰੂਪ ਵਿਚ ਆ ਸਕਦੀਆਂ ਹਨ ਤਾਂ ਉਨ੍ਹਾਂ ਨੂੰ ਧੁਨੀਮ ਨਹੀਂ ਸਗੋਂ ਸਹਿ ਧੁਨੀ ਦੀ ਵੰਨਗੀ ਵਿਚ ਰੱਖਿਆ ਜਾਵੇਗਾ। ਉਦਾਹਰਨ ਲਈ ਅੰਗਰੇਜ਼ੀ ਭਾਸ਼ਾ ਵਿਚ /p/ ਅਤੇ /ph/ ਸ਼ਬਦ ਦੀ ਮੁੱਢਲੀ ਸਥਿਤੀ ਵਿਚ ਆ ਸਕਦੇ ਹਨ ਪਰ /p/ ਅਤੇ /b/ ਨਹੀਂ। ਇਸ ਲਈ /p/ ਅਤੇ /b/ ਵੱਖਰੇ ਧੁਨੀਮ ਹਨ ਜਦਕਿ [p] ਅਤੇ [ph] ਇਕੋ ਧੁਨੀਮ /p/ ਦੇ ਦੋ ਪ੍ਰਾਸੰਗਿਕ ਰੂਪ ਹਨ।

(iii) ਪ੍ਰਕਾਰਜੀ ਧਾਰਨਾ (Functional View): ਤੀਸਰੀ ਧਾਰਨਾ ਪ੍ਰਕਾਰਜੀ ਹੈ। ਇਸ ਸੰਕਲਪ ਦੀ ਵਰਤੋਂ ਟ੍ਰਬਟਜ਼ਕਾਏ (1890-1930) ਅਤੇ ਰੋਮਨ ਜੈਕਬਸਨ (1956) ਨੇ ਕੀਤੀ। ਉਨ੍ਹਾਂ ਨੇ ਧੁਨੀਮ ਨੂੰ ਨਿਸ਼ਚਿਤ ਕਰਨ ਦਾ ਆਧਾਰ ਅਰਥ-ਭੇਦ ਮੰਨਿਆ ਹੈ। ਭਾਵ ਕਿ ਜੇਕਰ ਦੋ ਧੁਨੀਮਾਂ ਅਰਥ ਭੇਦ ਸਥਾਪਿਤ ਕਰ ਸਕਣ ਦੇ ਸਮਰੱਥ ਹਨ ਤਾਂ ਇਨ੍ਹਾਂ ਨੂੰ ਦੋ ਵੱਖਰੇ ਧੁਨੀਮ ਗਿਣਿਆ ਜਾਵੇਗਾ। ਜਿਵੇਂ 'ਪਲ' ਅਤੇ 'ਬਲ' ਵਿਚ /ਪ/ ਅਤੇ /ਬ/ ਦੋ ਵੱਖਰੇ ਧੁਨੀਮ ਹਨ। /ਪ/ ਅਤੇ /ਬ/ ਦਾ ਕ੍ਰਮਵਾਰ ਨਾਦ ਰਹਿਤ ਤੇ ਨਾਦੀ ਲੱਛਣ ਹੀ ਅਰਥ ਨਿਖੇੜਣ ਦਾ ਕਾਰਜ ਕਰਦਾ ਹੈ। ਇਸ ਤਰ੍ਹਾਂ [k] ਅਤੇ [q] ਇਕੋ ਧੁਨੀ /k/ ਦੇ ਦੋ ਸਹਿ ਧੁਨੀ ਹਨ। ਕਿਉਂਕਿ ਅੰਗਰੇਜ਼ੀ ਵਿਚ ਇਹ ਅਰਥਭੇਦ ਨਹੀਂ ਕਰ ਸਕਦੇ।

(iv) ਅਮੂਰਤ ਧਾਰਨਾ (Abstract View): ਇਹ ਧਾਰਨਾ ਮਨੋਵਾਦੀ ਧਾਰਨਾ ਨਾਲ ਮਿਲਦੀ ਜੁਲਦੀ ਹੈ। ਇਸ ਧਾਰਨਾ ਅਨੁਸਾਰ ਧੁਨੀਮ ਨੂੰ ਨਿਸ਼ਚਿਤ ਅਤੇ ਉਸਦਾ ਵਰਗ ਨਿਰਧਾਰਿਤ ਕਰਨ ਦਾ ਆਧਾਰ ਗੈਰ-ਧੁਨੀ ਵਿਗਿਆਨਕ ਹੈ। ਇਸ ਵਿਚਾਰ ਦਾ ਪ੍ਰਮੁੱਖ ਚਿੰਤਨ ਡੈਨਿਸ਼ ਭਾਸ਼ਾ ਵਿਗਿਆਨੀ ਲੂਈ ਯਲਮਸਲੇਵ (Louis Hjelmslev) ਰਿਹਾ ਹੈ, ਜੋ ਕਿ 'Glossmatics' ਦੇ ਸਿਧਾਂਤ ਦਾ ਬਾਨੀ ਹੈ। ਉਸਦੀ ਇਹ ਧਾਰਨਾ ਸੀ ਕਿ ਜੇਕਰ ਦੋ ਧੁਨੀਮਾਂ ਦਾ ਉਚਾਰ ਕਿਸੇ ਇਕ ਵਿਸ਼ੇਸ਼ ਸੰਦਰਭ ਵਿਚ ਇਕ ਸਮਾਨ ਹੈ ਤਾਂ ਇਨ੍ਹਾਂ ਨੂੰ ਇਕ ਵਰਗ ਦੇ ਧੁਨੀਮਾਂ ਵਿਚ ਰੱਖਿਆ ਜਾ ਸਕਦਾ ਹੈ। ਜਿਵੇਂ ਪੰਜਾਬੀ ਵਿਚ ਸ਼ਬਦ ਦੀ ਮੁੱਢਲੀ ਸਥਿਤੀ ਵਿਚ /ਨ/ ਅਤੇ /ਣ/ ਦੀ ਵਿਰੋਧਤਾ ਨਹੀਂ ਰਹਿੰਦੀ। ਇੱਥੇ ਸਿਰਫ /ਨ/ ਹੀ ਆ ਸਕਦਾ ਹੈ। ਇਸਦਾ ਮਤਲਬ ਇਹ ਨਹੀਂ ਕਿ /ਨ/ ਅਤੇ /ਣ/ ਇਕੋ ਵਰਗ ਨਾਲ ਸੰਬੰਧਿਤ ਹਨ। ਬਾਕੀ ਰਹਿੰਦੇ ਸ਼ਾਬਦਿਕ ਪ੍ਰਸੰਗਾਂ /ਨ/ ਅਤੇ /ਣ/ ਦਾ ਵਿਰੋਧ ਬੜਾ ਸਾਰਥਕ ਹੈ।

1.5 ਧੁਨੀਵਿਉਂਤਕ ਅਧਿਐਨ ਦਾ ਵਿਕਾਸ:- ਧੁਨੀਵਿਉਂਤਕ ਅਧਿਐਨ ਦਾ ਸੱਭ ਤੋਂ ਪਹਿਲਾ ਮਾਡਲ ਚੌਥੀ ਸਦੀ ਈ.ਪੂ. ਵਿਚ ਪਾਣਿਨੀ ਦੀ ਰਚਨਾ 'ਅਸ਼ਟਾਧਿਆਈ' ਵਿਚ ਮਿਲਦਾ ਹੈ। ਇਸ ਸੰਕਲਪ ਦੀ ਪਹਿਲੀ ਵਾਰ ਵਰਤੋਂ ਰੂਸ ਵਿਚ ਪੜਾਉਂਦੇ ਪੋਲੈਂਡ ਦੇ ਇਕ ਵਿਦਵਾਨ ਕਾਰਟਨੇਯ (Baudouin de Courteney) ਨੇ ਕੀਤੀ। ਕਜ਼ਾਨ ਸਕੂਲ ਵਿਚ ਕਾਰਟਨੇਯ ਨੇ ਭਾਸ਼ਾ ਵਿਗਿਆਨ ਦਾ ਸਕੂਲ ਸਥਾਪਿਤ ਕੀਤਾ। ਕਾਰਟਨੇਯ ਨੇ ਰੂਸੀ ਸ਼ਬਦ "Fonema" ਨੂੰ ਤਕਨੀਕੀ ਮਦ ਵਜੋਂ ਵਰਤ ਕੇ ਭਾਸ਼ਾ ਧੁਨੀ (Sound) ਅਤੇ ਧੁਨੀਮ (Phoneme) ਦੇ ਸੰਕਲਪ ਨੂੰ ਵੱਖਰਾ ਕੀਤਾ। ਇਸ ਅਧਿਐਨ ਵਿਚ ਉਸਦੇ ਦੋ ਵਿਦਿਆਰਥੀ ਕਰੁਜ਼ੇਵਸਕੀ (Mikolaj Kruszewski) ਅਤੇ ਸਚਰਬਾ (Lev Sescherba) ਵੀ ਸ਼ਾਮਲ ਸਨ। ਉਨ੍ਹਾਂ ਦਾ ਇਹ ਅਧਿਐਨ 1876-1877 ਦੌਰਾਨ ਹੋਏ ਕਾਰਟਨੇਯ ਦੁਆਰਾ ਦਿੱਤੇ ਭਾਸ਼ਣਾਂ ਦੇ ਉੱਤੇ ਆਧਾਰਿਤ ਸੀ। ਕਾਰਟਨੇਯ ਦਾ ਇਹ ਸਿਧਾਂਤ ਬਾਅਦ ਵਿਚ 1894 ਵਿਚ ਪ੍ਰਕਾਸ਼ਿਤ ਹੋਇਆ। ਫੋਨੀਮ ਸ਼ਬਦ ਦੀ ਵਰਤੋਂ ਇਸ ਤੋਂ ਵੀ ਪਹਿਲਾਂ ਫਰੈਂਚ ਭਾਸ਼ਾ ਵਿਗਿਆਨੀ A.Dufrich Desgnettes ਨੇ 1873 ਵਿਚ ਕੀਤੀ। ਉਸਦਾ ਧੁਨੀਮ ਦੇ ਸੰਕਲਪ ਨਾਲ ਸੰਬੰਧਿਤ ਪਰਚਾ ਪੈਰਿਸ ਦੀ ਭਾਸ਼ਾ ਵਿਗਿਆਨਕ ਸੋਸਾਇਟੀ ਵਿਚ ਪੜਿਆ ਗਿਆ ਸੀ। ਸੋਸਿਊਰ ਨੇ ਵੀ ਫਰਾਂਸੀਸੀ ਸ਼ਬਦ "Phoneme" ਦੀ ਵਰਤੋਂ ਧੁਨੀ ਦੇ ਅਰਥਾਂ ਵਿਚ ਹੀ ਕੀਤੀ ਸੀ। ਉਸਦੇ ਪੈਰੋਲ (ਬੋਲੀ) ਅਤੇ ਲਾਂਗ (ਭਾਸ਼ਾ) ਦੇ ਸਿਧਾਂਤ ਵਿਚ ਧੁਨੀ ਅਤੇ ਧੁਨੀਮ ਦਾ ਅੰਤਰ ਲੁਪਤ ਸੀ।

1.5.1 ਨਿਖੇੜੂ ਲੱਛਣ ਸਿਧਾਂਤ: ਧੁਨੀਵਿਉਂਤਕ ਵਿਸ਼ਲੇਸ਼ਣ ਲਈ ਬੁਨਿਆਦੀ ਵਿਸ਼ਲੇਸ਼ਣ ਇਕਾਈ ਧੁਨੀਮ ਨੂੰ ਮੰਨਿਆ ਜਾਂਦਾ ਹੈ। ਜਾਨ ਲਾਇਨਜ਼ (ਉਹੀ: 89) ਅਨੁਸਾਰ, "ਕਲਾਸੀਕਲ ਅਮਰੀਕਨ ਧੁਨੀਮਿਕਸ ਸੰਬੰਧੀ ਸਿਧਾਂਤ ਅਨੁਸਾਰ ਧੁਨੀਮ (Phoneme) ਭਾਸ਼ਾ ਪ੍ਰਬੰਧਾਂ ਦੇ ਨਿਊਨਤਮ ਤੱਤ ਹੁੰਦੇ ਹਨ। ਪਰ ਪਰਾਗ ਸਕੂਲ ਦੇ ਬਾਨੀ ਮੈਂਬਰ ਟ੍ਰਬਟਜ਼ਕਾਏ ਨੇ ਨਿਵੇਕਲੀ ਧਾਰਨਾ ਪੇਸ਼ ਕੀਤੀ ਕਿ ਧੁਨੀਮ ਨਿਊਨਤਮ ਤੱਤ ਨਹੀਂ ਬਲਕਿ ਇਹ ਨਿਖੇੜੂ ਲੱਛਣਾਂ ਦੇ ਇਕੋ ਸਮੇਂ ਵਾਪਰਨ ਵਾਲੇ ਜੁੱਟ ਹਨ। ਇਸ ਸਿਧਾਂਤ ਵਿਚ ਕੁੱਝ ਸੋਧਾਂ ਕਰਕੇ ਇਨ੍ਹਾਂ ਨੂੰ ਰੋਮਨ ਜੈਕਬਸਨ ਅਤੇ ਚੌਮਸਕੀ ਤੇ ਹਾਲੇ ਆਦਿ ਭਾਸ਼ਾ ਵਿਗਿਆਨੀਆਂ ਵਲੋਂ ਅਪਣਾਇਆ ਗਿਆ। ਇਉਂ ਧੁਨੀਵਿਉਂਤਕ ਵਿਸ਼ਲੇਸ਼ਣ ਲਈ ਮੁੱਖ ਵਿਸ਼ਲੇਸ਼ਣ ਇਕਾਈ ਧੁਨੀਮ ਨਾ ਰਹੀ, ਸਗੋਂ ਉਹ ਨਿਖੇੜੂ ਲੱਛਣ ਬਣ ਗਏ ਜੋ ਧੁਨੀਮ ਨੂੰ ਕਿਸੇ ਭਾਸ਼ਾ ਵਿਸ਼ੇਸ਼ ਦੇ ਧੁਨੀਵਿਉਂਤਕ ਪ੍ਰਬੰਧ ਵਿਚ ਵਿਸ਼ੇਸ਼ ਸਾਰਥਿਕਤਾ ਪ੍ਰਦਾਨ ਕਰਦੇ ਹਨ। ਨਿਖੇੜੂ ਲੱਛਣ ਇਕਾਈਆਂ ਉਹ ਇਕਾਈਆਂ ਹਨ ਜੋ ਦੋ ਸਮਾਨ ਧੁਨੀਆਂ ਵਿਚ ਕਿਸੇ ਇਕ ਲੱਛਣ ਰਾਹੀਂ ਨਿਖੇੜਾ ਕਰਦੀਆਂ ਹਨ।

ਟ੍ਰਬਟਜ਼ਕਾਏ: ਧੁਨੀਵਿਉਂਤ ਸੰਬੰਧੀ ਸੱਭ ਤੋਂ ਪਹਿਲਾਂ ਵਿਸਤਾਰ ਸਹਿਤ ਅਧਿਐਨ, 20ਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਵਿਚ ਭਾਸ਼ਾ ਵਿਗਿਆਨ ਦੇ ਪਰਾਗ ਸਕੂਲ ਨਾਲ ਸੰਬੰਧਿਤ ਵਿਦਵਾਨਾਂ ਨੇ ਕੀਤਾ। ਪਰਾਗ ਸਕੂਲ ਦਾ ਮੋਢੀ ਰੂਸੀ ਵਿਦਵਾਨ ਪਰਿੰਸ ਨਿਕੋਲਾਈ ਟ੍ਰਬਟਜ਼ਕਾਏ (Prince Nikolai Trubetzkoy) ਸੀ। ਉਸਨੇ ਧੁਨੀਵਿਉਂਤ ਦੇ ਸਿਧਾਂਤ (Principal Of Phonology) ਦੀ ਰਚਨਾ ਵਿਚ ਸਿਰਫ ਧੁਨੀ ਦਾ ਸੰਕਲਪ ਹੀ ਨਹੀਂ ਦਿੱਤਾ, ਸਗੋਂ ਉਸਨੇ ਬਾਅਦ ਵਿਚ ਭਾਸ਼ਾ ਵਿਗਿਆਨ ਅਤੇ ਹੋਰ ਸਮਾਜਿਕ ਵਿਗਿਆਨਾਂ ਲਈ ਇਕ ਨਵੀਂ ਸੇਧ ਵੀ ਪ੍ਰਦਾਨ ਕੀਤੀ। ਧੁਨੀਵਿਉਂਤ ਸੰਬੰਧੀ ਉਸਦੀ ਇਹ ਪੁਸਤਕ ਉਸਦੇ ਮਰਨ ਉਪਰੰਤ ਪ੍ਰਕਾਸ਼ਿਤ ਹੁੰਦੀ ਹੈ; ਜਿਸ ਵਿਚ ਉਸ ਨੇ ਧੁਨੀਮ ਨੂੰ ਇਕ ਲਘੂਤਮ ਇਕਾਈ ਮੰਨ ਕੇ ਧੁਨੀਵਿਉਂਤਕ ਅਧਿਐਨ ਨੂੰ, ਧੁਨੀ ਵਿਗਿਆਨਕ ਅਧਿਐਨ ਨਾਲੋਂ ਵੱਖ ਕਰਕੇ ਇਕ ਸੁਤੰਤਰ ਅਨੁਸ਼ਾਸਨ ਵਜੋਂ ਸਥਾਪਿਤ ਕੀਤਾ।

ਟ੍ਰਬਟਜ਼ਕਾਏ ਦਾ ਨਿਖੇੜੂ ਲੱਛਣ ਸਿਧਾਂਤ ਮੁੱਖ ਰੂਪ ਵਿਚ ਉਚਾਰਨ ਆਧਾਰਿਤ ਹੈ। ਉਸਨੇ ਉਚਾਰਨ ਦ੍ਰਿਸ਼ਟੀ ਤੋਂ ਹੀ ਧੁਨੀਮਾਂ ਦੇ ਪਰਸਪਰ ਵਿਰੋਧੀ-ਨਿਖੇੜੂ ਲੱਛਣਾਂ ਦੀ ਪਛਾਣ ਕੀਤੀ। ਟ੍ਰਬਟਜ਼ਕਾਏ ਦੇ ਸਿਧਾਂਤ ਵਿਚ ਨਿਖੇੜੂ ਲੱਛਣ ਇਕਾਈਆਂ (distinctiv features) ਨੂੰ ਸ਼ਾਮਲ ਨਹੀਂ ਕੀਤਾ ਗਿਆ ਸਗੋਂ ਉਸਦਾ ਸਿਧਾਂਤ ਨਿਖੇੜੂ ਵਿਰੋਧਾਂ (Distinctive Oppositions) ਤੇ ਨਿਰਭਰ ਹੈ। ਇਹੀ ਕਾਰਨ ਹੈ ਕਿ ਹੈ ਕਿ ਬਹੁਤੇ ਭਾਸ਼ਾ ਵਿਗਿਆਨੀ ਨਿਖੇੜੂ ਲੱਛਣ ਸਿਧਾਂਤ ਦੀ ਗੱਲ ਸਮੇਂ ਟ੍ਰਬਟਜ਼ਕਾਏ ਨੂੰ ਮੋਢੀ ਨਹੀਂ ਮੰਨਦੇ। ਟ੍ਰਬਟਜ਼ਕਾਏ ਨੇ ਆਰਕੀਫੋਨੀਮ (Archiphoneme) ਦੇ ਸੰਕਲਪ ਦੀ ਵੀ ਸਿਰਜਨਾ ਕੀਤੀ। ਆਰਕੀਧੁਨੀਮ ਅਜਿਹੀ ਧੁਨੀ ਹੁੰਦੀ ਹੈ ਜਿਸ ਵਿਚ ਦੋ ਧੁਨੀਆਂ ਦੇ ਲੱਛਣ ਸ਼ਾਮਲ ਹੁੰਦੇ ਹਨ। ਪੰਜਾਬੀ ਭਾਸ਼ਾ ਵਿਚ /ਨ/ ਆਰਕੀਧੁਨੀਮ ਹੈ ਕਿਉਂਕਿ ਇਸ ਵਿਚ /ਨ/ ਅਤੇ /ਣ/ ਦੋਨਾਂ ਧੁਨੀਆਂ ਦੇ ਲੱਛਣ ਸ਼ਾਮਲ ਹਨ। ਇਨ੍ਹਾਂ ਵਿਦਵਾਨਾਂ ਦਾ ਮੱਤ ਸੀ ਕਿ ਧੁਨੀ ਵਿਗਿਆਨ ਅਤੇ ਧੁਨੀਵਿਉਂਤ ਦੇ ਖੇਤਰਾਂ ਦਾ ਨਿਖੇੜਾ ਕਰਨਾ ਜ਼ਰੂਰੀ ਹੈ। ਇਸ ਮੱਤ ਲਈ ਉਨ੍ਹਾਂ ਨੇ ਸੋਸਿਊਰ ਦੇ ਬੋਲੀ ਤੇ ਭਾਸ਼ਾ ਦੇ ਨਿਖੇੜੇ ਨੂੰ ਆਧਾਰ ਬਣਾਇਆ।

ਟ੍ਰਬਟਜ਼ਕਾਏ ਨੇ ਭਾਸ਼ਾ ਵਿਚ ਬਣੇ ਵਿਸ਼ੇਸ਼ ਵਿਰੋਧਾਂ ਦੇ ਧੁਨੀਆਤਮਕ ਗੁਣਾਂ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ। ਉਹ ਨਾ ਸਿਰਫ ਇਸ ਗੱਲ ਵਿਚ ਦਿਲਚਸਪੀ ਰੱਖਦਾ ਸੀ ਕਿ /ਪ/ ਧੁਨੀ, /ਬ/ ਤੋਂ ਕਿਵੇਂ ਵੱਖਰੀ ਹੈ, ਬਲਕਿ ਉਹ ਇਹ ਜਾਣਨਾ

ਚਾਹੁੰਦਾ ਸੀ ਕਿ ਧੁਨੀ ਵਿਗਿਆਨਕ ਪ੍ਰਣਾਲੀ ਵਿਚ ਵਿਰੋਧਤਾ ਦੀ ਕੀ ਪ੍ਰਕ੍ਰਿਤੀ ਹੈ? ਇਸ ਤਰ੍ਹਾਂ ਧੁਨੀ ਵਿਗਿਆਨ ਵਿਚ ਟ੍ਰਬਟਜ਼ਕਾਏ (1971:67) ਨੇ ਵਿਲੱਖਣ ਵਿਰੋਧਾਂ ਨੂੰ ਤਿੰਨ ਆਧਾਰਾਂ 'ਤੇ ਸ਼੍ਰੇਣੀਬੱਧ ਕੀਤਾ:

1. ਨਿਖੇੜੂ ਵਿਰੋਧਾਂ ਦੀ ਨਿਸ਼ਾਨਦੇਹੀ: ਇਸ ਵਿਚ ਅਜਿਹੇ ਵਿਰੋਧਾਂ ਨੂੰ ਸਵੀਕਾਰ ਕੀਤਾ ਗਿਆ ਹੈ ਜਿਨ੍ਹਾਂ ਰਾਹੀਂ ਭਾਸ਼ਾ ਦੇ ਸਮੁੱਚੇ ਪ੍ਰਬੰਧ ਵਿਚ ਨਿਖੇੜੂ ਵਿਰੋਧ ਸਿਰਜੇ ਜਾ ਸਕਦੇ ਹਨ। ਟ੍ਰਬਟਜ਼ਕਾਏ ਨੇ ਇਸ ਵਿਚ ਚਾਰ ਵਿਰੋਧਾਂ ਨੂੰ ਸ਼ਾਮਲ ਕੀਤਾ ਹੈ।[9]

- ਦੁਪੱਖੀ ਵਿਰੋਧ (bilateral oppositions): ਦੁਪੱਖੀ ਵਿਰੋਧ ਕਿਸੇ ਇਕ ਨਿਖੇੜੂ ਲੱਛਣ ਦੀ ਮੌਜੂਦਗੀ ਜਾਂ ਗੈਰ-ਹਾਜ਼ਰੀ ਰਾਹੀਂ ਸਾਕਾਰ ਹੁੰਦੇ ਹਨ। ਇਨ੍ਹਾਂ ਵਿਚ ਬਹੁ-ਸੰਬੰਧਾਂ ਦੀ ਨਿਸਬਤ ਨਿਖੇੜੂ ਲੱਛਣ ਕੇਵਲ ਇਕ ਹੀ ਹੁੰਦਾ ਹੈ। ਟਰੁਬਟਜ਼ਕਾਏ ਨੇ ਦੋਪੱਖੀ ਵਿਰੋਧਾਂ ਨੂੰ ਵਿਗੋਚੀ ਵਿਰੋਧਾਂ ਵਿਚ ਵੀ ਰੱਖਿਆ ਹੈ। ਵਿਗੋਚੀ ਵਿਰੋਧਾਂ ਵਿਚ ਅੰਕਿਤ (marked) ਅਤੇ ਅਣ-ਅੰਕਿਤ (unmarked) ਦੋ ਵਰਗ ਹੁੰਦੇ ਹਨ। ਜਿਸ ਧੁਨੀਮ ਵਿਚ ਇਹ +ਲੱਛਣ ਹੋਵੇ, ਉਹ 'marked' ਅਤੇ ਜਿਸ ਵਿਚ ਨਾ ਹੋਵੇ ਉਹ 'Unmarked' ਦੀ ਵੰਨਗੀ ਹੋਵੇਗੀ।

- ਬਹੁਪੱਖੀ ਵਿਰੋਧ (multilateral oppositions): ਟ੍ਰਬਟਜ਼ਕਾਏ (1971:68) ਅਨੁਸਾਰ ਭਾਸ਼ਾ ਵਿਚ ਬਹੁਪੱਖੀ ਵਿਰੋਧ ਦੋ ਨਿਖੇੜੂ ਲੱਛਣਾਂ ਦੀ ਮੌਜੂਦਗੀ ਰਾਹੀਂ ਸਾਕਾਰ ਹੁੰਦੇ ਹਨ।[10]

- ਸਮਾਨਾਂਤਰ ਵਿਰੋਧ (Proportional oppositions): ਜਦੋਂ ਦੋ ਧੁਨੀਆਂ ਦੀ ਵਿਰੋਧ ਸਥਿਤੀ ਅਨੁਪਾਤੀ ਹੋਵੇ ਅਤੇ ਉਸ ਕਿਸਮ ਅਤੇ ਪ੍ਰਕਾਰ ਦਾ ਵਿਰੋਧ ਭਾਸ਼ਾ ਦੀਆਂ ਹੋਰ ਧੁਨੀਆਂ ਵਿਚ ਵੀ ਇਕ ਸਮਾਨ ਹੋਵੇ ਤਾਂ ਅਜਿਹੇ ਵਿਰੋਧ ਨੂੰ ਸਮਾਨਾਂਤਰ ਵਿਰੋਧ ਦੀ ਵੰਨਗੀ ਦਿੱਤੀ ਜਾਂਦੀ ਹੈ।

---

[9] "On the Basis of Their Relationship to the Entire System of Oppositions: Multilateral and Bilateral, Isolated and Proportional Oppositions; and the Structure of the Phonemic Systems Based Thereon."

[10] "The basis for comparison of a multilateral oppositions, on the other hand, is not limited exclusively to the two respective opposition members. It also extends to other members for the same system."

- ਨਿਵੇਕਲਾ ਵਿਰੋਧ (Isolated oppositions): ਭਾਸ਼ਾ ਵਿਚ ਜਦੋਂ ਦੋ ਧੁਨੀਆਂ ਦੇ ਵਿਰੋਧ ਦੀ ਵੰਨਗੀ ਦੇ ਤਦਰੂਪੀ ਵਿਰੋਧ ਵੰਨਗੀ ਉਪਲਬਧ ਨਾ ਹੋਵੇ ਤਾਂ ਉਸ ਨੂੰ ਨਿਵੇਕਲਾ ਵਿਰੋਧ ਕਿਹਾ ਜਾਂਦਾ ਹੈ।

2. ਵਿਰੋਧੀ ਜੁੱਟਾਂ ਦੀ ਨਿਸ਼ਾਨਦੇਹੀ: ਇਸ ਵਿਚ ਪਰਸਪਰ ਸੰਬੰਧਾਂ ਦੇ ਵਿਰੋਧੀ ਜੁੱਟਾਂ ਦੀ ਪਛਾਣ ਕੀਤੀ ਜਾਂਦੀ ਹੈ। ਟ੍ਰਬਟਜ਼ਕਾਏ ਨੇ ਅਜਿਹੇ ਵਿਰੋਧਾਂ ਵਿਚ ਤਿੰਨ ਵਿਰੋਧਾਂ ਨੂੰ ਰੱਖਿਆ ਹੈ।[11]

- ਅਣਹੋਂਦ ਵਾਲਾ ਵਿਰੋਧ (privative oppositions): ਇਸ ਵਿਰੋਧ ਵਿਚ ਸ਼ਾਮਲ ਦੋ ਧੁਨੀਆਂ ਵਿਚ ਇਕ ਲੱਛਣ ਦੀ ਮੌਜੂਦਗੀ ਹੁੰਦੀ ਹੈ ਅਤੇ ਦੂਜੀ ਧੁਨੀ ਵਿਚ ਉਹੀ ਲੱਛਣ ਗੈਰ-ਮੌਜੂਦਗੀ ਵਾਲਾ ਹੁੰਦਾ ਹੈ। [12]

- ਦਰਜੇਵਾਰ ਵਿਰੋਧ (Gradual oppositions): ਭਾਸ਼ਾ ਵਿਚ ਕਈ ਵਿਰੋਧ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ ਕੋਈ ਨਿਖੇੜੂ ਲੱਛਣ ਜਮ੍ਹਾਂ (+) ਜਾਂ ਮਨਫ਼ੀ (-) ਨਹੀਂ ਹੁੰਦਾ ਸਗੋਂ ਲੱਛਣ ਦੀ ਮਾਤਰਾ ਜਾਂ ਸਥਿਤੀ ਕਾਰਜਸ਼ੀਲ ਹੁੰਦੀ ਹੈ। ਇਸ ਵਿਰੋਧ ਵਿਚ ਮੁੱਖ ਰੂਪ ਵਿਚ ਸਵਰ ਇਕਾਈਆਂ ਹੀ ਆਉਂਦੀਆਂ ਹਨ। ਟ੍ਰਬਟਜ਼ਕਾਏ (ਉਹੀ:75) ਨੇ ਇਨ੍ਹਾਂ ਵਿਰੋਧਾਂ ਨੂੰ 'Gradual oppositions' ਦਾ ਨਾਂ ਦਿੱਤਾ ਹੈ।**[13]**

- ਸਮਤੋਲ ਵਿਰੋਧ (equipollent oppositions): ਭਾਸ਼ਾ ਵਿਚ ਕਈ ਵਿਰੋਧ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਨਾਂ ਤਾਂ ਦੁਪੱਖੀ ਵਿਰੋਧਾਂ ਵਿਚ ਰੱਖਿਆਂ ਜਾ ਸਕਦਾ ਹੈ ਅਤੇ ਨਾ ਹੀ ਦਰਜੇਵਾਰ ਵਿਰੋਧਾਂ ਵਿਚ। ਇਨ੍ਹਾਂ ਵਿਰੋਧਾਂ ਵਿਚ ਹਾਜ਼ਰੀ ਜਾਂ

---

[11] "Classification of Oppositions on the Basis of the Relation between oppositions Members: Privative, Gradual and Equipollent Oppositions."

[12] "Privative Oppositions are oppositions in which one member is characterized by the presence, the other by the absence, of a mark."

[13] "Gradual oppositions are oppositions in which the members are characterized by various degrees or gradations the same property."

ਗੈਰ-ਮੌਜੂਦਗੀ ਦਾ ਸੰਕਲਪ ਸ਼ਾਮਲ ਨਹੀਂ ਹੁੰਦਾ। ਟ੍ਰਬਟਜ਼ਕਾਏ (ਉਹੀ: 75) ਨੇ ਅਜਿਹੇ ਵਿਰੋਧ ਨੂੰ 'Equipollent Oppositions' ਦਾ ਨਾਂ ਦਿੱਤਾ ਹੈ।[14]

3. ਵਿਰੋਧੀ ਸੁਰ ਦੀ ਨਿਸ਼ਾਨਦੇਹੀ: ਅਜਿਹੇ ਵਿਰੋਧਾਂ ਵਿਚ ਨਿਖੇੜੂ ਸੁਰ ਦੀ ਤੀਖਣਤਾ ਦਾ ਪਤਾ ਕੀਤਾ ਜਾਂਦਾ ਹੈ। ਇਹ ਵਿਰੋਧ ਦੋ ਪ੍ਰਕਾਰ ਦੇ ਹੁੰਦੇ ਹਨ। [15]

- ਸਥਿਰ ਵਿਰੋਧ (Constant oppositions): ਸਥਿਰ ਵਿਰੋਧ ਵਿਚ ਧੁਨੀਆਂ ਸੁਤੰਤਰ ਹੁੰਦੀਆਂ ਹਨ। ਭਾਵ ਕਿ ਉਨ੍ਹਾਂ ਦਾ ਨਿਰਵਿਰੋਧੀਕਰਨ ਸ਼ਬਦ ਦੀ ਕਿਸੇ ਵੀ ਧੁਨੀਆਤਮਕ ਸਥਿਤੀ ਵਿਚ, ਕਿਸੇ ਵੀ ਸਮਾਜ-ਸਭਿਆਚਾਰਕ ਸਾਰਥਿਕਤਾ ਦੇ ਅਧੀਨ ਨਹੀਂ ਹੁੰਦਾ।

- ਅਸਥਿਰ ਵਿਰੋਧ (Neutralizable): ਇਸ ਵਿਰੋਧ ਵਿਚ ਦੋ ਧੁਨੀਆਂ ਦਾ ਵਿਰੋਧ ਕਿਸੇ ਭਾਸ਼ਾਈ ਪ੍ਰਸੰਗ ਵਿਚ ਕਿਸੇ ਇਕ ਧੁਨੀ ਦੇ ਹੱਕ ਵਿਚ ਬਦਲ ਜਾਂਦਾ ਹੈ ਤਾਂ ਉਸ ਨੂੰ 'neutalization' ਕਿਹਾ ਜਾਂਦਾ ਹੈ।[16]

ਰੋਮਨ ਜੈਕਬਸਨ ਅਤੇ ਹਾਲੇ: ਧੁਨੀਵਿਉਂਤਕ ਵਿਸ਼ਲੇਸ਼ਣ ਵਿਚ ਟ੍ਰਬਟਜ਼ਕਾਏ ਤੋਂ ਬਾਅਦ ਦੂਸਰਾ ਨਾਂ ਰੋਮਨ ਜੈਕਬਸਨ (Roman Jackobson) ਦਾ ਆਉਂਦਾ ਹੈ। ਭਾਸ਼ਾ ਵਿਗਿਆਨ ਦੇ ਖੇਤਰ ਵਿਚ ਜੈਕਬਸਨ ਦੀਆਂ ਦੋ ਪੁਸਤਕਾਂ "Fundamentals Of Language" ਅਤੇ "Selected Writing Phonological Studies" ਧੁਨੀਵਿਉਂਤ ਦੇ ਅਧਿਐਨ

---

[14] "Equipollent oppositions are oppositions in which both members are logically equivalent that is, they are neither considered as two degrees of one property nor as the absence or presence of a property."

[15] "Classifiactions of Oppositions on the Basis of the Extent of Their Distinctive Force: Constant and Neutralizable oppositions."

[16] Trubetzkoy () "We call such oppositions neutalizable oppositions, the positions in which the neutralization takes place, positions of neutralization, and those those positions where the opposition is relevant, positions of relevance."

ਖੇਤਰ ਵਿਚ ਨਵੀਂ ਦਿਸ਼ਾ ਪ੍ਰਦਾਨ ਕਰਦੀਆਂ ਹਨ। ਇਸਦੇ ਦੋ ਵੱਡੇ ਕਾਰਨ ਸਨ, ਇਕ ਤਾਂ ਇਹ ਕਿ ਜਿੱਥੇ ਟ੍ਰਬਟਜ਼ਕਾਏ ਦਾ ਨਿਖੇੜੂ ਸਿਧਾਂਤ ਉਚਾਰਨ ਆਧਾਰਿਤ ਸੀ, ਉੱਥੇ ਜੈਕਬਸਨ ਨੇ ਨਿਖੇੜੂ ਵਿਰੋਧਾਂ ਨੂੰ ਧੁਨੀ ਸੰਰਚਨਾ ਜਾਂ ਧੁਨੀ ਤਰੰਗਾਂ (Acoustic Images) ਦੀ ਦ੍ਰਿਸ਼ਟੀ ਤੋਂ ਵਿਚਾਰਿਆ ਹੈ। ਦੂਜਾ ਇਹ ਕਿ ਜੈਕਬਸਨ ਨੇ ਸਮੁੱਚੇ ਧੁਨੀਆਤਮਕ ਵਿਰੋਧਾਂ ਨੂੰ ਦੋਅੰਗੀ ਵਿਰੋਧਾਂ (binary oppositions) ਵਿਚ ਪ੍ਰਸਤੁਤ ਕੀਤਾ ਜਦਕਿ ਟ੍ਰਬਟਜ਼ਕਾਏ ਦੇ ਵਿਰੋਧ ਦੋਅੰਗੀ ਨਹੀਂ, ਸਗੋਂ ਦਰਜੇਵਾਰ ਸਨ। ਜੈਕਬਸਨ ਦੇ ਸਿਧਾਂਤ ਵਿਚ ਕੋਈ ਧੁਨੀਆਤਮਕ ਇਕਾਈ ਜਮ੍ਹਾਂ (+) ਲੱਛਣ ਹੋ ਸਕਦੀ ਹੈ ਜਾਂ ਮਨਫੀ (-) ਲੱਛਣ। ਇਨ੍ਹਾਂ ਵਿਚ ਦਰਜੇਬੰਦੀ ਦੀ ਕੋਈ ਸੰਭਾਵਨਾ ਨਹੀਂ ਰਹਿੰਦੀ। ਇਸਦਾ ਭਾਵ ਇਹ ਹੈ ਕਿ ਜਿੱਥੇ ਟ੍ਰਬਟਜ਼ਕਾਏ ਧੁਨੀਮਾਂ ਨੂੰ ਉਚਾਰਨ ਦੀ ਦ੍ਰਿਸ਼ਟੀ ਤੋਂ ਭਿੰਨ ਮੰਨਦਾ ਹੈ, ਉੱਥੇ ਜੈਕਬਸਨ ਇਨ੍ਹਾਂ ਨੂੰ ਸੰਚਾਰਨੀ ਤਰੰਗਾਂ ਦੀ ਦ੍ਰਿਸ਼ਟੀ ਤੋਂ ਵੱਖਰਾ ਕਰਦਾ ਹੈ। ਟ੍ਰਬਟਜ਼ਕਾਏ ਜਿੱਥੇ ਸਵਰਾਂ ਨੂੰ ਉਚਾਈ ਦੀ ਦ੍ਰਿਸ਼ਟੀ ਤੋਂ ਭਿੰਨ ਮੰਨਦਾ ਹੈ, ਉੱਥੇ ਜੈਕਬਸਨ ਇਨ੍ਹਾਂ ਦੀ ਸੰਚਾਰਨ ਤਰੰਗਾਂ ਦੀ ਦ੍ਰਿਸ਼ਟੀ ਤੋਂ ਖਿਲਰਵੇਂ ਕੱਸਵੇਂ ਸਵਰਾਂ ਵਿਚ ਵੰਡ ਕਰਦਾ ਹੈ। ਧੁਨੀਵਿਉਂਤ ਵਿਚ ਧੁਨੀਆਂ ਨੂੰ ਪਰੰਪਰਾਗਤ ਵਰਗਵੰਡ ਅਨੁਸਾਰ ਸਵਰ, ਵਿਅੰਜਨ ਅਤੇ ਅਰਧ ਸਵਰਾਂ ਵਿਚ ਵੰਡਿਆਂ ਜਾਂਦਾ ਸੀ। ਪਰ ਜੈਕਬਸਨ ਤੇ ਹਾਲੇ ਨੇ ਨਵੇਂ ਸਿਧਾਂਤ ਅਨੁਸਾਰ ਵਿਅੰਜਨੀ (Consonantal) ਅਤੇ ਸਵਰੀ (Vocalic) ਦੋ ਅੰਗੀ ਲੱਛਣਾਂ ਵਿਚ ਵੰਡ ਦਿੱਤਾ। ਉਨ੍ਹਾਂ ਦੇ ਸਿਧਾਂਤ ਅਨੁਸਾਰ ਵਿਅੰਜਨੀ ਅਤੇ ਸਵਰੀ ਧੁਨੀਆ ਦੇ ਵਖਰੇਵੇਂ ਦਾ ਆਧਾਰ ਉਚਾਰਨ ਸਥਾਨ ਜਾਂ ਉਚਾਰਨ ਰੋਕ ਨਹੀਂ, ਸਗੋਂ ਧੁਨੀ ਤਰੰਗ ਸੰਰਚਨਾ (Accoustic Image) ਹੈ।

ਜੈਕਬਸਨ ਨੇ 'Fundamentals of Language' ਵਿਚ ਨਿਖੇੜੂ ਲੱਛਣ ਸਿਧਾਂਤ ਨੂੰ ਪੇਸ਼ ਕੀਤਾ ਹੈ। ਜੈਕਬਸਨ ਸਵਰਾਂ ਦੇ ਨਿਖੇੜੂ ਲੱਛਣਾਂ ਨੂੰ ਦੋ ਭਾਗਾਂ ਛੰਦ ਸ਼ਾਸਤਰ (Prosody featurs) ਅਤੇ ਅੰਦਰੂਨੀ ਲੱਛਣਾਂ (Inherent Features) ਵਿਚ ਵੰਡਦਾ ਹੈ। ਜੈਕਬਸਨ (ਉਹੀ:33) ਅਨੁਸਾਰ ਛੰਦ ਸ਼ਾਸਤਰ ਤਿੰਨ ਤਰ੍ਹਾਂ ਦਾ ਹੋ ਸਕਦਾ ਹੈ:

1.ਦਬਾ (Force): ਇਸ ਦਾ ਸੰਬੰਧ ਉੱਚੀ ਆਵਾਜ਼ (Voice loudness) ਨਾਲ ਮੰਨਿਆ ਹੈ।

2.ਮਾਤਰਾ (Quantity): ਮਾਤਰਾ ਦਾ ਸੰਬੰਧ ਉਚਾਰਨ ਵਿਚ ਲੱਗਣ ਵਾਲੇ ਸਮੇਂ (duration) ਨਾਲ ਹੈ।

3.ਸੁਰ (Tone): ਜੈਕਬਸਨ ਨੇ ਸੁਰ ਦਾ ਸੰਬੰਧ ਪਿੱਚ ਨਾਲ ਜੋੜਿਆ ਹੈ।[17]

ਅੰਦਰੂਨੀ ਲੱਛਣਾਂ ਨੂੰ ਅੱਗੋਂ ਤਿੰਨ ਵਰਗਾਂ 1.ਧੁਨੀਆਤਮਕਤਾ ਦਾ ਲੱਛਣ (Sonority Features) 2.ਤੀਬਰਤਾ ਦਾ ਲੱਛਣ (Protensity Features) ਅਤੇ 3.ਸੁਰ ਸੰਬੰਧੀ ਲੱਛਣਾਂ (Tonality Features) ਵਿਚ ਵੰਡਿਆ ਗਿਆ ਹੈ। ਜੈਕਬਸਨ ਤੇ ਹਾਲੇ ਦੇ ਨਿਖੇੜੂ ਲੱਛਣਾਂ ਦੀ ਵਰਗਵੰਡ ਨੂੰ ਤਾਲਿਕਾ ਰਾਹੀਂ ਦਰਸਾਇਆ ਗਿਆ ਹੈ:

ਨਿਖੇੜੂ ਲੱਛਣ (Distinctive Features)

ਪ੍ਰੋਸੋਡਿਕ (Prosodic Features)	ਅੰਦਰੂਨੀ (Inherent Features)
1.ਦਬਾ (Force)	1.ਧੁਨੀਆਤਮਕਤਾ (Sonority)
2.ਮਾਤਰਾ (Quantity)	2.ਤੀਬਰਤਾ (Protensity)
3.ਸੁਰ (Tone)	3.ਸੁਰੀ (Tonality)

----ਧੁਨੀਆਤਮਕਤਾ (Sonority)

1.ਸਵਰੀ (Vocalic)	5.ਬੇਰੋਕ/ਰੋਕ (Abrupt/Continuant)
2.ਵਿਅੰਜਨੀ (Consonantal)	6.ਰੜਕਵੇਂ (Strident)
3.ਨਾਸਿਕੀ (Nasal)	7.ਅੰਕਿਤ/ਅਣਅੰਕਿਤ (Checked/Unchecked
4.ਕੱਸਵੇ/ਖਿੱਲਰਵੇਂ (Compact/Diffuse)	8.ਸਘੋਸ਼/ਅਘੋਸ (Voice/Voiceless)

[17] "The three types of prosodic features, which, following Sweet, we term Force, Quantity, and Tone, correspond to the three main attributes of sensation."

----ਤੀਬਰਤਾ (Protensity)

9.ਕਾਲ ‘ਤੇ ਆਧਾਰਿਤ (Tense/Lax)   10.ਚੀਕਵਾਂ (Grave/Acute)

----ਸੁਰੀ (Tonality)

11.ਵਿਛਵਾਂ/ਅਣਵਿਛਵਾਂ (Flat/Non Flat)   12.ਤਿੱਖਵਾਂ/ਅਣਤਿੱਖਵਾਂ (Sharp/Unsharp)

ਜੈਕਬਸਨ ਨੇ ਵਿਅੰਜਨਾਂ ਨੂੰ ਦੋ ਪ੍ਰਕਾਰ ਦੀ ਉਚਾਰਨ ਪ੍ਰਕਿਰਿਆ ਦੀ ਦ੍ਰਿਸ਼ਟੀ ਤੋਂ ਵੰਡਿਆ। 1.ਪ੍ਰਾਥਮਿਕ ਉਚਾਰਨ 2.ਦੁਜੈਲਾ ਉਚਾਰਨ। ਪ੍ਰਾਥਮਿਕ ਉਚਾਰਨ ਵਿਚ ਜੈਕਬਸਨ ਨੇ 10 ਉਚਾਰਨ ਸਥਾਨਾਂ ਦੀ ਪਛਾਣ ਕੀਤੀ ਹੈ। ਜੈਕਬਸਨ ਦਾ ਮੰਨਣਾ ਸੀ ਕਿ ਦੁਨੀਆਂ ਦੀਆਂ ਭਾਸ਼ਾਵਾਂ ਵਿਚ ਇਨ੍ਹਾਂ ਦਸਾਂ ਉਚਾਰਨ ਸਥਾਨਾਂ ਤੋਂ ਬਿਨਾਂ ਹੋਰ ਕੋਈ ਉਚਾਰਨ ਸਥਾਨ ਨਹੀਂ ਹੋ ਸਕਦਾ ਪਰ ਇਹ ਜਰੂਰੀ ਨਹੀਂ ਕਿ ਸੰਸਾਰ ਦੀ ਕਿਸੇ ਵੀ ਭਾਸ਼ਾ ਵਿਚ ਇਹ ਦਸੇ ਉਚਾਰਨ ਸਥਾਨ ਮੌਜੂਦ ਹੋਣ। ਇਹ ਉਚਾਰਨ ਸਥਾਨ ਹਨ: 1.ਦੋ ਹੋਠੀ, 2.ਹੋਠੀ-ਦੰਤੀ, 3.ਅੰਤਰ ਦੰਤੀ, 4. ਦੰਤ ਪਠਾਰੀ, 5.ਪਠਾਰ ਤਾਲਵੀ, 6.ਤਾਲਵੀ, 7.ਕੰਠੀ, 8.ਕਾਕਲੀ, 9.ਸੰਘਪੋਲੀ, 10.ਸੁਰਯੰਤਰੀ। ਸੁਖਵਿੰਦਰ ਸਿੰਘ ਸੰਘਾ (ਉਹੀ: 69) ਅਨੁਸਾਰ, “ਦੁਜੈਲਾ ਉਚਾਰਨ ਆਤਮਸਾਤਕਰਨ ਦੀ ਪ੍ਰਕਿਰਿਆ ਹੈ।” ਜੈਕਬਸਨ ਨੇ ਇਸਨੂੰ ‘Assimilation’ ਦਾ ਨਾਂ ਦਿੱਤਾ ਹੈ। ਜਦੋਂ ਕੋਈ ਵੀ ਧੁਨੀ ਆਪਣੀ ਅਗਲੀ ਜਾਂ ਪਿਛਲੀ ਧੁਨੀ ਦੇ ਪ੍ਰਭਾਵ ਸਦਕਾ ਆਪਣਾ ਉਚਾਰਨ ਸਥਾਨ ਬਦਲ ਲੈਂਦੀ ਹੈ ਤਾਂ ਉਸਨੂੰ ਦੁਜੈਲਾ ਉਚਾਰਨ ਕਿਹਾ ਜਾਂਦਾ ਹੈ। ਦੁਜੈਲੇ ਉਚਾਰਨ ਵਿਚ ਮੁੱਖ ਰੂਪ ਵਿਚ ਦੋਹੋਠੀਕਰਨ, ਤਾਲਵੀਕਰਨ ਦੀ ਪ੍ਰਕਿਰਿਆ ਨੂੰ ਲਿਆ ਜਾਂਦਾ ਹੈ।

ਇਸ ਪ੍ਰਕਾਰ ਜੈਕਬਸਨ ਦੇ ਨਿਖੇੜੂ ਲੱਛਣ ਸਿਧਾਂਤ ਵਿਚ ਦਸ ਉਚਾਰਨ ਸਥਾਨਾਂ ਦੀ ਪਛਾਣ ਕੀਤੀ ਗਈ ਹੈ ਅਤੇ 12 ਨਿਖੇੜੂ ਲੱਛਣਾਂ ਨੂੰ ਉਲੀਕਿਆ ਗਿਆ ਹੈ।

ਚੋਮਸਕੀ ਤੇ ਹਾਲੇ: 1968 ਵਿਚ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਸਿਰਜਨਾਤਮਕ ਧੁਨੀਵਿਉਂਤ ਸੰਬੰਧੀ ਚੌਮਸਕੀ (Avram Noam Chomsky) ਅਤੇ ਹਾਲੇ (Morris Halle) ਦੀ ਕਿਤਾਬ "the sound pattern of English" ਪ੍ਰਕਾਸ਼ਿਤ ਹੋਈ ਜੋ ਕਿ "Generative Phonology" 'ਤੇ ਆਧਾਰਿਤ ਸੀ। ਚੌਮਸਕੀ ਅਤੇ ਹਾਲੇ ਦਾ ਇਹ ਕੰਮ ਅੰਗਰੇਜ਼ੀ ਭਾਸ਼ਾ ਦੀ ਧੁਨੀਵਿਉਂਤ ਅਤੇ ਇਸਦੇ ਵਿਸ਼ਲੇਸ਼ਣ ਨਾਲ ਸੰਬੰਧਿਤ ਸੀ। ਚੌਮਸਕੀ (1968:64) ਨੇ ਅੰਗਰੇਜ਼ੀ ਦੇ ਧੁਨੀਮਾਂ ਦੇ ਨਿਖੇੜੂ ਲੱਛਣਾਂ ਦੀ ਵਿਸਥਾਰ ਪੂਰਵਕ ਚਰਚਾ ਕੀਤੀ।[18] ਚੌਮਸਕੀ ਨੇ ਧੁਨੀਮਕ ਵਿਰੋਧਾਂ ਤੋਂ ਅੱਗੇ ਜਾ ਕੇ ਬੁਲਾਰੇ ਦੇ ਅੰਤਰੀਵ ਗਿਆਨ ਦੀ ਪੱਧਰ ਉੱਤੇ ਵਿਚਰਦੇ ਧੁਨੀਮਕ ਸੰਬੰਧਾਂ ਦਾ ਬਾਰੀਕ ਧੁਨੀਮਕ ਅਧਿਐਨ ਪੇਸ਼ ਕੀਤਾ ਹੈ। ਭਾਵੇਂ ਚੌਮਸਕੀ ਅਤੇ ਹਾਲੇ ਦੁਆਰਾ ਪ੍ਰਸਤੁਤ ਨਿਖੇੜੂ ਲੱਛਣ ਸਿਧਾਂਤ ਮੂਲ ਰੂਪ ਵਿਚ ਜੈਕਬਸਨ ਦੇ ਧੁਨੀਵਿਉਂਤਕ ਸਿਧਾਂਤ ਉੱਪਰ ਹੀ ਆਧਾਰਿਤ ਹੈ ਪਰੰਤੂ ਇਸ ਵਿਚ ਕੁੱਝ ਬਦਲਾਅ ਕੀਤੇ ਗਏ ਹਨ। ਜਿਵੇਂ ਚੌਮਸਕੀ ਅਤੇ ਹਾਲੇ ਦੇ ਇਸ ਮਾਡਲ ਵਿਚ ਪਹਿਲਾ ਫਰਕ ਨਿਖੇੜੂ ਲੱਛਣਾਂ ਦੀ ਗਿਣਤੀ ਤੇ ਸੂਚੀ ਦਾ ਸੀ ਅਤੇ ਦੂਜਾ ਫਰਕ ਲੱਛਣਾਂ ਦੇ ਸੰਕਲਪੀਕਰਨ ਦਾ ਸੀ। ਇਸ ਤੋਂ ਇਲਾਵਾ ਚੌਮਸਕੀ ਅਤੇ ਹਾਲੇ ਦਾ ਅਧਿਐਨ ਉਚਾਰਨੀ ਲੱਛਣਾਂ ਤੇ ਆਧਾਰਿਤ ਸੀ, ਜਦਕਿ ਜੈਕਬਸਨ ਦੋਅੰਗੀ ਵਿਰੋਧਾਂ ਦੀ ਪਛਾਣ ਕਰਦਾ ਹੈ।

ਜੈਕਬਸਨ ਦਾ ਸਿਧਾਂਤ ਸੰਚਾਰ ਤਰੰਗਾਂ ਤੇ ਆਧਾਰਿਤ ਹੈ, ਜਦੋਂ ਕਿ ਚੌਮਸਕੀ ਤੇ ਹਾਲੇ ਦਾ ਸਿਧਾਂਤ ਉਚਾਰਨੀ ਲੱਛਣਾਂ ਤੇ ਆਧਾਰਿਤ ਹੈ। ਜੈਕਬਸਨ ਨੇ ਉਨ੍ਹਾਂ ਨਿਖੇੜੂ ਲੱਛਣਾਂ ਦੀ ਨਿਸ਼ਾਨਦੇਹੀ ਕੀਤੀ, ਜਿਨ੍ਹਾਂ ਰਾਹੀਂ ਭਾਸ਼ਾਵਾਂ ਦੇ ਧੁਨੀਮਕ ਵਿਰੋਧਾਂ ਦੀ ਪਛਾਣ ਜਾ ਸਕਦੀ ਹੈ। ਪਰ ਚੌਮਸਕੀ ਧੁਨੀਮਕ ਵਿਰੋਧਾਂ ਤੋਂ ਅੱਗੇ ਜਾ ਕੇ ਬੁਲਾਰੇ ਦੇ ਅੰਤਰੀਵ ਗਿਆਨ ਦੀ ਪੱਧਰ ਉੱਤੇ ਵਿਚਰਦੇ ਧੁਨੀਮਕ ਸੰਬੰਧਾਂ ਦੇ ਬਾਰੀਕ ਧੁਨੀਆਤਮਕ ਅਧਿਐਨ ਨੂੰ ਆਧਾਰ ਬਣਾਇਆ। ਜੈਕਬਸਨ ਦਾ ਦੁਜੈਲੇ ਉਚਾਰਨ ਤੋਂ ਭਾਵ ਹੋਠੀਕਰਨ ਅਤੇ ਤਾਲਵੀਕਰਨ ਤੋਂ ਹੈ। ਜਦਕਿ ਚੌਮਸਕੀ ਦੁਜੈਲੇ ਉਚਾਰਨ ਵਿਚ ਉਨ੍ਹਾਂ ਨਿਖੇੜੂ ਲੱਛਣਾਂ ਦੌ ਹੋਂਦ ਨੂੰ ਸਵੀਕਾਰ ਕਰਦਾ ਹੈ ਜੋ ਭਾਸ਼ਾ ਦੀ ਗਹਿਨ ਸੰਰਚਨਾ ਵਿਚ ਧੁਨੀਵਿਉਂਤਕ ਨਿਯਮਾਂ ਦੁਆਰਾ ਸਿਰਜਿਤ ਸੰਰਚਨਾਵਾਂ ਦੇ ਧੁਨੀਆਤਮਕ ਵਿਵਰਣ ਦੀ ਨਿਸ਼ਾਨਦੇਹੀ ਕਰਦੇ ਹਨ।

---

[18] "We take "distinctive features" to be the minimal elements of which phonetic, lexical, and phonological transcriptions are composed, by combination and concatenation"

ਚੌਮਸਕੀ ਅਤੇ ਹਾਲੇ ਆਪਣੇ ਮਾਡਲ ਵਿਚ ਉਨ੍ਹਾਂ ਦੋ ਅੰਗੀ ਲੱਛਣਾਂ (binary features) ਦੇ ਵਿਵਰਣ ਨੂੰ ਵੀ ਸ਼ਾਮਲ ਕਰਦੇ ਹਨ ਜੋ ਕਿਸੇ ਭਾਸ਼ਾ ਵਿਸ਼ੇਸ਼ ਵਿਚ ਨਿਖੇੜੂ ਨਹੀਂ ਹੁੰਦੇ ਪਰ ਉਨ੍ਹਾਂ ਦੇ ਨਿਖੇੜੂ ਹੋਣ ਦੀ ਸੰਭਾਵਨਾ ਜ਼ਰੂਰ ਹੁੰਦੀ ਹੈ ਜਦਕਿ ਜੈਕਬਸਨ ਅਜਿਹੇ ਲੱਛਣਾਂ ਨੂੰ ਆਪਣੇ ਮਾਡਲ ਵਿਚ ਨਹੀਂ ਲੈਂਦਾ। ਭਾਵੇਂ ਚੌਮਸਕੀ ਅਤੇ ਹਾਲੇ ਦੁਆਰਾ ਪ੍ਰਸਤੁਤ ਨਿਖੇੜੂ ਲੱਛਣ ਸਿਧਾਂਤ ਜੈਕਬਸਨ ਦੇ ਸਿਧਾਂਤ ਤੇ ਆਧਾਰਿਤ ਸਨ ਪਰੰਤੂ ਇਨ੍ਹਾਂ ਦੇ ਸਿਧਾਂਤ ਦੀ ਮੂਲ ਸੁਰ ਟ੍ਰਬਟਜ਼ਕਾਏ ਦੇ ਨਿਖੇੜੂ ਸਿਧਾਂਤ ਵਿਚਲੇ ਧੁਨੀਆਤਮਕ ਅਤੇ ਦਰਜੇਵਾਰ ਵਿਰੋਧਾਂ ਉੱਤੇ ਜਾ ਟਿੱਕਦੀ ਹੈ।

ਧੁਨੀਵਿਉਂਤ ਦੇ ਖੇਤਰ ਵਿਚ ਅਗਲਾ ਬਦਲਾਅ ਕੁਦਰਤੀ ਧੁਨੀਵਿਉਂਤ (Natural Phonology) ਦੇ ਆਉਣ ਨਾਲ ਹੋਇਆ। ਇਹ ਸਿਧਾਂਤ ਭਾਸ਼ਾ ਵਿਗਿਆਨੀ ਡੈਵਿਡ ਸਟੈਂਪ (David stampe) ਦੁਆਰਾ 1969 ਵਿਚ ਸਥਾਪਿਤ ਕੀਤਾ ਗਿਆ ਸੀ। ਇਸ ਦ੍ਰਿਸ਼ਟੀਕੋਣ ਅਨੁਸਾਰ ਧੁਨੀਵਿਉਂਤ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਭਾਸ਼ਾ ਵਿਸ਼ੇਸ਼ ਦੀਆਂ ਧੁਨੀਆ ਦੇ ਸਮੂਹ ਨਾਲ ਸੰਚਾਰ ਹੁੰਦਾ ਹੈ ਅਤੇ ਇਹ ਕਿਰਿਆਸ਼ੀਲ ਹੁੰਦੀਆਂ ਹਨ।

1976 ਵਿਚ ਗੋਲਡਸਮਿੱਥ (John Goldsmith) ਨੇ ਪਹਿਲੀ ਵਾਰ ਸਵੈਖੰਡੀ ਧੁਨੀਵਿਉਂਤ (Autosegmental Phonology) ਦਾ ਸਿਧਾਂਤ, ਆਪਣੇ ਪੀ.ਐਚ.ਡੀ ਦੇ ਖੋਜ ਪ੍ਰਬੰਧ ਵਿਚ ਪੇਸ਼ ਕੀਤਾ। 20ਵੀਂ ਸਦੀ ਦੌਰਾਨ ਹੋਰ ਵੀ ਬਹੁਤ ਸਾਰੇ ਸਿਧਾਂਤ/ਮਾਡਲ ਵਿਕਸਿਤ ਹੋਏ ਜਿਵੇਂ: ਲੰਡਨ ਸਕੂਲ ਫੋਨੋਲੋਜੀ (London School of Phonology), ਨੈਚਰਲ ਜਨਰੇਟਿਵ ਫੋਨੋਲੋਜੀ (Natural Generative Phonology), ਸੀ.ਵੀ. ਫੋਨੋਲੋਜੀ (CV Phonology), ਮੈਟਰਿਕਲ ਫੋਨੋਲੋਜੀ (Matrical Phonology), ਲੈਕਸੀਕਲ ਫੋਨੋਲੋਜੀ (Lexical Phonology), ਡਿਪੈਂਡੈਂਸੀ ਫੋਨੋਲੋਜੀ (Dependency Phonology), ਪ੍ਰੋਸੋਡਿਕ ਫੋਨੋਲੋਜੀ (Prosodic Phonology) ਇਨ੍ਹਾਂ ਸਭਨਾਂ ਨੇ ਧੁਨੀਵਿਉਂਤਕ ਅਧਿਐਨ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ। ਇਨ੍ਹਾਂ ਸਿਧਾਂਤਾਂ ਵਿਚ ਕਿਸੇ ਭਾਸ਼ਾ ਵਿਸ਼ੇਸ਼ ਦੀਆਂ ਧੁਨੀਆਂ ਦਾ ਅਧਿਐਨ ਕਰਨ ਲਈ ਵੱਖਰੀਆਂ-ਵੱਖਰੀਆਂ ਧਾਰਨਾਵਾਂ ਪੇਸ਼ ਕੀਤੀਆਂ ਗਈਆਂ। ਇਉਂ 20ਵੀਂ ਸਦੀ ਵਿਚ ਧੁਨੀਵਿਉਂਤਕ ਅਧਿਐਨ ਦਾ ਦਾਇਰਾ ਬੜਾ ਵਿਸ਼ਾਲ ਹੋ ਗਿਆ।

ਅਧਿਆਇ ਦੂਜਾ

ਪੰਜਾਬੀ ਭਾਸ਼ਾ ਦੀ ਧੁਨੀਵਿਉਂਤ

ਪੰਜਾਬੀ ਭਾਸ਼ਾ ਦੀ ਧੁਨੀਵਿਉਂਤ

2.0 ਪ੍ਰਵੇਸ਼- ਸ੍ਰੋਤ

ਪੰਜਾਬੀ ਭਾਸ਼ਾ ਬਾਰੇ ਇਹ ਤੱਥ ਤਾਂ ਨਿਰਵਿਵਾਦ ਹੈ ਕਿ ਇਹ ਵੈਦਿਕ ਸੰਸਕ੍ਰਿਤ, ਕਲਾਸੀਕਲ ਸੰਸਕ੍ਰਿਤ, ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਦੇ ਮਾਧਿਅਮ ਰਾਹੀਂ ਆਪਣਾ ਵਰਤਮਾਨ ਭਾਸ਼ਾਈ ਸਰੂਪ ਕਾਇਮ ਕਰਦੀ ਹੈ। ਪਰ ਇਸ ਦਾ ਉਤਪਤੀ-ਸ੍ਰੋਤ ਕਿਹੜੀ ਅਪਭ੍ਰੰਸ਼ ਹੈ ਇਸ ਬਾਰੇ ਵਿਵਾਦ ਹੈ। ਵਿਦਿਆ ਭਾਸਕਰ ਅਰੁਣ (1996:91) ਨੇ ਲਿਖਿਆ ਹੈ ਕਿ ਪੰਜਾਬੀ ਧੁਨੀਆਂ ਅਧਿਕਤਰ ਸ਼ੌਰਸੈਨੀ ਪ੍ਰਾਕ੍ਰਿਤ ਅਨੁਸਾਰੀ ਹਨ ਅਤੇ ਇਨ੍ਹਾਂ ਵਿਕਾਸ ਪੜਾਵਾਂ ਦੌਰਾਨ ਪੰਜਾਬੀ ਦੀਆਂ ਕੁੱਝ ਧੁਨੀਆਂ ਲੋਪ ਹੋ ਗਈਆਂ, ਕੁੱਝ ਬਦਲ ਗਈਆਂ ਅਤੇ ਕਈ ਨਵੀਆਂ ਧੁਨੀਆਂ ਵਿਕਸਿਤ ਹੋ ਗਈਆਂ। ਸ਼ਾਮਦੇਵ ਪਰਾਸ਼ਰ (1990:1) ਨੇ ਲਿਖਿਆ ਹੈ ਕਿ ਪੰਜਾਬੀ ਭਾਸ਼ਾ ਉਸੇ ਹੀ ਭੂਮੀ ਦੀ ਭਾਸ਼ਾ ਹੈ, ਜਿਥੇ ਰਿਸ਼ੀਆਂ ਨੇ ਵੇਦ-ਮੰਤਰਾਂ ਦਾ ਉਚਾਰਨ ਕੀਤਾ। ਪ੍ਰੇਮ ਪ੍ਰਕਾਸ਼ ਸਿੰਘ (1996:158) ਅਨੁਸਾਰ ਪੰਜਾਬੀ ਬੋਲੀ ਵੈਦਿਕ ਅਤੇ ਕਲਾਸੀਕਲ ਸੰਸਕ੍ਰਿਤ ਦੀ ਅਜੋਕੀ ਵਾਰਸ ਹੈ ਪਰ ਉਨ੍ਹਾਂ (ਉਹੀ :445) ਕੋਲਿਨ ਮਸੀਕਾ (1991) ਦੇ ਹਵਾਲੇ ਅਤੇ ਹੋਰ ਬਹੁਤ ਸਾਰੇ ਪ੍ਰਮਾਣਾਂ ਨਾਲ ਇਹ ਵੀ ਸਿੱਧ ਕੀਤਾ ਹੈ ਕਿ ਕੁਝ ਅਣਗੌਲੀਆਂ ਪ੍ਰਾਕ੍ਰਿਤਾਂ ਖਾਸ ਕਰਕੇ ਕੈਕੇਈ ਅਪਭ੍ਰੰਸ਼ ਆਧੁਨਿਕ ਪੰਜਾਬੀ ਦੀ ਇਕ ਸ੍ਰੋਤ-ਭਾਸ਼ਾ ਹੈ। ਦੁਨੀ ਚੰਦ੍ਰ (1959:65) ਅਨੁਸਾਰ, "ਪੰਜਾਬੀ ਸ਼ੌਰਸੈਨੀ ਅਪਭ੍ਰੰਸ਼ ਤੋਂ ਨਿਕਲੀ ਹੈ ਜੋ ਸ਼ੋਰਸੈਨੀ ਪ੍ਰਾਕ੍ਰਿਤ ਦੀ ਸੰਤਾਨ ਹੈ। ਇਸ ਦਾ ਪ੍ਰਮਾਣ ਇਹ ਹੈ ਕਿ ਪੰਜਾਬੀ ਦੇ ਬਹੁਤ ਸਾਰੇ ਵਿਆਕਰਣਿਕ ਰੂਪ ਸ਼ੌਰਸੈਨੀ ਦੇ ਰੂਪਾਂ ਤੋਂ ਧੁਨੀ-ਪਰਿਵਰਤਨ ਦੇ ਨਿਯਮਾਂ ਅਨੁਸਾਰ ਵਿਕਸਿਤ ਹੋਏ ਦਿਸਦੇ ਹਨ।" ਇਨ੍ਹਾਂ ਸਾਰੀਆਂ ਸ੍ਰੋਤ-ਪੁਸਤਕਾਂ ਵਿਚ ਪੰਜਾਬੀ ਭਾਸ਼ਾ ਦੀ ਧੁਨੀਵਿਉਂਤਕ ਵਿਕਾਸ ਪ੍ਰਕਿਰਿਆ ਨੂੰ ਸੰਸਕ੍ਰਿਤ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਰਾਹੀਂ ਆਧੁਨਿਕ ਸਰੂਪ ਤੱਕ ਪੁੱਜੀਆਂ ਦਰਸਾਇਆ ਗਿਆ ਹੈ। ਪਰ ਏਨੀ ਲੰਮੀ ਵਿਕਾਸ ਯਾਤਰਾ ਦੌਰਾਨ ਕੁਝ ਧੁਨੀਆਂ ਪੰਜਾਬੀ ਭਾਸ਼ਾ ਦੀ ਧੁਨੀਵਿਉਂਤਕ ਸੰਰਚਨਾ ਵਿਚ ਪ੍ਰਵੇਸ਼ ਕਰ ਗਈਆਂ ਅਤੇ ਕੁੱਝ ਲੋਪ ਹੋ ਗਈਆਂ।

2.1 ਧੁਨੀਵਿਉਂਤਕ ਪਰਿਵਰਤਨ: ਪੰਜਾਬੀ ਦੀਆਂ ਕਈ ਧੁਨੀਵਿਉਂਤਕ ਵਿਲੱਖਣਤਾਵਾਂ ਵੈਦਿਕ ਭਾਸ਼ਾ ਨਾਲ ਸਮਾਨਤਾਵਾਂ ਰੱਖਦੀਆਂ ਹਨ ਜੋ ਕਿ ਲੌਕਿਕ ਸੰਸਕ੍ਰਿਤ ਵਿਚ ਲੋਪ ਹੋ ਗਈਆਂ ਸਨ। ਭੋਲਾ ਸ਼ੰਕਰ ਵਿਆਸ (1957:113) ਅਨੁਸਾਰ

ਵੈਦਿਕ ਭਾਸ਼ਾ ਵਿਚ /ਯ, ਵ, ਸ਼ (ਥ)/ ਅਤੇ ਅਨੁਸਵਰ ਦਾ ਕਲਾਸੀਕਲ ਸੰਸਕ੍ਰਿਤ ਵਿਚ ਇਕ ਨਿਵੇਕਲਾ ਉਚਾਰਨ ਹੁੰਦਾ ਸੀ, ਜਿਸ ਦੇ ਅਵਸ਼ੇਸ਼ ਅਜੋਕੀ ਪੰਜਾਬੀ ਵਿਚ ਮਿਲਦੇ ਹਨ। ਪਰ ਅਜਿਹੀਆਂ ਧੁਨੀਵਿਉਂਤਕ ਵਿਸ਼ੇਸ਼ਤਾਵਾਂ ਲੌਕਿਕ ਸੰਸਕ੍ਰਿਤ ਵਿਚ ਨਹੀਂ ਮਿਲਦੀਆਂ। ਵੈਦਿਕ ਯੁੱਗ ਦੇ ਸ਼ਿਕਸ਼ਾ ਗ੍ਰੰਥਾਂ ਅਨੁਸਾਰ ਸ਼ਬਦ ਦੀ ਮੁੱਢਲੀ ਸਥਿਤੀ ਵਿਚ ਮੌਜੂਦ ਅਸੰਯੁਕਤ /ਯ/ ਦਾ ਉਚਾਰਨ /ਜ/ ਵਰਗਾ ਹੁੰਦਾ ਸੀ ਅਤੇ ਮੱਧ ਸਥਿਤੀ ਵਿਚ ਵੀ ਜੇਕਰ 'ਯ' /ਰਿ, ਰ, ਣ, ਹ/ ਨਾਲ ਸੰਯੁਕਤ ਹੋਵੇ ਤਾਂ ਵੀ /ਯ/ ਦਾ ਉਚਾਰਨ /ਜ/ ਹੀ ਹੁੰਦਾ ਸੀ। ਪੰਜਾਬੀ ਵਿਚ ਵੈਦਿਕ ਭਾਸ਼ਾ ਦੀ ਤਰ੍ਹਾਂ /ਯ/ ਦਾ /ਜ/ ਉਚਾਰਨ ਹੀ ਹੁੰਦਾ ਹੈ। ਦੂਜੀ ਪ੍ਰਵਿਰਤੀ ਵੈਦਿਕ ਭਾਸ਼ਾ ਵਿਚ ਮੂਰਧਨੀ /ਥ/ ਧੁਨੀ ਨੂੰ /ਖ/ ਉਚਾਰਨ ਦੀ ਹੈ। ਪੰਜਾਬੀ ਵਿਚ ਸੰਸਕ੍ਰਿਤ ਵਾਲੇ /ਥ/ ਨੂੰ /ਖ/ ਵਿਚ ਬਦਲ ਕੇ ਉਚਾਰਨ ਵਾਲੀ ਰੁਚੀ ਪੂਰੀ ਤਰ੍ਹਾਂ ਮਿਲਦੀ ਹੈ। ਮੱਧਕਾਲੀ ਪੰਜਾਬੀ ਵਿਚ ਪੁਰਖ, ਮਨੁੱਖ, ਰਿਖੀ, ਸੰਤੋਖ, ਵਰਖਾ ਆਦਿ ਸ਼ਬਦ ਖ-ਪ੍ਰਧਾਨ ਹੀ ਮਿਲਦੇ ਹਨ। ਵੈਦਿਕ ਭਾਸ਼ਾ ਵਿਚ /ਲ਼, ਲ਼ਹ/ ਪਾਰਸ਼ਵਿਕ ਧੁਨੀਆਂ ਦੀ ਵਰਤੋਂ ਹੁੰਦੀ ਸੀ। ਪਰ ਇਹ ਧੁਨੀਆਂ ਲੌਕਿਕ ਸੰਸਕ੍ਰਿਤ ਵਿਚ ਨਹੀਂ ਹਨ। ਪਰ ਪੰਜਾਬੀ ਵਿਚ ਇਨ੍ਹਾਂ ਵੈਦਿਕ ਧੁਨੀਆਂ ਦਾ ਵਜੂਦ ਸੁਰੱਖਿਅਤ ਹੈ। ਪੰਜਾਬੀ ਵਿਚ /ਲ਼/ ਧੁਨੀ ਪ੍ਰੱਚਲਿਤ ਹੈ ਅਤੇ ਇਹ ਫੋਨੈਮਿਕ ਹੈ। ਦੂਜੀ ਵੈਦਿਕ ਧੁਨੀ /ਲ਼ਹ/ ਦਾ ਪੰਜਾਬੀ ਵਿਚ /ੜ/ ਵਿਚ ਪਰਿਵਰਤਨ ਹੋਇਆ ਹੈ।ਵੈਦਿਕ ਲੌਕਿਕ ਸੰਸਕ੍ਰਿਤ ਵਿਚ /ਯ, ਰ, ਲ, ਵ/ ਅਰਧ ਸਵਰ ਸਨ ਪਰ ਪੰਜਾਬੀ ਵਿਚ ਇਨ੍ਹਾਂ ਵਿੱਚੋਂ /ਯ, ਵ/ ਹੀ ਅਰਧ ਸਵਰ ਰਹਿ ਗਏ ਹਨ।ਵੈਦਿਕ ਵਿਚ /ਣ, ਨ, ਮ/ ਨਾਸਕੀ ਧੁਨੀਆਂ ਸਨ ਅਤੇ /ਙ, ਞ/, /ਨ/ ਦੀਆਂ ਸਹਿ ਧੁਨੀਆਂ ਸਨ। ਇਹੋ ਸਥਿਤੀ ਹੁਣ ਪੰਜਾਬੀ ਵਿਚ ਹੈ। ਵੈਦਿਕ ਭਾਸ਼ਾ ਵਿਚ ਸ਼ੁੱਧ ਹ੍ਰਸਵ ਸਵਰ /ਅ/ ਦਾ ਉਚਾਰਨ ਅਤੀ-ਹ੍ਰਸਵ ਹੋ ਗਿਆ ਸੀ। ਭਾਵ ਰ-ਯੁਕਤ ਵਿਅੰਜਨ ਗੁੱਛਿਆਂ ਦੇ ਮੱਧ ਵਿਚ ਅਤੀ-ਹ੍ਰਸਵ ਦਾ ਆਗਮ ਕੀਤਾ ਜਾਂਦਾ ਸੀ। ਇਸ ਨੂੰ ਸਵਰ-ਭਕਤੀ ਕਿਹਾ ਜਾਂਦਾ ਹੈ। ਜਿਵੇਂ 'ਇੰਦ੍ਰ' ਦਾ ਉਚਾਰਨ 'ਇੰਦਅਰ' ਵਾਂਗ ਹੁੰਦਾ ਸੀ। ਪੰਜਾਬੀ ਦੇ ਉਚਾਰਨ ਵਿਚ ਵੀ ਇਹੋ ਰੁਚੀ ਮਿਲਦੀ ਹੈ। ਜਿਵੇਂ ਪੁੱਤਰ, ਚੰਦਰ, ਸੂਤਰ ਆਦਿ ਸ਼ਬਦਾਂ ਵਿਚ। ਪਰ ਲੋਕਿਕ ਸੰਸਕ੍ਰਿਤ ਵਿਚ ਇਸਦੀ ਅਣਹੋਂਦ ਹੈ। ਵੈਦਿਕ ਸੰਸਕ੍ਰਿਤ ਦੀ ਇਕ ਉੱਘੀ ਵਿਸ਼ੇਸ਼ਤਾ ਸਵਰਾਘਾਤ ਹੈ ਜੋ ਕਿ ਇਕ ਅਰਥ-ਭੇਦਕ ਨਿਖੇੜੂ ਅਖੰਡੀ ਧੁਨੀ ਵਜੋਂ ਕਾਰਜਸ਼ੀਲ ਸੀ। ਪੰਜਾਬੀ ਵਿਚ ਇਹ ਰੁਚੀ ਸੁਰ ਦੇ ਰੂਪ ਵਿਚ ਹਾਸਲ ਹੈ। ਇਉਂ ਪੰਜਾਬੀ ਦੀਆਂ ਤਿੰਨ ਸੁਰਾਂ ਵੈਦਿਕ ਦੇ ਤਿੰਨ-ਰੁਖਾ

ਸਵਰਾਘਾਤ ਦਾ ਹੀ ਵਿਕਾਸ ਹੈ। ਇਸ ਦਾ ਜ਼ਿਕਰ ਬਲਬੀਰ ਸਿੰਘ ਸੰਧੂ ਅਤੇ ਹਰਜੀਤ ਸਿੰਘ ਗੱਲ ਦੀਆਂ ਲਿਖਤਾਂ ਵਿਚ ਮਿਲਦਾ ਹੈ।

ਆਰੀਆ ਭਾਸ਼ਾ-ਵਿਕਾਸ ਦੇ ਇਤਿਹਾਸ ਵਿਚ ਇਸ ਤੋਂ ਬਾਅਦ ਪਾਲੀ-ਪ੍ਰਾਕ੍ਰਿਤ ਦਾ ਸਮਾਂ ਆਉਂਦਾ ਹੈ। ਪ੍ਰੇਮ ਪ੍ਰਕਾਸ਼ ਸਿੰਘ (2004:86) ਅਨੁਸਾਰ ਪਾਲੀ-ਪ੍ਰਾਕ੍ਰਿਤ ਦੇ ਵੇਲੇ ਹੀ ਪੰਜਾਬੀ ਸਮੇਤ ਸਮੂਹ ਨਵੀਨ ਆਰੀਆ ਭਾਸ਼ਾਵਾਂ ਦਾ ਪਹੁ-ਫੁਟਾਲ਼ਾ ਹੁੰਦਾ ਹੈ। ਪੰਜਾਬੀ ਭਾਸ਼ਾ ਦੀਆਂ ਕਈ ਧੁਨੀਆਤਮਕ ਪ੍ਰਕਿਰਿਆਵਾਂ ਪਾਲੀ-ਪ੍ਰਾਕ੍ਰਿਤ ਨਾਲ ਮਿਲਦੀਆਂ ਹਨ। ਜਿਵੇਂ: 1.ਵੈਦਿਕ /ਔ/ ਪੰਜਾਬੀ ਵਿਚ /ਓ /ਵਿਚ ਪਰਿਵਰਤਿਤ ਹੁੰਦਾ ਹੈ: ਪੌਤ੍ਰ > ਪੋਤ ਇਸੇ ਤਰ੍ਹਾਂ /ਚ/ ਤੋਂ /ਜ/ =ਅਚਲ > ਅਜਲ, /ਤ/ ਤੋਂ /ਦ/ =ਹਿਤ > ਹਿੰਦ ਆਦਿ।

2.ਧੁਨੀ-ਲੋਪ:/ਯ/ਦਾ ਲੋਪ=ਪ੍ਰਿਯ > ਪ੍ਰਿਅ, ਹ੍ਰਿਦਯ >ਹਿਰਦੇ

3.ਆਦਿ ਸਥਿਤੀ ਵਿਚ /ਸ /ਦਾ ਲੋਪ =ਸਕੰਧ > ਕੰਧ

4.ਤਵਰਗੀ ਧੁਨੀਆਂ ਦਾ ਮੂਰਧਨੀਕਰਨ:ਕ੍ਰਿਤ > ਕਟ, ਭਰਿਤ > ਭਟ

ਪ੍ਰਾਕ੍ਰਿਤਾਂ ਦੀ ਦੂਜੀ ਵਿਕਾਸ ਅਵਸਥਾ (ਪਹਿਲੀ ਸਦੀ ਤੋਂ 600 ਸਦੀ) 'ਤੇ ਆ ਕੇ ਤਾਂ ਬਹੁਤ ਜ਼ਿਆਦਾ ਧੁਨੀਗਤ ਪਰਿਵਰਤਨ ਵਾਪਰਦੇ ਹਨ। ਇਨ੍ਹਾਂ ਦਾ ਪ੍ਰਭਾਵ ਵੀ ਪੰਜਾਬੀ ਧੁਨੀਵਿਉਂਤ ਵਿਚ ਪ੍ਰਤੱਖ ਮਿਲਦਾ ਹੈ:

1.ਅੰਤਰ ਸਵਰ ਧੁਨੀਆਂ ਦਾ ਲੋਪ:ਮੂਲ ਸੰਸਕ੍ਰਿਤ ਸੂਚਿ, ਨਯਨ ਵਯਣ ਦਾ ਪ੍ਰਾਕ੍ਰਿਤ ਵਿਚ ਸੂਈ, ਨਅਨ ਵਯਣ ਰੂਪ ਹੋ ਜਾਂਦਾ ਹੈ ਅਤੇ ਪੰਜਾਬੀ ਰੂਪ ਸੂਈ, ਨੈਣ ਅਤੇ ਵਚਨ ਹੁੰਦਾ ਹੈ।

2.ਸਘੋਸ਼ੀਕਰਨ: ਅਘੋਸ਼ ਵਿਅੰਜਨਾਂ ਦਾ ਸਘੋਸ਼ੀਕਰਨ ਹੋ ਜਾਂਦਾ ਹੈ। ਜਿਵੇਂ: ਸੰਸਕ੍ਰਿਤ ਸ਼ਾਕ, ਕਾਕ, ਘਟ ਆਦਿ ਦਾ ਪ੍ਰਾਕ੍ਰਿਤ ਰੂਪ ਸਾਗ, ਕਾਗ, ਘਡ ਹੈ ਤੇ ਪੰਜਾਬੀ ਰੂਪ ਸਾਗ, ਕਾਗ/ਕਾਂ ਤੇ ਘੜਾ ਹੈ।

3.ਮੂਰਧਨੀਕਰਨ: ਤਵਰਗੀ ਵਿਅੰਜਨਾਂ ਦਾ ਮੂਰਧਨੀਕਰਨ ਹੋ ਜਾਂਦਾ ਹੈ। ਜਿਵੇਂ: ਸੰਸਕ੍ਰਿਤ ਪੱਤਨ, ਵ੍ਰਿਧਿ ਦਾ ਪ੍ਰਾਕ੍ਰਿਤ ਰੂਪ ਪੱਟਨ, ਵਡਢਿ ਹੈ ਤੇ ਪੰਜਾਬੀ ਰੂਪ ਪੱਤਣ, ਵੱਡੀ ਤੇ ਗੰਢਿਆ ਹੈ।

ਇਸੇ ਤਰ੍ਹਾਂ /ਪ/ ਧੁਨੀ ਦਾ /ਵ/ ਤੇ /ਅ/ ਵਿਚ, /ਨ/ ਦਾ /ਣ/ ਵਿਚ, /ਯ/ ਦਾ /ਜ/ ਵਿਚ ਤੇ /ਸ਼, ਬ/ ਦਾ /ਸ/ ਧੁਨੀ ਦਾ /ਵ/, /ਸ ਅਤੇ ਖ/ ਵਿਚ ਪਰਿਵਰਤਨ ਹੋ ਜਾਂਦਾ ਹੈ। ਜਿਵੇਂ: ਸੰ. ਤਾਪ > ਪ੍ਰਾ. ਤਾਵ, ਪੰ. ਤਾਅ. ਸੰ. ਨਾਮ > ਪ੍ਰਾ. ਣਾਮ > ਪੰ. ਨਾਮ, ਸੰ. ਕਾਰਯ ਪ੍ਰਾ. ਕਜਜ > ਪੰ. ਕਾਜ, ਸੰ. ਰਿਸ਼ੀ. ਪ੍ਰਾ. ਰਿਸਿ > ਪੰ. ਰਿਖੀ

ਕੁੱਝ ਸੰਸਕ੍ਰਿਤ ਵਿਅੰਜਨਾਂ ਦਾ ਦੁੱਤੀਕਰਨ ਹੋ ਜਾਂਦਾ ਹੈ। ਜਿਵੇਂ: ਸੰ. ਸਾਤ, ਲਗਨ > ਪ੍ਰਾ. ਸਤਤ, ਲਗਗ >ਪੰ. ਸੱਤ, ਲੱਗ ਆਦਿ ਵਿਚ। ਇਸ ਤੋਂ ਇਲਾਵਾ ਕੁਝ ਧੁਨੀ ਗੁੱਛਿਆਂ ਦੀ ਆੜ-ਧੁਨੀ ਦਾ ਲੋਪੀਕਰਨ ਹੋ ਜਾਂਦਾ ਹੈ। ਜਿਵੇਂ: ਸੰ. ਪ੍ਰਯਾਣ, ਗ੍ਰਾਮ >ਪ੍ਰਾ. ਪਯਾਣ, ਗਾਮ > ਪੰ. ਪਿਆਨ, ਗ੍ਰਾਂ ਆਦਿ ਵਿਚ

ਮੱਧਕਾਲੀ ਭਾਰਤੀ ਆਰੀਆ ਭਾਸ਼ਾ ਦੀ ਤੀਜੀ ਵਿਕਾਸ ਅਵਸਥਾ ਅਪਭ੍ਰੰਸ਼ ਭਾਸ਼ਾ ਹੈ, ਜਿਸ ਦਾ ਕਾਲ ਖੰਡ 600 ਤੋਂ 1000 ਸਦੀ ਈ. ਬਣਦਾ ਹੈ। ਪ੍ਰੇਮ ਪ੍ਰਕਾਸ਼ ਸਿੰਘ (ਉਹੀ:123) ਅਨੁਸਾਰ ਪ੍ਰਾਕ੍ਰਿਤ-ਕਾਲ ਵਿਚ ਧੁਨੀਆਤਮਕ ਪਰਿਵਰਤਨ ਦੀਆਂ ਜਿਹੜੀਆਂ ਪ੍ਰਵਿਰਤੀਆਂ ਸ਼ੁਰੂ ਹੋਈਆਂ ਉਹੀ ਅਪਭ੍ਰੰਸ਼ ਵਿਚ ਵੀ ਵੱਡੀ ਮਾਤਰਾ ਵਿਚ ਮਿਲਦੀਆਂ ਹਨ। ਪਰ ਅਪਭ੍ਰੰਸ਼ ਦੇ ਮੁੱਖ ਧੁਨੀਵਿਉਂਤਕ ਰੂਪਾਂਤਰਣ ਵਿਚ ਅੰਤਮ ਸਵਰ-ਧੁਨੀ ਦਾ ਹਰਸਵੀਕਰਨ, ਆਦਿ-ਉਚਾਰਖੰਡ ਦੇ ਸਵਰ ਦੀ ਸੁਰੱਖਿਅਤਾ, ਮੱਧਵਰਤੀ ਸਵਰ-ਸੰਧੀ, ਅਤੇ ਮਹਾਂਪ੍ਰਾਣ ਵਿਅੰਜਨਾਂ ਦੀ ਥਾਂ /ਹ/ ਦਾ ਵਿਕਾਸ ਆਦਿ ਪ੍ਰਧਾਨ ਲੱਛਣ ਮਿਲਦੇ ਹਨ।[1]

2.2 ਧੁਨੀਗਤ ਵਿਕਾਸ: ਦੁਨੀ ਚੰਦ੍ਰ (ਉਹੀ:136) ਅਨੁਸਾਰ ਸ਼ਬਦ ਦੇ ਆਰੰਭ ਵਿਚ ਆਉਣ ਵਾਲੇ /ਅ/ ਸਵਰ ਦਾ ਵਿਕਾਸ ਸੰਯੁਕਤ ਵਿਅੰਜਨਾਂ ਤੋਂ ਪਹਿਲੇ ਸੰਸਕ੍ਰਿਤ /अ/ ਤੋਂ ਹੋਇਆ। ਜਿਵੇਂ: ਸੰ. > अग्रे ਤੋਂ ਪੰ. > ਅੱਗੇ, अर्क > ਅੱਕ, अग्नि > ਅੱਗ। ਇਸੇ ਤਰ੍ਹਾਂ ਸ਼ਬਦ ਦੇ ਆਰੰਭ ਵਿਚਲੇ /ਆ/ ਦਾ ਵਿਕਾਸ ਸੰਯੁਕਤ ਵਿਅੰਜਨ ਤੋਂ ਪਹਿਲਾਂ ਸੰਸਕ੍ਰਿਤ /आ/ ਤੋਂ ਹੋਇਆ। ਜਿਵੇਂ: ਸੰ. आन्त्र > ਤੋਂ ਪੰ. ਆਂਦਰ, ਸੰ. आरा > ਤੋਂ ਪੰ. ਆਰ। ਵਿਚਕਾਰ ਅਤੇ ਅੰਤ

[1] "ਉਪਯੋਗੀ ਸਮੱਗਰੀ ਪ੍ਰੇਮ ਪ੍ਰਕਾਸ਼ ਸਿੰਘ (1996ਅਤੇ 2004) ਤੋਂ ਗ੍ਰਹਿਣ ਕੀਤੀ ਗਈ ਹੈ। "

ਵਿਚ ਆਉਣ ਵਾਲਾ /ਆ/ਸੰਯੁਕਤ ਵਿਅੰਜਨਾਂ ਤੋਂ ਪਹਿਲੇ ਸੰ. /अ/ ਦੀ ਜਗ੍ਹਾ 'ਤੇ ਆਉਂਦਾ ਹੈ। ਜਿਵੇਂ: ਸੰ. ਸੱਜਨ > ਪੰ. ਸਾਜਨ, ਸਤ ਧਨ੍ਯਾ > ਸਾਧਨ (ਭਲੀ ਇਸਤਰੀ), कीटक > ਕੀੜਾ, कटक > ਕੜਾ ਆਦਿ।

/ਇ/ ਸਵਰ ਦਾ ਵਿਕਾਸ (ਸ਼ਬਦ-ਮੁੱਢ ਵਿਚ) ਸੰਸਕ੍ਰਿਤ ਦੇ /अ/ ਸਵਰ ਤੋਂ ਹੋਇਆ ਹੈ। ਜਿਵੇਂ: अम्लिका> ਇੰਬਲੀ। ਵਿਚਲੀ ਸਥਿਤੀ ਵਿਚ /ਇ/ ਦਾ ਵਿਕਾਸ ਸੰ. /इ/ ਤੋਂ ਹੋਇਆ। ਜਿਵੇਂ: ਸੰ. इष्टा ਪੰ. ਇੱਟ, इन्द्र > ਇੰਦ੍ਰ, भिक्षा > ਭਿੱਖ, शिक्षा > ਸਿੱਖ ਆਦਿ। /ਈ/ ਦਾ ਵਿਕਾਸ ਸੰ. /ई/ ਤੋਂ ਹੋਇਆ। ਜਿਵੇਂ: ਸੰ. ईर्ष्या > ਈਰਖਾ ਆਦਿ। ਵਿਚਲੀ ਸਥਿਤੀ ਤੇ ਇਹ ਸਵਰ ਸੰਸਕ੍ਰਿਤ ਦੇ /इ/ ਦੀ ਥਾਂ ਆਇਆ। ਜਿਵੇਂ: ਸੰ. जिह्वा > ਪੰ. ਜੀਭ। ਅੰਤਲੀ ਸਥਿਤੀ ਤੇ ਇਹ मक्षिका > ਮੱਖੀ ਅਤੇ अंगुलिका > ਉਂਗਲੀ ਆਦਿ ਤੋਂ ਵਿਕਸਿਤ ਹੋਇਆ। ਸ਼ਬਦ ਆਰੰਭਲੇ /ਏ/ ਦੀ ਉਤਪਤੀ ਸੰ. ਦੇ /ए/ ਤੋਂ ਹੋਈ ਹੈ। ਜਿਵੇਂ: एष > ਏਹ। ਵਿਚਲੇ /ਏ/ ਦੀ ਉਤਪਤੀ ਸੰ. /अ/ ਤੋਂ ਹੋਈ ਹੈ। ਜਿਵੇਂ: वृद्धत्व > ਬੁਢੇਪਾ। ਅੰਤਲੀ ਸਥਿਤੀ 'ਤੇ ਇਹ ਸੰ. ਦੇ ਸੰਯੁਕਤ /अ+इ/ ਦੇ ਆਉਣ ਨਾਲ ਬਦਲਿਆ। ਜਿਵੇਂ: निकटे > ਨੇੜੇ, अदि > ਜੇ ਆਦਿ।

/ਉ/ ਸਵਰ ਦੀ ਉਤਪਤੀ ਸੰਸਕ੍ਰਿਤ ਦੇ ਸੰਯੁਕਤ ਵਿਅੰਜਨਾਂ ਤੋਂ ਪਹਿਲੇ /ਤ/ ਤੋਂ ਹੋਈ। ਜਿਵੇਂ: ਸੰ. ਤਦਗਤ > ਪੰ. ਉਗਿਆ, मुष्टि > ਮੁੱਠ, दुग्धम > ਦੁੱਧ, कुक्षि > ਕੁੱਖ। ਸ਼ਬਦ ਦੇ ਮੁੱਢ 'ਤੇ ਆਉਣ ਵਾਲਾ /ਊ/ ਸੰ. /ਤ/ ਤੋਂ ਨਿਕਲਿਆ ਹੈ। ਜਿਵੇਂ: ਤष्ट्र> ਊਠ। ਵਿਚਲੀ ਅਤੇ ਅੰਤਲੀ ਸਥਿਤੀ ਤੇ ਆਓਣ ਵਾਲਾ /ਊ/ ਸੰ. /ਤ੍ਰ/ ਤੋਂ ਬਣਿਆ ਹੈ। ਜਿਵੇਂ: यूका > ਜੂੰ, पूरित > ਪੂਰਾ, शूकर > ਸੂਰ ਆਦਿ। ਆਰੰਭਲੇ /ਓ/ ਦਾ ਵਿਕਾਸ ਸੰ. /अमु/ ਤੋਂ ਹੋਇਆਹੈ। ਜਿਵੇਂ: अमुष्य > ਓਸ। ਵਿਚਲੀ ਸਥਿਤੀ ਤੇ ਆਉਣ ਵਾਲੇ /ਓ/ ਦੀ ਆਮਦ ਸੰ. /अ/ ਦੀ ਜਗ੍ਹਾ ਤੇ ਹੋਈ ਹੈ। ਜਿਵੇਂ: ਵਟ > ਬੋਹੜ। ਅੰਤਲੀ ਸਥਿਤੀ ਤੇ ਸੰ. ਦੇ /औ/ ਦੀ ਜਗ੍ਹਾ ਤੇ ਆਇਆ ਹੈ। ਜਿਵੇਂ: द्वौ > ਦੋ।

ਆਰੰਭਲੇ /ਐ/ ਦੀ ਉਤਪਤੀ ਸੰ. ਦੇ /आ+ इ/ ਤੋਂ ਹੋਈ। ਜਿਵੇਂ: आदित्यवार > ਐਤਵਾਰ। ਵਿਚਲੀ ਤੇ ਅੰਤਲੀ ਸਥਿਤੀ ਵਾਲੇ /ਐ/ ਦੀ ਉਤਪਤੀ ਸੰ. ਦੇ ਸੰਯੁਕਤ ਵਿਅੰਜਨਾਂ ਤੋਂ ਪਹਿਲੇ /अ/ ਦੀ ਜਗ੍ਹਾ ਤੇ ਹੋਈ ਹੈ। ਜਿਵੇਂ:

ਧਕ਼ੀ > ਪੈਂਛੀ ਆਦਿ। ਸ਼ਬਦ ਦੀ ਆਰੰਭਲੀ ਸਥਿਤੀ ਤੇ ਆਉਣ ਵਾਲਾ /ਐ/ ਸੰ. ਅਧ, ਅਵ ਦਾ ਵਿਕਸਿਤ ਰੂਪ ਹੈ। ਜਿਵੇਂ: अपगति > ਔਗਤ। ਇਸ ਤੋਂ ਇਲਾਵਾ ਇਹ ਸੰ. /औ, आप, आम/ ਦੀ ਥਾਂ ਤੇ ਵੀ ਆਇਆ ਹੈ। ਜਿਵੇਂ: औषधि > ਔਖਦ, आपतित > ਔੜ੍ਹੇ ਆਦਿ। ਵਿਚਲੀ ਅਤੇ ਅੰਤਲੀ ਸਥਿਤੀ ਤੇ ਆਉਣ ਵਾਲਾ /ਐ/ ਸੰ. /अ+उ/ ਦੀ ਥਾਂ ਤੇ ਆਇਆ ਹੈ। ਜਿਵੇਂ: चतुर्थ > ਚੌਥਾ, लघु > ਹੌਲਾ। ਪਰ ਵਿਦਿਆ ਭਾਸਕਰ ਅਰੁਣ (ਉਹੀ: 93) ਨੇ /ਐ/ ਤੇ /ਔ/ ਸਵਰਾਂ ਨੂੰ ਪੰਜਾਬੀ ਵਿਚ ਨਵੀਨ ਵਿਕਸਿਤ ਧੁਨੀਆ ਮੰਨਿਆ ਹੈ।

ਪੰਜਾਬੀ ਵਿਅੰਜਨ ਧੁਨੀਆਂ ਵਿਚੋਂ ਕੰਠੀ (ਸ਼ਬਦ ਆਰੰਭਲੇ)/ਕ/ਦਾ ਵਿਕਾਸ ਪ੍ਰਾਕ੍ਰਿਤ ਦੇ /क, क्र, क्व/ ਤੋਂ ਹੋਇਆ ਹੈ। ਜਿਵੇਂ: कज्जलम > ਕੱਜਲ, क्रोश > ਕੋਹ, क्वथिता > ਕੜ੍ਹੀ। ਸ਼ਬਦ ਵਿਚਲੇ ਅਤੇ ਅੰਤਲੇ /ਕ/ ਦਾ ਵਿਕਾਸ /क्र, ष्क/ ਤੋਂ ਹੋਇਆ। ਜਿਵੇਂ: चक्रम > ਚੱਕ, शुष्क > ਸੁੱਕਾ ਆਦਿ । ਸ਼ਬਦ ਆਰੰਭਲੇ /ਖ/ ਦਾ ਵਿਕਾਸ ਸੰਸਕ੍ਰਿਤ ਦੇ /ख, क/ ਤੋਂ ਹੋਇਆ। ਜਿਵੇਂ: खटवा > ਖੱਟ, करताल > ਖੜਤਾਲ। ਵਿਚਲਾ ਅਤੇ ਅੰਤਲਾ /ਖ/ ਸੰਸਕ੍ਰਿਤ ਦੇ ਵਰਣ /क्ष/ ਦੀ ਜਗ੍ਹਾ ਤੇ ਆਇਆ ਹੈ। ਜਿਵੇਂ: कक्ष > ਕੱਖ, रक्षा > ਰੱਖ ਆਦਿ। ਸ਼ਬਦ ਆਰੰਭਲਾ /ਗ/ ਸੰਸਕ੍ਰਿਤ /ज्ञ/ਦੀ ਜਗ੍ਹਾ ਤੇ ਆਉਂਦਾ ਹੈ। ਜਿਵੇਂ: गौरक> ਗੋਰਾ। ਵਿਚਲੀ ਅਤੇ ਅੰਤਲੀ ਸਥਿਤੀ ਵਾਲਾ /ਗ/ ਸੰਯੁਕਤ ਵਿਅੰਜਨ /ज्ञ/ਦੀ ਜਗ੍ਹਾ ਤੇ ਆਉਂਦਾ ਹੈ। ਜਿਵੇਂ: यज्ञ > ਜੱਗ, अग्र > ਅੱਗ।

ਤਾਲਵੀ ਵਿਅੰਜਨ ਧੁਨੀਆਂ ਵਿਚੋਂ (ਸ਼ਬਦ ਆਰੰਭਲੇ) /ਚ/ਦਾ ਵਿਕਾਸ ਸੰਸਕ੍ਰਿਤ ਦੇ /च, त/ ਵਰਣਾਂ ਰਾਹੀਂ ਹੋਇਆ ਹੈ। ਜਿਵੇਂ: चटक > ਚਿੜਾ, चक्रम >ਚੱਕ, तात > ਚਾਚਾ। ਵਿਚਲੀ ਅਤੇ ਅੰਤਲੀ ਸਥਿਤੀ ਤੇ ਇਹ ਵਿਅੰਜਨ ਸੰਸਕ੍ਰਿਤ ਦੇ /च/ ਵਰਣ ਤੋਂ ਬਣਿਆ। ਜਿਵੇਂ: आचारा > ਆਚਾਰ, काच > ਕੱਚ। ਸੰਸਕ੍ਰਿਤ /ਛ/ ਪੰਜਾਬੀ ਸ਼ਬਦਾਂ ਦੇ ਆਰੰਭਲੇ /ਛ/ ਦਾ ਵਿਕਾਸ ਸੰਸਕ੍ਰਿਤ ਦੇ /छ, श, क्ष/ ਵਰਣਾਂ ਤੋਂ ਹੋਇਆ ਹੈ। ਜਿਵੇਂ: छत्वर > ਛੱਪਰ, शिक्य् > ਛਿੱਕਾ। ਸ਼ਬਦ ਵਿਚਲਾ /ਛ/ ਸੰਸਕ੍ਰਿਤ /छ/ ਦਾ ਵਿਕਸਿਤ ਰੂਪ ਹੈ। ਜਿਵੇਂ: लक्षणम > ਲੱਛਣ। ਅੰਤਲੇ /ਛ/ ਦਾ ਵਿਕਾਸ ਸੰਸਕ੍ਰਿਤ /श्रु/ ਤੋਂ ਹੋਇਆ। ਜਿਵੇਂ: श्मश्रु > ਮੁੱਛ। ਸ਼ਬਦ ਆਰੰਭਲਾ /ਜ/ ਪ੍ਰਾਕ੍ਰਿਤ ਦੇ /ज/ ਦੀ ਥਾਂ ਆਇਆ ਹੈ ਅਤੇ ਇਹ ਸੰਸਕ੍ਰਿਤ ਦੇ /ज, ज्य, य/ ਦੀ ਜਗ੍ਹਾ ਆਇਆ ਹੈ। ਜਿਵੇਂ: जटा > ਜੜ੍ਹ, ज्येष्ठ > ਜੇਠ, यदि

> ਜੇ। ਵਿਚਲਾ ਅਤੇ ਅੰਤਲਾ /ਜ/ ਅਨੁਨਾਸਿਕਤਾ ਦੇ ਨਾਲ /ਚ , ਜ, ਯ/ ਦੀ ਥਾਂ ਤੇ ਆਇਆ ਹੈ। ਜਿਵੇਂ: क्रोज्च > ਕੂੰਜ, पंजर > ਪਿੰਜਰਾ, कन्या > ਕੰਜ।

ਤਾਲਵੀ ਤੇ ਨਾਸਿਕੀ /ਞ/ ਨਾਲ ਸ਼ੁਰੂ ਹੋਣ ਵਾਲਾ ਸ਼ਬਦ ਨਾ ਹੀ ਸੰਸਕ੍ਰਿਤ ਵਿਚ ਹੈ ਅਤੇ ਨਾ ਹੀ ਪੰਜਾਬੀ ਭਾਸ਼ਾ ਵਿਚ। ਪਰੰਤੂ ਕੁੱਝ ਪੰਜਾਬੀ ਸ਼ਬਦਾਂ ਦੇ ਵਿਚਕਾਰ ਅਤੇ ਅੰਤ ਵਿਚ /ਞ/ ਸੰਸਕ੍ਰਿਤ /ज्ञा, न्य/ ਦੀ ਜਗਾ ਆਇਆ ਹੈ।ਜਿਵੇਂ: अज्ञान > ਅਞਾਣਾ, जन्य > ਜੰਞ ਆਦਿ। /ਯ/ ਵਿਅੰਜਨ ਦੇ ਵਿਕਾਸ ਬਾਰੇ ਵਿਦਿਆ ਭਾਸਕਰ ਅਰੁਣ (ਉਹੀ:170) ਲਿਖਦੇ ਹਨ ਕਿ ਪ੍ਰਾ. ਹਿੰ. ਆ. /ਯ/ ਪ੍ਰਾਕ੍ਰਿਤਾਂ ਵਿਚ /ਜ/ ਵਿਚ ਬਦਲ ਗਿਆ ਸੀ। ਪੰਜਾਬੀ ਵਿਚ ਵੀ ਪੁਰਾਣੇ ਤਦਭਵ ਸ਼ਬਦਾਂ ਵਿਚ /ਜ/ ਮਿਲਦਾ ਹੈ। ਆਰੰਭਿਕ /ਯ/ ਸੰ. /ए, य/ ਦੀ ਥਾਂ 'ਤੇ ਵਿਕਸਿਤ ਹੋਇਆ ਹੈ। ਜਿਵੇਂ: एकादश > ਯਾਰਾਂ, यज्ञ > ਯੱਗ। ਸ਼ਬਦ ਆਰੰਭਲਾ ਪੰਜਾਬੀ/ਵ/ਸੰਸਕ੍ਰਿਤ /व्, ब/ ਦੀ ਜਗ੍ਹਾ ਆਇਆ ਹੈ।ਜਿਵੇਂ: विकसति > ਵਿਗਸ, ब्रह्माण्ड > ਵਰਭੰਡਾ। ਵਿਚਲੇ ਅਤੇ ਅੰਤਲੇ /ਵ/ ਦਾ ਵਿਕਾਸ ਸੰਸਕ੍ਰਿਤ ਅਤੇ ਫਾਰਸੀ ਦੇ ਕ੍ਰਮਵਾਰ /ਧ, ਬ/ ਵਰਣਾਂ ਰਾਹੀਂ ਹੋਇਆ ਹੈ। ਜਿਵੇਂ: आधाक > ਆਵਾ, दरबान > ਦਰਵਾਣ ਆਦਿ।

ਉਲਟਜੀਭੀ ਵਿਅੰਜਨਾਂ ਵਿਚੋਂ (ਸ਼ਬਦ ਮੁੱਢਲਾ) /ਟ/ ਸੰਸਕ੍ਰਿਤ ਦੇ /ट, त, त्र/ ਰਾਹੀਂ ਹੋਂਦ ਵਿਚ ਆਇਆ ਹੈ। ਜਿਵੇਂ: टेरक > ਟੀਰਾ, तिलक > ਟਿੱਕਾ, त्रुटयति > ਟੁੱਟੇ। ਵਿਚਲੀ ਅਤੇ ਅੰਤਲੀ ਸਥਿਤੀ ਵਾਲਾ /ਟ/ ਸੰਸਕ੍ਰਿਤ ਦੇ /क्त, र्त/ ਵਰਣਾਂ ਤੋਂ ਉਤਪੰਨ ਹੋਇਆ ਹੈ। ਜਿਵੇਂ: युक्त> ਜੁੱਟ, कर्तन > ਕੱਟਣਾ। ਸ਼ਬਦ ਆਰੰਭਲਾ /ਠ/ ਸੰਸਕ੍ਰਿਤ /ठ, थ/ ਤੋਂ ਵਿਕਸਿਤ ਹੈ। ਜਿਵੇਂ: ठक्कुर > ਠਾਕਰ, स्थान > ਠਾਣਾ। ਵਿਚਲਾ ਅਤੇ ਅੰਤਲਾ/ਠ/ਸੰਸਕ੍ਰਿਤ /ष्ट, ष्ठ/ਵਿਕਸਿਤ ਹੈ। ਜਿਵੇਂ: काष्ठ > ਕਾਠ, वृष्ट > ਵੁਠਾ (ਵਰ੍ਹਿਆ)। ਸ਼ਬਦ ਮੁੱਢਲਾ /ਡ/ ਸੰਸਕ੍ਰਿਤ ਦੇ /ड, द/ ਤੋਂ ਵਿਕਸਿਤ ਹੈ। ਜਿਵੇਂ: डाकिनी > ਡਾਇਣ, दोलक> ਡੋਲਾ। ਸ਼ਬਦ ਵਿਚਲਾ ਅਤੇ ਅੰਤਲਾ /ਡ/ ਸੰਸਕ੍ਰਿਤ /ड, ढ, ब्ध/ ਵਿਕਸਿਤ ਹੈ। ਜਿਵੇਂ: शुण्डा > ਸੁੰਡ, मेढ्र > ਭੇਡੂ, स्तब्ध > ਠੰਡਾ। ਉਲਟਜੀਭੀ /ਣ/ ਦੀ ਉਤਪਤੀ ਸੰਸਕ੍ਰਿਤ ਦੇ /ण, न/ ਅੱਖਰਾਂ ਰਾਹੀਂ ਹੋਈ ਹੈ। ਜਿਵੇਂ: काण > ਕਾਣਾ, भगिनी > ਭੈਣ, विनाश > ਵਿਣਾਸੁ। ਪੰਜਾਬੀ /ੜ/ ਦਾ ਵਿਕਾਸ ਸੰਸਕ੍ਰਿਤ /ट, ठ, ड, ढ/ ਰਾਹੀਂ ਹੋਇਆ ਹੈ। ਜਿਵੇਂ: पुट > ਪੁੜ, उदघाटयत > ਉਘਾੜੇ, पीठिका > ਪੀੜੀ,

ਨਾਡੀ > ਨਾੜ, ਲੀਢ਼ > ਲੀੜਾ ਆਦਿ। ਵਿਦਿਆ ਭਾਸਕਰ ਅਰੁਣ (ਉਹੀ:93) ਅਨੁਸਾਰ /ੜ/ ਧੁਨੀ ਦਾ ਵਿਕਾਸ ਪ੍ਰਾਚੀਨ /ਟ/ ਧੁਨੀ ਤੋਂ ਪ੍ਰਾਕ੍ਰਿਤ ਵਿਚ /ਡ/ ਹੁੰਦਿਆ ਹੋਇਆਂ ਹੋਇਆ ਹੈ।"

ਪੰਜਾਬੀ ਦੇ ਦੰਤੀ ਵਿਅੰਜਨਾਂ ਵਿਚੋਂ /ਤ/ ਸੰਸਕ੍ਰਿਤ ਦੇ /त, त्र/ ਦਾ ਵਿਕਸਿਤ ਰੂਪ ਹੈ। ਜਿਵੇਂ: तृषा > ਤਿਖਾ, त्रयोदश > ਤੇਰਾਂ। ਵਿਚਲਾ ਤੇ ਅੰਤਲਾ /ਤ/ ਸੰਸਕ੍ਰਿਤ ਦੇ /त, क्त्र/ ਵਰਣਾਂ ਤੋਂ ਆਇਆ ਹੈ।ਜਿਵੇਂ: पीत > ਪੀਤਾ, योक्त्र > ਜੋਤ। ਪੰਜਾਬੀ /ਥ/ ਸੰਸਕ੍ਰਿਤ ਦੇ ਸੰਯੁਕਤ ਵਿਅੰਜਨਾਂ /स्त, स्थ/ ਦੀ ਜਗ੍ਹਾ ਆਇਆ ਹੈ। ਜਿਵੇਂ: स्तम्भ > ਥੰਮ, स्थल > ਥਲ। ਕੁੱਝ ਸ਼ਬਦਾਂ ਵਿਚ /ਥ/, /त/ ਦੀ ਜਗ੍ਹਾ ਤੇ ਵੀ ਆਇਆ ਹੈ। ਵਿਚਲਾ ਅਤੇ ਅੰਤਲਾ /ਥ/ ਸੰਸਕ੍ਰਿਤ ਦੇ /त्र, स्त/ ਵਰਣਾਂ ਰਾਹੀਂ ਆਇਆ ਹੈ। ਜਿਵੇਂ: कुत्र > ਕਿੱਥੇ, वस्तु >ਵਥੁ। ਸ਼ਬਦ ਦੇ ਸ਼ੁਰੂ ਦਾ /ਦ/ ਸੰਸਕ੍ਰਿਤ ਦੇ /द, द्र, द्वी/ ਤੋਂ ਨਿਕਲਿਆ ਹੈ। ਜਿਵੇਂ: दुर्लभ > ਦੂਲਾ, द्रम्म > ਦੰਮ, द्वीप > ਦੀਪ। ਵਿਚਲਾ ਤੇ ਅੰਤਲਾ /ਦ/ ਦਾ ਵਸੰਸਕ੍ਰਿਤ ਦੇ /त, द, द्र/ ਤੋਂ ਵਿਕਸਿਤ ਹੈ। ਜਿਵੇਂ: त्रनाहत > ਅਨਹਦ, मुद्रिका > ਮੁੰਦਰੀ, निद्रा > ਨੀਂਦ। ਸ਼ਬਦ ਆਰੰਭਲਾ /ਨ/ ਸੰਸਕ੍ਰਿਤ ਦੇ /न, स्न/ ਤੋਂ ਉਤਪਤ ਹੈ। ਜਿਵੇਂ: नाश > ਨਾਸ, स्नेह > ਨੇਹ। ਵਿਚਲੇ ਅਤੇ ਅੰਤਲੇ /ਨ/ ਦਾ ਵਿਕਾਸ ਸੰਸਕ੍ਰਿਤ /न, स/ ਰਾਹੀਂ ਹੋਇਆ ਹੈ।ਜਿਵੇਂ: सन > ਮਨ, सम्बन्ध > ਸਨਬੰਧ ਆਦਿ।

ਦੰਤੀ ਵਿਅੰਜਨਾਂ ਵਿਚੋਂ /ਲ/ ਦਾ ਵਿਕਾਸ ਸ਼ਬਦ ਦੇ ਸ਼ੁਰੂ ਵਿਚ ਸੰਸਕ੍ਰਿਤ ਦੇ ਵਰਣਾਂ /न, र, य, ल/ ਦੀ ਜਗ੍ਹਾ ਹੋਇਆ ਹੈ। ਜਿਵੇਂ: नारिकेल > ਲਲੇਰ, रज्जू > ਲੱਜ, यष्टिका > ਲਾਠੀ, लोक > ਲੋਅ। ਵਿਚਲਾ ਅਤੇ ਅੰਤਲਾ /ਲ/ ਪ੍ਰਾਕ੍ਰਿਤ ਦੇ /ल्ल/ ਦੀ ਥਾਂ ਆਉਂਦਾ ਹੈ ਅਤੇ ਇਸ ਦੀ ਉਤਪਤੀ /द्र, ल्य, ल्व, ट, ड/ ਰਾਹੀਂ ਹੋਈ ਹੈ। ਜਿਵੇਂ: भद्र > ਭਲਾ, कुल्या > ਕੂਲ੍ਹ,बिल्व>ਬਿੱਲ, चेट > ਚੇਲਾ, क्रोडे > ਕੋਲ। ਸ਼ਬਦ ਆਰੰਭਲੇ /ਰ/ ਦੀ ਉਤਪਤੀ ਸੰਸਕ੍ਰਿਤ ਦੇ ਵਰਣਾਂ /र, ल, ॠ/ ਰਾਹੀਂ ਹੋਈ ਹੈ। ਜਿਵੇਂ: राजा > ਰਾਇ, हृदय > ਰਿਦੈ, लोष्ट > ਰੋੜਾ। ਵਿਚਲੇ ਅਤੇ ਅੰਤਲੇ /ਰ/ ਦੀ ਉਤਪਤੀ ਸੰਸਕ੍ਰਿਤ /ॠ, ट, ठ/ ਰਾਹੀਂ ਹੋਈ ਹੈ। ਜਿਵੇਂ: वृथा > ਬਿਰਥਾ, ललाटे >

ਲਿਲਾਰਿ ਕਠਿਨ > ਕਰੜਾ। ਪੰਜਾਬੀ /ਸ/ ਵਿਅੰਜਨ ਸੰਸਕ੍ਰਿਤ ਦੇ ਤਿੰਨ ਊਸ਼ਮ ਵਰਣਾਂ /श, ष, स/ ਦੀ ਜਗ੍ਹਾ ਆਉਂਦਾ ਹੈ । ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਪੁਰਾਣੀ ਪੰਜਾਬੀ ਵਿਚ ਵੀ ਇਕੱਲਾ /ਸ/ ਹੀ ਮਿਲਦਾ ਹੈ।

ਹੋਠੀ ਧੁਨੀਆਂ ਵਿਚੋਂ ਆਰੰਭਿਕ /ਪ/ ਦਾ ਵਿਕਾਸ /प, प्र/ ਵਰਣਾਂ ਰਾਹੀਂ ਹੋਇਆ ਹੈ। ਜਿਵੇਂ: पानीयम> ਪਾਣੀ, प्रिय> ਪਿਆਰਾ। ਵਿਚਲੇ ਅਤੇ ਅੰਤਲੇ /ਪ/ ਦੀ ਉਤਪਤੀ /र्प, व्, त्व/ ਵਰਣਾਂ ਰਾਹੀਂ ਹੋਈ ਹੈ।ਜਿਵੇਂ: सर्प > ਸੱਪ, बान्धव > ਬੰਧਪ, छत्वर > ਛੱਪਰ। ਸ਼ਬਦ ਆਰੰਭਲਾ /ਫ/ ਸੰਸਕ੍ਰਿਤ ਦੇ ਵਰਣਾਂ /प, फ, स्फ/ ਦੀ ਜਗ੍ਹਾ ਆਇਆ ਹੈ। ਜਿਵੇਂ: पाश > ਫਾਹ, फलक > ਫਰਾ, स्फोटक > ਫੋੜਾ। ਸ਼ਬਦ ਦੇ ਵਿਚਲਾ ਅਤੇ ਅੰਤਲਾ /ਫ/ ਸੰਸਕ੍ਰਿਤ ਦੇ /ष्प, प/ ਤੋਂ ਵਿਕਸਿਤ ਹੈ। ਜਿਵੇਂ: बाष्प > ਭਾਫ, स्वप्न > ਸੁਫਨਾ। ਸ਼ਬਦ ਆਰੰਭਲਾ /ਬ/ ਪ੍ਰਾਕ੍ਰਿਤ ਦੇ /ब/ ਦੀ ਥਾਂ ਆਇਆ ਹੈ ਅਤੇ ਪ੍ਰਾਕ੍ਰਿਤ ਦਾ /ब/ ਇਨ੍ਹਾਂ ਵਰਣਾਂ /द्वा, ब, ब्रा/ ਦੀ ਜਗ੍ਹਾ ਆਇਆ ਹੈ। ਜਿਵੇਂ: द्वादश > ਬਾਰਾਂ, बाहु >ਬਾਹ, ब्राह्मण > ਬਾਮ੍ਹਣ। ਵਿਚਲਾ ਜਾਂ ਅੰਤਲਾ ਇਕਹਿਰਾ ਜਾਂ ਦੁੱਤ /ਬ/ ਇਨ੍ਹਾਂ ਵਰਣਾਂ /प, ब, ब्ज, स, व्/ ਦੀ ਜਗ੍ਹਾ ਆਇਆ ਹੈ। ਜਿਵੇਂ: कम्पते > ਕੰਬੇ, कम्बल > ਕੰਬਲ, कुब्ज > ਕੁੱਬਾ, आम्र > ਅੰਬ, योवनम > ਜੋਬਣ। ਹੋਠੀ ਨਾਸਿਕੀ ਮੁੱਢਲੇ /ਮ/ ਦਾ ਵਿਕਾਸ ਸੰਸਕ੍ਰਿਤ ਦੇ /म, शम/ ਵਰਣਾਂ ਤੋਂ ਹੈ। ਜਿਵੇਂ: मन्त्र > ਮੰਦ, श्मशानम> ਮਸਾਣ। ਵਿਚਲੇ ਅਤੇ ਅੰਤਲੇ /ਮ/ ਦਾ ਵਿਕਾਸ ਸੰਸਕ੍ਰਿਤ ਦੇ ਵਰਣਾਂ /म, न्म, म्ब/ ਰਾਹੀਂ ਹੋਇਆ ਹੈ। ਜਿਵੇਂ: डोम > ਡੂੰਮ, जन्म > ਜੰਮ, चुम्बत > ਚੁੰਮੇ।

ਸੁਰਯੰਤਰੀ /ਹ/ ਵਿਅੰਜਨ ਸੰਸਕ੍ਰਿਤ ਵਾਂਗ ਪੰਜਾਬੀ ਵਿਚ ਵੀ ਘੋਸ਼ ਹੈ। ਸੰਸਕ੍ਰਿਤ ਦਾ ਆਰੰਭਿਕ /ह/ ਪੰਜਾਬੀ ਵਿਚ ਟਿਕਿਆ ਰਿਹਾ ਹੈ। ਪਰ ਅਜੋਕੀ ਪੰਜਾਬੀ ਵਿਚ ਇਸਦੀ ਜਗ੍ਹਾ ਸੁਰ ਨੇ ਲੈ ਲਈ ਹੈ। ਪੰਜਾਬੀ ਸ਼ਬਦਾਂ ਦਾ ਆਰੰਭਿਕ /ਹ/ ਪ੍ਰਕ੍ਰਿਤ /ह/ ਦੀ ਜਗ੍ਹਾ ਆਉਂਦਾ ਹੈ। ਜਿਵੇਂ: हस्त >ਹੱਥ, होलिका > ਹੋਲੀ, हत्याकार > ਹੱਤਿਆਰਾ। ਵਿਚਲਾ ਅਤੇ ਅੰਤਲਾ /ਹ/, /ह, ख/ ਤੋਂ ਨਿਕਲਿਆ ਹੈ। ਜਿਵੇਂ: बाहु > ਬਾਂਹ, सखी > ਸਹੇਲੀ, लेखा > ਲੀਹ ਆਦਿ।

ਪੰਜਾਬੀ ਵਿਚ ਸਘੋਸ਼ ਮਹਾਪ੍ਰਾਣ ਧੁਨੀਆਂ ਵਿੱਚੋਂ ਮੁੱਢਲੀ /ਘ/ਧੁਨੀ ਸੰਸਕ੍ਰਿਤ ਦੇ /ਘ, ਕ/ ਤੋਂ ਵਿਕਸਿਤ ਹੋਈ ਹੈ। ਜਿਵੇਂ: ਘਟ >ਘੜਾ, ਘੋਟਕ > ਘੋੜਾ, ਕੁਮ੍ਭਕਾਰ > ਘੁਮਿਆਰ। ਸ਼ਬਦ ਦੀ ਵਿਚਲੀ ਅਤੇ ਅੰਤਲੀ ਸਥਿਤੀ ਤੇ ਇਹ ਧੁਨੀ ਸੰਸਕ੍ਰਿਤ ਦੇ /ਖ, ਗ, ਘ/ ਵਰਣਾਂ ਰਾਹੀਂ ਵਿਕਸਿਤ ਹੋਈ। ਜਿਵੇਂ: ਪ੍ਰੇਙ੍ਖਾ > ਪੀਂਘ, ਪ੍ਰਗਰਤਿ > ਪੱਘਰੇ, ਵ੍ਯਾਘ੍ਰ > ਬਾਘ ਆਦਿ। /ਝ/ ਵਿਅੰਜਨ ਸੰਸਕ੍ਰਿਤ ਵਿਚ ਬਹੁਤ ਘੱਟ ਵਰਤੋਂ ਵਿਚ ਆਇਆ ਹੈ। ਇਹ ਉਨ੍ਹਾਂ ਸ਼ਬਦਾਂ ਵਿਚ ਹੀ ਮਿਲਦਾ ਹੈ ਜਿਹੜੇ ਸ਼ੁੱਧ ਪ੍ਰਾਕ੍ਰਿਤ ਦੇ ਸ਼ਬਦ ਹਨ। ਪੰਜਾਬੀ ਵਿਚ ਸ਼ਬਦ ਦੇ ਆਰੰਭਲੇ /ਝ/ ਦੀ ਉਤਪਤੀ ਸੰਸਕ੍ਰਿਤ ਦੇ ਇਨ੍ਹਾਂ ਵਰਣਾਂ /ਧ੍ਵ, ਘ/ ਤੋਂ ਹੋਈ ਮੰਨੀ ਗਈ ਹੈ। ਜਿਵੇਂ: ਧ੍ਵਜਦਿਡ > ਝੰਡਾ, ਧਾਨ੍ਯ > ਝੋਨਾ। ਵਿਚਲੇ ਅਤੇ ਅੰਤਲੇ /ਝ/ ਦੀ ਉਤਪਤੀ ਵੀ ਸੰਸਕ੍ਰਿਤ ਦੇ ਵਰਣਾਂ /ਜ, ਧ੍ਯ, ਦਯ ਘ/ ਤੋਂ ਹੋਈ ਹੈ। ਜਿਵੇਂ: ਰੰਜਯ> ਰਿਝਾ, ਸਧ੍ਯ > ਮੰਝਿ, ਖਿਦਯਤੇ > ਖਿਝੇ, ਗ੍ਰਿਧ੍ਰ > ਗਿਰਝ। ਸ਼ਬਦ ਮੁੱਢਲੇ /ਢ/ ਦੀ ਉਤਪਤੀ ਪ੍ਰਾਕ੍ਰਿਤ ਦੇ /ਢ/ ਤੋਂ ਅਤੇ ਸੰਸਕ੍ਰਿਤ ਦੇ /ਧ/ ਤੋਂ ਹੋਈ ਹੈ। ਜਿਵੇਂ: ਢਕਈ > ਢੱਕੇ, ਧ੍ਵਸ੍ਤ > ਢੱਠਾ। ਵਿਚਲੇ ਅੰਤਲੇ /ਢ/ ਦੀ ਉਤਪਤੀ ਪ੍ਰਾਕ੍ਰਿਤ ਦੇ /ਢ/ ਵਰਣ ਤੋਂ ਹੋਈ ਹੈ। ਮਿਸਾਲ ਵਜੋਂ: ਕਡਢਙ > ਕੱਢੇ। ਮੁੱਢਲੇ /ਧ/ ਵਿਅੰਜਨ ਦਾ ਵਿਕਾਸ/ਧ, ਦ+ਹ੍, ਧ੍ਰ/ ਰਾਹੀਂ ਹੋਇਆ।ਜਿਵੇਂ: ਧਨ੍ਯਾ > ਧਨ, ਦੁਹਿਤਾ > ਧੀ, ਧ੍ਰੁਵ > ਧ੍ਰੂਉ। ਵਿਚਲਾ ਅਤੇ ਅੰਤਲਾ /ਧ/ ਸੰਸਕ੍ਰਿਤ ਦੇ ਵਰਣਾਂ /ਧ, ਗ੍ਧ/ ਦੀ ਥਾਂ ਆਇਆ ਹੈ। ਜਿਵੇਂ: ਨਿਧਿ > ਨਿਧ, ਦਗ੍ਧ > ਦੁੱਧ।ਮੁੱਢਲਾ /ਭ/ ਪ੍ਰਾਕ੍ਰਿਤ ਦੇ /ਭ/ ਦੀ ਜਗ੍ਹਾ ਆਇਆ ਹੈ ਅਤੇ ਇਹ /ਭ, ਭ੍ਰ/ ਦੀ ਥਾਂ ਆਇਆ ਹੈ। ਜਿਵੇਂ: ਭਗਿਨੀ > ਭੈਣ, ਭ੍ਰਾਤਾ > ਭਰਾ। ਵਿਚਲਾ ਅਤੇ ਅੰਤ ਵਾਲਾ /ਭ/ ਇਨ੍ਹਾਂ ਵਰਣਾਂ /ਭ, ਵ, ਹ੍ਵ/ ਦੀ ਜਗ੍ਹਾ ਆਇਆ ਹੈ। ਮਿਸਾਲ ਲਈ: ਗਰ੍ਭੇ >ਗੱਭੇ, ਸਰ੍ਵ > ਸਭ, ਜਿਹ੍ਵਾ > ਜੀਭ। ਅਜੋਕੀ ਪੰਜਾਬੀ ਵਿਚ ਇਨ੍ਹਾਂ ਦੀ ਜਗ੍ਹਾ ਸੁਰ ਉਚਾਰੀ ਜਾਂਦੀ ਹੈ।[2]

2.3 ਪੰਜਾਬੀ ਦੀ ਧੁਨੀਵਿਉਂਤਕ ਸੰਰਚਨਾ: ਧੁਨੀਵਿਉਂਤਕ ਅਧਿਐਨ ਵਿਚ ਕਿਸੇ ਭਾਸ਼ਾ-ਵਿਸ਼ੇਸ਼ ਦੀਆਂ ਧੁਨੀਆਂ (phonemes) ਨੂੰ ਤਿੰਨ ਮੁੱਖ ਵਰਗਾਂ ਖੰਡੀ (Segmental phonemes), ਅਖੰਡੀ ਧੁਨੀਆਂ (Superasegmental phonemes) ਅਤੇ ਉਚਾਰਖੰਡ (Syllable) ਵਿਚ ਵੰਡ ਕੇ ਵਿਸ਼ਲੇਸ਼ਿਤ ਕੀਤਾ ਜਾਂਦਾ ਹੈ। ਖੰਡੀ ਧੁਨੀਵਿਉਂਤ ਦਾ ਵਿਸ਼ਾ

[2] "ਉਪਯੋਗੀ ਸਮੱਗਰੀ ਦੁਨੀ ਚੰਦ੍ਰ (1959) ਅਤੇ ਵਿਦਿਆ ਭਾਸਕਰ ਅਰੁਣ (1996) ਤੋਂ ਗ੍ਰਹਿਣ ਕੀਤੀ ਗਈ ਹੈ।"

ਬੁਨਿਆਦੀ ਤੌਰ ਤੇ ਸਵਰ ਅਤੇ ਵਿਅੰਜਨ ਹੁੰਦੇ ਹਨ ਅਤੇ ਅਖੰਡੀ ਧੁਨੀਵਿਉਂਤ ਦੇ ਘੇਰੇ ਵਿਚ ਸੁਰ, ਬਲ, ਨਾਸਿਕਤਾ ਅਤੇ ਸੰਗਮ ਆਦਿ ਧੁਨੀਆਂ ਆ ਜਾਂਦੀਆਂ ਹਨ। ਉਚਾਰਖੰਡ ਧੁਨੀਮ ਤੋਂ ਅਗਲੀ ਉੱਚੀ ਇਕਾਈ ਹੈ। ਇਉਂ ਧੁਨੀਵਿਉਂਤਕ ਸੰਰਚਨਾ ਦੀ ਆਪਣੀ ਵਿਵਸਥਾ ਬਣ ਜਾਂਦੀ ਹੈ।

ਜਾਨ ਲਾਇਨਜ਼ (2009:84) ਅਨੁਸਾਰ ਧੁਨੀਵਿਉਂਤ ਦੇ ਧੁਨੀਮਿਕ ਸਿਧਾਂਤ, ਜਿਨ੍ਹਾਂ ਨੂੰ ਕਲਾਸੀਕਲ ਅਮਰੀਕਨ ਧੁਨੀਮਿਕਸ ਦੇ ਹਵਾਲੇ ਵਜੋਂ ਲਿਆ ਜਾ ਸਕਦਾ ਹੈ ਜੋ ਬਹੁਤੇ ਆਧੁਨਿਕ ਸਿਧਾਂਤਾਂ ਤੇ ਵਿਕਾਸ ਨੂੰ ਸਮਝਣ ਵਿਚ ਵਿਚਾਰਨਯੋਗ ਮਹੱਤਵ ਰੱਖਦੇ ਹਨ। ਪੰਜਾਬੀ ਧੁਨੀਵਿਉਂਤ ਬਾਰੇ ਵੀ ਹਰਜੀਤ ਸਿੰਘ ਗਿੱਲ (1969) ਹਰਕੀਰਤ ਸਿੰਘ (1983), ਪ੍ਰੇਮ ਪ੍ਰਕਾਸ਼ ਸਿੰਘ (1996 ਅਤੇ 2010), ਐੱਸ ਐੱਸ ਜੋਸ਼ੀ (1989), ਬਲਬੀਰ ਸਿੰਘ ਸੰਧੂ (1974 ਅਤੇ 1986) ਅਤੇ ਸੁਖਵਿੰਦਰ ਸਿੰਘ ਸੰਘਾ (2014) ਆਦਿ ਭਾਸ਼ਾ ਵਿਗਿਆਨੀਆਂ ਦਾ ਵਿਸ਼ਲੇਸ਼ਣ ਇਸੇ ਦਿਸ਼ਾ ਵਿਚ ਕੀਤਾ ਗਿਆ ਹੈ। ਪਰ ਸੁਖਵਿੰਦਰ ਸਿੰਘ ਸੰਘਾ (ਉਹੀ:06) ਨੇ ਪੰਜਾਬੀ ਧੁਨੀਵਿਉਂਤ ਨੂੰ ਸਿਰਜਨਾਤਮਕ ਧੁਨੀਵਿਉਂਤ ਦੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਿਤ ਕੀਤਾ ਹੈ।

ਹਥਲੇ ਵਿਸ਼ਲੇਸ਼ਣ ਵਿਚ ਉਕਤ ਸਾਰੇ ਅਧਿਐਨਾਂ ਤੋਂ ਸਿਧਾਂਤਕ ਅਤੇ ਵਿਹਾਰਕ ਸੇਧ ਪ੍ਰਾਪਤ ਕੀਤੀ ਗਈ ਹੈ। ਪ੍ਰਮੁੱਖ ਤੌਰ 'ਤੇ ਇਸ ਧੁਨੀਵਿਉਂਤਕ ਵਿਸ਼ਲੇਸ਼ਣ ਵਿਚ ਧੁਨੀਆਂ ਨੂੰ ਦੋ ਵਰਗਾਂ-ਖੰਡੀ ਧੁਨੀਆਂ ਅਤੇ ਅਖੰਡੀ ਧੁਨੀਆਂ ਵਿਚ ਵੰਡ ਕੇ ਵਿਚਾਰਿਆ ਗਿਆ ਹੈ। ਪੰਜਾਬੀ ਦੀ ਉਚਾਰਖੰਡੀ ਬਣਤਰ ਨੂੰ ਵੀ ਉਲੀਕਿਆ ਗਿਆ ਹੈ। ਇਸ ਤੋਂ ਇਲਾਵਾ ਨਿਖੇੜੂ ਲੱਛਣਾਂ ਦੇ ਸਿਧਾਂਤਕ ਪਰਿਪੇਖ ਵਿਚ ਵੀ ਪੰਜਾਬੀ ਧੁਨੀਵਿਉਂਤ ਦੇ ਨਿਖੇੜੂ ਲੱਛਣਾਂ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ।

2.3.1 ਖੰਡੀ ਧੁਨੀਵਿਉਂਤ: ਖੰਡੀ ਧੁਨੀਵਿਉਂਤ ਦੀਆਂ ਪ੍ਰਮੁੱਖ ਇਕਾਈਆਂ ਸਵਰ ਅਤੇ ਵਿਅੰਜਨ ਹਨ।

ਪੰਜਾਬੀ ਸਵਰਾਂ ਦੀ ਧੁਨੀਮਕ ਸੰਰਚਨਾ: ਸਵਰਾਂ ਦੀ ਵਰਗਵੰਡ ਲਈ ਜੀਭ ਦੀ ਸਥਿਤੀ ਅਤੇ ਬੁੱਲਾਂ ਦੇ ਆਕਾਰ ਨੂੰ ਆਧਾਰ ਬਣਾਇਆ ਜਾਂਦਾ ਹੈ।

ਜੀਭ ਦੀ ਲੇਟਵੇਂ ਰੁੱਖ ਸਥਿਤੀ ਦੇ ਆਧਾਰ 'ਤੇ ਪੰਜਾਬੀ ਸਵਰਾਂ ਦੇ ਤਿੰਨ ਵਰਗ ਬਣਦੇ ਹਨ:

ਅਗਲੇ ਸਵਰ /ਈ, ਏ, ਐ/

ਪਿਛਲੇ ਸਵਰ /ਊ, ਓ, ਔ/

ਵਿਚਲੇ ਸਵਰ /ਇ, ਉ, ਅ, ਆ/

ਜੀਭ ਦੀ ਖੜ੍ਹਵੇਂ ਰੁੱਖ ਉਚਾਈ ਦੇ ਆਧਾਰ 'ਤੇ ਪੰਜਾਬੀ ਸਵਰਾਂ ਦੇ ਚਾਰ ਵਰਗ ਬਣਦੇ ਹਨ:

ਉੱਚੇ ਸਵਰ /ਈ, ਊ/

ਅਰਧ ਉੱਚੇ /ਈ, ਉ/

ਅਰਧ ਨੀਵੇਂ /ਏ, ਅ, ਓ/

ਨੀਵੇਂ ਸਵਰ /ਐ, ਆ, ਔ/

ਬੁੱਲਾਂ ਦੀ ਸਥਿਤੀ ਦੇ ਆਧਾਰ 'ਤੇ ਪੰਜਾਬੀ ਸਵਰ ਧੁਨੀਆਂ ਦੇ ਦੋ ਵਰਗ ਬਣਦੇ ਹਨ:

ਗੁਲਾਈ ਰਹਿਤ /ਈ, ਏ, ਇ, ਐ, ਆ, ਅ/

ਗੁਲਾਈ ਸਹਿਤ /ਉ, ਊ, ਓ, ਔ/

ਸਵਰਾਂ ਦਾ ਪ੍ਰਯੋਗ ਅਤੇ ਸੰਯੋਗ:

/ਈ/: ਇਹ ਅਗਲੇਰਾ, ਉੱਚਾ, ਗੋਲਾਈ ਰਹਿਤ ਅਤੇ ਦੀਰਘ ਸਵਰ ਹੈ। ਇਹ ਸਵਰ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਭਾਵ ਸ਼ਬਦ ਦੇ ਸ਼ੁਰੂ, ਵਿਚਕਾਰ ਅਤੇ ਅਖੀਰ ਵਿਚ ਆਉਂਦਾ ਹੈ।

ਆਦਿ ਸਥਿਤੀ ਵਿਚਕਾਰਲੀ ਸਥਿਤੀ ਅੰਤਲੀ ਸਥਿਤੀ

ਈਰਖਾ /ਈ ਰ ਖ ਆ/ ਪੀਰ /ਪ ਈ ਰ/ ਰਸੋਈ /ਰ ਸ ਓ ਈ/

ਈਸਰ /ਈ ਸ ਅ ਰ/ ਚੀਕ /ਚ ਈ ਕ/ ਵਿਚਲੀ /ਵ ਇ ਚ ਲ ਈ/

***/ਏ/*:** ਇਹ ਮੂਹਰਲਾ, ਗੋਲਾਈ ਰਹਿਤ ਅਤੇ ਦੀਰਘ ਸਵਰ ਹੈ। ਇਹ ਸਵਰ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਵਿਚ ਮਿਲਦਾ ਹੈ।

ਆਦਿ ਸਥਿਤੀ ਵਿਚਕਾਰਲੀ ਸਥਿਤੀ ਅੰਤਲੀ ਸਥਿਤੀ

ਏਕਮ /ਏ ਕ ਅ ਮ/ ਅਨੇਕ /ਅ ਨ ਏ ਕ/ ਦਰਵਾਜੇ /ਦ ਅ ਰ ਵ ਆ ਜ ਏ/

ਏਥੇ /ਏ ਥ ਏ/ ਮੇਲਾ /ਮ ਏ ਲ ਆ/ ਸਵੇਰੇ /ਸ ਵ ਏ ਰ ਏ/

***/ਇ/*:** ਇਹ ਮੱਧ-ਉੱਚਾ, ਮੂਹਰਲਾ ਅਤੇ ਗੋਲਾਈ ਰਹਿਤ ਸਵਰ ਹੈ। ਇਹ /ਈ/ ਨਾਲੋਂ ਕੁਝ ਘੱਟ ਮੀਟਵਾਂ ਸਵਰ ਹੈ। ਪੰਜਾਬੀ ਵਿਚ /ਇ/ ਸ਼ਬਦਾਂ ਦੀ ਮੁੱਢਲੀ ਅਤੇ ਵਿਚਲੀ ਸਥਿਤੀ ਵਿਚ ਹੀ ਆਉਂਦਾ ਹੈ।

ਆਦਿ ਸਥਿਤੀ ਵਿਚਕਾਰਲੀ ਸਥਿਤੀ

ਇਸਤਰੀ /ਇ ਸ ਤ ਅ ਰ ਈ/ ਭਵਿੱਖ /ਪ ਅ ਵ ਇ ਖ ਖ/

ਇਕੱਠ /ਇ ਕ ਅ ਠ ਠ/ ਸੜਿਆ /ਸ ਅ ੜ ਇ ਆ/

***/ਉ/*:** ਇਹ ਅਰਧ ਉੱਚਾ, ਵਿਚਕਾਰਲਾ, ਗੋਲਾਈਦਾਰ, ਲਘੂ ਸਵਰ ਹੈ। ਪੰਜਾਬੀ ਭਾਸ਼ਾ ਵਿਚ ਇਸ ਦੀ ਵਰਤੋਂ ਸ਼ਬਦ ਦੇ ਸ਼ੁਰੂ ਅਤੇ ਵਿਚਕਾਰ ਹੁੰਦੀ ਹੈ। ਸਵਰ ਸ਼ਬਦ ਦੀ ਅੰਤਲੀ ਸਥਿਤੀ ਤੇ ਨਹੀਂ ਉਚਾਰਿਆ ਜਾਂਦਾ।

ਆਦਿ ਸਥਿਤੀ ਵਿਚਕਾਰਲੀ ਸਥਿਤੀ

ਉਦਾਸ /ਉ ਦ ਆ ਸ/ ਸੁਝਾ /ਸ ਉ ਜ ਆ/

ਉਮਰ /ਉ ਮ ਅ ਰ/ ਬੁੱਲ /ਬ ਉ ਲ ਲ/

/ਊ/: ਇਹ ਪਿਛਲਾ ਉੱਚਾ, ਗੋਲਾਈਦਾਰ, ਦੀਰਘ ਸਵਰ ਹੈ। ਇਹ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਵਿਚ ਵਿਚਰਦਾ ਹੈ।

ਆਦਿ ਸਥਿਤੀ ਵਿਚਕਾਰਲੀ ਸਥਿਤੀ ਅੰਤਲੀ ਸਥਿਤੀ

ਊਣਾ /ਊ ਣ ਆ/ ਨੂਰ /ਨ ਊ ਰ/ ਡਾਕੂ /ਡ ਆ ਕ ਊ/

ਊਰਜਾ /ਊ ਰ ਜ ਆ/ ਸੂਲ /ਸ ਊ ਲ/ ਬੁੱਧੂ /ਬ ਉ ਦ ਦ ਊ/

/ਓ/: ਇਹ ਪਿੱਛਲਾ, ਅੱਧ ਉੱਚਾ, ਗੋਲਾਈਦਾਰ ਅਤੇ ਦੀਰਘ ਸਵਰ ਹੈ। ਇਹ ਸ਼ਬਦਾਂ ਦੇ ਸ਼ੁਰੂ, ਵਿਚਕਾਰ ਅਤੇ ਅਖੀਰ ਤਿੰਨਾਂ ਸਥਿਤੀਆਂ ਵਿਚ ਆਉਂਦਾ ਹੈ।

ਆਦਿ ਸਥਿਤੀ ਵਿਚਕਾਰਲੀ ਸਥਿਤੀ ਅੰਤਲੀ ਸਥਿਤੀ

ਓਦੋਂ /ਓ ਦ ਓ/ ਗੋਦ /ਗ ਓ ਦ/ ਘਿਓ /ਕ ਇ ਓ/

ਓਦਰਨਾ /ਓ ਦ ਅ ਰ ਨ ਆ/ ਡੋਰ /ਡ ਓ ਰ/ ਦੇਖੋ /ਦ ਏ ਖ ਓ/

/ਅ/: ਇਹ ਅਰਧ ਨੀਵਾਂ, ਵਿਚਕਾਰਲਾ, ਗੁਲਾਈ ਰਹਿਤ, ਲਘੂ ਸਵਰ ਹੈ। ਇਹ ਸਵਰ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਵਿਚ ਆਉਂਦਾ ਹੈ।

ਆਦਿ ਸਥਿਤੀ ਵਿਚਕਾਰਲੀ ਸਥਿਤੀ ਅੰਤਲੀ ਸਥਿਤੀ

ਅਸਲ /ਅ ਸ ਅ ਲ/ ਕਦਰ /ਕ ਅ ਦ ਅ ਰ / ਜੀਅ /ਜ ਈ ਅ/

ਅੱਖ /ਅ ਖ ਖ/	ਕੱਦ /ਕ ਅ ਦ ਦ/	ਸਭਿਅ /ਸ ਬ ਇ ਅ/

/ਐ/: ਇਹ ਨੀਵਾਂ, ਅਗਲੇਰਾ, ਗੋਲਾਈ ਰਹਿਤ, ਦੀਰਘ ਸਵਰ ਹੈ। ਇਸਦਾ ਉਚਾਰਨ ਕਰਨ ਸਮੇਂ ਹੋਠ ਖੁੱਲ੍ਹੇ ਰਹਿੰਦੇ ਹਨ। ਇਹ ਸਵਰ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਵਿਚ ਹਾਜ਼ਰ ਹੁੰਦਾ ਹੈ।

ਆਦਿ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
ਐਲਾਨ /ਐ ਲ ਆ ਨ/	ਵੈਰੀ /ਵ ਐ ਰ ਈ/	ਸ਼ੈ /ਸ਼ ਐ/
ਐਬ /ਐ ਬ/	ਪੈਰ /ਪ ਐ ਰ/	ਭੈ /ਪ ਐ/

/ਆ/: ਇਹ ਨੀਵਾਂ, ਵਿਚਕਾਰਲਾ, ਗੋਲਾਈ ਰਹਿਤ, ਦੀਰਘ ਸਵਰ ਹੈ। ਇਹ ਸਵਰ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਵਿਚ ਆਉਂਦਾ ਹੈ।

ਆਦਿ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
ਆਪ /ਆ ਪ/	ਬਿਆਨ /ਬ ਇ ਆ ਨ/	ਮਾਲਾ /ਮ ਆ ਲ ਆ/
ਆਰੀ /ਆ ਰ ਈ/	ਚਾਲੂ /ਚ ਆ ਲ ਊ/	ਗੋਰਾ /ਗ ਓ ਰ ਆ/

/ਔ/: ਇਹ ਸਵਰ ਨੀਵਾਂ, ਪਿਛਲੇਰਾ, ਗੁਲਾਈਦਾਰ ਅਤੇ ਦੀਰਘ ਹੈ। ਇਹ ਸ਼ਬਦ ਦੀਆਂ ਤਿੰਨਾਂ ਸਥਿਤੀਆਂ 'ਤੇ ਆਉਂਦਾ ਹੈ।

ਆਦਿ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
ਔਰਤ /ਔ ਰ ਅ ਤ/	ਦੌੜ /ਦ ਔ ੜ/	ਜਲੌ /ਜ ਲ ਔ/

ਔਖਾ /ਔ ਖ ਆ/ ਪੌੜੀ /ਪ ਔ ੜ ਈ/ ਸੌ /ਸ ਔ/

ਸੰਯੋਗ: ਬੂਟਾ ਸਿੰਘ ਬਰਾੜ (2018:200) ਅਨੁਸਾਰ ਜਦੋਂ ਕਿਸੇ ਉਚਾਰਖੰਡ 'ਤੇ ਤਿੰਨ ਜਾਂ ਚਾਰ ਸਵਰ ਜੁੜਵੇਂ ਭਾਵ ਬਿਨਾਂ ਵਿਅੰਜਨ ਤੋਂ ਵਰਤੇ ਜਾਣ ਤਾਂ ਸਵਰਾਂ ਦੀ ਅਜਿਹੀ ਵਰਤੋਂ ਨੂੰ ਸਵਰ ਸੰਯੋਗ ਕਿਹਾ ਜਾਂਦਾ ਹੈ। ਪੰਜਾਬੀ ਵਿਚ ਅਜਿਹਾ ਸਵਰ ਸੰਯੋਗ ਇੱਕੋ ਉਚਾਰਖੰਡ 'ਤੇ ਵੀ ਹੁੰਦਾ ਹੈ ਅਤੇ ਕਈ ਵਾਰੀ ਵੱਖ-ਵੱਖ ਨਾਲ ਲਾਗਵੇਂ ਬੋਲ-ਖੰਡਾਂ ਤੇ ਵੀ ਸੰਭਵ ਹੈ। ਪੰਜਾਬੀ ਧੁਨੀਵਿਉਂਤ ਵਿਚ ਸਵਰ ਸੰਯੋਗ ਦੂਹਰੇ, ਤੀਹਰੇ ਅਤੇ ਚੌਹਰੇ ਨਮੂਨੇ ਮਿਲਦੇ ਹਨ:

ਆ+ਈ =ਆਈ

ਓ +ਈ +ਆ =ਰੋਈਆਂ

ਉ+ਆ+ਈ +ਆ =ਲਿਆਇਆ

ਦੋ-ਸੰਧੀ ਸਵਰ: ਪੰਜਾਬੀ ਦੇ ਸਾਰੇ ਦੋ-ਸੰਧੀ ਸਵਰ ਇੱਕੋ ਨਮੂਨੇ ਦੇ ਹਨ। ਇਨ੍ਹਾਂ ਦਾ ਪਹਿਲਾ ਅੰਸ਼ ਹਰਸਵ ਹੁੰਦਾ ਹੈ ਅਤੇ ਦੂਜਾ ਦੀਰਘ । ਅਜਿਹੀ ਸਥਿਤੀ ਵਿਚ ਦੋ ਸਵਰ ਇੱਕ ਉਚਾਰਖੰਡ ਦੀ ਸਿਖਰ 'ਤੇ ਆਉਂਦੇ ਹਨ। ਮਿਸਾਲ ਵਜੋਂ: ਕਈ, ਗਊ, ਲਓ, ਲਿਆ, ਗਏ ਆਦਿ ਸ਼ਬਦਾਂ ਵਿਚ ਕ੍ਰਮਵਾਰ-ਅ+ਈ, ਅ+ਊ, ਅ+ਓ, ਅ +ਏ ਦੀ ਵਰਤੋਂ ਦੋ-ਸੰਧੀ ਹੈ। ਪੰਜਾਬੀ ਵਿਚ ਤ੍ਰੈ-ਸੰਧੀ ਜਾਂ ਚੌ-ਸੰਧੀ ਸ੍ਵਰ ਨਹੀਂ ਉਚਾਰੇ ਜਾਂਦੇ।

ਪੰਜਾਬੀ ਵਿਅੰਜਨਾਂ ਦੀ ਧੁਨੀਮਕ ਸੰਰਚਨਾ: ਵਿਅੰਜਨ ਧੁਨੀਆਂ ਦੀ ਵਰਗਵੰਡ ਦੇ ਦੋ ਆਧਾਰ ਹਨ:

(1). ਉਚਾਰਨ ਸਥਾਨ (Place of articulation) ਅਤੇ

(2). ਉਚਾਰਨ ਵਿਧੀ (Manner of articulation)

ਪੰਜਾਬੀ ਵਿਅੰਜਨ ਧੁਨੀਆਂ ਛੇ ਉਚਾਰਨ ਸਥਾਨਾਂ ਤੋਂ ਉਚਾਰੀਆ ਜਾਂਦੀਆਂ ਹਨ: ਕੰਠੀ (Velar), ਤਾਲਵੀ (Palatal), ਉਲਟਜੀਭੀ (Retroflex), ਦੰਤੀ (Dental), ਹੋਠੀ (Labial) ਅਤੇ ਸੁਰਯੰਤਰੀ (Glottal)।

-ਕੰਠੀ ਵਿਅੰਜਨ: /ਕ, ਖ, ਗ ਅਤੇ ਙ/ ਇਹ ਚਾਰ ਕੰਠੀ ਵਿਅੰਜਨ ਹਨ। ਇਨ੍ਹਾਂ ਵਿਅੰਜਨਾਂ ਦੇ ਉਚਾਰਨ ਸਮੇਂ ਜੀਭ ਦਾ ਪਿੱਛਲਾ ਹਿੱਸਾ ਕੋਮਲ ਤਾਲੂ ਨਾਲ ਸਪਰਸ਼ ਕਰਕੇ ਸਾਹ ਦੀ ਹਵਾ ਨੂੰ ਰੋਕ ਪਾਉਂਦਾ ਹੈ।

-ਤਾਲਵੀ ਵਿਅੰਜਨ: ਤਾਲਵੀ ਵਿਅੰਜਨਾਂ ਦੀ ਸ਼੍ਰੇਣੀ ਵਿਚ ਪੰਜਾਬੀ ਭਾਸ਼ਾ ਦੇ ਛੇ ਵਿਅੰਜਨ /ਚ, ਛ, ਜ, ਞ, ਸ਼, ਯ/ ਉਚਾਰੇ ਜਾਂਦੇ ਹਨ। ਇਨ੍ਹਾਂ ਦੇ ਉਚਾਰਨ ਵੇਲੇ ਸਾਹ ਦੀ ਹਵਾ ਨੂੰ ਦੰਤ ਪਠਾਰ ਤੋਂ ਸਖ਼ਤ ਤਾਲੂ ਦੇ ਦਰਮਿਆਨ ਜੀਭ ਦੇ ਬਲੇਡ ਰਾਹੀਂ ਰੋਕਿਆ ਜਾਂਦਾ ਹੈ।

-ਉਲਟਜੀਭੀ ਵਿਅੰਜਨ: ਇਸ ਸ਼੍ਰੇਣੀ ਵਿਚ /ਟ, ਠ, ਡ, ਣ, ਲ਼, ੜ/ ਛੇ ਵਿਅੰਜਨ ਆਉਂਦੇ ਹਨ। ਉਲਟਜੀਭੀ ਵਿਅੰਜਨਾਂ ਦੇ ਉਚਾਰਨ ਸਮੇਂ ਸਾਹ ਦੀ ਹਵਾ ਨੂੰ ਜੀਭ ਦੀ ਨੋਕ ਪੁੱਠੇ ਪਾਸਿਓਂ ਸਖ਼ਤ ਤਾਲੂ ਨਾਲ ਜੁੜ ਕੇ ਰੋਕਦੀ ਹੈ।

-ਦੰਤੀ ਵਿਅੰਜਨ: ਦੰਤੀ ਵਿਅੰਜਨਾਂ ਵਿਚ /ਤ, ਥ, ਦ, ਨ, ਲ, ਰ, ਸ/ ਸੱਤ ਵਿਅੰਜਨ ਸ਼ਾਮਲ ਹਨ। ਇਨ੍ਹਾਂ ਵਿਅੰਜਨਾਂ ਦੇ ਉਚਾਰਨ ਸਮੇਂ ਸਾਹ ਦੀ ਹਵਾ ਨੂੰ ਜੀਭ ਦੀ ਨੋਕ ਦੁਆਰਾ ਉੱਤਲੇ ਦੰਦਾਂ ਦੇ ਪਿਛਲੇ ਪਾਸੇ ਰੋਕਿਆ ਜਾਂਦਾ ਹੈ।

-ਹੋਠੀ ਵਿਅੰਜਨ: /ਪ, ਫ, ਬ, ਮ, ਫ਼ / ਛੇ ਵਿਅੰਜਨ ਹੋਠੀ ਵਿਅੰਜਨ ਹਨ। ਇਨ੍ਹਾਂ ਦੇ ਉਚਾਰਨ ਸਮੇਂ ਸਾਹ ਦੀ ਹਵਾ ਨੂੰ ਬੁੱਲ੍ਹਾਂ ਦੁਆਰਾ ਰੋਕ ਕੇ ਛੱਡਿਆ ਜਾਂਦਾ ਹੈ।

-ਸੁਰਯੰਤਰੀ ਵਿਅੰਜਨ: /ਹ/ ਸੁਰਯੰਤਰੀ ਧੁਨੀ ਹੈ। ਇਸ ਦਾ ਉਚਾਰਨ ਸਥਾਨ ਘੰਡੀ ਜਾਂ ਕੰਠ ਦੁਆਰ ਹੈ। ਇਸ ਧੁਨੀ ਦੇ ਉਚਾਰਨ ਸਮੇਂ ਸਾਹ ਦੀ ਹਵਾ ਰੁਕਦੀ ਨਹੀਂ ਕਿਉਂਕਿ ਗਲੇ ਵਿਚਲੀ ਥਾਂ ਸਿਰਫ ਤੰਗ ਹੀ ਹੁੰਦੀ ਹੈ।

ਉਚਾਰਨ ਵਿਧੀ ਅਨੁਸਾਰ ਵਿਅੰਜਨਾਂ ਦੀਆਂ ਸੱਤ ਸ਼੍ਰੇਣੀਆਂ ਮੰਨੀਆਂ ਜਾਂਦੀਆਂ ਹਨ: ਡੱਕਵੇਂ (stops), ਨਾਸਿਕੀ (Nasal), ਪਾਸੇਦਾਰ (lateral), ਕੰਬਵਾਂ (trill), ਫਟਕਵਾਂ (flap), ਖਹਿਵੇਂ (fricative), ਸਰਕਵੇਂ (Gliding) ਜਾਂ ਅਰਧ ਵਿਅੰਜਨ (semi-vowels)। ਪੰਜਾਬੀ ਉਚਾਰਨ ਵਿਚ 15 ਡੱਕਵੇਂ ਵਿਅੰਜਨ ਹਨ ਜੋ ਕੰਠ, ਤਾਲੂ, ਮੂਰਧਾ, ਦੰਤ

ਅਤੇ ਬੁੱਲ ਆਦਿ ਪੰਜ ਉਚਾਰਨ ਸਥਾਨਾਂ ਤੋਂ ਉਚਾਰੇ ਜਾਦੇ ਹਨ। ਹਰ ਉਚਾਰਨ ਸਥਾਨ ਤੋਂ ਤਿੰਨ ਡੱਕਵੇਂ ਵਿਅੰਜਨ ਉਚਾਰੇ ਜਾਂਦੇ ਹਨ। ਜਿਨ੍ਹਾਂ ਵਿਚੋਂ ਹਰੇਕ ਸਥਾਨ ਦੇ ਦੋ ਅਘੋਸ਼ ਅਤੇ ਇਕ ਸਘੋਸ਼ ਹੈ। ਅਘੋਸ਼ ਵਿਚੋਂ ਇਕ ਅਲਪਪ੍ਰਾਣ ਅਤੇ ਇਕ-ਇਕ ਮਹਾਪ੍ਰਾਣ ਹੈ। ਗੁਰਮੁਖੀ ਲਿਪੀ ਵਿਚ ਪਰੰਪਰਾ ਅਨੁਸਾਰ ਸਘੋਸ਼ ਮਹਾਪ੍ਰਾਣ ਧੁਨੀਆਂ /ਘ, ਝ, ਢ, ਧ, ਭ/ ਵੀ ਲਿਖੀਆਂ ਜਾਂਦੀਆਂ ਹਨ। ਪਰ ਧੁਨੀਵਿਉਂਤ ਦੇ ਪੱਖ ਤੋਂ ਪੰਜਾਬੀ ਭਾਸ਼ਾ ਵਿਚ ਇਹ ਧੁਨੀਆਂ ਉਚਾਰੀਆਂ ਨਹੀਂ ਜਾਂਦੀਆਂ। ਇਸ ਦਾ ਕਾਰਨ ਇਹ ਹੈ ਕਿ ਇਹ ਵਿਅੰਜਨ ਧੁਨੀਆਂ ਸੁਰ ਵਿਚ ਤਬਦੀਲ ਹੋ ਗਈਆਂ ਹਨ। ਪੰਜਾਬੀ ਵਿਅੰਜਨਾਂ ਦੀ ਇਸ ਵਰਗਵੰਡ ਨੂੰ ਅੱਗੇ ਸਾਰਨੀ ਰਾਹੀਂ ਦਰਸਾਇਆ ਗਿਆ ਹੈ:

ਉਚਾਰਨ ਸਥਾਨ

		ਕੰਠੀ	ਤਾਲਵੀ	ਉਲਟ ਜੀਭੀ	ਦੰਤੀ	ਦੋ ਹੋਠੀ	ਸੁਰਯੰਤਰੀ
ਡੱਕਵੇਂ	ਅਘੋਸ਼/ਅਲਪ ਪ੍ਰਾਣ	ਕ	ਚ	ਟ	ਤ	ਪ	
	ਮਹਾਂਪ੍ਰਾਣ/ਅਘੋਸ਼	ਖ	ਛ	ਠ	ਥ	ਫ	
	ਸਘੋਸ਼/ਅਲਪ ਪ੍ਰਾਣ	ਗ	ਜ	ਡ	ਦ	ਬ	
ਉਚਾਰਨ ਵਿਧੀ	ਨਾਸਿਕੀ	ਙ	ਞ	ਣ	ਨ	ਮ	
	ਪਾਰਸ਼ਵਿਕ			ਲ਼	ਲ		
	ਟਰਿਲ				ਰ		
	ਫਲੈਪ			ੜ			

	ਸ਼ੰਘਰਸ਼ੀ		ਸ਼		ਸ		ਹ
	ਅਰਧ ਸਵਰ		ਯ			ਵ	

ਵਿਅੰਜਨ ਪ੍ਰਯੋਗ:

-ਕੰਠੀ ਵਿਅੰਜਨ: ਪੰਜਾਬੀ ਵਿਚ /ਕ, ਖ, ਗ, ਙ/ ਕੰਠੀ ਵਿਅੰਜਨ ਹਨ। ਇਨ੍ਹਾਂ ਵਿੱਚੋਂ /ਙ/ ਨਾਸਿਕੀ ਹੈ ਅਤੇ ਬਾਕੀ ਸਾਰੇ ਵਿਅੰਜਨ ਮੌਖਿਕ ਹਨ। ਕੰਠੀ ਵਿਅੰਜਨਾਂ ਵਿਚ /ਕ/ ਅਘੋਸ਼, ਅਲਪਪ੍ਰਾਣ ਵਿਅੰਜਨ ਹੈ। /ਖ/ ਅਘੋਸ਼, ਮਹਾਂਪ੍ਰਾਣ ਅਤੇ /ਗ/ ਸਘੋਸ਼ ਅਲਪਪ੍ਰਾਣ ਵਿਅੰਜਨ ਹੈ। ਇਹ ਤਿੰਨੇ ਵਿਅੰਜਨ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਵਿਚ ਆਉਂਦੇ ਹਨ। ਪਰ /ਙ/ ਸ਼ਬਦ ਦੀ ਆਰੰਭਲੀ ਸਥਿਤੀ ਵਿਚ ਨਹੀਂ ਆਉਂਦਾ। ਬਾਕੀ ਸਥਿਤੀਆਂ ਵਿਚ ਵੀ ਹੁਣ ਇਸ ਦਾ ਉਚਾਰਨ ਲੋਪ ਹੋ ਚੁੱਕਾ ਹੈ।

ਆਰੰਭਿਕ	ਵਿਚਕਾਰਲੀ	ਅੰਤਲੀ
ਕਾਲ	ਦੁਕਾਨ	ਠੀਕ
ਖੀਰ	ਧੋਖਾ	ਅੱਖ
ਗਲਾ	ਅਗਲਾ	ਸਾਗ
-	ਕੰਙਣ	ਵਾਂਙ

-ਤਾਲਵੀ ਵਿਅੰਜਨ: /ਚ, ਛ, ਜ, ਞ, ਸ਼ ਅਤੇ ਯ/ ਤਾਲਵੀ ਵਿਅੰਜਨ ਹਨ। ਇਨ੍ਹਾਂ ਵਿੱਚੋਂ /ਞ/ ਨਾਸਿਕੀ ਹੈ ਅਤੇ ਬਾਕੀ ਸਾਰੇ ਵਿਅੰਜਨ ਮੌਖਿਕ ਹਨ। ਇਨ੍ਹਾਂ ਵਿਚ/ਚ/ ਅਘੋਸ਼, ਅਲਪਪ੍ਰਾਣ ਸਪਰਸ਼-ਸੰਘਰਸ਼ੀ ਵਿਅੰਜਨ ਹੈ। /ਛ/ ਅਘੋਸ਼,

ਮਹਾਂਪ੍ਰਾਣ ਵਿਅੰਜਨ ਹੈ ਅਤੇ /ਜ/ਸਘੋਸ਼ ਤੇ ਅਲਪਪ੍ਰਾਣ ਹੈ। /ਸ਼/ ਅਘੋਸ਼ ਸੰਘਰਸ਼ੀ ਵਿਅੰਜਨ ਹੈ ਅਤੇ /ਯ/ ਸੰਘਰਸ਼ਹੀਨ, ਪ੍ਰਵਾਹੀ ਤੇ ਅਰਧ ਸਵਰ ਵਿਅੰਜਨ ਹੈ। ਅਜੋਕੀ ਪੰਜਾਬੀ ਦੇ ਕੁੱਝ ਸ਼ਬਦਾਂ ਵਿਚ ਇਸ ਦਾ ਉਚਾਰਨ /ਜ/ ਵਿਚ ਬਦਲ ਗਿਆ ਹੈ। /ਞ/ ਤੋਂ ਸਿਵਾਏ ਬਾਕੀ ਵਿਅੰਜਨ ਸ਼ਬਦ ਦੀਆ ਤਿੰਨਾਂ ਹੀ ਸਥਿਤੀਆ 'ਤੇ ਵਿਚਰਦੇ ਹਨ। /ਞ/ ਸ਼ਬਦ ਦੀ ਆਰੰਭਲੀ ਸਥਿਤੀ ਵਿਚ ਨਹੀਂ ਆਉਂਦਾ। ਅਜੋਕੀ ਪੰਜਾਬੀ ਵਿਚ ਇਸ ਦਾ ਉਚਾਰਨ ਇਨ੍ਹਾਂ ਸਥਿਤੀਆਂ ਵਿਚ ਵੀ ਲੋਪ ਹੋ ਚੁੱਕਾ ਹੈ।

ਆਰੰਭਿਕ	ਵਿਚਕਾਰਲੀ	ਅੰਤਲੀ
ਚੌਲ	ਮੋਚੀ	ਸੋਚ
ਛੱਤਰੀ	ਮੱਛਰ	ਰਿੱਛ
ਜਾਗ	ਸੱਜਰਾ	ਸਾਜ
ਸ਼ਾਨ	ਨਿਸ਼ਾਨ	ਨਿਸ਼ਕਰਸ਼
ਜੱਗ	ਸੰਜੋਗ	ਸੂਰਜ
	ਵੰਞਾਂ	ਜੰਞ

-ਉਲਟਜੀਭੀ ਵਿਅੰਜਨ: ਇਸ ਸ਼੍ਰੇਣੀ ਵਿਚ ਪੰਜਾਬੀ ਭਾਸ਼ਾ ਦੇ /ਟ, ਠ, ਡ, ਣ, ਲ਼, ੜ/ ਡੱਕਵੇਂ ਵਿਅੰਜਨ ਆਉਂਦੇ ਹਨ। ਜਿਨ੍ਹਾਂ ਵਿੱਚ /ਣ/ ਦਾ ਉਚਾਰਨ ਪੰਜਾਬੀ ਭਾਸ਼ਾ ਵਿੱਚ ਅਲੋਪ ਹੋ ਗਿਆ ਹੈ। ਇਨ੍ਹਾਂ ਵਿਚ /ਟ/ ਅਘੋਸ਼ ਤੇ ਅਲਪਪ੍ਰਾਣ, /ਠ/ ਅਘੋਸ਼ ਤੇ ਮਹਾਂਪ੍ਰਾਣ ਅਤੇ /ਡ/ ਸਘੋਸ਼ ਤੇ ਅਲਪਪ੍ਰਾਣ ਵਿਅੰਜਨ ਹੈ। ਇਹ ਸਾਰੇ ਵਿਅੰਜਨ ਸ਼ਬਦ ਦੀਆਂ ਤਿੰਨਾਂ

ਹੀ ਸਥਿਤੀਆਂ ਵਿਚ ਵਿਚਰ ਸਕਦੇ ਹਨ। /ਲ਼/ ਸਘੋਸ਼ ਤੇ ਪਾਰਸ਼ਵਿਕ ਹੈ ਅਤੇ /ੜ/ ਸਘੋਸ਼ ਫਟਕਵਾਂ ਵਿਅੰਜਨ ਹੈ। ਇਹ ਦੋਨੋਂ ਵਿਅੰਜਨ ਸ਼ਬਦ ਵਿਚ ਵਿਚਕਾਰਲੀ ਅਤੇ ਅੰਤਲੀ ਸਥਿਤੀ ਤੇ ਹੀ ਵਿਚਰਦੇ ਹਨ।

ਆਰੰਭਿਕ	ਵਿਚਕਾਰਲੀ	ਅੰਤਲੀ
ਟੱਬਰ	ਵਟਣਾ	ਵੱਟ
ਠੀਕ	ਕਠੋਰ	ਮੋਠ
ਡਾਕ	ਗੱਡਾ	ਪਿੰਡ
-	ਕਾਲ਼ੀ	ਥਾਲ਼
-	ਸੜਕ	ਧੂੜ

-ਦੰਤੀ ਵਿਅੰਜਨ: ਦੰਤੀ ਵਿਅੰਜਨਾਂ ਵਿਚ /ਤ, ਥ, ਦ, ਨ, ਲ, ਰ, ਸ/ ਵਿਅੰਜਨ ਆਉਂਦੇ ਹਨ। ਇਨ੍ਹਾਂ ਵਿਚ /ਤ/ ਅਘੋਸ਼ ਤੇ ਅਲਪਪ੍ਰਾਣ, /ਥ/ ਅਘੋਸ਼ ਤੇ ਮਹਾਂਪ੍ਰਾਣ, /ਦ/ ਸਘੋਸ਼ ਤੇ ਅਲਪਪ੍ਰਾਣ /ਨ/ ਨਾਸਿਕੀ, /ਲ/ ਪਾਰਸ਼ਵਿਕ, /ਰ/ ਸਘੋਸ਼ ਤੇ ਕੰਬਵਾਂ, /ਸ/ ਅਘੋਸ਼ ਤੇ ਸੰਘਰਸ਼ੀ ਵਿਅੰਜਨ ਹਨ। ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ’ਤੇ ਇਨ੍ਹਾਂ ਦਾ ਉਚਾਰਨ ਹੁੰਦਾ ਹੈ।

ਆਰੰਭਿਕ	ਵਿਚਕਾਰਲੀ	ਅੰਤਲੀ
ਤਾਲੂ	ਤੋਤਾ	ਕੀਮਤ
ਥਾਲ	ਪਾਥੀ	ਮੱਥਾ

ਦਾਲ	ਚਾਦਰ	ਸੁਆਦ
ਨੇਕ	ਸੋਨਾ	ਦਿਨ
ਲੂਣ	ਬਿੱਲੀ	ਲਾਲ
ਰਾਤ	ਪਰਾਤ	ਖੀਰ
ਸਾਲ	ਰਸਮ	ਰਸ

-ਦੋ-ਹੋਠੀ ਵਿਅੰਜਨ: /ਪ, ਫ ਤੇ ਬ, ਮ, ਵ/ ਦੋ-ਹੋਠੀ ਵਿਅੰਜਨ ਹਨ। /ਪ/ ਅਘੋਸ਼ ਤੇ ਅਲਪਪ੍ਰਾਣ, /ਫ/ ਅਘੋਸ਼ ਤੇ ਮਹਾਂਪ੍ਰਾਣ ਅਤੇ /ਬ/ ਸਘੋਸ਼ ਤੇ ਅਲਪਪ੍ਰਾਣ, /ਮ/ ਨਾਸਿਕੀ ਅਤੇ ਸਘੋਸ਼, /ਵ/ ਸੰਘਰਸ਼ਹੀਣ, ਪ੍ਰਵਾਹੀ ਤੇ ਅਰਧ ਵਿਅੰਜਨ ਹਨ। ਇਹ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆ ਤੇ ਆ ਸਕਦੇ ਹਨ।

ਆਰੰਭਿਕ	ਵਿਚਕਾਰਲੀ	ਅੰਤਲੀ
ਪਤੀਲਾ	ਸਪੇਰਾ	ਮਿਲਾਪ
ਫਸਲ	ਸਫਲ	ਸਾਫ
ਬੇਰੀ	ਸਾਬਣ	ਰੱਬ
ਮਾਂ	ਉਮਰ	ਕੰਮ
ਵੱਡਾ	ਦੇਵਤਾ	ਦੇਵ

-ਸੁਰਯੰਤਰੀ ਵਿਅੰਜਨ: ਪੰਜਾਬੀ ਭਾਸ਼ਾ ਵਿਚ /ਹ/ ਵਿਅੰਜਨ ਇਸ ਸ਼੍ਰੇਣੀ ਵਿਚ ਆਉਂਦਾ ਹੈ। ਇਹ ਸੰਘਰਸ਼ੀ ਵਿਅੰਜਨ ਹੈ। ਇਸਦੀ ਵਰਤੋਂ-ਸਥਿਤੀ ਪੰਜਾਬੀ ਦੀਆਂ ਵੱਖ-ਵੱਖ ਉਪਭਾਸ਼ਾਵਾਂ ਵਿਚ ਅਲੱਗ-ਅਲੱਗ ਹੈ। ਪ੍ਰਮਾਣਿਕ ਪੰਜਾਬੀ ਵਿਚ ਇਸਨੂੰ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਵਿਚ ਲਿਖਿਆ ਤਾਂ ਜਾਂਦਾ ਹੈ। ਪਰ ਇਸ ਦਾ ਉਚਾਰਨ ਆਰੰਭਿਕ ਸਥਿਤੀ ਵਿਚ ਹੀ ਹੁੰਦਾ ਹੈ। ਬਾਕੀ ਦੀਆਂ ਸਥਿਤੀਆਂ ਵਿਚ ਇਸਦੀ ਸੁਰ ਉਚਾਰੀ ਜਾਂਦੀ ਹੈ।

ਆਰੰਭਿਕ	ਵਿਚਕਾਰਲੀ	ਅੰਤਲੀ
ਹਫਤਾ	-	-

2.3.2 ਅਖੰਡੀ ਧੁਨੀਵਿਉਂਤ: ਅਖੰਡੀ ਧੁਨੀਵਿਉਂਤ ਦਾ ਦਾਇਰਾ ਪਾਰ-ਖੰਡੀ ਹੁੰਦਾ ਹੈ। ਭਾਵ ਇਹ ਖੰਡੀ ਧੁਨੀਆਂ ਤੋਂ ਅੱਗੇ ਕਾਰਜਸ਼ੀਲ ਹੁੰਦੀਆਂ ਹਨ। ਪੰਜਾਬੀ ਵਿਚ ਅਖੰਡੀ ਧੁਨੀਆਂ ਵਿਚ ਮੁੱਖ ਰੂਪ ਵਿਚ ਸੁਰ (Tone), ਬਲ (Sress), ਨਾਸਿਕਤਾ (Nasalization) ਅਤੇ ਸੰਗਮ (Juncture) ਦਾ ਅਧਿਐਨ ਕੀਤਾ ਗਿਆ ਹੈ।

ਸੁਰ (Tone): ਭਾਰਤੀ ਆਰੀਆ ਭਾਸ਼ਾਵਾਂ ਵਿੱਚੋਂ ਪੰਜਾਬੀ ਹੀ ਇਕ ਅਜਿਹੀ ਭਾਸ਼ਾ ਹੈ ਜਿਸ ਵਿਚ ਸਾਰਥਕ ਸੁਰ ਦੀ ਹੋਂਦ ਪਾਈ ਗਈ ਹੈ। ਸੁਰ ਪੰਜਾਬੀ ਦਾ ਵਿਸ਼ੇਸ਼ ਪਛਾਣ-ਚਿੰਨ੍ਹ ਹੈ। ਇਸ ਲਈ ਪੰਜਾਬੀ ਨੂੰ ਸੁਰਾਤਮਕ ਭਾਸ਼ਾ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਸੁਰ ਦਾ ਵਿਕਾਸ ਪ੍ਰਾਣਤਾ ਦੇ ਲੋਪ ਹੋ ਜਾਣ ਕਾਰਨ ਹੋਇਆ। ਸੁਖਵਿੰਦਰ ਸਿੰਘ ਸੰਘਾ (ਉਹੀ: 146) ਅਨੁਸਾਰ, "ਪ੍ਰਾਣਤਾ ਦਾ ਲੋਪ ਹੋਣਾ ਭਾਰਤੀ ਯੂਰਪੀ ਪਰਿਵਾਰ ਦੀ ਮੁੱਢਲੀ ਵਿਸ਼ੇਸ਼ਤਾ ਹੈ। ਪ੍ਰਾਣਤਾ ਦਾ ਲੋਪ ਭਾਰਤੀ ਯੂਰਪੀ ਪਰਿਵਾਰ ਵਿਚ ਗ੍ਰਿਮ ਦੇ ਧੁਨੀ ਪਰਿਵਰਤਨ ਨੇਮ ਦੀ ਇਕ ਖਾਸ ਵਿਸ਼ੇਸ਼ਤਾ ਹੈ। ਭਾਰਤੀ ਯੂਰਪੀ ਪਰਿਵਾਰ ਦੀਆਂ /ਭ, ਧ, ਘ/ ਧੁਨੀਆਂ ਜਰਮਨੀ ਵਿਚ /ਬ, ਦ, ਗ/ ਵਿਚ ਤਬਦੀਲ ਹੋ ਜਾਂਦੀਆਂ ਹਨ। ਇਸ ਪ੍ਰਕਾਰ ਪ੍ਰਾਣਤਾ ਅਤੇ ਘੋਸ਼ਤਾ ਦਾ ਲੋਪ ਹੋਣਾ ਭਾਸ਼ਾਵਾਂ ਵਿਚ ਆਮ ਰਿਹਾ ਹੈ।" ਇਸ ਪ੍ਰਕਾਰ ਭਾਰਤੀ ਯੂਰਪੀ ਪਰਿਵਾਰ ਦੀਆਂ ਸਘੋਸ਼ ਮਹਾਪ੍ਰਾਣ ਧੁਨੀਆਂ /ਘ, ਧ, ਢ, ਝ, ਭ/ ਪੰਜਾਬੀ ਵਿਚ ਸ਼ਬਦ ਦੇ ਸ਼ੁਰੂ ਵਿਚ ਘੋਸ਼ਤਾ ਅਤੇ ਪ੍ਰਾਣਤਾ ਅਤੇ ਵਿਚਕਾਰ ਤੇ ਆਖਰੀ

ਵਿਚ ਪ੍ਰਾਣਤਾ ਨੂੰ ਖੋਹ ਬੈਠਦੀਆਂ ਹਨ। ਇਸ ਤੋਂ ਇਲਾਵਾ ਪੰਜਾਬੀ ਵਿਚ /ਹ/ ਧੁਨੀ ਵੀ ਸਵਰਾਂ ਦੇ ਪ੍ਰਭਾਵ ਅਧੀਨ ਸੁਰ ਦਾ ਸੰਕੇਤ ਦਿੰਦੀ ਹੈ। ਪਰ ਸੁਰ ਦਾ ਇਹ ਵਰਤਾਰਾ ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਸਮਾਨ ਨਹੀਂ ਹੈ।

ਪੰਜਾਬੀ ਸੁਰ ਦੀ ਬਣਤਰ: ਸਘੋਸ਼ ਮਹਾਂਪ੍ਰਾਣ ਧੁਨੀਆਂ /ਭ, ਧ, ਢ, ਝ, ਘ/ ਪੂਰਬੀ ਪੰਜਾਬੀ ਵਿਚ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਵਿਚ ਸੁਰ ਦਾ ਸੰਕੇਤ ਦਿੰਦੀਆਂ ਹਨ। ਸ਼ਬਦ ਦੀ ਮੁੱਢਲੀ ਸਥਿਤੀ ਤੇ ਇਹ ਧੁਨੀਆਂ ਕ੍ਰਮਵਾਰ /ਪ, ਤ, ਟ, ਚ, ਕ/ ਵਿਚ ਤਬਦੀਲ ਹੋ ਜਾਂਦੀਆਂ ਹਨ ਅਤੇ ਬਲੀ ਸਵਰ ਤੇ ਨੀਵੀਂ ਸੁਰ ਅੰਕਿਤ ਹੁੰਦੀ ਹੈ। ਜਿਵੇਂ:

ਭਾਲ /ਪ ਆ ਲ/ (\ ਆ)

ਧਾਰ /ਤ ਆ ਰ/ (\ ਆ)

ਢਾਬ /ਢ ਆ ਬ/ (\ ਆ)

ਝੱਗ /ਚ ਅ ਗ ਗ/ (\ ਅ)

ਘਰ /ਕ ਅ ਰ/ (\ ਅ)

ਸ਼ਬਦ ਦੀ ਅੰਤਲੀ ਸਥਿਤੀ ਵਿਚ ਇਹ ਧੁਨੀਆਂ /ਬ, ਦ, ਡ, ਜ, ਗ/ ਵਿਚ ਤਬਦੀਲ ਹੋ ਜਾਂਦੀਆਂ ਹਨ ਅਤੇ ਇੱਥੇ ਉੱਚੀ ਸੁਰ ਅੰਕਿਤ ਹੁੰਦੀ ਹੈ। ਜਿਵੇਂ:

ਲਾਭ /ਲ ਆ ਬ/ (/ ਆ)

ਸਾਧ /ਸ ਆ ਦ/ (/ ਆ)

ਕਾਢ /ਕ ਆ ਡ/ (/ ਆ)

ਕੁੱਝ /ਕ ਉ ਜ ਜ/ (/ ਉ)

/

ਮਾਘ /ਮ ਆ ਗ/

ਸ਼ਬਦ ਦੀ ਵਿਚਕਾਰਲੀ ਸਥਿਤੀ ਵਿਚ ਇਹ ਧੁਨੀਆਂ /ਬ, ਦ, ਡ, ਜ, ਗ/ ਵਿਚ ਤਬਦੀਲ ਹੋ ਜਾਂਦੀਆਂ ਹਨ ਪਰ ਇਨ੍ਹਾਂ ਨਾਲ ਉੱਚੀ ਜਾਂ ਨੀਵੀਂ ਸੁਰ ਦਾ ਆਉਣਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਦਬਾ ਕਿਹੜੇ ਸਵਰ ਤੇ ਅੰਕਿਤ ਹੈ। ਜੇਕਰ ਦਬਾ ਸਘੋਸ਼ ਮਹਾਪ੍ਰਾਣ ਧੁਨੀਆਂ ਤੋਂ ਪਹਿਲਾਂ ਵਿਚਰਦੇ ਸਵਰ ਤੇ ਹੋਵੇ ਤਾਂ ਇਨ੍ਹਾਂ ਦਾ ਉਚਾਰਨ ਉੱਚੀ ਸੁਰ ਵਿਚ ਹੁੰਦਾ ਹੈ ਅਤੇ ਜੇ ਦਬਾ ਇਨ੍ਹਾਂ ਤੋਂ ਬਾਅਦ ਵਾਲੇ ਸਵਰ ਤੇ ਹੋਵੇ ਤਾਂ ਇਹ ਧੁਨੀਆਂ ਨੀਵੀਂ ਸੁਰ ਵਿਚ ਉਚਾਰੀਆਂ ਜਾਂਦੀਆਂ ਹਨ। ਮਿਸਾਲ ਵਜੋਂ:

ਉੱਚੀ ਸੁਰ (ਦਬਾ ਪੂਰਵਲੇ ਸਵਰ ’ਤੇ)		ਨੀਵੀਂ ਸੁਰ (ਦਬਾ ਬਾਅਦ ਵਾਲੇ ਸਵਰ ’ਤੇ)	
ਮਾਘੀ	/ਮ ਆ ਗ ਈ/	ਮਘਾਈ	/ਮ ਅ ਗ ਆ ਈ/
ਦੋਧੀ	/ਦ ਓ ਦ ਈ/	ਸੁਧਾਈ	/ਸ ਉ ਦ ਆ ਈ/
ਸੋਝੀ	/ਸ ਓ ਜ ਈ/	ਸੁਝਾ	/ਸ ਉ ਜ ਆ/
ਕੱਢੀ	/ਕ ਅ ਡ ਈ/	ਕਢਾਈ	/ਕ ਅ ਡ ਆ ਈ/
ਲੋਭੀ	/ਲ ਓ ਬ ਈ/	ਲਭਾਈ	/ਲ ਅ ਬ ਆ ਈ/

ਪੰਜਾਬੀ ਭਾਸ਼ਾ ਵਿਚ /ਹ/ ਧੁਨੀ ਵੀ ਆਪਣੇ ਨੇੜਲੇ ਸਵਰ ਤੋਂ ਪ੍ਰਭਾਵਿਤ ਹੁੰਦੀ ਹੈ। ਇਸ ਦਾ ਉਚਾਰਨ ਬਹੁਤੀਆ ਸਥਿਤੀਆਂ ਵਿਚ, ਸੁਰ ਨੂੰ ਹੀ ਸਵੀਕਾਰ ਕਰਦਾ ਹੈ। /ਹ/ ਧੁਨੀ ਦਾ ਉਚਾਰਨ ਪੰਜਾਬੀ ਦੀਆਂ ਵੱਖ-ਵੱਖ ਉਪਭਾਸ਼ਾਵਾਂ ਵਿਚ ਵੱਖਰਾ-ਵੱਖਰਾ ਹੈ। ਪਰ ਮਾਝੀ ਉਪਭਾਸ਼ਾ ਵਿਚ ਇਸਦਾ ਉਚਾਰਨ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਸੁਰ ਦਾ ਸੰਕੇਤ ਦਿੰਦਾ ਹੈ। ਸ਼ਬਦ ਦੀ ਮੁੱਢਲੀ ਸਥਿਤੀ ਵਿਚ ਨੀਵੀਂ ਸੁਰ, ਅਖੀਰਲੀ ਸਥਿਤੀ ਵਿਚ ਉੱਚੀ ਸੁਰ ਉਚਾਰੀ ਜਾਂਦੀ ਹੈ। ਪਰ ਸ਼ਬਦ ਦੀ ਵਿਚਕਾਰਲੀ ਸਥਿਤੀ ਵਿਚ ਸੁਰ ਦਾ ਨੀਵੀਂ ਜਾਂ ਉੱਚੀ ਦਾ ਹੋਣਾ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਦਬਾ ਦੀ ਕੀ ਸਥਿਤੀ ਹੈ? ਜੇਕਰ ਦਬਾ /ਹ/ ਧੁਨੀ ਤੋਂ ਪਹਿਲਾਂ ਵਿਚਰਦੇ ਸਵਰ ਉੱਤੇ ਹੋਵੇ ਤਾਂ /ਹ/ ਦਾ

ਉਚਾਰਨ ਉੱਚੀ ਸੁਰ ਵਿਚ ਹੁੰਦਾ ਹੈ ਅਤੇ ਜੇ ਦਬਾ ਪਿਛਲੇ ਸਵਰ ਤੇ ਹੋਵੇ ਤਾਂ ਨੀਵੀਂ ਸੁਰ ਵਿਚ ਹੁੰਦਾ ਹੈ। ਜਿਵੇਂ: ਹੋਰ /ਓ ਰ/, ਬਾਹਰ /ਬ ਆ ਰ/ ਅਤੇ ਜਾਹ /ਜ ਆ/ ਆਦਿ।

ਬਲ (Stress): ਪੰਜਾਬੀ ਭਾਸ਼ਾ ਵਿਚ ਬਲ ਸਾਰਥਕ ਅਖੰਡੀ ਧੁਨੀ ਵਜੋਂ ਕਾਰਜਸ਼ੀਲ ਹੁੰਦਾ ਹੈ। ਪੰਜਾਬੀ ਧੁਨੀਵਿਉਂਤ ਦੇ ਵਿਕਾਸ ਸਫ਼ਰ ਵਿਚ ਬਲ ਇੱਕ ਵਿਸ਼ੇਸ਼ ਸਥਿਤੀ ਦੀ ਉਪਜ ਹੈ। ਦਰਅਸਲ ਪੰਜਾਬੀ ਨੇ ਭਾਰਤੀ-ਆਰੀਆ ਭਾਸ਼ਾ ਦੇ ਕਈ ਲੱਛਣ ਕਿਸੇ ਨਾ ਕਿਸੇ ਰੂਪ ਵਿਚ ਸਾਂਭ ਰੱਖੇ ਹਨ। ਪੰਜਾਬੀ ਵਿਚ ਬਲ ਦਾ ਵਿਕਾਸ ਸੰਜੁਗਤ ਵਿਅੰਜਨਾਂ ਤੋਂ ਹੋਇਆ ਹੈ। ਉਦਾਹਰਣ ਵਜੋਂ; ਸੰਸਕ੍ਰਿਤ 'ਸਪਤ' ਤੋਂ ਪੰਜਾਬੀ ਵਿਚ 'ਸੱਤ' ਬਣਿਆ ਹੈ। 'ਸਪਤ' ਦੇ ਸੰਜੁਗਤ /ਪ/ ਤੇ /ਤ/ਵਿਚੋਂ /ਪ/ ਲੋਪ ਹੋ ਗਿਆ। ਭਾਵੇਂ ਹਿੰਦੀ ਵਿਚ ਵੀ /ਪ/ ਲੁਪਤ ਹੋਇਆ ਹੈ। ਪਰ ਉੱਥੇ ਵਿਚਲਾ ਸਵਰ ਹ੍ਰਸਵ ਤੋਂ ਦੀਰਘ ਹੋ ਕੇ 'ਸਾਤ' ਬਣ ਗਿਆ। ਪਰ ਪੰਜਾਬੀ ਵਿਚ ਇਹ ਸਵਰ ਹ੍ਰਸਵ ਹੀ ਰਿਹਾ ਅਤੇ ਇਸ ਉੱਤੇ ਆ ਗਿਆ। ਸਿੱਟੇ ਵਜੋਂ ਪਿੱਛੋਂ ਆਉਣ ਵਾਲਾ ਵਿਅੰਜਨ ਦੁੱਤ ਹੋ ਗਿਆ। ਪੰਜਾਬੀ ਦਾ ਇਹ ਵਰਤਾਰਾ ਪਾਲੀ-ਪ੍ਰਾਕ੍ਰਿਤ ਵੇਲੇ ਬਣਨਾ ਸ਼ੁਰੂ ਹੋ ਗਿਆ ਸੀ। ਪ੍ਰਾਕ੍ਰਿਤਾਂ ਪਿੱਛੋਂ ਪੰਜਾਬੀ ਨੇ ਇਹ ਲੱਛਣ ਸੰਭਾਲ ਲਿਆ। ਹੁਣ ਬਲ ਪੰਜਾਬੀ ਦੀ ਨਿਖੇੜੂ ਅਖੰਡੀ ਧੁਨੀ ਹੈ। ਸੁਖਵਿੰਦਰ ਸਿੰਘ ਸੰਘਾ (ਉਹੀ:157) ਅਨੁਸਾਰ ਪੰਜਾਬੀ ਵਿਚ ਬਲ ਦਾ ਪ੍ਰਕਾਰਜ ਅਰਥਮੁੱਖ ਨਾਲੋਂ ਧੁਨੀਆਤਮਕ ਵਧੇਰੇ ਹੈ। ਇਸ ਪੱਖੋਂ ਬਲ ਦੁੱਤੀਕਰਨ ਦਾ ਸੂਚਕ ਹੁੰਦਾ ਪਰ ਪੰਜਾਬੀ ਵਿਚ ਬਲ ਨਾਲ ਸ਼ਬਦ ਦਾ ਅਰਥ ਵੀ ਬਦਲ ਜਾਂਦਾ ਹੈ। ਮਿਸਾਲ ਵਜੋਂ:

ਪੱਤਾ ਪਤਾ

ਕਿੱਲਾ ਕਿਲਾ

ਸੱਦੀ ਸਦੀ

ਸੱਜਾ ਸਜਾ

ਪੰਜਾਬੀ ਵਿਚ ਬਲ ਦੀ ਸਾਰਥਿਕਤਾ ਸ਼ਬਦਾਂ ਦੇ ਕੇਵਲ ਕੋਸ਼ਗਤ ਅਰਥਾਂ ਵਿਚ ਹੀ ਫਰਕ ਨਹੀਂ ਪਾਉਂਦੀ ਬਲਕਿ ਇਸ ਨਾਲ ਬਹੁਤੀ ਵਾਰ ਸ਼ਬਦ ਦੀ ਸ਼੍ਰੇਣੀ ਵੀ ਬਦਲ ਜਾਂਦੀ ਹੈ। ਮਿਸਾਲ ਵਜੋਂ:

ਨਾਂਵ ਕਿਰਿਆ

ਘੜਾ /ਘ ਅ ੜ ਆ/'ਇਕ ਬਰਤਨ' /ਘ ਅ ੜ ਆ/'ਘੜਾਉਣਾ'

ਹਰਾ /ਹ ਅ ਰ ਆ/'ਇਕ ਰੰਗ' /ਹ ਅ ਰ ਆ/'ਕਿਸੇ ਨੂੰ ਹਰਾਉਣਾ'

ਪੰਜਾਬੀ ਵਿਚ ਸ਼ਬਦਾਂ ਦੀ ਇਕਹਿਰੀ ਉਚਾਰਖੰਡੀ ਬਣਤਰ ਵਿਚ ਤਾਂ ਬਲ ਸਿਰਫ਼ ਵਾਕ ਦੇ ਪੱਧਰ 'ਤੇ ਹੀ ਸਾਰਥਕ ਹੁੰਦਾ ਹੈ। ਵਾਕ ਨੂੰ ਉਚਾਰਨ ਸਮੇਂ ਕਿਸੇ ਇਕ ਸ਼ਬਦ ਤੇ ਵੱਧ ਬਲ ਦਿੱਤਾ ਜਾਂਦਾ ਹੈ। ਮਿਸਾਲ ਵਜੋਂ:

ਮੈਂ ਘਰ ਜਾਵਾਂਗਾ/ ਮੈਂ **ਘਰ** ਜਾਵਾਂਗਾ

ਪਰ ਬਹੁ ਉਚਾਰਖੰਡੀ ਸ਼ਬਦਾਂ ਵਿਚ ਬਲ ਆਮ ਤੌਰ 'ਤੇ ਦੀਰਘ ਸਵਰ ਤੇ ਹੁੰਦਾ ਹੈ। ਮਿਸਾਲ ਵਜੋਂ:

ਵਿਚਾਰ /ਵ ਇ ਚ **ਆ** ਰ/

ਸੁਆਦ /ਸ ਉ **ਆ** ਦ /

ਨਾਸਿਕਤਾ (Nasalization): ਧੁਨੀਵਿਉਂਤਕ ਪੱਖੋਂ ਪੰਜਾਬੀ ਭਾਸ਼ਾ ਵਿਚ ਨਾਸਿਕਤਾ ਦੋ ਕਿਸਮ ਦੀ ਹੈ: ਫੋਨੈਟਿਕ ਅਤੇ ਫੋਨੀਮਕ ਭਾਵ ਨਿਰਾਰਥਕ ਅਤੇ ਸਾਰਥਕ ਨਾਸਿਕਤਾ। ਪਹਿਲੀ ਕਿਸਮ ਦੀ ਨਾਸਿਕਤਾ ਦੀਆਂ ਵੀ ਅੱਗੋਂ ਦੋ ਕਿਸਮਾਂ ਹਨ; ਇਕ ਤਾਂ ਜਦੋਂ ਕਿਸੇ ਨਾਸਕੀ ਵਿਅੰਜਨ ਦੇ ਪ੍ਰਭਾਵ ਕਾਰਨ ਉਸ ਤੋਂ ਪਹਿਲਾਂ ਆਉਣ ਵਾਲਾ ਸਵਰ ਨਾਸਕੀ ਹੋ ਜਾਵੇ। ਜਿਵੇਂ; ਪੀਣ, ਜਾਣ ਤੇ ਖਾਣ ਆਦਿ ਸ਼ਬਦਾਂ ਵਿਚ ਪਹਿਲੇ ਸਵਰ ਦਾ ਉਚਾਰਨ ਨਾਸਕੀ ਹੁੰਦਾ ਹੈ। ਦੂਸਰੀ ਸਥਿਤੀ ਉਪਭਾਸ਼ਾਈ ਜਾਂ ਖੇਤਰੀ ਉਚਾਰਨਾਂ ਵਿਚ ਵੇਖਣ ਨੂੰ ਮਿਲਦੀ ਹੈ। ਜਿਵੇਂ: ਪੂਛ- ਪੂੰਛ, ਊਠ- ਊਂਠ, ਹੋਠ- ਹੋਂਠ ਆਦਿ।

ਸਾਰਥਕ ਜਾਂ ਫੋਨੀਮਕ ਨਾਸਿਕਤਾ ਸ਼ਬਦਾਂ ਦੇ ਕੋਸ਼ਗਤ ਅਰਥ ਪਰਿਵਰਤਿਤ ਕਰਨ ਦੇ ਸਮਰੱਥ ਹੁੰਦੀ ਹੈ। ਇਸ ਨਾਲ ਸਿਰਫ਼ ਸ਼ਬਦਾਂ ਦੇ ਅਰਥਾਂ ਵਿਚ ਹੀ ਤਬਦੀਲੀ ਨਹੀਂ ਵਾਪਰਦੀ ਸਗੋਂ ਬਹੁਤ ਵਾਰੀ ਸ਼ਬਦ ਦੀ ਸ਼੍ਰੇਣੀ ਵੀ ਤਬਦੀਲ ਹੋ ਜਾਂਦੀ ਹੈ। ਇਸ ਦ੍ਰਿਸ਼ਟੀ ਤੋਂ ਸਾਰਥਕ ਨਾਸਿਕਤਾ ਨੂੰ ਦੋ ਭਾਗਾਂ ਵਿਚ ਵੰਡਿਆਂ ਜਾਂਦਾ ਹੈ।

-ਸ਼੍ਰੇਣੀ ਰੱਖਿਅਕ: ਸ਼੍ਰੇਣੀ ਰੱਖਿਅਕ ਵਿਚ ਨਾਸਿਕਤਾ ਦੀ ਵਰਤੋਂ ਨਾਲ ਸ਼ਬਦਾਂ ਦੇ ਕੋਸ਼ਗਤ ਅਰਥਾਂ ਵਿਚ ਤਬਦੀਲੀ ਆਉਂਦੀ ਹੈ ਪਰ ਉਨ੍ਹਾਂ ਦੀ ਸ਼ਬਦ ਸ਼੍ਰੇਣੀ ਸਥਿਰ ਰਹਿੰਦੀ ਹੈ: ਜਿਵੇਂ: ਗੋਦ- ਗੋਂਦ, ਸਾਗ- ਸਾਂਗ।

-ਸ਼੍ਰੇਣੀ ਬਦਲੂ ਵਿਚ ਨਾਸਿਕਤਾ ਦੀ ਵਰਤੋਂ ਨਾਲ ਸ਼ਬਦਾਂ ਦੇ ਕੋਸ਼ਗਤ ਅਰਥਾਂ ਵਿਚ ਪਰਿਵਰਤਨ ਆਉਣ ਦਾ ਨਾਲ ਨਾਲ ਉਨ੍ਹਾਂ ਦੀ ਸ਼ਬਦ ਸ਼੍ਰੇਣੀ ਵੀ ਪਰਿਵਰਤਿਤਿ ਹੁੰਦੀ ਹੈ: ਜਿਵੇਂ: ਸੌ- ਸੌਂ, ਤੋੜਾ- ਤੋੜਾਂ, ਜੋੜਾ- ਜੋੜਾਂ ਆਦਿ।

ਸੰਗਮ (Juncture): ਪੰਜਾਬੀ ਭਾਸ਼ਾ ਵਿਚ ਸੰਗਮ ਨੂੰ ਜਦੋਂ ਅਸੀਂ ਧੁਨੀਵਿਉਂਤਕ ਆਧਾਰ 'ਤੇ ਵਿਸ਼ਲੇਸ਼ਤ ਕਰਦੇ ਹਾਂ ਤਾਂ ਇਸ ਦੀ ਬਣਤਰ ਰੂਪੀਮ ਆਧਾਰਿਤ ਹੁੰਦੀ ਹੈ। ਸੰਗਮ ਜਦੋਂ ਕਿਸੇ ਉਚਾਰਖੰਡ ਵਿਚ ਆਉਂਦਾ ਹੈ ਤਾਂ ਉਹ ਦੋ ਉਚਾਰਖੰਡਾਂ ਵਿਚ ਵੰਡਿਆ ਜਾਂਦਾ ਹੈ। ਭਾਵੇਂ ਉਚਾਰਖੰਡ ਵਿਚ ਰੂਪੀਮ ਦੀ ਹੱਦ ਨਹੀਂ ਹੁੰਦੀ ਪਰ ਜਦੋਂ ਸੰਗਮ ਦੀ ਵਿੱਥ ਨਾਲ ਉਚਾਰਖੰਡ ਦੋ ਰੂਪਾਂ ਵਿਚ ਆਉਂਦਾ ਹੈ ਤਾਂ ਉਥੇ ਉਚਾਰਖੰਡ ਰੂਪੀਮ ਵਿਚ ਬਦਲ ਜਾਂਦਾ ਹੈ। ਇਹ ਤਬਦੀਲੀ ਸੰਗਮ ਸ਼ਬਦਾਂ ਵਿਚ ਆਏ ਠਹਿਰਾਓ ਸਦਕਾ ਵਾਪਰਦੀ ਹੈ। ਮਿਸਾਲ ਵਜੋਂ:

ਉਚਾਰਖੰਡ		**ਰੂਪੀਮ**
ਭਾਜੀ	-	ਭਾ # ਜੀ
ਖਾਕੇ	-	ਖਾ # ਕੇ

ਉਪਰੋਕਤ ਸ਼ਬਦਾਂ ਵਿਚ ਪਹਿਲਾਂ ਆਏ ਸ਼ਬਦ ਸੁਤੰਤਰ ਰੂਪੀਮ ਹਨ ਅਤੇ ਇਨ੍ਹਾਂ ਵਿਚਕਾਰ ਉਚਾਰਖੰਡ ਦੀ ਹੱਦ ਹੈ। ਪਰ ਸੰਗਮ ਕਾਰਨ ਧੁਨੀਆਤਮਕ ਤਬਦੀਲੀ ਕਰ ਕੇ, ਇਹ ਉਚਾਰਖੰਡ ਤੋਂ ਰੂਪੀਮ ਵਿਚ ਬਦਲ ਜਾਂਦੇ ਹਨ। ਭਾਵ ਸੰਗਮ ਦੀ ਬਰੇਕ ਕਾਰਨ ਇਹ ਆਪਣੇ ਰੂਪ ਵਿਚ ਤਬਦੀਲੀ ਗ੍ਰਹਿਣ ਕਰਦੇ ਹਨ ਅਤੇ ਵੱਖਰੇ ਅਰਥਾਂ ਵਿਚ ਸਾਕਾਰ ਹੁੰਦੇ ਹਨ। ਪਰ ਪੰਜਾਬੀ ਭਾਸ਼ਾ ਵਿਚ ਸੰਗਮ ਦਾ ਵਰਤਾਰਾ ਵਿਆਕਰਨਕ ਪੱਧਰ ਉੱਤੇ ਵੀ ਕਾਰਜਸ਼ੀਲ ਹੁੰਦਾ ਹੈ। ਇਥੇ ਸੰਗਮ ਸਦਕਾ ਵਿਆਕਰਨਕ ਰੂਪ ਆਪਣੀ ਨਵੀਂ ਵਿਆਕਰਨਕ ਹੋਂਦ ਬਣਾਉਂਦੇ ਹਨ। ਮਿਸਾਲ ਵਜੋਂ:

ਨਾਂਵ **ਕਿਰਿਆ**

ਛਿਲਕੇ - ਛਿੱਲ #ਕੇ

ਰਜਾਈ - ਰਜ #ਆਈ

ਕਟਾਈ - ਕੱਟ #ਆਈ

ਖ਼ੁਆਜਾ - ਖ਼ੁਆ #ਜਾ

ਕਰਕੇ - ਕਰ # ਕੇ

ਇਸ ਤੋਂ ਇਲਾਵਾ ਪੰਜਾਬੀ ਵਿਚ ਕਿਰਿਆ +ਕਿਰਿਆ, ਵਿਸ਼ੇਸ਼ਣ+ਨਾਂਵ ਅਤੇ ਨਾਂਵ+ਨਾਂਵ ਦੇ ਪੈਟਰਨ ਵੀ ਬਣਦੇ ਹਨ:

ਕਿਰਿਆ - ਕਿਰਿਆ

ਟਪਾ - ਟੱਪ #ਆ

ਨਠਾ - ਨੱਠ #ਆ

ਕਟਾਈ - ਕੱਟ #ਆਈ

ਚਲਾਈ - ਚੱਲ #ਆਈ

ਭਜਾਵੋ - ਭੱਜ #ਆਵੋ

ਵਿਸ਼ੇਸ਼ਣ + ਨਾਂਵ

ਪਰਮਾਨੰਦ - ਪਰਮ # ਆਨੰਦ

ਨਾਂਵ + ਨਾਂਵ

ਦਾਲਚੀਨੀ - ਦਾਲ # ਚੀਨੀ

2.3.3 ਉਚਾਰਖੰਡ: ਉਚਾਰਖੰਡ ਉਚਾਰਨ ਦੀ ਉਹ ਵੰਡ ਹੈ ਜੋ ਦੋ ਠਹਿਰਾਵਾਂ ਦੇ ਵਿਚਕਾਰ ਸਾਕਾਰ ਹੁੰਦੀ ਹੈ। ਪੰਜਾਬੀ ਭਾਸ਼ਾ ਦੀ ਉਚਾਰਖੰਡ ਬਣਤਰ 10 ਸਵਰ ਅਤੇ 29 ਵਿਅੰਜਨਾਂ ਤੇ ਆਧਾਰਿਤ ਹੈ। ਇਨ੍ਹਾਂ 10 ਸਵਰਾਂ ਵਿਚ ਤਿੰਨ ਲਘੂ ਸਵਰ /ਅ, ਇ, ਉ/ ਅਤੇ ਬਾਕੀ ਦੇ 7 ਸਵਰ ਦੀਰਘ ਸ੍ਵਰਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਪੰਜਾਬੀ ਭਾਸ਼ਾ ਦੇ ਇਹ 29 ਵਿਅੰਜਨ ਡੱਕਵੇਂ ਅਤੇ ਅਡੱਕਵੇਂ ਵਿਅੰਜਨਾਂ ਵਿਚ ਵਿਭਾਜਿਤ ਕੀਤੇ ਗਏ ਹਨ। ਪੰਜਾਬੀ ਭਾਸ਼ਾ ਦੀ ਉਚਾਰਖੰਡੀ ਬਣਤਰ ਨਿਮਨ ਅਨੁਸਾਰ ਬਣਦੀ ਹੈ:

1) ਸਵਰ (V)
2) ਸਵਰ ਵਿਅੰਜਨ (VC)
3) ਵਿਅੰਜਨ ਸਵਰ (CV)
4) ਵਿਅੰਜਨ ਸਵਰ ਵਿਅੰਜਨ (CVC)
5) ਵਿਅੰਜਨ ਸਵਰ ਵਿਅੰਜਨ ਵਿਅੰਜਨ (CVCC)
6) ਸਵਰ ਵਿਅੰਜਨ ਵਿਅੰਜਨ (VCC)
7) ਵਿਅੰਜਨ ਵਿਅੰਜਨ ਸਵਰ (CCV)ਪੰਜਾਬੀ ਭਾਸ਼ਾ ਵਿਗਿਆਨੀਆਂ ਵਿਚ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀ ਉਚਾਰਖੰਡੀ ਬਣਤਰ ਨੂੰ ਲੈ ਕੇ ਮੱਤਭੇਦ ਹਨ। ਮੁਖਤਿਆਰ ਸਿੰਘ ਗਿੱਲ (1988) ਨੇ ਉਚਾਰਖੰਡ ਦੀਆਂ ਸਿਰਫ ਛੇ ਬਣਤਰਾਂ ਹੀ ਦੱਸੀਆਂ ਹਨ। ਉਨ੍ਹਾਂ ਨੇ ਵਿਅੰਜਨ ਵਿਅੰਜਨ ਸਵਰ (CCV) ਦੀ ਤਰਤੀਬ ਨੂੰ ਉਚਾਰਖੰਡ ਦੀ ਬਣਤਰ ਵਿਚ ਸ਼ਾਮਿਲ ਨਹੀਂ ਕੀਤਾ। ਉਨ੍ਹਾਂ ਅਨੁਸਾਰ ਪੰਜਾਬੀ ਵਿਚ ਸ਼ਬਦ ਦੇ ਸ਼ੁਰੂ ਵਿਚ ਵਿਅੰਜਨ + ਵਿਅੰਜਨ ਤਰਤੀਬ ਦੇ ਵਿਅੰਜਨ ਗੁੱਛੇ ਨਹੀਂ ਆ ਸਕਦੇ। ਪ੍ਰੇਮ ਪ੍ਰਕਾਸ਼ ਸਿੰਘ (2010:372) ਨੇ ਵੀ ਪੰਜਾਬੀ ਦੀਆ 7 ਉਚਾਰਖੰਡੀ ਬਣਤਰਾਂ ਦਰਸਾਈਆਂ ਹਨ ਜੋ ਮੁਖਤਿਆਰ ਸਿੰਘ ਗਿੱਲ ਹੋਰਾਂ ਦੀਆਂ ਬਾਕੀ ਦੀਆਂ ਛੇ ਉਚਾਰਖੰਡੀ ਬਣਤਰਾਂ ਨਾਲ

ਮੇਲ ਖਾਂਦੀਆਂ ਹਨ। ਸੁਖਵਿੰਦਰ ਸਿੰਘ ਸੰਘਾ (ਉਹੀ:132) ਨੇ ਆਪਣੇ ਅਧਿਐਨ ਵਿਚ ਵੀ 7 ਉਚਾਰਖੰਡੀ ਕਿਸਮਾਂ ਨੂੰ ਸ਼ਾਮਲ ਕੀਤਾ ਹੈ। ਪਰ ਇੱਥੇ ਫਰਕ ਉਚਾਰਖੰਡ ਦੀ ਤਰਤੀਬ ਦਾ ਹੈ ਭਾਵ ਕਿ ਇਸ ਅਧਿਐਨ ਵਿਚ ਵਿਅੰਜਨ ਵਿਅੰਜਨ ਸਵਰ ਵਿਅੰਜਨ (CCVC) ਤਰਤੀਬ ਨੂੰ ਸ਼ਾਮਲ ਨਹੀਂ ਕੀਤਾ ਗਿਆ ਬਲਕਿ ਉਸਦੀ ਜਗ੍ਹਾ ਤੇ ਵਿਅੰਜਨ +ਵਿਅੰਜਨ+ ਸਵਰ(CCV) ਦੀ ਤਰਤੀਬ ਨੂੰ ਮਹੱਤਤਾ ਦਿੱਤੀ ਹੈ। ਪੰਜਾਬੀ ਭਾਸ਼ਾ ਦੀਆਂ ਕੁੱਲ 8 ਉਚਾਰਖੰਡੀ ਬਣਤਰਾਂ ਦੇ ਪੈਟਰਨ ਇਸ ਤਰ੍ਹਾਂ ਬਣਦੇ ਹਨ :

1) **ਸਵਰ (V):** ਸੰਸਾਰ ਦੀਆਂ ਬਹੁਤੀਆਂ ਭਾਸ਼ਾਵਾਂ ਵਿਚ ਕਈ ਉਚਾਰਖੰਡ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਵਿਚ ਆਰੰਭ (Onset) ਅਤੇ ਅੰਤ (Coda) ਨਹੀਂ ਹੁੰਦਾ। ਉਚਾਰਖੰਡ ਦੀ ਸਿਖਰ (Peak) ਤੇ ਇਕ ਸਵਰ ਹੀ ਆਉਂਦਾ ਹੈ। ਭਾਵ ਕਿ ਕੁਝ ਅਜਿਹੇ ਉਚਾਰਖੰਡ ਵੀ ਹੁੰਦੇ ਹਨ ਜਿਨ੍ਹਾਂ ਵਿਚ ਵਿਅੰਜਨ ਨਹੀਂ ਹੁੰਦਾ, ਬਲਕਿ ਇਕੱਲਾ ਸਵਰ ਹੀ ਉਚਾਰਖੰਡ ਬਣ ਸਕਣ ਦੀ ਸਮਰੱਥਾ ਰੱਖਦਾ ਹੈ। ਜਿਵੇਂ ਕਿ 'ਆ', 'ਓ' ਆਦਿ। ਪੰਜਾਬੀ ਭਾਸ਼ਾ ਵਿਚ ਲਘੂ ਸ੍ਵਰਾਂ /ਇ, ਅ, ਉ/ ਨੂੰ ਛੱਡ ਕੇ ਬਾਕੀ ਦੇ ਸੱਤ ਸਵਰ /ਈ, ਏ, ਆ, ਐ, ਔ, ਓ, ਊ/ ਇਸ ਬਣਤਰ 'ਤੇ ਵਿਚਰ ਸਕਦੇ ਹਨ।

1) ਆ   2) ਓ

2. ਸਵਰ ਵਿਅੰਜਨ (VC): ਇਸ ਤਰਤੀਬ ਵਿਚ ਪੰਜਾਬੀ ਭਾਸ਼ਾ ਦੇ 10 ਸਵਰ ਹੀ ਉਚਾਰਖੰਡ ਦੀ ਸਿਖਰ ਤੇ ਵਿਚਰ ਸਕਦੇ ਹਨ। ਇਹ ਤਰਤੀਬ ਸਵਰ+ਵਿਅੰਜਨ ਦੀ ਹੈ। ਇਸ ਵਿਚ ਇਕਹਿਰਾ ਸਵਰ ਅਤੇ ਇਕਹਿਰਾ ਵਿਅੰਜਨ ਆਉਂਦਾ ਹੈ। ਇਸ ਤਰਤੀਬ ਵਿਚ ਆਰੰਭ ਤੇ ਆਉਣ ਵਾਲਾ ਵਿਅੰਜਨ ਗ਼ੈਰ-ਮੌਜੂਦਗੀ ਵਾਲਾ ਹੁੰਦਾ ਹੈ। ਕੇਵਲ ਸਿਖਰ ਅਤੇ ਅੰਤ ਹੀ ਇਸ ਬਣਤਰ ਵਿਚ ਸਾਕਾਰ ਹੁੰਦੇ ਹਨ। ਪੰਜਾਬੀ ਭਾਸ਼ਾ ਵਿਚਲੇ ਸ਼ਬਦ 'ਉਸ, ਇੱਕ, ਆਪ' ਇਸੇ ਤਰਤੀਬ ਦੀਆਂ ਉਦਾਹਰਨਾਂ ਹਨ।

3) **ਵਿਅੰਜਨ ਸਵਰ (CV) :** ਪੰਜਾਬੀ ਭਾਸ਼ਾ ਵਿਚ ਵਿਅੰਜਨ ਸਵਰ ਉਚਾਰਖੰਡ ਬਣਤਰ ਵਿਚ ਲਘੂ ਸਵਰ /ਇ, ਅ, ਉ/ ਨਹੀਂ ਆਉਂਦੇ। ਇਸਦਾ ਕਾਰਨ ਇਹ ਹੈ ਕਿ ਪੰਜਾਬੀ ਭਾਸ਼ਾ ਵਿਚ ਇਹ ਸਵਰ ਉਚਾਰਖੰਡ /ਭਾਵੰਸ਼/ ਸ਼ਬਦ ਦੇ

ਅਖੀਰ ਤੇ ਨਹੀਂ ਆ ਸਕਦੇ। ਬਾਕੀ ਦੇ 7 ਸਵਰ /ਈ, ਏ, ਆ, ਐ, ਔ, ਓ, ਊ/ ਨੀਵੀਂ, ਪੱਧਰੀ ਅਤੇ ਉੱਚੀ ਸੁਰ ਨਾਲ ਆ ਸਕਦੇ ਹਨ। ਇਨ੍ਹਾਂ ਦੀਆਂ ਉਦਾਹਰਨਾਂ ਨਿਮਨ ਅਨੁਸਾਰ ਹਨ:

ਸੀ /ਸ ਈ/-



ਕੇ /ਕ ਏ/



4) **ਵਿਅੰਜਨ ਸਵਰ ਵਿਅੰਜਨ (CVC) :** ਪੰਜਾਬੀ ਦੇ ਦੱਸ ਸਵਰ ਹੀ ਇਸ ਤਰਤੀਬ ਵਿਚ ਉਚਾਰਖੰਡ ਦੀ ਸਿਰਜਨਾ ਕਰ ਸਕਦੇ ਹਨ। ਇਹ ਤਰਤੀਬ ਵਿਅੰਜਨ+ ਸਵਰ+ ਵਿਅੰਜਨ ਦੀ ਹੁੰਦੀ ਹੈ।ਜਿਵੇ:



5) ਵਿਅੰਜਨ ਸਵਰ ਵਿਅੰਜਨ ਵਿਅੰਜਨ (CVCC): ਇਸ ਬਣਤਰ ਵਿਚ ਸਿਰਫ ਲਘੂ ਸਵਰ ਹੀ ਆ ਸਕਦੇ ਹਨ, ਦੀਰਘ ਸਵਰ ਨਹੀਂ ਆ ਸਕਦੇ। ਜਿਵੇਂ ਪੁਲਸ, ਕਰਮ, ਧਰਮ ਆਦਿ। ਅੰਗਰੇਜ਼ੀ ਸ਼ਬਦਾਵਲੀ ਰਾਹੀਂ ਅਤੇ ਇਸਦੇ ਪ੍ਰਭਾਵ ਸਦਕਾ ਹੁਣ ਕੁੱਝ ਸ਼ਹਿਰੀ ਅਤੇ ਪੜ੍ਹੇ ਲਿਖੇ ਬੁਲਾਰਿਆਂ ਵਿਚ ਦੀਰਘ ਸਵਰ ਖ਼ਾਸ ਕਰਕੇ ਵਿਚਕਾਰਲਾ /ਆ/ ਸਵਰ ਉਚਾਰਿਆ ਜਾਣ ਲੱਗ ਪਿਆ ਹੈ ਜਿਵੇਂ 'ਮਾਰਟ'-/ਮ ਆ ਰ ਟ/

6) ਸਵਰ ਵਿਅੰਜਨ ਵਿਅੰਜਨ (VCC): ਇਸ ਤਰਤੀਬ ਵਿਚ ਉਚਾਰਖੰਡ ਦਾ ਆਰੰਭ ਨਹੀਂ ਹੁੰਦਾ। ਇਸ ਤਰਤੀਬ ਦੀ ਉਚਾਰਖੰਡ ਬਣਤਰ ਵਿਚ ਵੀ ਸਿਰਫ ਲਘੂ ਸਵਰ ਦੀ ਵਰਤੋਂ ਹੀ ਹੁੰਦੀ ਹੈ। ਇਹ ਤਰਤੀਬ ਪੰਜਾਬੀ ਭਾਸ਼ਾ ਦੀ ਵਿਅੰਜਨ ਨੇੜਤਾ ਨੂੰ ਵੀ ਸਾਕਾਰ ਕਰਦੀ ਹੈ। ਇਸ ਵਿਚ ਦੁੱਤ ਵਿਅੰਜਨ, ਵਿਅੰਜਨ ਗੁੱਛੇ ਦੀਆਂ ਉਦਾਹਰਨਾਂ ਲਈਆਂ ਜਾ ਸਕਦੀਆਂ ਹਨ। ਅੱਗ-/ਅ+ ਗ+ ਗ/, ਇੱਟ-/ਇ+ ਟ+ ਟ/ ਅਤੇ ਉਲਟ-/ਉ+ ਲ+ ਟ/ ਆਦਿ।

ਦੁੱਤ ਵਿਅੰਜਨ



ਵਿਅੰਜਨ ਗੁੱਛੇ



8) ਵਿਅੰਜਨ ਵਿਅੰਜਨ ਸਵਰ (CCV): ਪੰਜਾਬੀ ਭਾਸ਼ਾ ਵਿਚ ਵਿਅੰਜਨ + ਵਿਅੰਜਨ + ਸਵਰ ਦੀ ਤਰਤੀਬ ਉਚਾਰਖੰਡ ਸੰਰਚਨਾ ਦੇ ਤੌਰ ਤੇ ਸਵੀਕਾਰ ਨਹੀਂ ਕੀਤੀ ਜਾਂਦੀ। ਪਰੰਤੂ ਅਜੋਕੀ ਪੰਜਾਬੀ ਵਿਚ ਵਿਸ਼ੇਸ਼ ਕਰਕੇ ਸਿੱਖਿਅਤ ਪੰਜਾਬੀ ਬੁਲਾਰਿਆਂ ਦੇ ਉਚਾਰਨ ਵਿਚ ਸ਼ੁਰੂ ਦੇ ਵਿਅੰਜਨ ਵਿਅੰਜਨ ਤਰਤੀਬ ਦੇ ਵਿਅੰਜਨ ਸੰਯੋਗ ਵਰਤੇ ਮਿਲਦੇ ਹਨ। ਜਿਵੇਂ ਪੰਜਾਬੀ ਦੇ ਸ਼ਬਦ 'ਤ੍ਰੈ' ਅਤੇ 'ਸ੍ਵੈ'। ਇਨ੍ਹਾਂ ਸ਼ਬਦਾਂ ਵਿਚ ਖ਼ਾਸ ਗੱਲ ਇਹ ਹੈ ਕਿ ਇਸ ਵਿਚ ਇਕ ਵਿਅੰਜਨ ਤਾਂ ਸੁਤੰਤਰ ਹੋਂਦ ਵਿਚ ਵਿਚਰਦਾ ਹੈ ਅਤੇ ਦੂਸਰਾ ਵਿਅੰਜਨ ਆਪਣੀ ਸੁਤੰਤਰ ਹੋਂਦ ਵਿਚ ਨਹੀਂ ਬਲਕਿ ਪਹਿਲੇ ਵਿਅੰਜਨ ਦੇ ਪੈਰ ਵਿਚ ਛੋਟੇ ਰੂਪ ਵਿਚ ਚਿੰਨ੍ਹ ਵਜੋਂ ਸਾਕਾਰ ਹੁੰਦਾ ਹੈ। ਇਹ ਪ੍ਰਵਿਰਤੀ ਸ਼ਬਦ

ਉਚਾਰਨ ਦੇ ਸੁਭਾ ਕਰਕੇ ਨਹੀਂ ਸਗੋਂ ਸ਼ਬਦਾਂ ਦੇ ਸਰੋਤ ਕਰਕੇ ਹੈ। ਜੇ ਇਸ ਬਣਤਰ ਵਿਚ ਸਵਰਾਂ ਦੀ ਗੱਲ ਕੀਤੀ ਜਾਵੇ ਤਾਂ ਇਸ ਵਿਚ ਦੀਰਘ ਸਵਰ ਹੀ ਸਵੀਕਾਰ ਕੀਤੇ ਜਾਂਦੇ ਹਨ, ਲਘੂ ਸਵਰ ਨਹੀਂ।



8) ਵਿਅੰਜਨ ਵਿਅੰਜਨ ਸਵਰ ਵਿਅੰਜਨ (CCVC): ਇਸ ਉਚਾਰਖੰਡੀ ਬਣਤਰ ਵਿਚ ਦੋ ਵਿਅੰਜਨ+ ਇਕ ਸਵਰ+ ਇਕ ਵਿਅੰਜਨ ਸੰਰਚਨਾ ਵਿਚਰਦੀ ਹੈ। ਪੰਜਾਬੀ ਸ਼ਬਦ 'ਪ੍ਰੀਤ' ਅਤੇ 'ਪ੍ਰੇਤ' ਇਸੇ ਤਰਤੀਬ ਦੀਆਂ ਹੀ ਮਿਸਾਲਾਂ ਹਨ। ਇਸ ਵਿਚ ਉਚਾਰਖੰਡ ਦੇ ਆਰੰਭ ਤੇ ਡੱਕਵਾਂ + ਅਡੱਕਵਾਂ ਵਿਅੰਜਨ ਅਤੇ ਅੰਤ ਤੇ ਡੱਕਵਾਂ ਵਿਅੰਜਨ ਉਚਰਿਤ ਹੁੰਦਾ ਹੈ। ਇਸ ਤਰਤੀਬ ਵਿਚ ਵੀ ਪਹਿਲਾਂ ਵਾਂਗ ਪੈਰ ਵਿਚ ਪੈ ਰਹੇ ਦੂਜੇ ਵਿਅੰਜਨ ਦੀ ਸੰਰਚਨਾ ਨੂੰ ਸਾਕਾਰ ਕੀਤਾ ਜਾ ਸਕਦਾ ਹੈ:

2.4 ਨਿਖੇੜੂ ਲੱਛਣ ਸਿਧਾਂਤ ਅਤੇ ਪੰਜਾਬੀ ਧੁਨੀਵਿਉਂਤ: ਪੰਜਾਬੀ ਭਾਸ਼ਾ ਦੇ ਨਿਖੇੜੂ ਲੱਛਣਾਂ ਦੀ ਪਛਾਣ ਕਰਨ ਲਈ ਤਿੰਨ ਆਧੁਨਿਕ ਅਧਿਐਨ ਮਾਡਲਾਂ ਟ੍ਰਬਟਜ਼ਕਾਏ (1939), ਜੈਕਬਸਨ (1956) ਅਤੇ ਚੌਮਸਕੀ (1968) ਦੇ ਨਿਖੇੜੂ ਲੱਛਣ ਸਿਧਾਂਤ ਨੂੰ ਆਧਾਰ ਬਣਾਇਆ ਗਿਆ ਹੈ।

ਟ੍ਰਬਟਜ਼ਕਾਏ: ਟ੍ਰਬਟਜ਼ਕਾਏ ਦਾ ਨਿਖੇੜੂ ਲੱਛਣ ਸਿਧਾਂਤ ਮੁੱਖ ਰੂਪ ਵਿਚ ਉਚਾਰਨ ਆਧਾਰਿਤ ਹੈ। ਭਾਵ ਉਸ ਨੇ ਉਚਾਰਨ ਦੇ ਪੱਖ ਤੋਂ ਧੁਨੀਮਾਂ ਦੇ ਪਰਸਪਰ ਵਿਰੋਧੀ ਨਿਖੇੜੂ ਲੱਛਣਾਂ ਦੀ ਪਛਾਣ ਕੀਤੀ। ਇਸ ਲਈ ਉਸ ਨੇ ਸੱਤ ਨਿਖੇੜੂ ਵਿਰੋਧਾਂ ਨੂੰ ਆਧਾਰ ਬਣਾਇਆ:

ਦੁਪੱਖੀ ਵਿਰੋਧ : ਆਰ.ਐਚ.ਰੋਬਿਨਸ (1989:122) ਨੇ ਲਿਖਿਆ ਹੈ, ਦੁਪੱਖੀ ਵਿਰੋਧ ਕਿਸੇ ਇਕ ਨਿਖੇੜੂ ਲੱਛਣ ਦੀ ਮੌਜੂਦਗੀ ਜਾਂ ਗੈਰ-ਹਾਜ਼ਰੀ ਰਾਹੀਂ ਸਾਕਾਰ ਹੁੰਦੇ ਹਨ। ਪੰਜਾਬੀ ਧੁਨੀ ਵਿਉਂਤ ਵਿਚ /ਪ/ ਅਤੇ /ਬ/ ਦੇ ਆਪਸੀ ਵਿਰੋਧ ਦੋ-ਪੱਖੀ ਹੈ:

	ਮੌਖਿਕ	**ਦੋ-ਹੋਠੀ**	**ਘੋਸ਼ਤਾ**	**ਪ੍ਰਾਣਤਾ**	**ਰੋਕ**	**ਨਾਸਿਕੀ**
ਪ	+	+	-	-	+	-
ਬ	+	+	+	-	+	-

ਇੱਥੇ /ਪ/ ਅਤੇ /ਬ/ ਧੁਨੀਆਂ ਵਿਚ ਸਿਰਫ ਇਕ ਨਿਖੇੜੂ ਵਿਰੋਧ 'ਘੋਸ਼ਤਾ' ਦਾ ਹੈ। ਇਸ ਤਰ੍ਹਾਂ ਘੋਸ਼ਤਾ ਦੁਪੱਖੀ ਨਿਖੇੜੂ ਵਿਰੋਧ ਹੈ। ਇਸੇ ਸੰਕਲਪ ਨੂੰ ਟ੍ਰਬਟਜ਼ਕਾਏ ਅਤੇ ਪਰਾਗ ਸਕੂਲ ਦੇ ਹੋਰ ਭਾਸ਼ਾ ਵਿਗਿਆਨੀਆਂ ਨੇ 'marked' ਅਤੇ 'Unmarked' ਦੀ ਵੰਨਗੀ ਵਿਚ ਰੱਖਿਆ ਹੈ। ਉਪਰੋਕਤ ਘੋਸ਼ਤਾ ਦੇ ਸੰਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਜਿਸ ਧੁਨੀਮ ਵਿਚ ਇਹ ਲੱਛਣ ਹੋਵੇ ਉਹ 'marked' ਅਤੇ ਜਿਸ ਵਿਚ ਨਾ ਹੋਵੇ ਉਹ 'Unmarked' ਦੀ ਵੰਨਗੀ ਹੋਵੇਗੀ।

ਬਹੁਪੱਖੀ ਵਿਰੋਧ: ਪੰਜਾਬੀ ਧੁਨੀਵਿਉਂਤ ਵਿਚ /ਪ/,/ਫ/ ਅਤੇ /ਬ/ ਤਿੰਨ ਦੋ-ਹੋਠੀ ਧੁਨੀਆਂ ਹਨ। ਇਨ੍ਹਾਂ ਵਿਚਲਾ ਨਿਖੇੜੂ ਵਿਰੋਧ ਬਹੁਪੱਖੀ ਹੈ:

	ਮੌਖਿਕ	**ਦੋ-ਹੋਠੀ**	**ਘੋਸ਼ਤਾ**	**ਪ੍ਰਾਣਤਾ**	**ਰੋਕ**	**ਨਾਸਿਕੀ**
ਪ	+	+	-	-	+	-
ਫ	+	+	-	+	+	-
ਬ	+	+	+	-	+	-

ਇੱਥੇ /ਪ/ ਧੁਨੀ ਤੇ ਤਿੰਨ ਲੱਛਣ+ ਹਨ, /ਫ/ ਧੁਨੀ ਤੇ ਚਾਰ ਲੱਛਣ + ਹਨ ਅਤੇ /ਬ/ ਧੁਨੀ ਤੇ ਵੀ ਚਾਰ ਲੱਛਣ+ ਹਨ। /ਫ/ ਦਾ /ਪ/ ਧੁਨੀ ਨਾਲ ਵਿਰੋਧ ਪ੍ਰਾਣਤਾ ਦੀ ਪੱਧਰ ਤੇ ਹੁੰਦਾ ਹੈ ਅਤੇ /ਬ/ ਨਾਲ ਵਿਰੋਧ ਘੋਸ਼ਤਾ ਦੇ ਲੱਛਣ ਦਾ ਹੈ।

ਅਨੁਪਾਤੀ ਵਿਰੋਧ: ਪੰਜਾਬੀ ਭਾਸ਼ਾ ਵਿਚ /ਪ/ ਅਤੇ /ਬ/ ਦਾ ਵਿਰੋਧ ਅਨੁਪਾਤੀ ਹੈ ਕਿਉਂਕਿ ਪੰਜਾਬੀ ਵਿਚ ਇਸੇ ਪ੍ਰਕਾਰ ਦੇ ਵਿਰੋਧ ਦੀਆਂ ਹੋਰ ਵੀ ਵੰਨਗੀਆਂ ਮੌਜੂਦ ਹਨ। /ਪ/ ਅਤੇ /ਬ/ ਦੇ ਸਮਾਨ ਪੰਜਾਬੀ ਵਿਚ /ਤ/ਅਤੇ /ਦ/, /ਟ/ ਅਤੇ /ਡ/, /ਚ/ ਅਤੇ /ਜ/, /ਕ/ ਅਤੇ /ਗ/ ਨੂੰ ਰੱਖਿਆ ਜਾ ਸਕਦਾ ਹੈ:

	ਮੌਖਿਕ	**ਘੋਸ਼ਤਾ**	**ਪ੍ਰਾਣਤਾ**	**ਰੋਕ**	**ਨਾਸਿਕੀ**
ਪ	+	-	-	+	-
ਬ	+	+	-	+	-
ਤ	+	-	-	+	-
ਦ	+	+	-	+	-
ਟ	+	-	-	+	-

ਡ	+	+	-	+	-
ਚ	+	-	-	+	-
ਜ	+	+	-	+	-
ਕ	+	-	-	+	-
ਗ	+	+	-	+	-

ਵਿਯੋਜਿਤ ਵਿਰੋਧ: ਪੰਜਾਬੀ ਭਾਸ਼ਾ ਵਿਚ /ਰ/ ਅਤੇ /ਲ/ ਦੇ ਸਮਾਨਾਂਤਰ ਹੋਰ ਵਿਰੋਧੀ ਜੁੱਟ ਨਹੀਂ ਹੈ। /ਰ/ ਅਤੇ /ਲ/ ਧੁਨੀ ਦੇ ਨਿਖੇੜੂ ਵਿਰੋਧ ਦੀ ਇਕਾਈ +ਫੜਕਵੀਂ ਅਤੇ +ਪਾਸੇਦਾਰ ਹੈ:

	ਦੰਤ ਪਠਾਰੀ	**ਫੜਕਵੀਂ**	**ਪਾਸੇਦਾਰ**	**ਅੜੱਕਵੀਂ**
ਰ	+	+	-	+
ਲ	+	-	+	+

ਦਰਜੇਵਾਰ ਵਿਰੋਧ: ਇਸ ਵਿਰੋਧ ਵਿਚ ਸਵਰ ਇਕਾਈਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਜੀਭ ਦੀ ਉਚਾਈ ਦੀ ਦ੍ਰਿਸ਼ਟੀ ਤੋਂ /ਈ, ਏ, ਇ, ਐ/ ਸਵਰਾਂ ਨੂੰ ਵਰਗੀਕਿਰਤ ਕੀਤਾ ਜਾਂਦਾ ਹੈ। ਇਨ੍ਹਾਂ ਸਵਰਾਂ ਵਿਚ ਉਚਾਈ ਦਾ ਵਿਰੋਧ ਮਾਤਰਾ ਦੇ ਤੌਰ ਤੇ ਕੀਤਾ ਜਾਂਦਾ ਹੈ। ਹਰ ਇਕ ਸਵਰ ਦੂਜੇ ਸਵਰ ਨਾਲੋਂ ਜਾਂ ਤਾਂ ਥੋੜਾ ਉੱਚਾ ਹੋਵੇਗਾ ਜਾਂ ਫਿਰ ਥੋੜਾ ਨੀਵਾਂ। ਇਨ੍ਹਾਂ ਸਵਰਾਂ ਨੂੰ ਉੱਚੇ, ਅਰਧ ਉੱਚੇ, ਅਰਧ ਨੀਵੇਂ ਅਤੇ ਨੀਵੇਂ ਦੇ ਆਧਾਰ ਤੇ ਰੱਖਿਆ ਜਾਂਦਾ ਹੈ। ਇਸੇ ਪ੍ਰਕਾਰ ਹੀ ਬੁੱਲਾਂ ਦੀ ਸਥਿਤੀ ਦੇ ਆਧਾਰ ਤੇ /ਊ, ਉ, ਓ, ਔ/ ਨੂੰ ਗੁਲਾਈਦਾਰ ਸਵਰ ਕਿਹਾ ਜਾਂਦਾ ਹੈ। /ਔ/ ਸਵਰ ਦੀ

ਗੁਲਾਈ /ਊ/ ਸਵਰ ਦੇ ਉਲਟ ਕਿਤੇ ਵੱਧ ਹੈ। /ਉ/ ਅਤੇ /ਓ/ ਸਵਰ ਦੀ ਗੁਲਾਈ ਕ੍ਰਮਵਾਰ /ਊ/ ਅਤੇ /ਔ/ ਨਾਲੋਂ ਘੱਟ ਹੈ। ਉਦਾਹਰਨ ਦੇ ਤੌਰ ਤੇ:

ਸਵਰ	ਉਚਾਈ	ਗੁਲਾਈ
ਊ	4	1
ਉ	3	2
ਓ	2	3
ਔ	1	4

ਉਪਰੋਕਤ ਤੋਂ ਸਪਸ਼ਟ ਹੈ ਕਿ ਉਚਾਈ ਅਤੇ ਗੁਲਾਈ ਇਕ ਦੂਜੇ ਦੀ ਵਿਰੋਧ ਸਥਿਤੀ ਅਧੀਨ ਵਿਚਰਦੇ ਹਨ। ਜਿਵੇਂ ਜਿਵੇਂ ਗੁਲਾਈ ਵੱਧਦੀ ਹੈ ਤਿਵੇਂ ਤਿਵੇਂ ਉਚਾਈ ਘੱਟ ਹੁੰਦੀ ਜਾਂਦੀ ਹੈ। ਜੇਕਰ /ਊ/ ਦੀ ਉਚਾਈ 4 ਹੈ ਤਾਂ ਉਸਦੀ ਗੁਲਾਈ ਦੀ ਮਾਤਰਾ 1 ਹੈ। /ਔ/ ਦੀ ਉਚਾਈ 1 ਹੈ ਤਾਂ ਉਸਦੀ ਗੁਲਾਈ 4 ਹੋ ਜਾਵੇਗੀ।

ਸਮਤੋਲ ਵਿਰੋਧ: ਪੰਜਾਬੀ ਭਾਸ਼ਾ ਵਿਚ /ਤ/ ਅਤੇ /ਚ/ ਦੀ ਵਿਰੋਧ ਵੰਨਗੀ ਨੂੰ ਦੇਖਿਆ ਜਾ ਸਕਦਾ ਹੈ। /ਤ/ /ਦ/ ਵਾਂਗ ਸਘੋਸ਼ ਨਹੀਂ ਹੈ ਅਤੇ ਇਸੇ ਤਰ੍ਹਾਂ /ਚ/ /ਜ/ ਵਾਂਗ ਨਹੀਂ ਵਿਚਰਦਾ। ਸੋ ਅਜਿਹੇ ਵਿਰੋਧ ਨੂੰ ਸਮਤੋਲ ਵਿਰੋਧ ਦੀ ਵੰਨਗੀ ਪ੍ਰਦਾਨ ਕੀਤੀ ਜਾਂਦੀ ਹੈ।

ਸਥਿਰ ਅਤੇ ਅਸਥਿਰ ਵਿਰੋਧ: ਪੰਜਾਬੀ ਭਾਸ਼ਾ ਵਿਚ /ਪ/ ਅਤੇ /ਬ/, /ਤ/ ਅਤੇ /ਦ/ ਆਦਿ। ਟ੍ਰਬਟਜ਼ਕਾਏ (ਉਹੀ: 78) ਅਨੁਸਾਰ, ਅਸਥਿਰ ਵਿਰੋਧ ਵਿਚ ਦੋ ਧੁਨੀਆਂ ਦਾ ਵਿਰੋਧ ਕਿਸੇ ਭਾਸ਼ਾਈ ਪ੍ਰਸੰਗ ਵਿਚ ਕਿਸੇ ਇਕ ਧੁਨੀ ਦੇ ਹੱਕ ਵਿਚ ਬਦਲ ਜਾਂਦਾ ਹੈ ਤਾਂ ਉਸਨੂੰ ‘neutalization’ ਕਿਹਾ ਜਾਂਦਾ ਹੈ।

ਜੈਕਬਸਨ ਅਤੇ ਹਾਲੇ ਦਾ ਨਿਖੇੜੂ ਲੱਛਣ ਸਿਧਾਂਤ: ਸੁਖਵਿੰਦਰ ਸਿੰਘ ਸੰਘਾ (ਉਹੀ: 64) ਅਨੁਸਾਰ, "ਜੈਕਬਸਨ ਅਤੇ ਹਾਲੇ ਨੇ ਧੁਨੀਵਿਉਂਤ ਦੀ ਪਰੰਪਰਾਗਤ ਕੀਤੀ ਜਾਂਦੀ ਵੰਡ ਸਵਰਾਂ, ਵਿਅੰਜਨਾਂ ਅਤੇ ਅਰਧ ਸਵਰਾਂ ਨੂੰ ਵਿਅੰਜਨੀ (Consonantal) ਅਤੇ ਸਵਰੀ (Vocalic) ਦੋ ਅੰਗੀ ਲੱਛਣਾਂ ਵਿਚ ਵੰਡ ਦਿੱਤਾ। ਸਵਰੀ ਅਤੇ ਵਿਅੰਜਨੀ ਧੁਨੀਆਂ ਦੇ ਵਖਰੇਵੇਂ ਦਾ ਆਧਾਰ ਸਵਰ ਜਾਂ ਵਿਅੰਜਨਾਂ ਵਾਂਗ ਉਚਾਰਨ ਸਥਾਨ/ਲਹਿਜ਼ਾ ਜਾਂ ਉਚਾਰਨ ਰੋਕ ਨਹੀਂ ਸਗੋਂ ਧੁਨੀ ਤਰੰਗੀ ਸੰਰਚਨਾ (Accoustic images) ਹੈ।"

ਜੈਕਬਸਨ ਨੇ ਸਵਰੀ ਅਤੇ ਵਿਅੰਜਨੀ ਧੁਨੀਆਂ ਦੇ ਨਾਲ ਨਾਲ ਦ੍ਰਵੀ ਅਤੇ ਸਰਕਵੇਂ ਵਿਅੰਜਨਾਂ ਦੀ ਪਛਾਣ ਵੀ ਕੀਤੀ ਹੈ। ਜਿਵੇਂ:

ਵਿਅੰਜਨੀ	**ਸਵਰੀ**	**ਦ੍ਰਵੀ**	**ਸਰਕਵੇਂ**
(ਪ)	(ੳ)	(ਲ)	(ਯ)
+ ਵਿਅੰਜਨੀ	+ ਸਵਰੀ	+ ਵਿਅੰਜਨੀ	-ਵਿਅੰਜਨੀ
-ਸਵਰੀ	- ਵਿਅੰਜਨੀ	- ਸਵਰੀ	+ਵਿਅੰਜਨੀ

ਪੰਜਾਬੀ ਭਾਸ਼ਾ ਵਿਚ ਵਿਅੰਜਨਾਂ ਨੂੰ + ਵਿਅੰਜਨੀ, - ਸਵਰੀ, ਸਵਰਾਂ ਨੂੰ + ਸਵਰੀ ਅਤੇ – ਵਿਅੰਜਨੀ ਵਿਚ ਰੱਖਿਆ ਗਿਆ ਹੈ। ਪੰਜਾਬੀ ਭਾਸ਼ਾ ਵਿਚ /ਲ/ ਅਤੇ /ਰ/ ਦ੍ਰਵੀ ਧੁਨੀਆਂ ਹਨ। ਦ੍ਰਵੀ ਧੁਨੀਆਂ ਅਜਿਹੀਆਂ ਧੁਨੀਆਂ ਹੁੰਦੀਆਂ ਹਨ ਜੋ ਵਿਅੰਜਨ ਵਾਂਗ ਨਿਖੇੜੂ ਵਿਰੋਧ ਵੀ ਸਿਰਜ ਸਕਣ ਅਤੇ ਸਵਰ ਵਾਂਗ ਉਚਾਰਖੰਡ ਦੀ ਸ਼ਿਖ਼ਰ ਤੇ ਵੀ ਵਿਚਰ

ਸਕਣ।ਪੰਜਾਬੀ ਭਾਸ਼ਾ ਵਿਚਲੀਆਂ /ਲ/ ਅਤੇ /ਰ/ ਦੋਵੇਂ ਧੁਨੀਆਂ ਵਿਅੰਜਨ ਵਾਂਗ ਨਿਖੇੜੂ ਵਿਰੋਧ ਤਾਂ ਸਿਰਜ ਸਕਦੀਆਂ ਹਨ ਪਰ ਸਵਰ ਵਾਂਗ ਉਚਾਰਖੰਡ ਦੀ ਸਿਖ਼ਰ ਤੇ ਨਹੀਂ ਵਿਚਰ ਸਕਦੀਆਂ। ਸਰਕਵੀਆਂ ਧੁਨੀਆਂ ਵਿਚ ਅਰਧ ਸਵਰਾਂ ਨੂੰ ਰੱਖਿਆ ਗਿਆ ਹੈ।

ਜੈਕਬਸਨ ਦਾ ਸਵਰੀ ਨਿਖੇੜੂ ਲੱਛਣ ਸਿਧਾਂਤ: ਜੈਕਬਸਨ ਨੇ ਸਵਰਾਂ ਨੂੰ + ਸਵਰੀ –ਵਿਅੰਜਨੀ ਸਥਾਪਿਤ ਕਰਨ ਤੋਂ ਇਲਾਵਾ ਜੀਭ ਦੀ ਉਚਾਈ, ਜੀਭ ਦੀ ਸਥਿਤੀ ਅਤੇ ਬੁੱਲ੍ਹਾਂ ਦੀ ਗੁਲਾਈ ਦੀ ਦ੍ਰਿਸ਼ਟੀ ਤੋਂ ਖਿਲਰਵਾਂ (Diffuse), ਕੱਸਵਾਂ (Compact), ਤਿੱਖਵਾਂ (Sharp) ਅਤੇ ਵਿਛਵਾਂ (Flat) ਨਿਖੇੜੂ ਲੱਛਣਾਂ ਦੁਆਰਾ ਸਥਾਪਿਤ ਕੀਤਾ ਹੈ। ਪੰਜਾਬੀ ਭਾਸ਼ਾ ਦੇ ਦਸੇ ਸਵਰਾਂ ਨੂੰ ਜੈਕਬਸਨ ਦੇ ਇਸ ਸਵਰੀ ਮਾਡਲ ਦੁਆਰਾ ਦਰਸਾਇਆ ਗਿਆ ਹੈ:

	ਈ	ਏ	ਇ	ਐ	ਅ	ਆ	ਉ	ਊ	ਓ	ਔ
ਵਿਅੰਜਨੀ	-	-	-	-	-	-	-	-	-	-
ਸਵਰੀ	+	+	+	+	+	+	+	+	+	+
ਖਿੱਲਰਵੇਂ	+	-	-	-	-	-	-	+	-	-
ਕੱਸਵੇਂ	-	-	-	+	+	-	-	-	-	+
ਤਿੱਖਵੇਂ	-	-	-	-	-	+	+	+	+	+

ਵਿਛਵੇਂ	-	-	-	-	-	-	-	+	+	+

ਜੈਕਬਸਨ ਦੇ ਇਸ ਮਾਡਲ ਦੇ ਆਧਾਰ ਤੇ ਪੰਜਾਬੀ ਭਾਸ਼ਾ ਦੇ ਇਹ ਸਾਰੇ ਸਵਰ –ਵਿਅੰਜਨੀ ਅਤੇ +ਸਵਰੀ ਹਨ। ਖਿਲਰਵੇਂ ਸਵਰਾਂ ਵਿਚ /ਈ, ਊ/ ਨੂੰ ਰੱਖਿਆ ਗਿਆ ਹੈ। ਕਿਉਂਕਿ ਖਿੱਲਰਵੇਂ ਸਵਰ ਉਚਾਰਨ ਪੋਲ ਦੇ ਅੰਤਿਮ ਸਿਰੇ ਤੇ ਉਚਾਰੇ ਜਾਂਦੇ ਹਨ। ਕੱਸਵੇਂ ਸਵਰਾਂ ਵਿਚ /ਐ, ਆ ,ਔ/ ਨੂੰ ਰੱਖਿਆ ਗਿਆ ਹੈ। ਕਿਉਂਕਿ ਕੱਸਵੇਂ ਸਵਰ ਹਮੇਸ਼ਾਂ ਉਚਾਰਨ ਪੋਲ ਤਿਕੋਨ ਦੇ ਹੇਠਲੇ ਹਿੱਸੇ ਵਿਚ ਉਚਾਰੇ ਜਾਂਦੇ ਹਨ। ਤਿੱਖਵੇਂ ਸਵਰਾਂ ਦੀ ਵੰਨਗੀ ਵਿਚ /ਉ, ਊ, ਓ/ ਅਤੇ /ਔ/ ਸਵਰ ਆ ਜਾਂਦੇ ਹਨ। ਇਸੇ ਤਰ੍ਹਾਂ ਹੀ ਵਿਛਵੇਂ ਸਵਰਾਂ ਵਿਚ /ਊ/,/ਓ/ ਅਤੇ /ਔ/ ਤੇ +ਨਿਖੇੜੂ ਲੱਛਣ ਹਨ।

ਜੈਕਬਸਨ ਦਾ ਵਿਅੰਜਨੀ ਨਿਖੇੜੂ ਲੱਛਣ ਸਿਧਾਂਤ: ਜੈਕਬਸਨ ਨੇ ਆਪਣੇ ਸਿਧਾਂਤ ਵਿਚ ਦਸ ਉਚਾਰਨ ਸਥਾਨ ਦਿੱਤੇ ਹਨ। ਪੰਜਾਬੀ ਭਾਸ਼ਾ ਦੇ ਵਿਅੰਜਨਾਂ ਨੂੰ ਇਨ੍ਹਾਂ ਦਸਾਂ ਉਚਾਰਨ ਸਥਾਨਾਂ ਦੇ ਮਾਡਲ ਰਾਹੀਂ ਦਰਸਾਇਆ ਗਿਆ ਹੈ:

ਦੋ ਹੋਠੀ	ਹੋਠੀ ਦੰਤੀ	ਅੰਤਰ ਦੰਤੀ	ਦੰਤੀ ਪਠਾਰੀ	ਪਠਾਰ ਤਾਲਵੀ	ਤਾਲਵੀ	ਕੰਠੀ	ਕਾਕਲੀ	ਸੰਘਪੋਲੀ	ਸੁਰਯੰਤਰੀ
ਪ			ਤ	ਟ	ਚ	ਕ			
ਫ			ਥ	ਠ	ਛ	ਖ			
ਬ			ਦ	ਡ	ਜ	ਗ			
ਮ			ਨ	ਣ	ਞ	ਙ			

	ਵ		ਰ	(ੜ)	ਯ				
			ਲ	(ਲ਼)					
			ਸ		ਸ਼				ਹ

ਜੈਕਬਸਨ ਦੇ ਮਾਡਲ ਦੇ ਮੁਤਾਬਿਕ ਪੰਜਾਬੀ ਭਾਸ਼ਾ ਦੇ ਵਿਅੰਜਨ 7-ਦੋ ਹੋਠੀ, ਹੋਠੀ ਦੰਤੀ, ਦੰਤੀ ਪਠਾਰੀ, ਪਠਾਰ ਤਾਲਵੀ, ਤਾਲਵੀ, ਕੰਠੀ ਅਤੇ ਸੁਰਯੰਤਰੀ- ਉਚਾਰਨ ਸਥਾਨਾਂ ਤੋਂ ਉਚਾਰੇ ਜਾਂਦੇ ਹਨ।

ਚੌਮਸਕੀ ਅਤੇ ਹਾਲੇ ਦਾ ਨਿਖੇੜੂ ਲੱਛਣ ਸਿਧਾਂਤ: ਇਹ ਮਾਡਲ ਬੁਨਿਆਦੀ ਤੌਰ 'ਤੇ ਜੈਕਬਸਨ ਦੇ ਸਿਧਾਂਤ ਉਪਰ ਹੀ ਆਧਾਰਿਤ ਹੈ। ਪਰ ਇਸ ਵਿਚ ਕੁਝ ਪਰਿਵਰਤਨ ਕੀਤੇ ਗਏ ਹਨ। ਇਸ ਮਾਡਲ ਦੇ ਆਧਾਰ ਤੇ ਸਭ ਤੋਂ ਪਹਿਲਾਂ ਸਵਰਾਂ ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਦਾ ਧੁਨੀਵਿਉਂਤਕ ਵਿਸ਼ਲੇਸ਼ਣ ਪੇਸ਼ ਹੈ:

	ਈ	ਏ	ਇ	ਐ	ਅ	ਆ	ਉ	ਊ	ਓ	ਔ
ਉਚਾਰਖੰਡੀ	+	+	+	+	+	+	+	+	+	+
ਨਾਸਿਕੀ	-	-	-	-	-	-	-	-	-	-
ਨੀਵੇਂ	-	-	-	+	+	+	-	-	-	+

ਉੱਚੇ	+	+	+	-	-	-	+	+	+	-
ਪਿੱਛਲੇ	-	-	-	-	-	-	+	+	+	+
ਗੋਲਾਈਦਾਰ	-	-	-	-	-	-	+	+	+	+
ਦੀਰਘ	-	+	+	+	-	+	-	+	+	+

ਉਪਰੋਕਤ ਤੋਂ ਸਪੱਸਟ ਹੈ ਕਿ ਪੰਜਾਬੀ ਦੀਆਂ ਸਵਰ ਧੁਨੀਆਂ ਤੇ ਸੱਤ ਤਰ੍ਹਾਂ ਦੇ ਨਿਖੇੜੂ ਲੱਛਣ ਉਚਾਰਖੰਡ, ਨਾਸਿਕੀ, ਨੀਵੇਂ, ਉੱਚੇ, ਪਿਛਲੇ , ਗੋਲਾਈਦਾਰ ਅਤੇ ਦੀਰਘ ਵਿਰੋਧ ਸਥਾਪਿਤ ਹੁੰਦੇ ਹਨ। ਸਵਰ ਹਮੇਸ਼ਾ ਉਚਾਰਖੰਡ ਦੀ ਸਿਖ਼ਰ ਤੇ ਵਿਚਰਦੇ ਹਨ। ਇਸ ਲਈ ਇੱਥੇ ਇਹ +ਉਚਾਰਖੰਡੀ ਹਨ। ਇਹ ਸਵਰ ਨਾਸਿਕੀ ਨਹੀਂ ਹਨ ਇਸ ਲਈ -ਨਾਸਿਕੀ ਦੀ ਵੰਨਗੀ ਪ੍ਰਦਾਨ ਕੀਤੀ ਗਈ ਹੈ।

ਵਿਅੰਜਨਾਂ ਦੇ ਨਿਖੇੜੂ ਲੱਛਣ: ਵਿਅੰਜਨਾਂ ਦੇ ਨਿਖੇੜੂ ਵਿਰੋਧ ਸਥਾਪਿਤ ਕਰਨ ਲਈ ਚੌਮਸਕੀ ਨੇ 13 ਵਰਗ ਸਥਾਪਿਤ ਕੀਤੇ ਹਨ । ਇਹ ਵਰਗ ਹਨ: ਉਚਾਰਖੰਡੀ, ਵਿਅੰਜਨੀ, ਉੱਚੇ, ਪਿੱਛਲੇ, ਨੀਵੇਂ, ਅਗਲੇ, ਉਲਟਜੀਭੀ, ਗੋਲਾਈਦਾਰ, ਕੱਸਵੇਂ, ਸਘੋਸ਼, ਪ੍ਰਵਾਹੀ, ਨਾਸਿਕੀ, ਰੜਕਵੇਂ। ਇਸ ਆਧਾਰ 'ਤੇ ਪੰਜਾਬੀ ਧੁਨੀਵਿਉਂਤ ਵਿਚ ਵਿਅੰਜਨ ਧੁਨੀਆਂ ਦੇ ਲੱਛਣਾਂ ਦੀ ਪਛਾਣ ਪੇਸ਼ ਹੈ। :

	ਪ	ਫ	ਬ	ਤ	ਥ	ਦ	ਟ	ਠ	ਡ	ਚ	ਛ	ਜ
ਉਚਾਰਖੰਡੀ	-	-	-	-	-	-	-	-	-	-	-	-

ਵਿਅੰਜਨੀ	+	+	+	+	+	+	+	+	+	+	+	+
ਉੱਚੇ	-	-	-	-	-	-	-	+	+	+	+	+
ਪਿੱਛਲੇ	-	-	-	-	-	-	-	-	-	-	-	-
ਨੀਵੇਂ	-	-	-	-	-	-	-	-	-	-	-	-
ਅਗਲੇ	+	+	+	+	+	+	+	+	+	+	+	+
ਉਲਟਜੀਭੀ	-	-	-	-	-	-	+	+	+	-	-	-
ਗੁਲਾਈਦਾਰ												
ਕੱਸਵੇਂ												
ਸਘੋਸ਼	-	-	+	-	-	+	-	-	+	-	-	+
ਪ੍ਰਵਾਹੀ	-	-	-	-	-	-	-	-	-	-	-	-
ਨਾਸਿਕੀ	-	-	-	-	-	-	-	-	-	-	-	-
ਰੜਕਵੇਂ												

	ਕ	ਖ	ਗ	ਮ	ਨ	ਣ	ਞ	ਙ	ਲ	ਲ਼	ਰ	ੜ

ਉਚਾਰਖੰਡੀ	-	-	-	-	-	-	-	-	-	-	-	-
ਵਿਅੰਜਨੀ	+	+	+	+	+	+	+	+	+	+	+	+
ਉੱਚੇ	+	+	+	-	-	-	-	-	-	-	-	-
ਪਿੱਛਲੇ	+	+	+	-	-	-	-	+	-	-	-	-
ਨੀਵੇਂ	-	-	-	-	-	-	-	-	-	-	-	-
ਅਗਲੇ	-	-	-	+	+	+	+	-	+	+	+	+
ਉਲਟਜੀਭੀ	-	-	-	-	-	+	-	-	-	+	-	+
ਗੋਲਾਈਦਾਰ												
ਕੱਸਵੇਂ												
ਸਘੋਸ਼	-	-	+	+	+	+	+	+	+	+	+	+
ਪ੍ਰਵਾਹੀ	-	-	-	-	-	-	-	-	+	-	+	-
ਨਾਸਿਕੀ	-	-	-	+	+	+	+	+	-	-	-	-
ਰੜਕਵੇਂ												

	ਸ	ਸ਼	ਹ	ਵ	ਯ
ਉਚਾਰਖੰਡੀ	-	-	-	-	-
ਵਿਅੰਜਨੀ	+	+	+	-	-
ਉੱਚੇ	-	-	-	-	-
ਪਿੱਛਲੇ	-	-	+	-	-
ਨੀਵੇਂ	-	-	+	-	-
ਅਗਲੇ	+	+	-	+	+
ਉਲਟਜੀਭੀ	-	-	-	-	-
ਗੋਲਾਈਦਾਰ					
ਕੱਸਵੇਂ					
ਸਘੋਸ਼	+	+	+	+	+
ਪ੍ਰਵਾਹੀ	+	-	-	-	-
ਨਾਸਿਕੀ	-	-	-	-	-
ਰੜਕਵੇਂ					

ਇਸ ਤਰ੍ਹਾਂ ਸਪੱਸ਼ਟ ਹੈ ਕਿ ਪੰਜਾਬੀ ਵਿਅੰਜਨ ਧੁਨੀਆਂ ਵਿਚ ਚੌਮਸਕੀ ਤੇ ਹਾਲੇ ਦੁਆਰਾ ਪ੍ਰਸਤੁਤ 13 ਨਿਖੇੜੂ ਲੱਛਣਾਂ ਵਿਚੋਂ ਸਿਰਫ਼ 10 ਲੱਛਣ ਮੌਜੂਦ ਹਨ, ਜਦਕਿ ਤਿੰਨ ਲੱਛਣ ਸਿਧਾਂਤ ਗੋਲਾਈਦਾਰ, ਕੱਸਵੇਂ ਅਤੇ ਰੜਕਵੇਂ ਪ੍ਰਾਪਤ ਨਹੀਂ ਹੁੰਦੇ। ਇਸਦਾ ਕਾਰਨ ਇਹ ਹੈ ਕਿ ਇਹ ਲੱਛਣ ਸਵਰਾਂ ਤੇ ਅੰਕਿਤ ਹੁੰਦੇ ਹਨ, ਵਿਅੰਜਨਾਂ ਤੇ ਨਹੀਂ। ਉਚਾਰਖੰਡੀ ਲੱਛਣ ਵਿਅੰਜਨਾਂ ਤੇ ਮਨਫ਼ੀ (-) ਅੰਕਿਤ ਹੈ ਕਿਉਂਕਿ ਵਿਅੰਜਨ ਉਚਾਰਖੰਡ ਦੀ ਸਿਖ਼ਰ ਤੇ ਨਹੀਂ ਵਿਚਰ ਸਕਦੇ।

ਅਧਿਆਇ ਤੀਜਾ

ਹਿੰਦੀ ਭਾਸ਼ਾ ਦੀ ਧੁਨੀਵਿਉਂਤ

ਹਿੰਦੀ ਭਾਸ਼ਾ ਦੀ ਧੁਨੀਵਿਉਂਤ

3.0 ਪ੍ਰਵੇਸ਼-ਸ੍ਰੋਤ

ਭਾਸ਼ਾ ਸ਼ਾਸਤਰੀ ਦ੍ਰਿਸ਼ਟੀ ਤੋਂ ਹਿੰਦੀ ਭਾਸ਼ਾ ਦਾ ਉਦਭਵ ਵੈਦਿਕ ਸੰਸਕ੍ਰਿਤ ਤੋਂ ਸੰਸਕ੍ਰਿਤ, ਪਾਲੀ- ਪ੍ਰਾਕ੍ਰਿਤ ਤੋਂ ਹੁੰਦੇ ਹੋਏ ਸ਼ੌਰਸੈਨੀ, ਅਰਧ ਮਾਗਧੀ ਅਤੇ ਮਾਗਧੀ ਆਦਿ ਅਪਭ੍ਰੰਸ਼ਾਂ ਤੋਂ ਹੋਇਆ। ਨਾਮਵਰ ਸਿੰਘ (2015:261) ਨੇ ਆਪਣੇ ਸ਼ੋਧ ਕਾਰਜ ਦਾ ਸਾਰਾਂਸ਼ ਪੇਸ਼ ਕਰਦਿਆਂ ਲਿਖਿਆ ਹੈ ਕਿ ਹਿੰਦੀ ਨੇ ਅਪਭ੍ਰੰਸ਼ ਦੀ ਪਰੰਪਰਾ ਦਾ ਭਾਸ਼ਾ ਅਤੇ ਸਾਹਿਤ ਦੋਨਾਂ ਖੇਤਰਾਂ ਵਿਚ ਹੀ ਇਤਿਹਾਸਕ ਵਿਕਾਸ ਕੀਤਾ। ਆਚਾਰੀਆ ਕਿਸ਼ੋਰੀ ਦਾਸ ਬਾਜਪੇਈ (1999:112) ਅਨੁਸਾਰ ਹਿੰਦੀ ਖੜੀ ਬੋਲੀ ਅਤੇ ਬ੍ਰਜ ਭਾਸ਼ਾ ਤੋਂ ਵਿਕਸਿਤ ਹੋਈ ਹੈ। ਪਰ ਹਿੰਦੀ ਨੂੰ ਇਹ ਨਾਮ ਕੁੱਝ ਮੁਸਲਮਾਨ ਵਿਦਵਾਨਾਂ ਨੇ ਦਿੱਤਾ। ਦੂਜੇ ਪਾਸੇ ਭੋਲਾਨਾਥ ਤਿਵਾਰੀ (2012:50) ਨੇ ਲਿਖਿਆ ਹੈ ਕਿ ਭਾਸ਼ਾ ਦੇ ਅਰਥਾਂ ਵਿਚ 'ਹਿੰਦੀ' ਸ਼ਬਦ ਦਾ ਪ੍ਰਯੋਗ ਫਾਰਸ ਅਤੇ ਅਰਬ ਤੋਂ ਆਰੰਭ ਹੁੰਦਾ ਹੈ। ਵਾਸਤਵ ਵਿਚ ਹਿੰਦੀ ਸ਼ਬਦ ਦੀ ਵਿਉਤਪਤੀ 'ਹਿੰਦ' ਸ਼ਬਦ ਤੋਂ ਹੋਈ ਜਾਪਦੀ ਹੈ। 'ਹਿੰਦ' ਨਾਮ 'ਸਿੰਧੂ' ਦਾ ਪ੍ਰਤੀਰੂਪ ਹੈ। ਕਾਰਨ ਇਸਦਾ ਇਹ ਹੈ ਕਿ ਇਰਾਨੀ ਅਤੇ ਫਾਰਸ ਨਿਵਾਸੀ /ਸ/ ਧੁਨੀ ਨੂੰ /ਹ/ ਧੁਨੀ ਉਚਾਰਦੇ ਸਨ। ਇਸ ਲਈ ਉਨ੍ਹਾਂ 'ਸਿੰਧ' ਨਦੀ ਦੇ ਖੇਤਰ ਨੂੰ 'ਹਿੰਦ' ਅਤੇ ਉੱਥੋਂ ਦੇ ਵਸਨੀਕਾਂ ਨੂੰ 'ਹਿੰਦੂ' ਕਿਹਾ।

ਉਦੈ ਨਾਰਾਇਣ ਤਿਵਾਰੀ (2014:138) ਨੇ ਲਿਖਿਆ ਹੈ ਕਿ ਵਿਦੇਸ਼ੀ ਮੁਸਲਮਾਨਾਂ ਨੇ ਭਾਰਤੀ ਮੁਸਲਮਾਨਾਂ ਨੂੰ ਹਿੰਦੀ ਕਿਹਾ ਅਤੇ ਉਨ੍ਹਾਂ ਵਲੋਂ ਵਰਤੀ ਗਈ ਭਾਸ਼ਾ ਦਾ ਨਾਮ ਅੱਗੇ ਚੱਲ ਕੇ ਹਿੰਦ ਪੈ ਗਿਆ। ਇਸ ਤੱਥ ਤੋਂ ਸਪੱਸ਼ਟ ਹੈ ਕਿ ਵਿਦੇਸ਼ੀ ਮੁਸਲਮਾਨਾਂ ਨੇ ਇਸ ਦੇਸ਼ ਨੂੰ 'ਹਿੰਦ' ਕਿਹਾ ਅਤੇ ਫਿਰ ਇੱਥੋਂ ਦੀ ਭਾਸ਼ਾ ਦਾ ਨਾਮ 'ਹਿੰਦੀ' ਪ੍ਰਚਲਿਤ ਹੋ ਗਿਆ। ਭੋਲਾਨਾਥ ਤਿਵਾਰੀ (ਉਹੀ:108) ਨੇ ਭਾਰਤ ਵਿਚ ਹਿੰਦੀ ਭਾਸ਼ਾ ਦੀ ਉਤਪਤੀ 1000 ਈਸਵੀ ਦੇ ਆਸ ਪਾਸ ਅਪਭ੍ਰੰਸ਼ਾਂ ਵਿਚੋਂ ਹੋਈ ਮੰਨੀ ਹੈ। ਹਜ਼ਾਰ ਈਸਵੀ ਸਦੀ ਤੋਂ ਲੈ ਕੇ ਅੱਜ ਤੱਕ ਦੇ ਹਿੰਦੀ ਭਾਸ਼ਾ ਦੇ ਵਿਕਾਸ ਨੂੰ ਆਦਿਕਾਲ, ਮੱਧਕਾਲ ਅਤੇ ਆਧੁਨਿਕ ਕਾਲ ਵਿਚ ਵੰਡਿਆ ਗਿਆ ਹੈ। ਆਦਿਕਾਲੀਨ ਹਿੰਦੀ ਵਿਚ ਮੁੱਖ ਤੌਰ ਤੇ ਉਨ੍ਹਾਂ ਧੁਨੀਆਂ (ਸਵਰ, ਵਿਅੰਜਨ) ਦਾ ਵਰਣਨ ਮਿਲਦਾ ਹੈ ਜਿਹੜੀਆਂ ਕਿ ਅਪਭ੍ਰੰਸ਼ ਵਿਚ ਵੀ ਮੌਜੂਦ ਸਨ। ਇਨ੍ਹਾਂ ਵਿਚ ਪਹਿਲਾ ਅੰਤਰ ਇਹ ਹੈ ਕਿ ਅਪਭ੍ਰੰਸ਼

ਵਿਚ ਕੁੱਲ ਅੱਠ ਸਵਰ ਸਨ-/ਅ, ਆ, ਇ, ਈ, ੳ, ਊ, ਏ, ਓ/। ਇਹ ਸਾਰੇ ਸਵਰ ਮੂਲ ਸਵਰ ਸਨ। ਪਰੰਤੂ ਆਦਿਕਾਲੀਨ ਹਿੰਦੀ ਵਿਚ ਦੋ ਨਵੇਂ ਸਵਰ /ਐ, ਔ/ ਵਿਕਸਿਤ ਹੋਏ ਜਿਹੜੇ ਕਿ ਸੰਯੁਕਤ ਸਵਰ ਸਨ ਅਤੇ ਜਿਨ੍ਹਾਂ ਦਾ ਉਚਾਰਨ ਕ੍ਰਮਵਾਰ /ਅਏ, ਅਓ/ ਵਰਗਾ ਸੀ। ਦੂਜਾ ਅੰਤਰ ਇਹ ਕਿ /ਚ, ਛ, ਜ, ਝ/ ਧੁਨੀਆਂ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ, ਅਪਭ੍ਰੰਸ਼ ਵਿਚ ਸਪਰਸ਼ ਵਿਅੰਜਨ ਸਨ ਪਰ ਆਦਿਕਾਲ ਵਿਚ ਇਹ ਸਪਰਸ਼-ਸੰਘਰਸ਼ੀ ਹੋ ਗਈਆਂ। ਫਿਰ /ਨ, ਰ, ਲ, ਸ/ ਵਿਅੰਜਨ ਧੁਨੀਆਂ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ, ਅਪਭ੍ਰੰਸ਼ ਵਿਚ ਦੰਤੀ ਸਨ ਪਰ ਆਦਿਕਾਲ ਵਿਚ ਇਨ੍ਹਾਂ ਦਾ ਉਚਾਰਨ ਤਾਲਵੀ ਹੋ ਗਿਆ। ਅਪਭ੍ਰੰਸ਼ ਵਿਚ /ੜ, ਢ਼/ ਵਿਅੰਜਨ ਮੌਜੂਦ ਨਹੀਂ ਸਨ ਪਰ ਹਿੰਦੀ ਦੇ ਆਦਿਕਾਲ ਵਿਚ ਇਨ੍ਹਾਂ ਵਿਅੰਜਨਾਂ ਦਾ ਵਿਕਾਸ ਹੋਇਆ। /ਨ੍ਹ, ਸ੍ਹ, ਲ੍ਹ/ ਧੁਨੀਆਂ ਪਹਿਲਾਂ ਸੰਯੁਕਤ ਵਿਅੰਜਨ ਸਨ ਪਰੰਤੂ ਹੁਣ ਇਹ ਕ੍ਰਮਵਾਰ /ਨ, ਸ, ਲ/ ਮਹਾਂਪ੍ਰਾਣ ਹੋ ਗਈਆਂ। ਭਾਵ ਕਿ ਇਹ ਸੰਯੁਕਤ ਵਿਅੰਜਨ ਨਾ ਰਹਿ ਕੇ ਮੂਲ ਵਿਅੰਜਨ ਹੋ ਗਏ।

ਹਿੰਦੀ ਭਾਸ਼ਾ ਦੇ ਵਿਕਾਸ ਦੇ ਮੱਧਕਾਲ ਦਾ ਸਮਾਂ 1500 ਈ. ਤੋਂ 1800 ਈ. ਤੱਕ ਦਾ ਹੈ। ਇਸ ਸਮੇਂ ਦੌਰਾਨ ਹਿੰਦੀ ਭਾਸ਼ਾ ਦੀਆਂ ਧੁਨੀਆਂ ਵਿਚ ਕੁੱਝ ਹੋਰ ਵੀ ਫੇਰ ਬਦਲ ਹੋਏ। ਜਿਵੇਂ ਕਿ ਸ਼ਬਦ ਦੇ ਅੰਤ ਤੇ ਵਿਚਰਨ ਵਾਲਾ /ਅ/ ਮੂਲ ਵਿਅੰਜਨ ਦੇ ਬਾਅਦ ਆਉਣ ਤੇ ਲੋਪ ਹੋ ਗਿਆ। ਇਸ ਕਾਲ ਵਿਚ ਫ਼ਾਰਸੀ ਦੀ ਸਿੱਖਿਆ ਸ਼ੁਰੂ ਹੋਣ ਦੇ ਨਾਲ ਨਾਲ ਦਰਬਾਰਾਂ ਵਿਚ ਵੀ ਫ਼ਾਰਸੀ ਭਾਸ਼ਾ ਦਾ ਪ੍ਰਯੋਗ ਹੋਣ ਲੱਗ ਪਿਆ; ਜਿਸ ਦੇ ਸਿੱਟੇ ਵਜੋਂ ਉੱਚ ਵਰਗ ਦੇ ਲੋਕ ਅਤੇ ਨੌਕਰੀ ਪੇਸ਼ੇ ਵਾਲੇ ਲੋਕਾਂ ਦੀ ਹਿੰਦੀ ਵਿਚ ਤੁਰਕੀ-ਅਰਬੀ-ਫ਼ਾਰਸੀ ਦੇ ਕਾਫੀ ਸ਼ਬਦ ਪ੍ਰਚਲਿਤ ਹੋ ਗਏ। ਇਨ੍ਹਾਂ ਸ਼ਬਦਾਂ ਦੇ ਮਾਧਿਅਮ ਨਾਲ /ਕ਼, ਖ਼, ਗ਼, ਜ਼, ਫ਼/ ਇਹ ਪੰਜ ਵਿਅੰਜਨ ਹਿੰਦੀ ਵਿਚ ਸ਼ਾਮਲ ਹੋਏ।

ਭੋਲਾਨਾਥ ਤਿਵਾਰੀ (ਉਹੀ:110) ਨੇ ਹਿੰਦੀ ਭਾਸ਼ਾ ਦੇ ਆਧੁਨਿਕ ਕਾਲ ਦਾ ਸਮਾਂ 1800 ਈ. ਤੋਂ ਲੈ ਕੇ ਹੁਣ ਤੱਕ ਦੇ ਸਮੇਂ ਨੂੰ ਮੰਨਿਆ ਹੈ। ਆਧੁਨਿਕ ਕਾਲ ਵਿਚ ਸਭ ਤੋਂ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਸਮੇਂ ਵਿਚ ਹਿੰਦੀ ਪ੍ਰਦੇਸ਼ ਦੇ ਅਨੇਕਾਂ ਖੇਤਰਾਂ ਵਿਚ ਕਚਹਿਰੀਆਂ ਦੀ ਭਾਸ਼ਾ ਉਰਦੂ ਹੋਣ ਕਾਰਨ /ਕ਼, ਖ਼, ਗ਼, ਜ਼, ਫ਼/ ਧੁਨੀਆਂ ਜਿਹੜੀਆਂ ਮੱਧਕਾਲ ਵਿਚ ਸਿਰਫ ਉੱਚ ਵਰਗ ਦੇ ਲੋਕਾਂ ਜਾਂ ਫ਼ਾਰਸੀ ਪੜ੍ਹੇ ਲਿਖੇ ਲੋਕਾਂ ਤੱਕ ਪ੍ਰਚਲਿਤ ਸਨ, ਇਸ ਕਾਲ ਵਿਚ 1947 ਤੋਂ ਪਹਿਲਾਂ ਤੱਕ ਵੱਧ ਪੜ੍ਹੇ ਲਿਖੇ ਲੋਕਾਂ ਵਿਚ ਹੋਰ ਵੀ ਵੱਧ ਪ੍ਰਚਲਿਤ ਹੋ ਗਈਆਂ। ਪਰ ਸੁਤੰਤਰਤਾ ਤੋਂ ਬਾਅਦ ਸਥਿਤੀ

ਬਦਲ ਗਈ। /ਜ਼, ਫ਼/ ਧੁਨੀਆਂ ਦੀ ਵਰਤੋਂ ਤਾਂ ਭਾਵੇਂ ਅੱਜ ਵੀ ਹੋ ਰਹੀ ਹੈ। ਪਰ ਨਵੀਂ ਪੀੜ੍ਹੀ ਵਿਚ /ਕ਼, ਖ਼, ਗ਼/ ਦੇ ਸਥਾਨ ਤੇ /ਕ, ਖ, ਗ/ ਦਾ ਉਚਾਰਨ ਵੱਧ ਹੋਣ ਲੱਗ ਪਿਆ ਹੈ। ਹਿੰਦੀ ਦੀ ਉਰਦੂ ਸ਼ੈਲੀ ਵਿਚ ਇਨ੍ਹਾਂ ਪੰਜਾਂ ਧੁਨੀਆਂ ਦਾ ਠੀਕ ਉਚਾਰਨ ਅੱਜ ਵੀ ਕਾਇਮ ਹੈ। ਅੰਗਰੇਜ਼ੀ ਦੇ ਪ੍ਰਚਾਰ ਕਰਕੇ ਹੀ ਵੱਧ ਪੜ੍ਹੇ ਲਿਖੇ ਲੋਕਾਂ ਵਿਚ /ਔਂ/ ਧੁਨੀ ਵੱਧ ਵਰਤੀ ਜਾਣ ਲੱਗ ਪਈ ਹੈ। ਜਿਵੇਂ ਕਿ ਡਾੱਕਟਰ, ਔਂਫ਼ਿਸ। ਪਰੰਤੂ ਸਾਧਾਰਨ ਲੋਕਾਂ ਵਿਚ ਇਸਦਾ ਉਚਾਰਨ /ਆ/ ਹੀ ਹੋ ਰਿਹਾ ਹੈ। ਆਧੁਨਿਕ ਕਾਲ ਵਿਚ ਸਵਰ ਧੁਨੀਆਂ ਦੇ ਉਚਾਰਨ ਵਿਚ ਵੀ ਪਰਿਵਰਤਨ ਹੁੰਦਾ ਹੈ। ਆਦਿਕਾਲ ਵਿਚ ਆਏ ਦੋ ਸਵਰ /ਐ, ਔ/ ਜਿਨ੍ਹਾਂ ਦਾ ਉਚਾਰਨ /ਅਏ, ਅਓ/ ਹੁੰਦਾ ਸੀ, ਇਹ ਸੰਯੁਕਤ ਸਵਰ ਸੀ ਪਰ 1940 ਤੋਂ ਬਾਅਦ ਇਨ੍ਹਾਂ ਦੇ ਉਚਾਰਨ ਵਿਚ ਬਦਲਾਅ ਆਇਆ; ਪੱਛਮੀ ਹਿੰਦੀ ਖੇਤਰ ਵਿਚ ਹੁਣ ਇਹ ਮੂਲ ਸਵਰ ਹੋ ਗਏ ਹਨ ਅਤੇ ਪੂਰਵੀ ਖੇਤਰ ਵਿਚ ਇਹ /ਅਏ, ਅਓ/ ਦੇ ਰੂਪ ਵਿਚ ਹੀ ਅੱਜ ਵੀ ਸੰਯੁਕਤ ਸਵਰ ਹੀ ਹਨ।

3.1 ਹਿੰਦੀ ਭਾਸ਼ੀ ਖੇਤਰ : ਹਿੰਦੀ ਭਾਸ਼ੀ ਖੇਤਰ ਪਹਿਲਾਂ ਤਾਂ ਸਿਰਫ ਹਿੰਦੀ ਪ੍ਰਦੇਸ਼ (ਬਿਹਾਰ, ਵਿਚਕਾਰਲੀ ਪ੍ਰਦੇਸ਼, ਉੱਤਰ ਪ੍ਰਦੇਸ਼, ਦਿੱਲੀ, ਰਾਜਸਥਾਨ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼) ਹੀ ਸੀ। ਪਰੰਤੂ ਇਕ ਪਾਸੇ ਤਾਂ ਲੋਕ ਸਮੇਂ- ਸਮੇਂ ਤੇ ਵਿਦੇਸ਼ ਵਿਚ ਜਾ ਕੇ ਵੱਸਣ ਲੱਗ ਗਏ ਅਤੇ ਦੂਜੇ ਪਾਸੇ ਹਿੰਦੀ ਪ੍ਰਦੇਸ਼ ਦੇ ਬਾਹਰ ਭਾਰਤ ਵਿਚ ਹੀ ਹੋਰ ਹਿੰਦੀ ਭਾਸ਼ੀ ਖੇਤਰਾਂ ਵਿਚ ਵੱਸਣ ਲੱਗ ਪਏ। ਇਸਦਾ ਸਿੱਟਾ ਇਹ ਨਿਕਲਿਆ ਕਿ ਅੱਜ ਵੀ ਹਿੰਦੀ ਭਾਸ਼ਾ ਨਾ ਸਿਰਫ ਹਿੰਦੀ ਖੇਤਰਾਂ ਵਿਚ ਹੀ ਬੋਲੀ ਸਮਝੀ ਜਾਂਦੀ ਹੈ ਬਲਕਿ ਹਿੰਦੀ ਪ੍ਰਦੇਸ਼ ਦੇ ਬਾਹਰ ਵੀ ਭਾਰਤ ਵਿਚ ਅਤੇ ਭਾਰਤ ਤੋਂ ਬਾਹਰਲੇ ਅਨੇਕਾਂ ਦੇਸ਼ਾਂ ਵਿਚ ਬੋਲੀ-ਸਮਝੀ ਜਾਂਦੀ ਹੈ। ਇਸ ਤਰ੍ਹਾਂ ਇਕ ਤਾਂ ਹਿੰਦੀ ਭਾਸ਼ੀ ਖੇਤਰ ਪ੍ਰਮੁੱਖ ਹੈ ਅਤੇ ਭਾਰਤ ਤੋਂ ਬਾਹਰਲੇ ਹਿੰਦੀ ਭਾਸ਼ੀ ਗੌਣ ਖੇਤਰ ਹਨ। ਭੋਲਾਨਾਥ ਤਿਵਾਰੀ (ਉਹੀ:77) ਬਿਹਾਰ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਦਿੱਲੀ, ਰਾਜਸਥਾਨ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਨਾਲ-ਨਾਲ ਪੰਜਾਬ ਦਾ ਕੁੱਝ ਭਾਗ ਅਤੇ ਮਹਾਰਾਸ਼ਟ੍ਰ ਨੂੰ ਹਿੰਦੀ ਭਾਸ਼ੀ ਮੁੱਖ ਖੇਤਰ ਵਜੋਂ ਮੰਨਦਾ ਹੈ। ਹੋਰ ਹਿੰਦੀ ਭਾਸ਼ੀ ਉਪ-ਖੇਤਰਾਂ ਵਿਚ ਕਰਨਾਟਕ, ਆਂਧਰਾ ਆਦਿ ਦੇ ਦੱਖਣੀ ਭਾਸ਼ੀ ਖੇਤਰ ਅਤੇ ਕਲਕੱਤਾ, ਸ਼ਿਲਾਂਗ, ਬੰਬਈ ਤੇ ਅਹਿਮਦਾਬਾਦ ਨੂੰ ਛੋਟੇ-ਛੋਟੇ ਹਿੰਦੀ ਭਾਸ਼ੀ ਖੇਤਰ ਮੰਨਦਾ ਹੈ। ਇਉਂ ਹਿੰਦੀ ਦੇ ਅੰਤਰਗਤ ਪੰਜ ਉਪ-ਭਾਸ਼ਾਵਾਂ ਰੱਖੀਆਂ ਗਈਆਂ ਹਨ: ਪੱਛਮੀ ਹਿੰਦੀ (ਕੌਰਵੀ, ਬ੍ਰਜ ਭਾਸ਼ਾ, ਹਰਿਆਣਵੀ, ਬੁੰਦੇਲੀ, ਕਨੌਜੀ), ਪੂਰਵੀ ਹਿੰਦੀ (ਅਵਧੀ,

ਬਘੇਲੀ, ਛਤੀਸਗੜ੍ਹੀ), ਰਾਜਸਥਾਨੀ (ਪੱਛਮੀ ਰਾਜਸਥਾਨੀ, ਪੂਰਵੀ ਰਾਜਸਥਾਨੀ, ਉੱਤਰੀ ਰਾਜਸਥਾਨੀ, ਦੱਖਣੀ ਰਾਜਸਥਾਨੀ), ਪਹਾੜੀ (ਪੱਛਮੀ ਪਹਾੜੀ, ਮੱਧਵਰਤੀ ਪਹਾੜੀ), ਬਿਹਾਰੀ (ਭੋਜਪੁਰੀ, ਮਗਹੀ, ਮੈਥਿਲੀ) ਆਦਿ। ਹਰਦੇਵ ਬਾਹਰੀ (2014:59) ਨੇ ਵੀ ਹਿੰਦੀ ਵਿਚ ਇਨ੍ਹਾਂ ਹੀ ਪੰਜ ਉਪਭਾਸ਼ਾਵਾਂ ਦਾ ਜ਼ਿਕਰ ਕੀਤਾ ਹੈ। ਪਰ ਉਹ ਇਨ੍ਹਾਂ ਪੰਜਾਂ ਉਪਭਾਸ਼ਾਵਾਂ ਨੂੰ ਪ੍ਰਾਕ੍ਰਿਤਾਂ ਨਾਲ ਜੋੜਦੇ ਹਨ। ਗ੍ਰੀਅਰਸਨ ਨੇ ਹਿੰਦੀ ਖੇਤਰ ਦੇ ਪੱਛਮੀ ਭਾਗ ਦੀਆਂ ਉਪਭਾਸ਼ਾਵਾਂ ਨੂੰ ਪੱਛਮੀ ਹਿੰਦੀ ਅਤੇ ਪੂਰਵੀ ਖੇਤਰ ਦੀਆਂ ਉਪਭਾਸ਼ਾਵਾਂ ਨੂੰ ਪੂਰਵੀ ਹਿੰਦੀ ਨਾਮ ਦਿੱਤਾ ਸੀ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਹਿੰਦੀ ਦੀਆਂ ਇਨ੍ਹਾਂ ਉਪਭਾਸ਼ਾਵਾਂ ਦਾ ਵਰਗੀਕਰਨ ਭਾਸ਼ਾ ਵਿਗਿਆਨ ’ਤੇ ਆਧਾਰਿਤ ਹੁੰਦੇ ਹੋਏ ਵੀ ਭੂਗੋਲਿਕ ਆਧਾਰ ’ਤੇ ਵੱਧ ਹੈ।

3.2 ਧੁਨੀਗਤ ਇਤਿਹਾਸਕ ਸੰਦਰਭ: ਹਿੰਦੀ ਭਾਸ਼ਾ ਦੀਆਂ ਧੁਨੀਆਂ ਦਾ ਜਿਹੜਾ ਰੂਪ ਅੱਜ ਮੌਜੂਦ ਹੈ, ਉਹ ਵੈਦਿਕ ਧੁਨੀਆਂ ਦੇ ਕ੍ਰਮਗਤ ਵਿਕਾਸ ਨੂੰ ਆਪਣੀ ਕੁਦਰਤੀ ਨਵੀਨਤਾ ਨਾਲ ਪ੍ਰਮਾਣਿਤ ਕਰਦੀਆਂ ਹੋਈਆਂ ਇਸ ਸਥਿਤੀ ਤੱਕ ਆਈਆਂ ਹਨ। ਹਿੰਦੀ ਧੁਨੀਆਂ ਨੂੰ ਸਮਝਣ ਲਈ ਇਸਦੇ ਇਤਿਹਾਸਕ ਸੰਦਰਭ ਦਾ ਉਲੇਖ ਮਹੱਤਵਪੂਰਨ ਹੈ। ਸਵਰਾਂ ਦੇ ਖੇਤਰ ਵਿਚ ਦੋ ਮਹੱਤਵਪੂਰਨ ਪਰਿਵਰਤਨ ਮਿਲਦੇ ਹਨ:

1) ਵੈਦਿਕ ਵਿਚ ਚਾਰ ਸੰਯੁਕਤ ਸਵਰ ਸਨ- /ए, ऐ, ओ, औ/। ਸੰਸਕ੍ਰਿਤ ਵਿਚ /ए/ ਅਤੇ /ओ/ ਮੂਲ ਸਵਰ ਹੋ ਗਏ ਅਤੇ /ऐ/ ਤੇ /औ/ ਦਾ ਉਚਾਰਨ /आइ/ ਤੇ /आउ/ ਤੋਂ ਬਦਲ ਕੇ /अइ/ ਤੇ /अउ/ ਹੋ ਗਿਆ। ਪਾਲੀ ਵਿਚ ਆ ਕੇ ਇਹ ਸੰਯੁਕਤ ਧੁਨੀਆਂ ਖਤਮ ਹੋ ਕੇ ਮੂਲ ਸਵਰ /ए/ ਤੇ /ओ/ ਵਿਚ ਮਿਲ ਗਈਆਂ। ਪਰ ਹਿੰਦੀ ਵਿਚ ਇਹ ਦੋਨੋਂ ਧੁਨੀਆਂ ਅੱਜ ਵੀ ਸੰਯੁਕਤ ਸਵਰ ਮੰਨੀਆਂ ਜਾਂਦੀਆਂ ਹਨ।

2) ਵੈਦਿਕ ਵਿਚ /ऋ/, /ॠ/ ਅਤੇ /ऌ/ ਸਵਰ ਸਨ। ਸੰਸਕ੍ਰਿਤ ਵਿਚ ਆ ਕੇ ਇਹ ਲਿਖਤੀ ਰੂਪ ਵਿਚ ਤਾਂ ਕਾਇਮ ਰਹੇ ਪਰ ਇਨ੍ਹਾਂ ਦਾ ਉਚਾਰਨ ਕ੍ਰਮਵਾਰ : /रि, री/ ਅਤੇ /लि/ ਹੋ ਗਿਆ। ਇਸਦਾ ਭਾਵ ਇਹ ਕਿ ਇਨ੍ਹਾਂ ਧੁਨੀਆਂ ਦੀ ਸਵਰਗਤ ਸੱਤਾ ਖਤਮ ਹੋ ਗਈ। ਹਿੰਦੀ ਵਿਚ ਸਿਰਫ਼ /ऋ/ ਦਾ ਲਿਖਤ ਵਿਚ ਪ੍ਰਯੋਗ ਹੁੰਦਾ

ਹੈ। /਋/ ਅਤੇ /ਲ੍ਰ/ ਲੋਪ ਹੋ ਗਏ ਹਨ। ਉਚਾਰਨ ਦੀ ਦ੍ਰਿਸ਼ਟੀ ਤੋਂ ਪੂਰਬ ਵਿਚ /਋/ ਦੇ ਲਈ /ਰਿ/ ਅਤੇ ਪੱਛਮ ਵਿਚ /ਰ/ ਬੋਲਿਆ ਜਾਂਦਾ ਹੈ।

ਵੈਦਿਕ ਵਿਚ ਪ੍ਰਾਪਤ /ਲ਼, ਲ਼, ਹ੍/ ਜੀਭਮੂਲਕ (Radical) ਅਤੇ ਉਪਧਮਾਨੀਯ ਦਾ ਅੱਗੇ ਚੱਲ ਕੇ ਲੋਪ ਹੋ ਗਿਆ। ਹਿੰਦੀ ਵਿਚ ਵੀ ਇਹ ਨਹੀਂ ਹਨ। ਅੱਜਕੱਲ ਕੁੱਝ ਦ੍ਰਵਿੜ ਭਾਸ਼ਾਵਾਂ ਵਿਚ ਅਤੇ ਰਾਜਸਥਾਨੀ ਤੇ ਪੱਛਮੀ ਹਿੰਦੀ ਦੀਆ ਕੁੱਝ ਬੋਲੀਆਂ ਵਿਚ ਮੌਜੂਦ ਹੋਣ ਦੇ ਕਾਰਨ /ਲ਼/ ਨੂੰ ਅਲੱਗ ਧੁਨੀ ਵਜੋਂ ਸਵੀਕਾਰ ਕਰ ਲਿਆ ਗਿਆ ਹੈ ਅਤੇ ਇਸੇ ਲਈ ਹੀ /ਲ਼੍ਹ/ ਵੀ ਆ ਗਿਆ ਹੈ।

ਵੈਦਿਕ ਭਾਸ਼ਾ ਵਿਚ /ਕ, ਖ, ਗ, ਘ, ਙ/ ਜੀਭਮੂਲਕ ਸਨ। ਸੰਸਕ੍ਰਿਤ ਵਿਚ ਕੰਠੀ ਹੋ ਗਏ। ਹਿੰਦੀ ਵਿਚ ਇਨ੍ਹਾਂ ਦਾ ਉਚਾਰਨ-ਸਥਾਨ ਕੰਠ ਨਹੀਂ ਬਲਕਿ ਕੋਮਲ-ਤਾਲੂ ਹੈ। ਭਾਵ ਕਿ ਅੰਤ ਤੇ ਇਹ ਹੁਣ ਕੋਮਲ ਤਾਲਵੀ ਹੋ ਗਏ ਹਨ। ਵੈਦਿਕ ਵਿਚ ਚਵਰਗ ਧੁਨੀਆਂ ਤਾਲਵੀ ਮੰਨੀਆਂ ਜਾਂਦੀਆਂ ਸਨ। ਹਿੰਦੀ ਵਿਚ ਇਹ ਧੁਨੀਆਂ ਤਾਲਵੀ-ਵਰਤਸੀ ਹੋ ਗਈਆਂ। ਇਸਦੇ ਨਾਲ ਹੀ ਇਹ ਧੁਨੀਆਂ ਸਪਰਸ਼ੀ ਨਾ ਰਹਿ ਕੇ ਸਪਰਸ਼-ਸੰਘਰਸ਼ੀ ਹੋ ਗਈਆਂ।

/ਟ/ ਵਰਗ ਦੀਆਂ ਧੁਨੀਆਂ ਦਾ ਆਗਮਨ ਆਰੀਆ ਸ੍ਰੋਤ ਦੀ ਦੇਣ ਹੈ। ਇਸਦਾ ਉਚਾਰਨ ਵੈਦਿਕ ਵਿਚ ਧੁਨੀਆਂ ਦੇ ਰੂਪ ਵਿਚ ਹੁੰਦਾ ਸੀ। ਲੌਕਿਕ ਸੰਸਕ੍ਰਿਤ ਵਿਚ ਇਨ੍ਹਾਂ ਨੂੰ ਉਲਟਜੀਭੀ ਮੰਨਿਆ ਗਿਆ।

/ਤ/ ਵਰਗ ਦੀਆਂ ਧੁਨੀਆਂ ਦਾ ਵੈਦਿਕ ਕਾਲ ਵਿਚ ਦੰਤੀ ਅਤੇ ਵਰਤਸੀ ਦੋਨੋਂ ਤਰ੍ਹਾਂ ਨਾਲ ਉਚਾਰਨ ਕੀਤਾ ਜਾਂਦਾ ਸੀ। ਬਾਅਦ ਵਿਚ ਇਨ੍ਹਾਂ ਨੂੰ ਸਿਰਫ਼ ਦੰਤੀ ਕਿਹਾ ਗਿਆ। ਪਰ ਅੱਜ /ਤ/ ਵਰਗ ਦੀਆਂ ਧੁਨੀਆਂ ਦੰਤੀ ਨਹੀਂ ਹਨ ਬਲਕਿ ਇਹ ਧੁਨੀਆਂ ਦੰਤੀ-ਸਪਰਸ਼ ਦੇ ਵਰਗ ਵਿਚ ਰੱਖੀਆਂ ਜਾਂਦੀਆਂ ਹਨ ਪਰ ਫਿਰ ਵੀ ਇਨ੍ਹਾਂ ਨੂੰ ਪਹਿਲਾਂ ਦੀ ਤਰ੍ਹਾਂ ਹੀ ਦੰਤੀ ਹੀ ਮੰਨ ਲਿਆ ਜਾਂਦਾ ਹੈ। /ਧ/ ਵਰਗ ਦੀਆਂ ਧੁਨੀਆਂ ਆਪਣੇ ਮੂਲ ਰੂਪ ਵਿਚ ਅੱਜ ਵੀ ਕਾਇਮ ਹਨ।

ਹਿੰਦੀ ਵਿਚ ਅਨੁਨਾਸਿਕ ਧੁਨੀਆਂ ਵਿਚ /ਣ/ ਦੀ ਸਥਿਤੀ ਦੋ ਪ੍ਰਕਾਰ ਦੀ ਹੈ। ਪੱਛਮੀ ਹਿੰਦੀ ਵਿਚ ਤਾਂ /ਣ/ ਦੀ ਵਰਤੋਂ ਹੁੰਦੀ ਹੈ ਪਰ ਪੂਰਵੀ ਹਿੰਦੀ ਅਤੇ ਬਿਹਾਰੀ ਵਰਗ ਦੀਆਂ ਭਾਸ਼ਾਵਾਂ ਵਿਚ /ਣ/ ਦਾ /ਨ/ ਹੋ ਜਾਂਦਾ ਹੈ।

ਅਨੁਨਾਸਿਕਤਾ ਪਹਿਲਾਂ ਵਿਅੰਜਨਾਂ ਦੀ ਵਿਸ਼ੇਸ਼ਤਾ ਸੀ ਜਦਕਿ ਹਿੰਦੀ ਵਿਚ ਸਵਰਾਂ ਦੀ ਵਿਸ਼ੇਸ਼ਤਾ ਬਣ ਗਈ ਹੈ। /ਨ/ ਤੇ /ਸ/ ਪ੍ਰਾਚੀਨ ਧੁਨੀਆਂ ਹਨ। ਪਰ /ਨ/ ਦਾ ਉਚਾਰਨ ਸਥਾਨ ਬਦਲ ਗਿਆ ਹੈ। ਇਹ ਦੰਤੀ ਦੀ ਜਗ੍ਹਾ ਸਪੱਸ਼ਟ ਹੀ ਵਰਤਸੀ ਹੋ ਗਿਆ ਹੈ।

ਵੈਦਿਕ ਵਿਚ /श, ष, स/ ਤਿੰਨੋਂ ਹੀ ਮਿਲਦੇ ਹਨ। ਸੰਸਕ੍ਰਿਤ ਵਿਚ /ष/ ਦੀ ਵਰਤੋਂ ਬਾਕੀਆਂ ਨਾਲੋਂ ਘੱਟ ਸੀ। ਪਾਲੀ-ਪ੍ਰਾਕ੍ਰਿਤ ਵਿਚ /ष/ ਨਹੀਂ ਮਿਲਦਾ। ਹਿੰਦੀ ਵਿਚ /श/ ਤੇ /स/ ਹੀ ਮਿਲਦੇ ਹਨ। /ष/ ਦਾ ਉਚਾਰਨ /श/ ਦੀ ਤਰ੍ਹਾਂ ਹੀ ਹੁੰਦਾ ਹੈ। ਮੱਧਕਾਲੀ ਹਿੰਦੀ ਭਾਵ ਕਿ ਅਵਧੀ ਆਦਿ ਵਿਚ ਇਸਦੇ ਬਦਲੇ /ख/ ਪ੍ਰਯੋਗ ਮਿਲਦਾ ਹੈ। ਆਧੁਨਿਕ ਹਿੰਦੀ ਵਿਚ /ष/ ਧੁਨੀ ਅੱਜ ਵੀ ਲਿਖਤੀ ਰੂਪ ਵਿਚ ਕਾਇਮ ਹੈ। ਜਿਵੇਂ: ऋषि, वर्ष।

/ह/ ਧੁਨੀ ਪ੍ਰਾਚੀਨ ਧੁਨੀ ਨਹੀਂ ਹੈ। ਇਸ ਧੁਨੀ ਦੇ ਦੋ ਉਚਾਰਨ ਸਨ- ਇਕ ਸਘੋਸ਼ ਅਤੇ ਦੂਸਰਾ ਅਘੋਸ਼। ਹਿੰਦੀ ਵਿਚ ਸਿਰਫ ਸਘੋਸ਼ ਰੂਪ ਪਾਇਆ ਜਾਂਦਾ ਹੈ। ਪੱਛਮ ਵਿਚ ਇਸ ਨੂੰ ਸ਼ੁੱਧ ਰੂਪ ਵਿਚ ਸ਼ਬਦ ਦੇ ਆਰੰਭ ਵਿਚ ਬੋਲਿਆ ਜਾਂਦਾ ਹੈ। ਹਰਦੇਵ ਬਾਹਰੀ (ਉਹੀ:95) ਇਸ ਨੂੰ /भ, ध, घ/ ਆਦਿ ਧੁਨੀਆਂ ਤੋਂ ਵਿਕਸਿਤ ਹੋਈ ਮੰਨਦੇ ਹਨ। ਭਾਵ ਇਨ੍ਹਾਂ ਮਹਾਂਪ੍ਰਣ ਧੁਨੀਆਂ ਵਿਚੋਂ ਪ੍ਰਾਣਤਾ ਲੋਪ ਹੋਣ ਕਾਰਨ ਇਸ ਦੀ ਉਤਪਤੀ ਹੋਈ ਹੈ। ਜਿਵੇਂ: ग्रभ और ग्रह, गाध और गाह, घ्रन्ति- ह्नन्ति ਆਦਿ ਵਿਚ।

/ਯ/ ਅਤੇ /ਵ/ ਦਾ ਵਿਕਾਸ /ਇ, ਤ/ ਤੋਂ ਹੋਇਆ ਹੈ। ਸ਼ਾਇਦ ਇਸੇ ਲਈ ਹੀ ਹਿੰਦੀ ਵਿਚ ਇਨ੍ਹਾਂ ਨੂੰ ਅਰਧ ਸਵਰ ਸਮਝਿਆ ਜਾਂਦਾ ਹੈ। /ਰ/ ਵੇਦ ਵਿਚ ਦੰਤੀ, ਸੰਸਕ੍ਰਿਤ ਵਿਚ ਉਲਟਜੀਭੀ ਅਤੇ ਹਿੰਦੀ ਵਿਚ ਲੁੰਠਿਤ ਵਰਤਸੀ ਧੁਨੀ ਹੈ। /ਲ/ ਪਹਿਲਾਂ ਦੰਤੀ ਸੀ ਪਰ ਹੁਣ ਪਾਰਸ਼ਵਿਕ ਹੋ ਗਿਆ।

/ੜ, ਢ਼/ ਧੁਨੀ ਰੂਪ ਵਿਚ ਪਹਿਲਾਂ ਨਹੀਂ ਸਨ। ਅਪਭ੍ਰੰਸ਼ ਕਾਲ ਵਿਚ ਇਨ੍ਹਾਂ ਦਾ ਵਿਕਾਸ ਹੋਇਆ ਪਰ ਹਿੰਦੀ ਵਿਚ ਆ ਕੇ ਅਲੱਗ ਹੀ ਲਿਪੀ ਚਿੰਨ੍ਹ ਪ੍ਰਾਪਤ ਹੋਇਆ। / ਡ, ਢ/ ਤੋਂ ਇਨ੍ਹਾਂ ਦਾ ਭੇਦ ਕਰਨ ਲਈ ਇਨ੍ਹਾਂ ਦੇ ਪੈਰੀਂ ਬਿੰਦੀ ਪਾ ਕੇ ਲਿਖਿਆ

ਜਾਣ ਲੱਗਾ। ਇਨ੍ਹਾਂ ਦਾ ਉਚਾਰਨ-ਸਾਥਾਨ ਵੀ ਬਦਲ ਗਿਆ ਅਤੇ ਪ੍ਰਯਤਨ ਦੀ ਦ੍ਰਿਸ਼ਟੀ ਤੋਂ ਇਹ ਫਟਕਵੀਆਂ (ਤਤਕ੍ਸ਼ਿਪ੍ਤ) ਧੁਨੀਆਂ ਹੋ ਗਈਆਂ।

ਅਰਬੀ-ਫ਼ਾਰਸੀ ਪ੍ਰਭਾਵ ਨਾਲ /ਖ਼, ਗ਼, ਜ਼, ਫ਼/ ਇਹ ਚਾਰ ਧੁਨੀਆਂ ਆਈਆਂ ਪਰ ਆਮ ਲੋਕਾਂ ਨੇ ਇਨ੍ਹਾਂ ਨੂੰ ਹਿੰਦੀ ਵਿਚ /ਖ, ਗ, ਜ, ਫ/ ਵਿਚ ਬਦਲ ਦਿੱਤਾ। ਅੱਜ ਪੜ੍ਹੇ-ਲਿਖੇ ਵੀ ਇਨ੍ਹਾਂ ਨੂੰ ਵੱਖ ਕਰ ਕੇ ਲਿਖਣਾ-ਬੋਲਣਾ ਜ਼ਰੂਰੀ ਨਹੀਂ ਸਮਝਦੇ। ਇਹ ਪਰਿਵਰਤਨ ਹਿੰਦੀ ਦੀ ਪ੍ਰਕ੍ਰਿਤੀ ਅਨੁਸਾਰ ਹੀ ਹੈ।

ਅੰਗਰੇਜ਼ੀ ਦੇ ਪ੍ਰਭਾਵ ਨਾਲ /ऑ/ ਧੁਨੀ ਦਾ ਆਗਮਨ ਹੋਇਆ। ਸਮਾਨ ਰੂਪ ਵਿਚ ਇਸਦੀ ਜਗ੍ਹਾ /आ/ ਬੋਲਦੇ ਅਤੇ ਲਿਖਦੇ ਹਨ। ਪਰੰਤੂ ਹਿੰਦੀ ਵਿਚ ਹੁਣ /ऑ/ ਦੇ ਪ੍ਰਯੋਗ ਦੀ ਪ੍ਰਵਿਰਤੀ ਵਧੀ ਹੈ। ਉਦਾਹਰਨ ਲਈ 'ਡਾਕਟਰ' ਦੀ ਥਾਂ ਤੇ ਹੁਣ 'ਡਾੱਕਟਰ' ਲਿਖਿਆ ਜਾਂਦਾ ਹੈ।

ਇਸ ਤਰ੍ਹਾਂ ਸਿੱਧ ਹੈ ਕਿ ਹਿੰਦੀ ਧੁਨੀਆਂ ਦਾ ਵਰਤਮਾਨ ਰੂਪ ਧੁਨੀ-ਵਿਕਾਸ ਦੀ ਇਕ ਜੀਵੰਤ-ਪਰੰਪਰਾ ਦਾ ਪ੍ਰਮਾਣ ਹੈ। ਅਨੇਕ ਧੁਨੀਆਂ ਦੇ ਸੰਯੋਗ-ਵਿਯੋਗ ਅਤੇ ਬਣਨ-ਵਿਗੜਨ ਦੀ ਪ੍ਰਕਿਰਿਆ ਉਪਰੰਤ ਹਿੰਦੀ ਧੁਨੀਆਂ ਨੂੰ ਇਹ ਰੂਪ ਹਾਸਲ ਹੋਇਆ ਹੈ।[1]

3.2.1 ਧੁਨੀਗਤ ਬਦਲਾਵ:

ਸ੍ਵਰ ਬਦਲਾਵ:

/अ/: ਸੰਸਿਕ੍ਰਤ ਦਾ अ, ਦਬਾਅ ਰਹਿਤ /आ, इ, ई, उ, ऊ, ए, ओ, अ/, ਅਰਬੀ ਫ਼ਾਰਸੀ ਦੇ /अ/ ਅਤੇ ਅੰਗਰੇਜ਼ੀ /औ, ए/ ਧੁਨੀਆਂ ਦਾ ਬਦਲਾਅ ਹਿੰਦੀ ਵਿਚ /अ/ ਹੋ ਗਿਆ। ਜਿਵੇਂ- आभीर > अहीर, परीक्षा > परिक्खा > परख, नारिकेल > नारियल, ऑफिसर > अफसर, एलबम > अलबम ਆਦਿ।

[1] "ਉਪਯੋਗੀ ਸਮੱਗਰੀ ਅਵਧੇਸ਼ਵਰ (2012)ਤੋਂ ਗ੍ਰਹਿਣ ਕੀਤੀ ਗਈ ਹੈ।"

/आ/: ਸੰ. /आ, अ अब/ ਫ਼ਾਰਸੀ ਤੁਰਕੀ ਦਾ /अह्/ ਆਦਿ ਦਾ ਬਦਲਾਅ ਹਿੰਦੀ ਵਿਚ /आ/ ਹੋਇਆ। ਜਿਵੇਂ: काक > काग, कार्य > कज्ज > काज, चक्र > चक्क > चक्का, अंचल > आँचल, चणक > चना, पूपक > पूजन > पूआ, नृत्य > नाच, किनार > किनारा ।

/इ/: ਸੰ. /अ, इ, ई, ए, ऋ/ ਅਤੇ ਫ਼ਾਰਸੀ-ਤੁਰਕੀ /इ/, ਪੁਰਤਗਾਲੀ /ए/, ਅੰਗਰੇਜ਼ੀ ए ਦਾ ਬਦਲਾਅ /इ/ ਵਿਚ ਹੋਇਆ। मृत्तिका > मिटिट्आ > मिट्टी, गोपनद्र > गोबिंद।

/ई/: ਸੰ. /इ, ई, इका, ऋ/ ਫ਼ਾਰਸੀ-ਤੁਰਕੀ /इ ਤੇ ई/ ਅਤੇ ਅੰਗਰੇਜ਼ੀ /इ/ ਆਦਿ ਦਾ ਬਦਲਾਅ /ई/ ਵਿਚ ਹੋਇਆ। ਜਿਵੇਂ ਕਿ तीक्ष्ण्ण > तिक्ख > तीखा, इक्षु > इक्खु > ईख, जिह्वा > जिब्भ > जीभ, होलिका > होलिया > होली।

/उ/: ਸੰ. /उ, ऊ, अ/ ਅਤੇ ਫ਼ਾਰਸੀ-ਤੁਰਕੀ ਤੇ ਅੰਗਰੇਜ਼ੀ /उ/ ਦਾ ਹਿੰਦੀ ਵਿਚ /उ/ ਰਹਿ ਗਿਆ। ਜਿਵੇਂ- उड्ड़ > उड > उड़, प्रभूत > बहुत, पशच > पच्छ > पूँछ, विरुप > बुरुआ > बुरा।

/ऊ/: /उ ऊ, ऋ, औ उक, उका इक/ ਆਦਿ ਦਾ /ऊ/ ਵਿਚ ਬਦਲਾਅ ਹੋਇਆ। ਜਿਵੇਂ: पुत्र > पुत > पूत, सूत्र > सुत्त > सूत, बालुका > बालुआ > बालू।

/ए/: ਸੰ. /ए, ऐ, अ, इ, ओ/ ਅਤੇ /अय/ ਦਾ ਬਦਲਾਅ /ए/ ਵਿਚ ਹੋਇਆ। ਮਿਸਾਲ ਵਜੋਂ: क्षेत्र > खेत्त > खेत, तैल > तेल, सन्धि > सेंध, गोधूम > गेहूँ।

/ऐ/: ਸੰ. /ऐ, इ, अय/, ਤੁਰਕੀ ਅਤੇ ਫ਼ਾਰਸੀ /अइ/ ਦਾ ਬਦਲਾਅ /ऐ/ ਵਿਚ ਹੋਇਆ। ਜਿਵੇਂ: चैत्र > चाईत > चैत, नयन > नैन।

/ओ/: ਸੰ. /ओ, औ, अ, उ, ऊ, व, उप/ ਆਦਿ ਦਾ ਬਦਲਾਅ ਹਿੰਦੀ ਵਿਚ /ओ/ ਹੋਇਆ। ਜਿਵੇਂ: ओष्ठ > ओटठ > ओठ > होंठ, पुष्कर > पुक्खर > पोखर, मूल्य > मोल्ल > मोल, स्वर्ण > सोणा > सोना।

/औ/: ਸੰ. /औ, अय, आम, अव, अउ/ ਆਦਿ ਦਾ ਬਦਲਾਅ /औ/ ਹੈ। गौरव > गौरव, अपर > अवर > और, चामर > चौर, वामन > बौना, यव > जौ।

ਵਿਅੰਜਨ ਬਦਲਾਅ:

/क/: ਸੰਸਕ੍ਰਿਤ ਦਾ /**क्य, क्र, क्ल, क्व, क्म, क्न, त्क, त्क्र, कक, स्क**/ ਆਦਿ ਧੁਨੀਆਂ ਦਾ ਬਦਲਾਅ /क/ ਵਿਚ ਹੋਇਆ। ਮਿਸਾਲ ਵਜੋਂ: माणिक्य > माणिक्क > मानिक, क्रोश > कोश > कोस, चक्र > चक्क > चाक, स्कन्ध > कंधअ > कंधा, पक्व > पक्क > पाक, रुकम > रुक्क > रोक।

/ख/: ਸੰ. /ख्य, ख्, क्ष, क्षय, क्षण, क्षम, ख्न, स्क, स्ख, क्ख/ ਆਦਿ ਵਿਅੰਜਨ ਧੁਨੀਆਂ ਦੇ ਬਦਲਾਅ ਨਾਲ /ख/ ਧੁਨੀ ਵਿਕਸਿਤ ਹੋਈ। ਜਿਵੇਂ: तीक्ष्ण > तिक्ख > तीखा, व्याख्यान > वकखान > बखान, लक्ष्मण > लक्खमण > लखन।

/ग/: ਸੰ. /ग्य, क्, घ, ग्र, ग्ल, ग्न, दग्र, गे, ल्ग/ ਆਦਿ ਦਾ ਬਦਲਾਅ /ग/ ਵਿਚ ਹੋਇਆ। ਜਿਵੇਂ: भाग्य > भाग, अग्र > अग्ग > आगे, मुदग > मुग्ग > मूंग, कंदुक > गेंदुअ > गेंद, घट > गढ़।

/घ/: ਸੰ. /घ्य, घ्, घ्न, द्रघ, घ्र्य/ ਆਦਿ ਦਾ ਬਦਲਾਅ /घ/ ਵਿਚ ਹੋਇਆ। ਜਿਵੇਂ: गृह> घर, व्याघ्र> बाघ, उद्घाट> उग्घाड़> उघाड़।

/च/: ਸੰ. /च्य, त्य, च्य, चे/ ਆਦਿ ਦੇ ਬਦਲਾਅ ਨਾਲ ਹਿੰਦੀ ਵਿਚ /च/ ਹੋ ਗਿਆ। ਜਿਵੇਂ: सत्य> सच्च > साँच, कूर्चिका> कूँची, उच्च > ऊँचा इत्यादि ।

/छ/: ਸੰ. /च्छ, छ, च्छ, श्च, श्र, त्स, प्स/ ਆਦਿ ਦਾ ਬਦਲਾਅ ਹਿੰਦੀ ਵਿਚ /छ/ ਹੋਇਆ। ਮਿਸਾਲ ਲਈ: कच्छपक > कच्छवअ > कछुआ, क्षमा > छमा, लक्ष्मण > लछमन, उत्साह > उच्छाह > उछाह।

/ज/: /ज्य, य्य, ज्ज, ज्ञ, ज्व, ज्म, ज्य/ ਆਦਿ ਦਾ ਬਦਲਾਅ /ज/ ਹੋਇਆ। ਜਿਵੇਂ: कार्य > कज्ज > काज, अद्य > अज्ज > आज, कज्जल > काजल, गुर्जर > गुज्जर > गूजर।

/झ/: ਸੰ. /ध्य, क्ष, ह्य/ ਦਾ ਰੂਪਾਂਤਰਨ /झ/ ਵਿਚ ਹੋਇਆ। ਜਿਵੇਂ: संध्या > संझ > सांझ।

/ट/: ਸੰ. /त्र, तं, ट्र, ट्व, ह, ष्ट, ट्य/ ਆਦਿ ਦਾ ਬਦਲਾਅ /ट/ ਵਿਚ ਹੋਇਆ। ਜਿਵੇਂ: चित्र > छींट, कर्त्त > कटट > काट्, तिलक > टीका, हट्ट > हाट, अकाट्य > अकाट, काष्टफल > कटहल, लिंगपट्टिका > लिंगवट्टिआ > लंगोटी, उष्ट्र > उट्ट > ऊंट।

/ठ/: /र्थ, ठ्य, ष्ठ, ष्ट, त्थ/ ਆਦਿ ਤੋਂ। ਜਿਵੇਂ: अंगुष्ट > अंगुट्ठ > अंगूठा, ग्रंथि > गाँठ > गांठ।

/ड, ड़/: / द, ध्र, ड्र, ड्य, ड्म/ ਆਦਿ। ਜਿਵੇਂ: घोटिका > घोडिअ > घोड़ी, दोलिका > डोली, दश > डँस ਆਦਿ ।

/ढ, ढ़/: /धं, ध्र, ढ, ढ्य, ड्ढ/ ਆਦਿ ਦਾ ਬਦਲਾਅ /ढ, ढ़/ ਵਿਚ ਹੋਇਆ। ਜਿਵੇਂ: वृद्ध > बुड्ढ़अ > बुड्ढ़ा, बूढा, अर्द्धतृतीय > अडढ़तिय > अड्ढइ > अढाई , ढाई , शिथिल > ढील।

/त/: /त्र, त्व, त्न, त्क, कत्र, त, प्त/ ਆਦਿ ਦਾ ਬਦਲਾਅ ਹੋ ਕੇ /त/ ਬਣ ਗਿਆ। ਜਿਵੇਂ: सप्त > सत्त > सात, त्रीणि > तिण्णि > तीन, त्वरित > तुरत, आदित्यवार > इतवार, पुत्तलिका > पुतली, कार्तिक > कातिक, वर्तिका > वत्तिआ > बत्ती, भक्त > भगत।

/थ/: /स्त, स्थ, त्य/ ਆਦਿ ਦਾ ਬਦਲਾਅ /थ/ ਵਿਚ ਹੋਇਆ ਹੈ। ਜਿਵੇਂ: पुस्तक > पोत्थिअ > पोथी, हस्त > हत्थ > हाथ, सार्थ > सथ्य > साथ, मत्थनिका > मत्थणिआ > मथनी।

/द/: /द्र, दव, न, य, व्द, र्द/ ਆਦਿ ਤੋਂ। ਜਿਵੇਂ: दरंभ > दम्म > दाम, द्रोणक > दोणअ > दोना, चतुर्थश > चउद्दह > चौदह, द्वौ > दो, चन्द्र > चन्द > चाँद।

/ध/: /ध्र, ध्व, ध्न्, व्ध/ ਦਾ ਬਦਲਾਅ /ध/ ਵਿਚ ਹੋ ਗਿਆ। ਜਿਵੇਂ: अर्द्धक > अद्धअ > आधा, गृध्र > गिद्ध > गीध, दुग्ध > दुद्ध > दूध ।

/प/: /त्व, त्म, प्य, प्र, प्ल, प्व, प्न, प्प, प, ल्प/ ਆਦਿ ਤੋਂ। ਜਿਵੇਂ: सर्प > सप्प > साँप, उत्पद्य > उप्पज्ज > उपज, विप्पल > पिप्पल - पीपल, स्पर्श > परस, वाष्प > भाप, आत्मन > अप्पा > आपा > आप।

/फ/: /प, स्प, स्फ, ष्प/ ਆਦਿ ਤੋਂ ਬਦਲਾਅ। ਜਿਵੇਂ: स्फूर्ति > फूर्ती, परशु > फरसा, पाश > फाँस, वाष्प > भाप, भाफ।

/ब/: /दव, व्य, ब्व, भ, प, व्र, ब्र, र्व, व्भ/ ਆਦਿ ਤੋਂ। ਮਿਸਾਲ ਵਜੋਂ: द्वादश > बारह, वाटिका > बाड़ी, व्याघ्र > बग्ध > बाघ, निम्बुक > निम्बुअ > नींबू, अभ्रक > अवरख, प्रा० रब्ब > हि० राव, सर्व > सब्ब > सब।

/भ/: /भ्य, भ्र, म, प, ब, ह/ ਦਾ ਬਦਲਾਅ /भ/ ਵਿਚ ਹੋਇਆ ਹੈ। ਉਦਾਹਰਨ ਲਈ: भ्रमर > भवरअ > भौरा, महिष > महिस > भैस, अपि > भी, गर्भिणी > गम्मिणि > गाभिन, जिव्भा, जिब्भ > जीभ ।

/ਨ/: /ण, ण्य, ज्ञ, णं/ ਆਦਿ ਦਾ ਬਦਲਾਅ /ਨ/ ਵਿਚ ਹੋਇਆ ਹੈ। ਜਿਵੇਂ: विज्ञप्तिका > विष्णतिआ > विनती, चणक > चणअ > चना, शून्य > सुन्न > सूना, कर्ण > कण्ण > कान।

/ਮ/: /भ्र, श्म, ब, में, म्ब, भ/ ਦਾ ਬਦਲਾਅ /ਮ/ ਵਿਚ ਹੋਇਆ। ਜਿਵੇਂ: आम्र > आम, बकुलत्री बठलसिरि > मौलश्री, वल्लभ > बालम ।

/ਲ/: ਸੰ. /य, ल्ल, र, लर/ ਦਾ ਬਦਲਾਅ /ਲ/ ਵਿਚ ਹੋਇਆ। ਜਿਵੇਂ: हरिद्री > हलिद्दी > हल्दी, यष्टिका> लट्ठिआ > लाठी ।

/ਰ/: ਸੰ. /ऋ, द, ल, ट/ ਦਾ ਬਦਲਾਅ /ਰ/ ਵਿਚ ਹੋਇਆ। ਜਿਵੇਂ: ऋक्ष > रिच्छ > रीछ, एकादश> ग्यारह, प्रक्षाल > पक्खाल, पखार, वाटिका > वाडिआ > बाड़ी, बारी।

/ਸ/: ਸੰ. /स्व, श, ष, श्य, स्य, स्त्र, स्न, र्श, र्स, र्ष, श्म/ ਆਦਿ ਦਾ ਬਦਲਾਅ /ਸ/ ਵਿਚ ਹੋਇਆ। ਜਿਵੇਂ: गोस्वामी > गोसाई, शाटिका > साडिआ > साड़ी, शाक > साग, वर्ष > बरस, काँस्य > कँस्स > काँसा, श्वास > सास > साँस।[2]

3.3 ਹਿੰਦੀ ਦੀ ਧੁਨੀਵਿਉਂਤਕ ਸੰਰਚਨਾ: ਹਿੰਦੀ ਭਾਸ਼ਾ ਦੀ ਧੁਨੀਵਿਉਂਤ ਵਿਚ ਖੰਡੀ (ਸਵਰ ਅਤੇ ਵਿਅੰਜਨ) ਅਖੰਡੀ ਧੁਨੀਆਂ (ਨਾਸਿਕਤਾ, ਬਲ, ਸੰਗਮ) ਅਤੇ ਉਚਾਰਖੰਡ ਦਾ ਅਧਿਐਨ ਕੀਤਾ ਗਿਆ ਹੈ।

3.3.1 ਖੰਡੀ ਧੁਨੀਵਿਉਂਤ: ਹਿੰਦੀ ਭਾਸ਼ਾ ਦੀ ਖੰਡੀ ਧੁਨੀਵਿਉਂਤ ਵਿਚ 10 ਸਵਰ ਧੁਨੀਆਂ ਅਤੇ 42 ਵਿਅੰਜਨ ਮੌਜੂਦ ਹਨ। ਹਿੰਦੀ ਦੀਆਂ ਇਨ੍ਹਾਂ ਸਮੁੱਚੀਆਂ ਧੁਨੀਆਂ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਹੈ:

[2] "ਉਪਯੋਗੀ ਸਮੱਗਰੀ ਅਵਧੇਸ਼ਵਰ (2012)ਤੋਂ ਗ੍ਰਹਿਣ ਕੀਤੀ ਗਈ ਹੈ।"

ਸਵਰ-ਧੁਨੀਆਂ: ਭਾਸ਼ਾ ਵਿਗਿਆਨ ਵਿਚ ਸਵਰ ਧੁਨੀਆਂ ਦੇ ਵਰਗੀਕਰਨ ਦੇ ਤਿੰਨ ਆਧਾਰ ਨਿਰਧਾਰਿਤ ਕੀਤੇ ਗਏ ਹਨ। ਜੀਭ ਦੀ ਉਚਾਈ, ਜੀਭ ਦੀ ਸਥਿਤੀ ਅਤੇ ਹੋਠਾਂ ਦੀ ਆਕ੍ਰਿਤੀ। ਹਿੰਦੀ ਭਾਸ਼ਾ ਦੀਆਂ ਸਵਰ ਧੁਨੀਆਂ ਦਾ ਵਿਸ਼ਲੇਸ਼ਣ ਵੀ ਇਨ੍ਹਾਂ ਤਿੰਨ੍ਹਾਂ ਆਧਾਰਾਂ 'ਤੇ ਕੀਤਾ ਗਿਆ ਹੈ। ਸਵਰ ਧੁਨੀਆਂ ਨੂੰ ਅੱਗੇ ਦਿੱਤੀ ਤਾਲਿਕਾ ਰਾਹੀਂ ਉਲੀਕਿਆ ਗਿਆ ਹੈ:

	अग्र	मध्य	पश्च
संवृत	ई, इ		ऊ ,उ
अर्धसंवृत	ए		ओ
अर्धविवृत	ऐ	अ	(ऑ) औ
विवृत			आ

ਜੀਭ ਦੀ ਉਚਾਈ: ਜੀਭ ਦੀ ਉਚਾਈ ਦੇ ਆਧਾਰ 'ਤੇ ਹਿੰਦੀ ਸਵਰਾਂ ਨੂੰ ਚਾਰ ਵਰਗਾਂ ਵਿਚ ਵੰਡਿਆ ਗਿਆ ਹੈ। ਉੱਚੇ (ਸੰਵ੍ਰਿਤ), ਅੱਧ-ਉੱਚੇ (ਅਰਧ ਸੰਵ੍ਰਿਤ), ਅੱਧ ਨੀਵੇਂ (ਅਰਧ ਵਿਵ੍ਰਿਤ), ਨੀਵੇਂ (ਵਿਵ੍ਰਿਤ)।

1) ਉੱਚੇ ਸਵਰ (ਸੰਵ੍ਰਿਤ): ਹਿੰਦੀ ਭਾਸ਼ਾ ਵਿਚ /ई, इ, ऊ, उ/ ਉੱਚੇ ਸਵਰ ਹਨ। ਇਨ੍ਹਾਂ ਸਵਰਾਂ ਦੇ ਉਚਾਰਨ ਵੇਲੇ ਜੀਭ ਦਾ ਜਿਆਦਾ ਭਾਗ ਉਪਰ ਉੱਠਦਾ ਹੈ ਅਤੇ ਪੌਣਧਾਰਾ ਬਿਨ੍ਹਾਂ ਕਿਸੇ ਰੁਕਾਵਟ ਦੇ ਬਾਹਰ ਨਿਕਲਦੀ ਹੈ।

2) ਅੱਧ-ਉੱਚੇ ਸਵਰ (अर्ध संवृत): ਹਿੰਦੀ ਭਾਸ਼ਾ ਦੇ /ए, ओ/ ਇਸ ਵਰਗ ਵਿਚ ਆਉਂਦੇ ਹਨ। ਅਜਿਹੇ ਸਵਰਾਂ ਦੇ ਉਚਾਰਨ ਸਮੇਂ ਜੀਭ ਦਾ ਘੱਟ ਤੋਂ ਘੱਟ ਹਿੱਸਾ ਉਪਰ ਉੱਠਦਾ ਹੈ ਅਤੇ ਪੌਣਧਾਰਾ ਮੂੰਹ-ਪੋਲ ਵਿਚ ਘੱਟ ਸੁੰਗੜਦੀ ਹੈ।

3) ਅੱਧ-ਨੀਵੇਂ ਸਵਰ (अर्ध विवृत): ਹਿੰਦੀ ਵਿਚ /अ, ऐ, औ/ ਅੱਧ-ਨੀਵੇਂ ਸਵਰ ਹਨ। ਇਨ੍ਹਾਂ ਸਵਰਾਂ ਦੇ ਉਚਾਰਨ ਸਮੇਂ ਜੀਭ ਅੱਧ-ਉੱਚੇ ਸਵਰਾਂ ਤੋਂ ਘੱਟ ਉਪਰ ਉੱਠਦੀ ਹੈ ਅਤੇ ਮੂੰਹ-ਪੋਲ ਵਿਚ ਵਾਧੂ ਮਾਰਗ ਖੁੱਲ੍ਹਾ ਰਹਿੰਦਾ ਹੈ।

4) ਨੀਵੇਂ ਸਵਰ (विवृत): /आ/ ਹਿੰਦੀ ਦਾ ਨੀਵਾਂ ਸਵਰ ਹੈ। ਇਨ੍ਹਾਂ ਸਵਰਾਂ ਦੇ ਉਚਾਰਨ ਵੇਲੇ ਜੀਭ ਵਿਚਕਾਰਲੀ ਸਥਿਤੀ ਵਿਚ ਰਹਿੰਦੀ ਹੈ ਅਤੇ ਮੁੱਖ-ਦੁਆਰ ਪੂਰਾ ਖੁੱਲ੍ਹਾ ਰਹਿੰਦਾ ਹੈ।

ਜੀਭ ਦੀ ਸਥਿਤੀ: ਜੀਭ ਦੀ ਸਥਿਤੀ ਦੇ ਆਧਾਰ 'ਤੇ ਹਿੰਦੀ ਸਵਰਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਅਗਲਾ ਸਵਰ (अग्रस्वर), ਵਿਚਕਾਰਲਾ ਸਵਰ (मध्यस्वर), ਅਤੇ ਪਿਛਲਾ ਸਵਰ (पश्चस्वर)।

3) ਅਗਲੇ ਸਵਰ: /इ, ई, ए, ऐ/ ਅਗਲੇ ਸਵਰ ਹਨ। ਇਨ੍ਹਾਂ ਸਵਰਾਂ ਦੇ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਗਤੀਸ਼ੀਲ ਹੁੰਦਾ ਹੈ।

4) ਵਿਚਕਾਰਲੇ ਸਵਰ: /अ/ ਵਿਚਕਾਰਲਾ ਸਵਰ ਹੈ। ਇਨ੍ਹਾਂ ਸਵਰਾਂ ਦੇ ਉਚਾਰਨ ਸਮੇਂ ਜੀਭ ਦਾ ਵਿਚਕਾਰਲਾ ਹਿੱਸਾ ਕਿਰਿਆਸ਼ੀਲ ਹੁੰਦਾ ਹੈ।

5) ਪਿਛਲਾ ਸਵਰ: / ऊ, उ, ओ, औ, आ/ ਪਿਛਲੇ ਸਵਰ ਹਨ। ਅਜਿਹੇ ਸਵਰਾਂ ਦੇ ਉਚਾਰਨ ਸਮੇਂ ਜੀਭ ਦਾ ਪਿਛਲਾ ਭਾਗ ਕ੍ਰਿਆਸ਼ੀਲ ਹੰਦਾ ਹੈ।

ਹੋਠਾਂ ਦੀ ਆਕ੍ਰਿਤੀ: ਹੋਠਾਂ ਦੀ ਆਕ੍ਰਿਤੀ ਦੇ ਆਧਾਰ ਤੇ ਸਵਰਾਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ। ਗੋਲ ਅਤੇ ਅਗੋਲ।

4) ਗੋਲ: /उ, ऊ, ओ, औ/ ਹਿੰਦੀ ਧੁਨੀਵਿਉਂਤ ਵਿਚ ਗੋਲ ਸਵਰ ਹਨ। ਇਨ੍ਹਾਂ ਸਵਰਾਂ ਦੇ ਉਚਾਰਨ ਸਮੇਂ ਹੋਠਾਂ ਦੀ ਸਥਿਤੀ ਗੋਲ ਆਕਾਰ ਗ੍ਰਹਿਣ ਕਰ ਲੈਂਦੀ ਹੈ।

5) ਅਗੋਲ: /अ, आ, इ, ई, ए, ऐ/ ਅਗੋਲ ਸਵਰ ਹਨ। ਅਜਿਹੇ ਸਵਰਾਂ ਨੂੰ ਉਚਾਰਦੇ ਸਮੇਂ ਹੋਂਠ ਗੋਲ ਆਕਾਰ ਨਹੀਂ ਬਣਾਉਂਦੇ।

ਭੋਲਾਨਾਥ ਤਿਵਾਰੀ (ਉਹੀ:130) ਨੇ ਲਿਖਿਆ ਹੈ ਕਿ ਆਧੁਨਿਕ ਕਾਲ ਵਿਚ ਅੰਗਰੇਜ਼ੀ ਭਾਸ਼ਾ ਦੇ ਵੱਧ ਪ੍ਰਚਾਰ ਕਾਰਨ ਇਕ ਨਵੀਂ ਸਵਰ ਧੁਨੀ /ऑ/ ਦਾ ਪ੍ਰਯੋਗ 20ਵੀਂ ਸਦੀ ਦੇ ਪਹਿਲੇ ਭਾਗ ਵਿਚ ਹੋਣ ਲੱਗਾ। ਜਿਵੇਂ ਕਿ ਕੌਲਿਜ, ਔਫਿਸ ਆਦਿ ਸ਼ਬਦਾਂ ਵਿਚ। ਹਿੰਦੀ ਪ੍ਰਦੇਸ਼ ਦੇ ਪੱਛਮੀ ਭਾਗ ਵਿਚ ਕੁੱਝ ਸਾਲਾਂ ਤੋਂ /ऐ, औ/ ਸੰਯੁਕਤ ਸਵਰ, ਮੂਲ ਸਵਰ ਰੂਪ ਵਿਚ /ए, ओ/ ਕ੍ਰਮਵਾਰ ਨੀਵੇਂ ਸਵਰ ਵਜੋਂ ਉਚਰਿਤ ਹੋਣ ਲੱਗ ਪਏ ਹਨ।

ਵਿਅੰਜਨ ਧੁਨੀਆਂ: ਹਿੰਦੀ ਭਾਸ਼ਾ ਵਿਚ 42 ਵਿਅੰਜਨ ਧੁਨੀਆ ਸ਼ਾਮਲ ਹਨ। ਜਿਨ੍ਹਾਂ ਨੂੰ ਹੇਠਾਂ ਦਰਸਾਈ ਤਾਲਿਕਾ ਦੁਆਰਾ ਸਪੱਸ਼ਟ ਕੀਤਾ ਗਿਆ ਹੈ:

ਸਥਾਨ / ਵਿਧੀ	ਦੋ-ਹੋਠੀ	ਦੰਤੀ-ਹਠੀ	ਦੰਤੀ	ਵਰਤਸੀ	ਤਾਲਵੀ	ਉਲਟਜੀਭੀ	ਕੋਮਲ ਤਾਲਵੀ	ਜੀਭਮੂਲਕ	ਸੁਰਯੰਤਰੀ
ਸਪਰਸ਼ੀ	प, फ ब, भ		त, थ द, ध		च, छ ज, झ	ट, ठ ड, ढ	क, ख ग, घ	क़	
ਨਾਸਿਕੀ	म म्ह			न, न्ह	ञ	ण	ङ		
ਪਾਰਸ਼ਵਿਕ				ल ल्ह					
ਲੁੰਠਿਤ				र, रह					
ਸੰਘਰਸ਼ੀ		फ़,		स, ज़	श	ड़,ढ़	ख़, ग़		ह
ਅਰਧ	व				य				

ਸਵਰ									

ਸਪਰਸ਼ ਵਿਅੰਜਨ:

/क, ख, ग, घ/ ਕੋਮਲ ਤਾਲਵੀ ਸਪਰਸ਼ੀ ਵਿਅੰਜਨ ਹਨ। ਇਹਨਾਂ ਦੇ ਉਚਾਰਨ ਸਮੇਂ ਜੀਭ ਦਾ ਪਿਛਲਾ ਭਾਗ, ਕੋਮਲ ਤਾਲੂ ਨਾਲ ਸਪਰਸ਼ ਕਰਦਾ ਹੈ। ਇਸ ਵਰਗ ਵਿਚ /क/ ਅਘੋਸ਼ ਅਲਪਪ੍ਰਾਣ ਅਤੇ /ग/ ਸਘੋਸ਼-ਅਲਪਪ੍ਰਾਣ ਹਨ। /ख/ ਅਘੋਸ਼-ਮਹਾਂਪ੍ਰਾਣ ਅਤੇ /घ/ ਸਘੋਸ਼ ਮਹਾਂਪ੍ਰਾਣ ਧੁਨੀਆਂ ਹਨ। ਇਹ ਸਾਰੀਆਂ ਧੁਨੀਆਂ ਸ਼ਬਦ ਦੇ ਆਰੰਭਿਕ, ਵਿਚਕਾਰਲੀ ਅਤੇ ਅੰਤਲੀ ਸਥਿਤੀ ਵਿਚ ਵਿਚਰਦੀਆਂ ਹਨ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
कार	ककड़ी	नाक
खाल	अख़बार	राख,
गाडी	नगाड़ा	रोग
घर	संघर्ष	बाघ

/क़/ ਇਹ ਵਿਅੰਜਨ ਧੁਨੀ ਅਲਪਪ੍ਰਾਣ ਅਘੋਸ਼ ਜੀਭਮੂਲਕ ਸਪਰਸ਼ ਵਿਅੰਜਨ ਹੈ। ਇਸਦਾ ਉਚਾਰਨ ਜੀਭ ਦੀ ਜੜ੍ਹ ਜਾਂ ਜੀਭਮੂਲ ਨੂੰ ਕੋਮਲ ਤਾਲੂ ਦੇ ਪਿੱਛੇ ਕਾਂ ਦੇ ਨੇੜੇ ਸਪਰਸ਼ ਕਰਕੇ ਹੁੰਦਾ ਹੈ। ਇਸਦੀ ਵਰਤੋਂ ਹਿੰਦੀ ਵਿਚ ਸਿਰਫ਼ ਤੁਰਕੀ, ਅਰਬੀ ਤੇ ਫ਼ਾਰਸ ਸ਼ਿਬਦਾਂ ਵਿਚ ਹੁੰਦੀ ਹੈ। ਭੋਲਾਨਾਥ ਤਿਵਾਰੀ (ਉਹੀ:136) ਅਨੁਸਾਰ ਇਹ ਧੁਨੀ ਮੱਧਯੁੱਗ ਵਿਚ ਫ਼ਾਰਸੀ ਦੇ ਪ੍ਰਭਾਵ ਸਦਕਾ ਗ੍ਰਹਿਣ ਕੀਤੀ ਗਈ ਹੈ। ਆਮ ਬੋਲਚਾਲ ਵਿਚ ਹਿੰਦੀ ਭਾਸ਼ੀ ਇਸ ਦੀ ਥਾਂ /क/ ਧੁਨੀ ਦਾ ਉਚਾਰਨ ਕਰਦੇ ਹਨ। ਇਹ ਵਿਅੰਜਨ ਧੁਨੀ ਸ਼ਬਦ ਦੀ ਆਰੰਭਲੀ, ਵਿਚਕਾਰਲੀ ਅਤੇ ਅੰਤਲੀ ਤਿੰਨਾਂ ਹੀ ਸਥਿਤੀਆਂ ਤੇ ਆਉਂਦਾ ਹੈ।

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
ਕ਼ਾਬਿਲ	शौक़ीन	ताक़

/ਚ, ਛ, ਜ, ਝ/ ਆਦਿ ਧੁਨੀਆਂ ਤਾਲਵੀ, ਸਪਰਸ਼ੀ ਅਤੇ ਸੰਘਰਸ਼ੀ ਵਿਅੰਜਨ ਹਨ। ਇਹਨਾਂ ਦੇ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ, ਦੰਦਾਂ ਦੇ ਪਿਛਲੇ ਹਿੱਸੇ ਨੂੰ ਸਪਰਸ਼ ਕਰਦਾ ਹੈ। ਧੁਨੀਆਂ ਦੀ ਵਰਗ-ਵੰਡ ਦੇ ਆਧਾਰ ’ਤੇ /ਚ, ਛ/ ਅਘੋਸ਼, /ਜ, ਝ / ਸਘੋਸ਼ ਅਤੇ /ਚ, ਜ/ ਅਲਪਪ੍ਰਾਣ, /ਛ, ਝ/ ਮਹਾਂਪ੍ਰਾਣ ਧੁਨੀਆਂ ਹਨ। ਇਹ ਧੁਨੀਆਂ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਵਿਚ ਉਚਾਰੀਆਂ ਜਾਂਦੀਆਂ ਹਨ।

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
चमड़ा	खिचड़ी	सच
छतरी	कछुआ	पूंछ
जयफल	खजूर	राज
झूला	बोझीला	साँझ

/ਟ, ਠ, ਡ, ਢ/ ਧੁਨੀਆਂ ਦਾ ਉਚਾਰਨ ਜੀਭ ਦੇ ਅਗਲੇ ਹਿੱਸੇ ਨੂੰ ਉਲਟਾ ਕੇ ਕਠੋਰ ਤਾਲੂ ਨਾਲ ਸਪਰਸ਼ ਕਰਨ ਦੁਆਰਾ ਹੁੰਦਾ ਹੈ। ਇਹਨਾਂ ਨੂੰ ਹਿੰਦੀ ਵਿਚ ਮੂਰਧਨੀ, ਸਪਰਸ਼ ਵਿਅੰਜਨ ਕਿਹਾ ਜਾਂਦਾ ਹੈ। ਹਿੰਦੀ /ਟ, ਡ/ ਅਲਪਪ੍ਰਾਣ, /ਠ, ਢ/ ਮਹਾਂਪ੍ਰਾਣ ਅਤੇ /ਟ, ਠ/ ਅਘੋਸ਼, /ਡ, ਢ/ ਸਘੋਸ਼ ਧੁਨੀਆਂ ਹਨ। ਇਹ ਵਿਅੰਜਨ ਧੁਨੀਆਂ ਸ਼ਬਦ ਦੀ ਆਰੰਭਲੀ, ਵਿਚਕਾਰਲੀ ਅਤੇ ਅਖੀਰਲੀ ਸਥਿਤੀ ਵਿਚ ਮਿਲਦੀਆਂ ਹਨ।

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
टोली	कटुता	फुट

ठठेरा	कठोर	गांठ,
डमर	सुडोल	खंड
ढक्कन।	मेंढक	बाढ़

/ਤ, ਥ, ਦ, ਧ/ ਦੰਤੀ ਸਪਰਸ਼ੀ ਵਿਅੰਜਨ ਹਨ। ਇਹਨਾਂ ਦੇ ਉਚਾਰਨ ਸਮੇਂ ਜੀਭ ਉਪਰਲੇ ਮਸੂੜਿਆਂ ਨੂੰ ਟਕਰਾਉਂਦੀ ਹੋਈ ਦੰਦਾਂ ਨੂੰ ਹੌਲੀ ਜਿਹੀ ਸਪਰਸ਼ ਕਰਦੀ ਹੈ। ਇਹਨਾਂ ਵਿਅੰਜਨ ਧੁਨੀਆਂ ਵਿਚ /ਤ, ਥ/ ਅਘੋਸ਼, /ਦ, ਧ/ ਸਘੋਸ਼ ਅਤੇ /ਤ, ਦ/ ਅਲਪਪ੍ਰਾਣ, /ਥ, ਧ/ ਮਹਾਂਪ੍ਰਾਣ ਵਿਅੰਜਨ ਧੁਨੀਆਂ ਹਨ। ਇਹ ਸ਼ਬਦ ਦੀਆਂ ਸਾਰੀਆਂ ਸਥਿਤੀਆਂ ਵਿਚ ਉਚਾਰੀਆਂ ਜਾਂਦੀਆਂ ਹਨ।

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
ताजा	बातचीत	गीत
थाली	साथी	हाथ
दाल	वादा	शायद
धैर्य	बधाई	साध

/ਧ, ਫ, ਬ, ਭ/ ਹਿੰਦੀ ਭਾਸ਼ਾ ਦੀਆਂ ਦੋ ਹੋਠੀ ਵਰਗ ਨਾਲ ਸੰਬੰਧਿਤ ਸਪਰਸ਼ੀ ਵਿਅੰਜਨ ਧੁਨੀਆਂ ਹਨ। ਇਹਨਾਂ ਦੇ ਉਚਾਰਨ ਸਮੇਂ ਦੋਵੇਂ ਹੋਂਠ ਆਪਸ ਵਿਚ ਮਿਲ ਜਾਂਦੇ ਹਨ, ਜਿਸ ਕਾਰਨ ਮੂੰਹ ਵਿਚਲੀ ਪੌਣਧਾਰਾ ਨੂੰ ਬਾਹਰ ਆਉਣ 'ਤੇ ਰੋਕ ਪਾਈ ਜਾਂਦੀ ਹੈ ਅਤੇ ਇਕਦਮ ਮੂੰਹ ਵਿਚਲੀ ਹਵਾ ਦਾ ਬਾਹਰ ਨਿਕਲਣ ਤੇ ਵਿਸਫੋਟ ਹੁੰਦਾ ਹੈ। /ਧ, ਫ/ ਅਘੋਸ਼,

/ਬ, ਭ/ ਸਘੋਸ਼ ਅਤੇ /ਧ, ਬ/ ਅਲਪਪ੍ਰਾਣ, /ਫ, ਭ/ ਮਹਾਂਪ੍ਰਾਣ ਧੁਨੀਆਂ ਹਨ। ਇਹ ਧੁਨੀਆਂ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਵਿਚ ਪ੍ਰਾਪਤ ਹੁੰਦੀਆਂ ਹਨ।

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
पान	सपना	जाप
फल	सफलता	साफ
बादल	खबर	शराब
भला	संभाल	जीभ

ਭੋਲਾਨਾਨਾਥ ਤਿਵਾਰੀ (2014:138) ਅਨੁਸਾਰ ਕੁੱਝ ਖੇਤਰਾਂ ਵਿਚ /फ/ ਦਾ ਉਚਾਰਨ ਦੰਤੀ ਸੰਘਰਸ਼ੀ /फ़/ ਹੋਣ ਲੱਗਾ ਹੈ।

ਨਾਸਿਕੀ ਵਿਅੰਜਨ: ਹਿੰਦੀ ਭਾਸ਼ਾ ਦੀਆਂ /ङ, ञ, ण, न, म/ ਧੁਨੀਆਂ ਨਾਸਿਕੀ ਵਿਅੰਜਨ ਧੁਨੀਆਂ ਹਨ। ਉਦੈ ਨਾਰਾਇਣ ਤਿਵਾਰੀ (ਉਹੀ:251) ਦਾ ਕਹਿਣਾ ਹੈ ਕਿ ਪ੍ਰਾਚੀਨ ਭਾਰਤੀ ਆਰੀਆ ਭਾਸ਼ਾ ਦੇ ਅਨੁਨਾਸਿਕ ਵਿਅੰਜਨਾਂ /ञ/, /ण/ ਦੀ ਜਗ੍ਹਾ ਹਿੰਦੀ ਵਿਚ /न/ ਹੀ ਰਹਿ ਗਿਆ।

/ङ/: ਇਹ ਸਘੋਸ਼, ਅਲਪਪ੍ਰਾਣ ਤੇ ਅਨੁਨਾਸਿਕ ਵਿਅੰਜਨ ਧੁਨੀ ਹੈ। ਹਿੰਦੀ ਭਾਸ਼ਾ ਵਿਚ ਇਹ ਵਿਅੰਜਨ ਧੁਨੀ ਸ਼ਬਦ ਦੇ ਆਦਿ ਅਤੇ ਅੰਤ ਵਿਚ ਨਹੀਂ ਮਿਲਦੀ, ਬਲਕਿ ਸ਼ਬਦ ਦੀ ਵਿਚਕਾਰਲੀ ਸਥਿਤੀ ਵਿਚ ਇਸਦਾ ਪ੍ਰਯੋਗ ਮਿਲਦਾ ਹੈ। ਕੁਝ ਅਪਵਾਦਾਂ ਨੂੰ ਛੱਡ ਕੇ /ङ/ ਕੇਵਲ ਸ਼ਬਦ ਦੇ ਵਿਚਕਾਰ /ख, ग, घ/ ਵਿਅੰਜਨਾਂ ਤੋਂ ਪਹਿਲਾਂ ਸੰਯੁਕਤ ਵਿਅੰਜਨ ਦੇ ਰੂਪ ਵਿਚ ਆਉਂਦਾ ਹੈ। ਭੋਜਪੁਰੀ, ਬਜਿੱਕਾ ਆਦਿ ਪੂਰਵੀ ਹਿੰਦੀ ਦੀਆਂ ਉਪਭਾਸ਼ਾਵਾਂ ਵਿਚ ਇਸਦੀ ਵਰਤੋਂ ਹੁੰਦੀ ਹੈ। ਜਿਵੇਂ: ਟਙਹਾਇਲ > ਭੋਜਪੁਰੀ ਅਤੇ ਸੁਙਹਾਏਲ > ਬਜਿੱਕਾ।

/ਞ/: ਇਹ ਅਲਪਪ੍ਰਾਣ, ਸਘੋਸ਼, ਤਾਲਵੀ, ਅਨੁਨਾਸਿਕ ਵਿਅੰਜਨ ਹੈ। ਇਸਦਾ ਉਚਾਰਨ /ਨ/ ਅਤੇ /ਯੱ/ ਵਰਗਾ ਹੁੰਦਾ ਹੈ। ਪ੍ਰਾਣਤਾ ਦੀ ਦ੍ਰਿਸ਼ਟੀ ਤੋਂ ਇਹ ਅਲਪਪ੍ਰਾਣ ਅਤੇ ਘੋਸ਼ਤਾ ਦੀ ਦ੍ਰਿਸ਼ਟੀ ਤੋਂ ਇਹ ਵਿਅੰਜਨ ਸਘੋਸ਼ ਨਾਸਿਕੀ ਧੁਨੀ ਹੈ। ਇਸਦੇ ਉਚਾਰਨ ਸੰਬੰਧੀ ਵੀ ਭਾਸ਼ਾ ਵਿਗਿਆਨੀਆਂ ਵਿਚਕਾਰ ਮੱਤਭੇਦ ਹਨ। ਅਵਧੇਸ਼ਵਰ ਅਰੁਣ (2012:63) ਅਨੁਸਾਰ ਲਿਖਤੀ ਰੂਪ ਵਿਚ ਇਸ ਵਿਅੰਜਨ ਦੀ ਜਗ੍ਹਾ ਤੇ ਅਨੁਸਵਰ ਦੀ ਵਰਤੋਂ ਹੁੰਦੀ ਹੈ। ਇਹ ਸ਼ਬਦ ਦੀ ਵਿਚਕਾਰਲੀ ਸਥਿਤੀ ਵਿਚ ਆਉਂਦਾ ਹੈ। ਜਿਵੇਂ: चंचल।

/ण/: ਇਹ ਅਲਪਪ੍ਰਾਣ, ਉਲਟਜੀਭੀ, ਸਘੋਸ਼, ਨਾਸਕੀ ਵਿਅੰਜਨ ਧੁਨੀ ਹੈ। ਇਸ ਵਿਚ ਜੀਭ ਦੀ ਨੋਕ ਭਾਵ ਅਗਲਾ ਹਿੱਸਾ ਉਲਟ ਕੇ ਸਖ਼ਤ ਤਾਲੂ ਨੂੰ ਸਪਰਸ਼ ਕਰਦਾ ਹੈ। ਦੂਜੀਆ /ਟ/ ਵਰਗ ਵਾਲੀਆਂ ਧੁਨੀਆਂ ਦੀ ਬਜਾਏ /ण/ ਦਾ ਉਚਾਰਨ ਪਿਛਲੇ ਹਿੱਸੇ ਤੋਂ ਹੁੰਦਾ ਹੈ। ਇਹ ਵਿਅੰਜਨ ਸਿਰਫ ਸ਼ਬਦ ਦੇ ਵਿਚਕਾਰ ਅਤੇ ਅੰਤ ਵਿਚ ਆਉਂਦਾ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
	परिणाम	बाण

/ਨ/: ਇਸਦੇ ਉਚਾਰਨ ਸਮੇਂ ਜੀਭ ਦੀ ਨੋਕ ਦੰਦਾਂ ਨੂੰ ਨਾ ਛੂੰਹਦੇ ਹੋਏ ਓਪਰਲੇ ਮਸੂੜਿਆਂ ਨੂੰ ਛੂੰਹਦੀ ਹੈ। ਇਸਨੂੰ ਹਿੰਦੀ ਭਾਸ਼ਾ ਵਿਚ ਵਤਸਰਯ ਕਿਹਾ ਜਾਂਦਾ ਹੈ। ਹਿੰਦੀ ਅਨੁਨਾਸਕਾਂ ਵਿਚ ਇਸਦਾ ਪ੍ਰਯੋਗ ਵੱਧ ਮਾਤਰਾ ਵਿਚ ਮਿਲਦਾ ਹੈ ਅਤੇ ਸ਼ਬਦ ਦੀਆਂ ਸਾਰੀਆਂ ਸਥਿਤੀਆਂ ਵਿਚ ਇਸਦੀ ਵਰਤੋਂ ਹੁੰਦੀ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
नारी	मानक	कान

/ਨ੍ਹ/: ਇਹ ਸਘੋਸ਼, ਮਹਾਂਪ੍ਰਾਣ, ਅਨੁਨਾਸਿਕ ਧੁਨੀ ਹੈ। ਇਹ /ਨ/ ਦਾ ਹੀ ਮਹਾਂਪ੍ਰਾਣ ਰੂਪ ਹੈ। ਹਿੰਦੀ ਭਾਸ਼ਾ ਵਿਚ ਇਹ ਧੁਨੀ ਸ਼ਬਦ ਦੀ ਵਿਚਕਾਰਲੀ ਅਤੇ ਅੰਤਲੀ ਸਥਿਤੀ ਵਿਚ ਆਉਂਦੀ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
नन्हा	उन्हें	चिन्ह

/ਮ/: ਇਹ ਦੋ-ਹੋਠੀ, ਅਲਪਪ੍ਰਾਣ, ਸਘੋਸ਼, ਅਨੁਨਾਸਿਕ ਵਿਅੰਜਨ ਧੁਨੀ ਹੈ। ਇਸਦੇ ਉਚਾਰਨ ਸਮੇਂ ਦੋਵੇਂ ਹੋਂਠ ਬੰਦ ਹੋ ਜਾਂਦੇ ਹਨ ਅਤੇ ਨੱਕ ਰਾਹੀਂ ਨਿਕਲਦੀ ਹਵਾ ਗੂੰਜ ਪੈਦਾ ਕਰਦੀ ਹੈ। /ਨ/ ਵਾਂਗ /ਮ/ ਵੀ ਹਿੰਦੀ ਵਿਚ ਬਹੁਤ ਜਿਆਦਾ ਵਰਤਿਆ ਜਾਣ ਵਾਲਾ ਵਿਅੰਜਨ ਹੈ। ਇਹ ਸ਼ਬਦ ਦੀਆਂ ਸਾਰੀਆਂ ਸਥਿਤੀਆਂ ਵਿਚ ਵਿਚਰਦਾ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
माली	अमीर	काम

/ਮ੍ਹ/: ਇਹ ਮਹਾਂਪ੍ਰਾਣ, ਦੋ-ਹੋਠੀ, ਸਘੋਸ਼, ਅਨੁਨਾਸਿਕ-ਧੁਨੀ ਹੈ। ਇਹ /ਮ/ ਦਾ ਮਹਾਂਪ੍ਰਾਣ ਰੂਪ ਹੈ। ਹਿੰਦੀ ਭਾਸ਼ਾ ਦੀ ਆਮ ਬੋਲਚਾਲ ਵਿਚ ਇਹ ਧੁਨੀ ਸ਼ਬਦ ਦੀ ਵਿਚਕਾਰਲੀ ਅਤੇ ਅੰਤਲੀ ਸਥਿਤੀ ਵਿਚ ਆਉਂਦੀ ਹੈ। ਪ੍ਰੰਤੂ ਹਿੰਦੀ ਦੀਆਂ ਹੋਰਨਾਂ ਬੋਲੀਆਂ ਦੇ ਆਦਿ ਵਿਚ ਵੀ ਪ੍ਰਾਪਤ ਹੁੰਦਾ ਹੈ। ਜਿਵੇਂ ਕਨੌਜੀ ਬੋਲੀ > म्हारो, म्हारा ਆਦਿ।

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
	कुम्हार	ब्रम्ह

ਪਾਰਸ਼ਵਿਕ ਵਿਅੰਜਨ: ਇਸ ਵਿਚ /ਲ, ਲ੍ਹ/ ਧੁਨੀਆਂ ਸ਼ਾਮਿਲ ਹਨ। ਪਾਰਸ਼ਵਿਕ ਧੁਨੀਆਂ ਦੇ ਉਚਾਰਨ ਸਮੇਂ ਜੀਭ ਦੀ ਨੋਕ ਮਸੂੜਿਆਂ ਨਾਲ ਛੂੰਹਦੀ ਹੈ ਅਤੇ ਸਪਰਸ਼ ਕਰਦੇ ਸਮੇਂ ਹਵਾ ਇਕ ਜਾਂ ਦੋਹਾਂ ਪਾਸਿਆਂ ਤੋਂ ਬਾਹਰ ਨਿਕਲਦੀ ਰਹਿੰਦੀ ਹੈ। ਇਹ ਸਪ੍ਰਵਾਹ ਧੁਨੀਆਂ ਹਨ। ਇਸ ਲਈ ਇਹਨਾਂ ਦਾ ਉਚਾਰਨ ਦੇਰ ਤੱਕ ਕੀਤਾ ਜਾ ਸਕਦਾ ਹੈ।

/ਲ/: ਡੱਕਵਾਂ, ਦੰਤੀ, ਸਘੋਸ਼, ਅਲਪਪ੍ਰਾਣ, ਪਾਰਸ਼ਵਿਕ ਵਿਅੰਜਨ ਹੈ। ਇਹ ਸ਼ਬਦ ਦੇ ਆਦਿ, ਮੱਧ ਅਤੇ ਅੰਤਿਮ ਤਿੰਨਾਂ ਸਥਿਤੀਆਂ ਵਿਚ ਹਾਜ਼ਰ ਹੁੰਦਾ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
लाभ	अलग	ढाल

/ल्ह/: ਇਹ ਡੱਕਵਾਂ ਮਹਾਂਪ੍ਰਾਣ, ਸਘੋਸ਼, ਉਲਟ-ਜੀਭੀ, ਪਾਰਸ਼ਵਿਕ ਵਿਅੰਜਨ ਹੈ। ਇਹ ਹਿੰਦੀ ਦੇ ਕੁਝ ਸ਼ਬਦਾਂ ਵਿਚ ਵਿਚਕਾਰਲੀ ਸਥਿਤੀ ਵਿਚ ਹੀ ਵਰਤਿਆ ਜਾਂਦਾ ਹੈ। ਪ੍ਰੰਤੂ ਹਿੰਦੀ ਭਾਸ਼ਾ ਵਿਚ ਸ਼ਬਦ ਦੀ ਆਰੰਭਿਕ ਅਤੇ ਅੰਤਲੀ ਸਥਿਤੀ ਵਿਚ ਕ੍ਰਮਵਾਰ ਕਨੌਜੀ ਬੋਲੀ > ल्होदो, कल्ह, चूल्ह ਵਿਚ ਵੀ ਵਰਤਿਆ ਜਾਂਦਾ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
-	अल्हा	-

4.5.2.4 ਕਾਂਬਵਾਂ (लुंठित) **ਵਿਅੰਜਨ:** ਇਸ ਵਰਗ ਵਿਚ /र/, /रह/ ਵਿਅੰਜਨ ਧੁਨੀਆਂ ਸ਼ਾਮਿਲ ਹਨ। ਇਹਨਾਂ ਦੇ ਉਚਾਰਨ ਸਮੇਂ ਜੀਭ ਉਪਰ ਕਾਂਬਾ ਜਿਹਾ ਪੈਦਾ ਹੁੰਦਾ ਹੈ ਅਤੇ ਇਸਦਾ ਉਚਾਰਨ ਬੁੱਟ ਉਤੇ ਹੁੰਦਾ ਹੈ।

/र/: ਇਸਦੇ ਉਚਾਰਨ ਸਮੇਂ ਜੀਭ ਦੀ ਨੋਕ ਉਪਰਲੇ ਸਖ਼ਤ ਮਸੂੜਿਆਂ ਨਾਲ ਕਈ ਵਾਰ ਟਕਰਾਉਂਦੀ ਹੈ। ਇਹ ਡੱਕਵਾਂ ਲੁੰਠਿਤ, ਸਘੋਸ਼, ਦੰਤੀ, ਅਲਪਪ੍ਰਾਣ ਧੁਨੀ ਹੈ। ਇਹ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਵਿਚ ਮਿਲਦਾ ਹੈ। ਜਿਵੇਂ, (रजाई, पारस, कार) ।

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
रजाई	पारस	कार

/रह/: ਇਹ ਧੁਨੀ /र/ ਦਾ ਮਹਾਂਪ੍ਰਾਣ ਹੈ ਅਤੇ ਹਿੰਦੀ ਦੀਆਂ ਅਧਿਕਤਰ ਬੋਲੀਆਂ ਵਿਚ ਇਸਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ: ਬ੍ਰਿਜ਼ ਭਾਸ਼ਾ > करनाहो (कराहना), ਅਵਧੀ > अरही (अरहर), ਭੋਜਪੁਰੀ> सारही (ਸਲਾਈ) ਆਦਿ।

ਫਟਕਵਾਂ (ਤਕਸ਼ਿਪਤ ਯਾ ਤਾੜਨਜਾਤ) **ਵਿਅੰਜਨ:** ਇਸ ਵਿਚ /ੜ, ਢ਼/ ਵਿਅੰਜਨ ਸ਼ਾਮਿਲ ਹਨ। ਇਹਨਾਂ ਵਿਅੰਜਨ ਧੁਨੀਆਂ ਦੇ ਉਚਾਰਨ ਸਮੇਂ ਜੀਭ ਦੀ ਨੋਕ ਕਠੋਰ ਤਾਲੂ ਨੂੰ ਛੂਹ ਕੇ ਝਟਕੇ ਨਾਲ ਹੇਠਾਂ ਆਉਂਦੀ ਹੈ।

/ੜ/: ਮੂਰਧਨੀ, ਸਘੋਸ਼, ਫਟਕਵਾਂ (Flapped) ਅਲਪਪ੍ਰਾਣ ਵਿਅੰਜਨ ਹੈ। ਇਹ ਸ਼ਬਦ ਦੀ ਵਿਚਕਾਰਲੀ ਅਤੇ ਅੰਤ ਸਥਿਤੀ ਵਿਚ ਆਉਂਦੀ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
–	ਸਾੜੀ	ਪਹਾੜ

/ਢ਼/: ਇਹ ਮੂਰਧਨੀ, ਫਟਕਵਾਂ, ਸਘੋਸ਼, ਮਹਾਂਪ੍ਰਾਣ ਧੁਨੀ ਹੈ। ਇਹ /ੜ/ ਦਾ ਮਹਾਂਪ੍ਰਾਣ ਹੈ। ਇਹ ਸ਼ਬਦ ਦੇ ਵਿਚਕਾਰ ਅਤੇ ਅੰਤ ਵਿਚ ਆਉਂਦਾ ਹੈ।

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
-	ਗੜ੍ਹਨਾ	ਬਾੜ੍ਹ

ਸੰਘਰਸ਼ੀ ਵਿਅੰਜਨ: ਹਿੰਦੀ ਭਾਸ਼ਾ ਵਿਚ ਸੰਘਰਸ਼ੀ ਵਿਅੰਜਨ ਧੁਨੀਆਂ ਦੇ ਅੰਤਰਗਤ /ਫ਼, ਜ਼, ਸ, ਖ਼, ਗ਼, ਸ਼, ਹ/ ਧੁਨੀਆਂ ਆਉਂਦੀਆਂ ਹਨ। ਇਹਨਾਂ ਦੇ ਉਚਾਰਨ ਸਮੇਂ ਦੋ ਉਚਾਰਨ ਅੰਗ ਇਕ- ਦੂਜੇ ਦੇ ਇੰਨੇ ਨਜ਼ਦੀਕ ਚਲੇ ਜਾਂਦੇ ਹਨ ਕਿ ਉਹਨਾਂ ਵਿਚੋਂ ਦੀ ਨਿਕਲਣ ਵਾਲੀ ਹਵਾ ਸੰਘਰਸ਼ ਕਰਦੇ ਹੋਈ ਬਾਹਰ ਨਿਕਲਦੀ ਹੈ।

/ਫ਼/: ਇਹ ਧੁਨੀ ਦੰਤੀ-ਹੋਠੀ ਧੁਨੀ ਹੈ। ਇਸਦਾ ਉਚਾਰਨ ਵਤਲੇ ਦੇ ਬੁੱਲ ਦਾ ਉਪੱਰਲੇ ਦੰਦਾਂ ਦੀ ਪੰਕਤੀ ਦੇ ਇੰਨਾ ਨਜ਼ਦੀਕ ਜਾ ਕੇ ਕੀਤਾ ਜਾਂਦਾ ਹੈ ਕਿ ਹਵਾ ਸੰਘਰਸ਼ ਕਰਦੀ ਹੋਈ ਬਾਹਰ ਨਿਕਲਦੀ ਹੈ। ਹਿੰਦੀ ਭਾਸ਼ੀ ਲੋਕ ਇਸਦੀ ਜਗ੍ਹਾ ਤੇ /ਫ/ ਧੁਨੀ ਦਾ ਉਚਾਰਨ ਕਰਦੇ ਹਨ। ਇਕ-ਦੋ ਸ਼ਬਦਾਂ ਨੂੰ ਛੱਡ ਕੇ ਇਹ ਧੁਨੀ ਫ਼ਾਰਸੀ ਅਤੇ ਅੰਗਰੇਜ਼ੀ ਦੇ ਸ਼ਬਦਾਂ ਵਿਚ ਆਉਂਦੀ ਹੈ। ਇਸ ਦਾ ਉਚਾਰਨ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਕੀਤਾ ਜਾਂਦਾ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
ਫ਼ਾਯਦਾ	ਸਫ਼ਰ	ਸਾਫ਼

/ਜ਼/: ਇਹ ਧੁਨੀ ਸਘੋਸ਼ ਅਤੇ ਸੰਘਰਸ਼ੀ ਹੈ। ਇਹ /ਸ/ ਧੁਨੀ ਦਾ ਸਘੋਸ਼ ਰੂਪ ਹੈ। ਇਸਦਾ ਸੰਘਰਸ਼ੀ ਖੇਤਰ /ਸ/ ਧੁਨੀ ਦੇ ਖੇਤਰ ਤੋਂ ਕੁੱਝ ਪਹਿਲਾਂ ਹੁੰਦਾ ਹੈ। ਇਹ ਸ਼ਬਦ ਦੀ ਆਦਿ, ਵਿਚਕਾਰ ਅਤੇ ਅੰਤਲੀ ਸਥਿਤੀ ਤੇ ਉਚਾਰੀ ਜਾਂਦੀ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
ਜ਼ਰਾ	ਸਜ਼ਾ	ਰਾਜ਼

/ਖ਼/: ਇਹ ਅਘੋਸ਼ ਸੰਘਰਸ਼ੀ ਹੈ। ਇਸ ਦੇ ਉਚਾਰਨ ਵੇਲੇ ਜੀਭ ਦਾ ਪਿਛਲਾ ਭਾਗ ਕੋਮਲ ਤਾਲੂ ਦੇ ਨੇੜੇ ਜਾ ਕੇ ਕੀਤਾ ਜਾਂਦਾ ਹੈ। ਇਸ ਦੀ ਜਗ੍ਹਾ ਤੇ ਹਿੰਦੀ ਭਾਸ਼ੀ /ਖ/ ਧੁਨੀ ਦਾ ਉਚਾਰਨ ਕਰਦੇ ਹਨ। ਇਸਦੀ ਵਰਤੋਂ ਤੁਰਕੀ-ਫ਼ਾਰਸੀ ਸ਼ਬਦਾਂ ਵਿਚ ਕੀਤੀ ਜਾਂਦੀ ਹੈ। ਇਹ ਧੁਨੀ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਉਚਾਰੀ ਜਾਂਦੀ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
ख़ैर	अख़बार	शाख़

/ਗ਼/: ਇਹ ਸਘੋਸ਼, ਸੰਘਰਸ਼ੀ ਹੈ। ਇਹ /ਗ/ ਧੁਨੀ ਦਾ ਸਘੋਸ਼ ਰੂਪ ਹੈ। ਇਸ ਦੀ ਵਰਤੋਂ ਵੀ ਸਿਰਫ ਤੁਰਕੀ-ਫ਼ਾਰਸੀ ਸ਼ਬਦਾਂ ਵਿਚ ਕੀਤੀ ਜਾਂਦੀ ਹੈ। ਇਹ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਉਚਾਰੀ ਜਾਂਦੀ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
ग़ायब	अफ़ग़ान	चिराग़।

/ਸ/: ਇਹ ਤਾਲਵੀ ਧੁਨੀ ਹੈ। /ਸ/ ਧੁਨੀ ਸ਼ਬਦ ਦੇ ਆਦਿ, ਵਿਚਕਾਰ ਅਤੇ ਅੰਤ ਤਿੰਨਾਂ ਸਥਿਤੀਆਂ ਵਿਚ ਪ੍ਰਾਪਤ ਹੁੰਦੀ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
साल	असर	औंस

/श/ (ष)/: ਇਹ ਅਘੋਸ਼, ਤਾਲਵੀ, ਸੰਘਰਸ਼ੀ ਧੁਨੀ ਹੈ। ਇਹ ਸ਼ਬਦ ਦੇ ਆਦਿ ਵਿਚਕਾਰ, ਅਤੇ ਅੰਤ ਤਿੰਨਾਂ ਸਥਿਤੀਆਂ ਵਿਚ ਆਉਂਦੀ ਹੈ। ਲਿਖਣ ਸਮੇਂ ਅਨੇਕ ਸ਼ਬਦਾਂ ਵਿਚ /ष/ (शेष, भाषा, ऋषि) ਆਉਂਦਾ ਹੈ ਪਰ ਇਸਦਾ ਉਚਾਰਨ /श/ ਹੀ ਹੁੰਦਾ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
शायद	मशीन	खुश

/ह/: ਇਸਨੂੰ ਸਵਰ-ਯੰਤ੍ਰਮੁਖੀ (Laryngeal or Glottal) ਧੁਨੀ ਕਿਹਾ ਜਾਂਦਾ ਹੈ। ਇਹ ਸਵਰ-ਯੰਤ੍ਰ-ਸਥਾਨਿਕ, ਸੰਘਰਸ਼ੀ ਧੁਨੀ ਹੈ। ਬਾਕੀ ਸੰਘਰਸ਼ੀ ਧੁਨੀਆਂ ਦੇ ਮੁਕਾਬਲੇ /ਹ/ ਧੁਨੀ ਘੱਟ ਸੰਘਰਸ਼ੀ ਹੈ। "ਅਰਬੀ ਦਾ 'ਹਮਜਾ' ਸਵਰ-ਯੰਤ੍ਰ-ਮੁਖੀ ਸਪਰਸ਼ੀ (Glottal Stop) ਹੈ। ਉਤਰੀ ਜਰਮਨ ਅਤੇ ਕੁਝ ਹੋਰ ਭਾਸ਼ਾਵਾਂ ਵਿਚ ਵੀ ਇਸਦਾ ਉਚਾਰਨ ਮਿਲਦਾ ਹੈ।

ਸੰਸਕ੍ਰਿਤ ਭਾਸ਼ਾ ਵਿਚ /ह/ ਅਘੋਸ਼ ਸੀ ਪਰੰਤੂ ਹਿੰਦੀ ਵਿਚ ਇਹ ਸਘੋਸ਼ ਹੈ। /ह/ ਧੁਨੀ ਦੇ ਉਚਾਰਨ ਸਮੇਂ ਜੀਭ ਤਾਲੂ ਅਤੇ ਬੁੱਲਾਂ ਦੀ ਸਹਾਇਤਾ ਬਿਲਕੁਲ ਨਹੀਂ ਲਈ ਜਾਂਦੀ। ਅੰਦਰਲੀ ਹਵਾ ਨੂੰ ਮੂੰਹ ਦੁਆਰਾ ਬਾਹਰ ਕੱਢਦੇ ਹੋਏ 'ਮੁਖ-ਦੁਆਰ' ਖੁੱਲਾ ਰੱਖਦੇ ਹੋਏ ਸਵਰ-ਯੰਤ੍ਰ ਦੇ ਮੁੱਖ ਉਤੇ ਸੰਘਰਸ਼ ਪੈਦਾ ਕਰਕੇ ਇਸ ਦਾ ਉਚਾਰਨ ਕੀਤਾ ਜਾਂਦਾ ਹੈ। ਇਹ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਵਿਚ ਪ੍ਰਾਪਤ ਹੁੰਦਾ ਹੈ। ਸ਼ਬਦ ਦੀ ਆਦਿ ਸਥਿਤੀ (हमारा), ਵਿਚਕਾਰਲੀ ਸਥਿਤੀ (सहारा) ਅਤੇ ਅੰਤਲੀ ਸਥਿਤੀ (बाहर) ਆਦਿ।

ਅਰਧ-ਸਵਰ (संघर्षहीन) **ਵਿਅੰਜਨ**: /य/, /व/ ਦੋਵੇਂ ਹੀ ਅਰਧ-ਸਵਰ ਹਨ। ਇਹਨਾਂ ਦੇ ਉਚਾਰਨ ਸਮੇਂ ਹਵਾ ਦਾ ਪ੍ਰਵਾਹ ਤਾਂ ਚੱਲਦਾ ਹੈ ਪਰ ਸੰਘਰਸ਼ ਪੈਦਾ ਨਹੀਂ ਹੁੰਦਾ। ਇਹ ਸਵਰ ਅਤੇ ਵਿਅੰਜਨ ਦੇ ਵਿਚਕਾਰ ਵਾਲੀ ਸਥਿਤੀ ਨਾਲ ਸੰਬੰਧਿਤ ਹਨ। ਜਿਸ ਕਾਰਨ ਇਹਨਾਂ ਨੂੰ ਅਰਧ-ਸਵਰ ਕਿਹਾ ਜਾਂਦਾ ਹੈ। /य/ ਦਾ ਉਚਾਰਨ ਜੀਭ ਦੇ ਅਗਲੇ ਭਾਗ ਨੂੰ ਕਠੋਰ ਤਾਲੂ ਕੋਲ ਲਿਜਾ ਕੇ ਹੁੰਦਾ ਹੈ। /च/ ਵਰਗ ਵਾਲੀਆਂ ਧੁਨੀਆਂ ਵਾਂਗ ਇਸਦੇ ਉਚਾਰਨ ਸਮੇਂ ਵੀ ਜੀਭ ਚੰਗੀ ਤਰ੍ਹਾਂ ਕਠੋਰ ਤਾਲੂ ਨੂੰ ਸਪਰਸ਼ ਕਰਦੀ ਹੈ। ਹਿੰਦੀ ਦੀਆਂ ਉਪ-ਭਾਸ਼ਾਵਾਂ ਵਿਚ ਸ਼ਬਦਾਂ ਦੇ ਆਰੰਭ ਵਾਲੀ ਸਥਿਤੀ ਵਿਚ /य/ ਦੇ ਸਥਾਨ ਉੱਤੇ /ज/ ਉਚਾਰਿਆ ਜਾਂਦਾ ਹੈ। ਇਹ ਸ਼ਬਦ ਦੀਆਂ ਸਾਰੀਆਂ ਸਥਿਤੀਆਂ ਵਿਚ ਪ੍ਰਾਪਤ ਹੁੰਦਾ ਹੈ। ਜਿਵੇਂ:

ਆਰੰਭਿਕ ਸਥਿਤੀ	ਵਿਚਕਾਰਲੀ ਸਥਿਤੀ	ਅੰਤਲੀ ਸਥਿਤੀ
यजमान	कायर	राय

ਇਸ ਤਰ੍ਹਾਂ ਸਪੱਸ਼ਟ ਹੈ ਕਿ /ष/ ਧੁਨੀ ਦਾ ਕੇਵਲ ਲਿਖਤੀ ਰੂਪ ਕਾਇਮ ਹੈ। ਇਸਦੀ ਜਗ੍ਹਾ ਤੇ /श/ ਧੁਨੀ ਉਚਾਰੀ ਜਾਂਦੀ ਹੈ। /ण/ ਧੁਨੀ ਦਾ ਉਚਾਰਨ ਕੁੱਝ ਖੇਤਰਾਂ ਵਿਚ ਬਹੁਤਾ /ड़ँ/ ਦੇ ਸਮਾਨ ਹੋਣ ਲੱਗ ਪਿਆ ਹੈ। /ञ/ ਧੁਨੀ ਦੀ ਜਗ੍ਹਾ ਤੇ ਹਿੰਦੀ ਭਾਸ਼ਾ ਵਿਚ /न/ ਧੁਨੀ ਉਚਾਰੀ ਜਾਂਦੀ ਹੈ। ਭੋਜਪੁਰੀ ਅਤੇ ਮਗਹੀ ਆਦਿ ਖੇਤਰਾਂ ਵਿਚ /ङ/ ਦਾ ਮਹਾਪ੍ਰਾਣ /ह/ ਪ੍ਰਤੀਤ ਹੋਣ ਲੱਗ ਪਿਆ ਹੈ।

3.3.2 ਅਖੰਡੀ ਧੁਨੀਵਿਉਂਤ: ਹਿੰਦੀ ਭਾਸ਼ਾ ਦੀ ਅਖੰਡੀ ਧੁਨੀਵਿਉਂਤ ਵਿਚ ਨਾਸਿਕਤਾ (अनुनासिकता), ਬਲ (ਬਲਾਘਾਤ) ਅਤੇ ਸੰਗਮ (ਸੰਗਮ) ਆਦਿ ਅਖੰਡੀ ਧੁਨੀਆਂ ਦੀ ਪਛਾਣ ਕੀਤੀ ਗਈ ਹੈ।

ਨਾਸਿਕਤਾ (अनुनासिकता**):** ਤੇਜ ਕ੍ਰਿਸ਼ਨ ਭਾਟੀਆ (2002:111) ਅਨੁਸਾਰ ਹਿੰਦੀ ਭਾਸ਼ਾ ਵਿਚ ਨਾਸਿਕਤਾ ਦਾ ਵਿਕਾਸ ਦੋ ਸਰੋਤਾਂ ਤੋਂ ਹੋਇਆ ਹੈ। ਪਹਿਲੀ ਪ੍ਰਕਾਰ ਦੀ ਨਾਸਿਕਤਾ ਦਾ ਵਿਕਾਸ ਨਾਸਿਕੀ ਵਿਅੰਜਨਾਂ ਦੇ ਲੋਪ ਅਤੇ ਸਵਰਾਂ ਦੇ ਦੀਰਘੀਕਰਨ (Compensatory Vowel Lengthening) ਰਾਹੀਂ ਹੋਇਆ। ਜਿਵੇਂ: सं.> जंघ**>** हि. जाँघ**,** अंचल **>** आँचल, दंत > दाँत , पंच > पाँच, चंद्र > चाँद, कंप > काँप ਆਦਿ। ਦੂਜੀ ਪ੍ਰਕਾਰ ਦੀ ਨਾਸਕਿਤਾ ਜਿਸਨੂੰ

'Spontaneous Nasalization' ਕਿਹਾ ਜਾਂਦਾ ਹੈ, ਇਹ ਨਾਸਿਕਤਾ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ ਕਾਲ ਦੇ ਬਾਅਦ ਅਕਾਰਨ ਹੀ ਵਿਕਸਿਤ ਹੋ ਗਈ। ਜਿਵੇਂ: सं. पाद > पाँव , भ्रू > भौं, सं. सर्प > हि. साँप, अक्षि > अकिख > आँख, शवास > साँस, उच्च > ऊँचा"। ਹਿੰਦੀ ਭਾਸ਼ਾ ਵਿਚ ਸਵਰਾਂ ਦੇ 9 ਨਾਸਿਕੀ ਰੂਪ ਪ੍ਰਾਪਤ ਹੁੰਦੇ ਹਨ। ਇਨ੍ਹਾਂ ਵਿਚੋਂ 7 ਦੀਰਘ ਸਵਰ /आँ, ईं, ऊँ, एँ, ऐं, ओं, औं/ ਅਤੇ 2 ਲਘੂ ਸਵਰ /अँ, उँ/ ਹਨ। ਹਿੰਦੀ ਭਾਸ਼ਾ ਵਿਚ ਕਈ ਅਜਿਹੇ ਉਦਾਹਰਨ ਮਿਲਦੇ ਹਨ ਜਿਨ੍ਹਾਂ ਵਿਚ ਸਵਰ+ ਨਾਸਿਕੀ ਵਿਅੰਜਨ ਤਾਂ ਹੈ ਪਰ ਨਾਸਿਕੀ + ਸਵਰ ਰੂਪ ਨਹੀਂ ਬਣਦਾ। ਜਿਵੇਂ; मानव, दानव मानस, क़ीमत, कान्ता, शान्त, जानकी ਆਦਿ। ਦੂਸਰੇ ਪਾਸੇ ਕੁੱਝ ਅਜਿਹੇ ਵੀ ਉਦਾਹਰਨ ਹਨ। ਜਿਨ੍ਹਾਂ ਵਿਚ ਨਾਸਿਕੀ ਸਵਰ ਤਾਂ ਮੌਜੂਦ ਹੁੰਦਾ ਹੈ ਪਰ ਉਸਦੇ ਆਧਾਰ ਰੂਪ ਵਿਚ ਸਵਰ+ਨਾਸਿਕੀ ਵਿਅੰਜਨ ਦਾ ਪ੍ਰਮਾਣ ਨਹੀਂ ਮਿਲਦਾ। ਜਿਵੇਂ साँप, आँख, आँसू, पाँव, मैं, हाँ ਆਦਿ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਹਿੰਦੀ ਭਾਸ਼ਾ ਵਿਚ ਕੁੱਝ ਸਥਿਤੀਆਂ ਵਿਚ ਨਾਸਿਕੀ ਦੀਰਘ ਸਵਰ ਦਾ ਆਉਣਾ ਮੌਖਿਕ ਸਵਰ+ਨਾਸਕੀ ਵਿਅੰਜਨ ਦੇ ਅਨੁਕਰਨ ਨਾਲ ਹੋਇਆ ਅਤੇ ਕੁੱਝ ਸਥਿਤੀਆਂ ਵਿਚ ਨਾਸਿਕੀ ਲਘੂ ਸਵਰ ਦੀ ਵਿਉਂਤਪਤੀ ਨਾਸਿਕੀ ਦੀਰਘ ਸਵਰ ਤੋਂ ਹੋਈ ਹੈ।

ਬਲ (बलाघात)**:** ਸ਼ਬਦ ਵਿਚ ਇਕ ਧੁਨੀ ਤੇ ਦਬਾ ਵੱਧ ਦਿੱਤਾ ਜਾਂਦਾ ਹੈ ਅਤੇ ਦੂਜੀ ਧੁਨੀ ਤੇ ਘੱਟ ਤਾਂ ਉਚਾਰਨ ਦੇ ਇਸ ਦਬਾ ਨੂੰ ਬਲ ਕਹਿੰਦੇ ਹਨ। ਜਦੋਂ ਕਿਸੇ ਇਕ ਉਚਾਰਖੰਡ ਵਿਚ ਇਕ ਤੋਂ ਵੱਧ ਧੁਨੀਆਂ ਹੋਣ ਤਾਂ ਉਨ੍ਹਾਂ ਧੁਨੀਆਂ ਵਿਚ ਇਕ ਧੁਨੀ ਬਲ-ਯੁਕਤ ਹੁੰਦੀ ਹੈ ਅਤੇ ਦੂਜੀਆਂ ਬਲ-ਮੁਕਤ। ਉਦਾਹਰਨ ਲਈ ਹਿੰਦੀ ਭਾਸ਼ਾ ਦੇ ਸ਼ਬਦ 'घास' ਵਿਚ ਇਕ ਹੀ ਉਚਾਰਖੰਡ ਹੈ, ਜਿਸ ਵਿਚ ਤਿੰਨ ਧੁਨੀਆਂ /घ+ आ+ स/ ਹਨ। ਇਨ੍ਹਾਂ ਤਿੰਨਾਂ ਵਿਚ /आ/ ਬਲ-ਯੁਕਤ ਹੈ। ਭਾਵ ਇਹ ਕਿ 'घास' ਸ਼ਬਦ ਦੇ /आ/ ਤੇ ਵੱਧ ਦਬਾ ਹੈ। ਇਸੇ ਤਰ੍ਹਾਂ ਹਿੰਦੀ ਦੇ 'आस' ਦਾ /आ/, 'तीर' ਦਾ /ई/, 'एक' ਦਾ /ए/ ਅਤੇ 'कि' ਦਾ /इ/ ਵੀ ਬਲ-ਯੁਕਤ ਹਨ। ਉਚਾਰਖੰਡ ਵਿਚ ਕਿਸੇ ਇਕ ਧੁਨੀ ਤੇ ਪੈਣ ਵਾਲੇ ਇਸ ਤਰ੍ਹਾਂ ਦੇ ਬਲ ਨੂੰ 'ਧੁਨੀਆਤਮਕ ਬਲ' ਕਹਿੰਦੇ ਹਨ। ਉਚਾਰਖੰਡ ਵਿਚ ਸਿਖ਼ਰ ਤੇ ਧੁਨੀਆਤਮਕ ਬਲ ਹੁੰਦਾ ਹੈ। ਉਪਰੋਕਤ ਉਦਾਹਰਨਾਂ ਵਿਚ /आ, ई, ए, इ/ ਸਿਖ਼ਰ ਹਨ। ਹਿੰਦੀ ਭਾਸ਼ਾ ਵਿਚ ਉਚਾਰਖੰਡ ਵਿਚ ਸਿਖ਼ਰ ਸਵਰ ਹੀ ਹੁੰਦਾ ਹੈ।

ਇਸ ਲਈ ਹਿੰਦੀ ਵਿਚ ਧੁਨੀਆਤਮਕ ਬਲ ਹਮੇਸ਼ਾ ਸਵਰ ਤੇ ਹੀ ਹੁੰਦਾ ਹੈ। ਇਸ ਤਰ੍ਹਾਂ ਹਿੰਦੀ ਭਾਸ਼ਾ ਵਿਚ ਬਲ ਅਨੁਮਾਨ ਲਗਾਉਣ ਯੋਗ (predictable) ਹੈ। ਭੋਲਾਨਾਥ ਤਿਵਾਰੀ (ਉਹੀ:160) ਨੇ ਲਿਖਿਆ ਹੈ ਕਿ ਹਿੰਦੀ ਵਿਚ ਧੁਨੀ ਅਤੇ ਉਚਾਰਖੰਡ-ਬਲ ਦਾ ਸੰਬੰਧ ਹਮੇਸ਼ਾ ਅਰਥ ਨਾਲ ਨਹੀਂ ਹੁੰਦਾ। ਇਨ੍ਹਾਂ ਦੀ ਸਾਰਥਿਕਤਾ ਸਿਰਫ ਇੰਨੀ ਹੈ ਕਿ ਇਨ੍ਹਾਂ ’ਤੇ ਹਿੰਦੀ ਦਾ ਧੁਨੀਆਤਮਕ ਵਹਾਅ (ਪ੍ਰਵਾਹ) ਨਿਰਭਰ ਕਰਦਾ ਹੈ। ਗਲਤ ਉਚਾਰਖੰਡ ਤੇ ਬਲ, ਹਿੰਦੀ ਸ਼ਬਦ ਨੂੰ ਉਚਾਰਨ ਦੀ ਦ੍ਰਿਸ਼ਟੀ ਤੋਂ ਅਸਾਧਾਰਨ ਬਣਾ ਦਿੰਦਾ ਹੈ। ਇਸ ਲਈ ਸਹਿਜ ਵਹਾਅ ਨਾਲ ਬੋਲਣ ਲਈ ਇਹ ਜ਼ਰੂਰੀ ਹੈ ਕਿ ਹਿੰਦੀ ਵਿਚ ਧੁਨੀ ਅਤੇ ਉਚਾਰਖੰਡ-ਬਲ ਦਾ ਗਿਆਨ ਬੁਲਾਰੇ ਨੂੰ ਹੋਵੇ।

ਹਿੰਦੀ ਵਿਚ ਬਲ, ਉਚਾਰਖੰਡ-ਵੰਡ ਅਤੇ ਉਚਾਰਖੰਡ ਦੀ ਲਘੂਤਾ ਤੇ ਦੀਰਘਤਾ ਨਾਲ ਸੰਬੰਧਿਤ ਹੈ। ਹਿੰਦੀ ਉਚਾਰਖੰਡ, ਲਘੂਤਾ ਤੇ ਦੀਰਘਤਾ ਦੀ ਦ੍ਰਿਸ਼ਟੀ ਤੋਂ ਚਾਰ ਤਰ੍ਹਾਂ ਦਾ ਹੁੰਦਾ ਹੈ।

1.ਲਘੂ: ਇਸ ਵਿਚ ਸਿਰਫ ਲਘੂ ਸਵਰ ਹੀ ਹੁੰਦਾ ਹੈ। ਇਸ ਤੋਂ ਪਹਿਲਾਂ ਇਕ ਜਾਂ ਵੱਧ ਵਿਅੰਜਨ ਆ ਵੀ ਸਕਦੇ ਹਨ ਅਤੇ ਨਹੀਂ ਵੀ। ਜਿਵੇਂ: ‘इसी’ ਵਿਚ /इ/ ਸਿਰਫ ਲਘੂ ਸਵਰ, ‘किस’ ਵਿਚ /कि/ ਵਿਅੰਜਨ+ ਲਘੂ ਸਵਰ, ‘किया’ ਵਿਚ /कि/ ਵਿਅੰਜਨ+ ਵਿਅੰਜਨ+ ਲਘੂ ਸਵਰ ਹੈ।

2.ਵਿਚਕਾਰ: ਹਿੰਦੀ ਵਿਚ ਵਿਚਕਾਰਲਾ ਬਲ ਦੋ ਤਰ੍ਹਾਂ ਦਾ ਹੁੰਦਾ ਹੈ।

-ਇਸ ਸ਼੍ਰੇਣੀ ਵਿਚ ਇਕ ਲਘੂ ਸਵਰ ਹੁੰਦਾ ਹੈ ਤੇ ਉਸਦੇ ਬਾਅਦ ਵਿਚ ਇਕ ਵਿਅੰਜਨ ਵੀ ਹੋਵੇ। ਸਵਰ ਦੇ ਪਹਿਲਾਂ ਇਕ ਜਾਂ ਵੱਧ ਵਿਅੰਜਨ ਆ ਵੀ ਸਕਦੇ ਹਨ ਆ ਨਹੀਂ ਵੀ। ਜਿਵੇਂ: ‘उसका’ ਵਿਚ उस (ਲਘੂ+ਵਿਅੰਜਨ), ‘किसका’ ਵਿਚ किस (ਵਿਅੰਜਨ+ਲਘੂ+ਵਿਅੰਜਨ) ‘सर्वप्रियता’ ਵਿਚ प्रिय (ਵਿਅੰਜਨ+ਵਿਅੰਜਨ+ਲਘੂ+ ਵਿਅੰਜਨ) ਆਦਿ।

-ਦੂਜੀ ਸ਼੍ਰੇਣੀ ਵਿਚ ਸਿਰਫ ਦੀਰਘ ਸਵਰ ਹੁੰਦਾ ਹੈ। ਇਸ ਤੋਂ ਪਹਿਲਾਂ ਇਕ ਜਾਂ ਇਕ ਤੋਂ ਵੱਧ ਵਿਅੰਜਨ ਆ ਵੀ ਸਕਦੇ ਹਨ ਅਤੇ ਨਹੀਂ ਵੀ। ਜਿਵੇਂ: ‘ऐतिहासिक’ ਵਿਚ ऐ (ਦੀਰਘ ਸਵਰ), ‘कहा’ ਵਿਚ हा (ਵਿਅੰਜਨ+ਦੀਰਘ ਸਵਰ), ‘व्यापारी’ ਵਿਚ व्या (ਵਿਅੰਜਨ+ਵਿਅੰਜਨ+ਦੀਰਘ ਸਵਰ) ਹੈ।

3.ਦੀਰਘ: ਇਸ ਵਿਚ ਵੀ ਦੋ ਤਰ੍ਹਾਂ ਦਾ ਉਚਾਰਖੰਡ ਹੁੰਦਾ ਹੈ।

-ਇਸ ਵਿਚ ਲਘੂ ਸਵਰ ਹੁੰਦਾ ਹੈ ਅਤੇ ਉਸਦੇ ਬਾਅਦ ਸੰਯੁਕਤ ਜਾਂ ਦੀਰਘ (ਦੁੱਤ) ਵਿਅੰਜਨ ਵੀ ਹੁੰਦਾ ਹੈ। ਲਘੂ ਸਵਰ ਤੋਂ ਪਹਿਲਾਂ ਵਿਅੰਜਨ ਆ ਵੀ ਸਕਦਾ ਹੈ ਅਤੇ ਨਹੀਂ ਵੀ। ਜਿਵੇਂ: 'अर्थयुक्त' ਵਿਚ 'अर्थ' (ਲਘੂ ਸਵਰ+ਵਿਅੰਜਨ+ਵਿਅੰਜਨ) ਅਤੇ 'युक्त' (ਵਿਅੰਜਨ+ਲਘੂ ਸਵਰ+ਵਿਅੰਜਨ+ਵਿਅੰਜਨ) ਆਦਿ।

-ਇਸ ਵਿਚ ਦੀਰਘ ਸਵਰ ਹੁੰਦਾ ਹੈ ਅਤੇ ਇਸ ਦੇ ਬਾਅਦ ਮੂਲ ਵਿਅੰਜਨ ਵੀ ਮੌਜੂਦ ਹੁੰਦਾ ਹੈ। ਜਿਵੇਂ: 'राजधानी' ਵਿਚ राज (ਵਿਅੰਜਨ+ਦੀਰਘ ਸਵਰ+ਵਿਅੰਜਨ), 'त्यागपूर्ण' ਵਿਚ त्याग (ਵਿਅੰਜਨ+ ਵਿਅੰਜਨ+ਦੀਰਘ ਸਵਰ+ਵਿਅੰਜਨ) ਆਦਿ।

4.ਅਤਿਦੀਰਘ: ਇਸ ਵਿਚ ਦੀਰਘ ਸਵਰ ਅਤੇ ਉਸ ਦੇ ਬਾਅਦ ਸੰਯੁਕਤ ਵਿਅੰਜਨ ਜਾ ਦੁੱਤ ਵਿਅੰਜਨ ਆਉਂਦੇ ਹਨ। ਸਵਰ ਤੋਂ ਪਹਿਲਾਂ ਵਿਅੰਜਨ ਆ ਵੀ ਸਕਦਾ ਹੈ ਅਤੇ ਨਹੀਂ ਵੀ। ਜਿਵੇਂ: 'आस्' ਵਿਚ ਦੀਰਘ ਸਵਰ+ਵਿਅੰਜਨ+ਵਿਅੰਜਨ, 'स्वास्थ्य' ਵਿਚ ਵਿਅੰਜਨ+ਵਿਅੰਜਨ+ਦੀਰਘ ਸਵਰ+ਵਿਅੰਜਨ+ਵਿਅੰਜਨ ਆਦਿ।

ਸੰਗਮ (ਸੰਹਿਤਾ): ਭੋਲਾਨਾਥ ਤਿਵਾਰੀ (ਉਹੀ:333) ਨੇ ਸੰਗਮ ਲਈ ਹਿੰਦੀ ਭਾਸ਼ਾ ਵਿਚ 'संहिता' ਤੋਂ ਇਲਾਵਾ 'विवृति, योजक मौन' ਆਦਿ ਸ਼ਬਦਾਂ ਨੂੰ ਵੀ ਸਵੀਕਾਰ ਕੀਤਾ ਹੈ। ਭਾਸ਼ਾ ਵਿਚ ਇਕ ਧੁਨੀ ਤੋਂ ਦੂਸਰੀ ਧੁਨੀ ਤੱਕ ਜਾਣਾ ਦੋ ਪ੍ਰਕਾਰ ਦਾ ਹੁੰਦਾ ਹੈ। ਕਦੇ ਤਾਂ ਅਸੀਂ ਸਿੱਧੇ ਚਲੇ ਜਾਂਦੇ ਹਾਂ ਅਤੇ ਦੋ ਧੁਨੀਆਂ ਦੇ ਵਿਚਕਾਰ ਕੁੱਝ ਨਹੀਂ ਆਉਂਦਾ। ਮਿਸਾਲ ਲਈ 'तुम्हारे' ਸ਼ਬਦ ਵਿਚ /ਸ/ ਦੇ ਬਾਅਦ /ਹ/ ਸਿੱਧੇ ਆ ਜਾਂਦਾ ਹੈ। ਪਰ ਕਈ ਵਾਰ ਇਕ ਧੁਨੀ ਤੋਂ ਦੂਜੀ ਧੁਨੀ ਤੱਕ ਜਾਣਾ ਇਸ ਪ੍ਰਕਾਰ ਦਾ ਨਹੀਂ ਹੁੰਦਾ। ਜਿਵੇਂ ਕਿ 'तुम हारे' ਸ਼ਬਦਾਂ ਨੂੰ ਦੇਖਿਆ ਜਾ ਸਕਦਾ ਹੈ। ਇਥੇ ਧੁਨੀਆਂ ਤਾਂ ਉਹੀ ਨੇ, ਪਰ /ਸ/ ਦੇ ਬਾਅਦ /ਹ/ ਧੁਨੀ ਤੱਕ ਜਾਣਾ ਪਹਿਲਾਂ ਦੇ ਉਚਾਰਨ ਵਰਗਾ ਨਹੀਂ ਹੈ। ਦੂਸਰੇ ਸ਼ਬਦ ਵਿਚ ਥੋੜੀ ਵਿਰਾਮ ਜਾਂ ਵਿੱਥ ਹੈ। ਇਸੇ ਵਿੱਥ ਜਾਂ ਵਿਰਾਮ ਨੂੰ ਸੰਗਮ ਕਿਹਾ ਗਿਆ ਹੈ। ਜਦੋਂ ਸੰਗਮ ਸ਼ਬਦਾਂ ਵਿਚ ਵਿਚਰੇ ਤਾਂ ਉਸ ਨੂੰ 'ਘਨ-ਸੰਗਮ (plus juncture)' ਕਿਹਾ ਜਾਂਦਾ ਹੈ। ਪਰ ਜਦੋਂ ਇਹੀ ਸੰਗਮ ਵਾਕੰਸ਼ਾਂ ਦੇ ਦਰਮਿਆਨ ਵਿਚਰਦਾ ਹੈ

ਤਾਂ ਇਸ ਨੂੰ 'Internal juncture' ਕਿਹਾ ਜਾਂਦਾ ਹੈ। ਇਹੀ ਸੰਗਮ ਜਦੋਂ ਦੋ ਅੱਖਰਾਂ ਦੇ ਦਰਮਿਆਨ ਆਵੇ ਤਾਂ ਇਸ ਨੂੰ ਉਚਾਰਖੰਡੀ ਸੰਗਮ (Syllabic juncture) ਕਿਹਾ ਜਾਂਦਾ ਹੈ। ਹਿੰਦੀ ਭਾਸ਼ਾ ਵਿਚ ਉਚਾਰਖੰਡੀ ਸੰਗਮ ਦੇ ਹੇਠ ਲਿਖੇ ਪੈਟਰਨ ਮਿਲਦੇ ਹਨ:

ਉਚਾਰਖੰਡ		**ਰੂਪੀਮ**
नलकी	-	नल #की
निकला	-	निकल #आ
जलसा	-	जल #सा
संबल	-	सह #बल

ਉਪਰੋਕਤ ਉਦਾਹਰਨਾਂ ਤੋਂ ਸਪੱਸ਼ਟ ਹੈ ਕਿ ਹਿੰਦੀ ਵਿਚ ਜਦੋਂ ਸੰਗਮ ਉਚਾਰਖੰਡ ਦੀ ਪੱਧਰ 'ਤੇ ਵਿਚਰਦਾ ਹੈ ਤਾਂ ਸੰਗਮ ਦੇ ਵਿਰਾਮ ਕਾਰਨ ਉਚਾਰਖੰਡ ਦੇ ਦੋ ਰੂਪ ਹੋ ਜਾਂਦੇ ਹਨ। ਭਾਵ ਕਿ ਇਹ ਉਚਾਰਖੰਡ ਤੋਂ ਰੂਪੀਮ ਵਿਚ ਬਦਲ ਜਾਂਦਾ ਹੈ। ਹਿੰਦੀ ਭਾਸ਼ਾ ਵਿਚ ਸੰਗਮ ਵਿਆਕਰਨਕ ਪੱਧਰ ਤੇ ਵੀ ਵਿਚਰਦਾ ਹੋਇਆ ਆਪਣੀ ਨਵੀਂ ਵਿਆਕਰਨਕ ਹੋਂਦ ਨੂੰ ਸਵੀਕਾਰ ਕਰਦਾ ਹੈ। ਜਿਵੇ:

ਨਾਂਵ		**ਕਿਰਿਆ**
दीया	-	दी # या
ਵਿਸ਼ੇਸ਼ਣ		**ਕਿਰਿਆ**
हलकी	-	हल #की

ਕਿਰਿਆ **ਕਿਰਿਆ**

ਲੜਾਯਾ - ਲੜ # ਆਯਾ

3.3.3 ਉਚਾਰਖੰਡ: ਉਚਾਰਖੰਡ ਲਈ ਹਿੰਦੀ ਭਾਸ਼ਾ ਵਿਚ 'ਅਕ੍ਸ਼ਰ' ਮੱਦ ਦੀ ਵਰਤੋਂ ਕੀਤੀ ਜਾਂਦੀ ਹੈ। ਉਚਾਰਖੰਡ ਇਕ ਅਜਿਹੀ ਧੁਨੀਆਤਮਕ ਇਕਾਈ ਹੈ ਜੋ ਦੋ ਰੋਕਾਂ ਜਾਂ ਠਹਿਰਾਵਾਂ ਵਿਚਕਾਰ ਸਾਕਾਰ ਹੁੰਦੀ ਹੈ। ਜਦੋਂ ਅਸੀਂ ਕਿਸੇ ਸ਼ਬਦ ਨੂੰ ਬੋਲਦੇ ਹਾਂ ਤਾਂ ਉਸ ਵਿਚਲੀਆਂ ਧੁਨੀਆਂ ਇਕ ਨਿਰੰਤਰਤਾ ਵਿਚ ਉਚਾਰੀਆਂ ਜਾਂਦੀਆਂ ਹਨ। ਪਰ ਇਸ ਉਚਾਰ ਨਿਰੰਤਰਤਾ ਵਿਚ ਉਚਾਰ ਠਹਿਰਾਅ ਵੀ ਹੁੰਦੇ ਹਨ ਜਿਨ੍ਹਾਂ ਨੂੰ ਧੁਨੀ ਵਿਗਿਆਨਕ ਦ੍ਰਿਸ਼ਟੀ ਤੋਂ ਨਿਖੇੜਿਆ ਜਾਂਦਾ ਹੈ। ਇਸ ਨਿਖੇੜੇ ਜਾ ਸਕਣ ਵਾਲੇ ਹਿੱਸੇ ਨੂੰ ਉਚਾਰਖੰਡ ਕਿਹਾ ਜਾਂਦਾ ਹੈ। ਭੋਲਾਨਾਥ ਤਿਵਾਰੀ (ਉਹੀ:336) ਨੇ ਹਿੰਦੀ ਭਾਸ਼ਾ ਵਿਚ ਇਕਹਿਰੀ ਉਚਾਰਖੰਡੀ ਬਣਤਰ ਦੇ 15 ਉਚਾਰਖੰਡੀ ਪੈਟਰਨ ਦੱਸੇ ਹਨ :

1) स (v): अ, आो, ए

2) स व (v c): ईख, एक, और

3) स व व (v c c): अत्र, इत्र, अस्त

4) स व व व (v c c c): अस्त्र, इन्द्र

5) व स (c v): जा, ला, तू

6) व स व (c v c): कम, कील, दूर, दौड़

7) व स व व (c v c c): चित्र, पुत्र, शान्त

8) व स व व व (c v c c c): वस्त्र, केन्द्र, सूक्षम

9) व व स (c c v): क्या, श्री, क्यों

10) व व स व (c c v c): द्वार, प्रिय, क्रम, द्वेष

11) व व स व व (c c v c c): स्वस्थ, स्वार्थ

12) व व स व व व (c c v c c c): स्वास्थ्य

13) व व व स (c c c v): स्त्री

14) व स व व व व (c v c c c c): वत्स्‍र्य

15) व व व स व (c c c v c): स्त्रैण

ਪਰ ਕ੍ਰਿਪਾਸ਼ੰਕਰ ਸਿੰਘ ਤੇ ਚਰੁਰਭੁਜ ਸਹਾਇ (2010:50) ਨੇ ਹਿੰਦੀ ਭਾਸ਼ਾ ਵਿਚ ਉਪਰੋਕਤ ਉਚਾਰਖੰਡੀ ਪੈਟਰਨਾਂ ਤੋਂ ਇਲਾਵਾ ਇਕ ਹੋਰ ਪੈਟਰਨ ਦੀ ਮੌਜੂਦਗੀ ਸਵੀਕਾਰ ਕੀਤੀ ਹੈ:

16) व व व स व व **(C C C V C C):** स्पृश्य

3.4 ਨਿਖੇੜੂ ਲੱਛਣ ਸਿਧਾਂਤ ਅਤੇ ਹਿੰਦੀ ਧੁਨੀਵਿਉਂਤ: ਟਰੁਬਟਜ਼ਕਾਏ (1939), ਜੈਕਬਸਨ (1956) ਅਤੇ ਚੌਮਸਕੀ ਅਤੇ ਹਾਲੇ (1968) ਦੇ ਨਿਖੇੜੂ ਲੱਛਣ ਸਿਧਾਂਤਾਂ ਦੇ ਸੰਦਰਭ ਵਿਚ ਹਿੰਦੀ ਧੁਨੀਵਿਉਂਤ ਵਿਚ ਨਿਖੇੜੂ ਲੱਛਣਾਂ ਦੇ ਵਿਰੋਧ ਹੇਠ ਲਿਖੇ ਅਨੁਸਾਰ ਹਾਸਲ ਹੁੰਦੇ ਹਨ।

ਟ੍ਰਬਟਜ਼ਕਾਏ: ਟ੍ਰਬਟਜ਼ਕਾਏ ਨੇ ਉਚਾਰਨ ਦੇ ਪੱਖ ਤੋਂ ਧੁਨੀਮਾਂ ਦੇ ਪਰਸਪਰ ਵਿਰੋਧੀ ਨਿਖੇੜੂ ਲੱਛਣਾਂ ਦੀ ਪਛਾਣ ਕੀਤੀ। ਇਸ ਲਈ ਉਸ ਨੇ ਸੱਤ ਨਿਖੇੜੂ ਵਿਰੋਧਾਂ ਨੂੰ ਆਧਾਰ ਬਣਾਇਆ ਹੈ। ਹਿੰਦੀ ਭਾਸ਼ਾ ਦੀ ਧੁਨੀਵਿਉਂਤ ਵਿਚ ਇਸ ਵਿਰੋਧ ਦੇ ਛੇ ਨਿਖੇੜੂ ਲੱਛਣ ਹਾਸਲ ਹੋਏ ਹਨ।

ਦੁਪੱਖੀ ਵਿਰੋਧ: ਹਿੰਦੀ ਭਾਸ਼ਾ ਵਿਚ /प/ ਅਤੇ /ब/ ਵਿਚਲਾ ਵਿਰੋਧ ਦੁਪੱਖੀ ਵਿਰੋਧ ਹੈ। ਦੁਪੱਖੀ ਵਿਰੋਧਾਂ ਵਿਚ ਬਹੁ ਸੰਬੰਧਾਂ ਦੀ ਨਿਸਬਤ ਨਿਖੇੜੂ ਲੱਛਣ ਸਿਰਫ ਇਕ ਹੁੰਦਾ ਹੈ। ਉਦਾਹਰਨ ਵਜੋਂ;

	ਮੌਖਿਕ	ਦੋ-ਹੋਠੀ	ਘੋਸ਼ਤਾ	ਪ੍ਰਾਣਤਾ	ਰੋਕ	ਨਾਸਿਕੀ
ਧ	+	+	-	-	+	-
ਬ	+	+	+	-	+	-

ਇਸ ਪ੍ਰਕਾਰ /ਕ/ ਅਤੇ /ਗ/ ਧੁਨੀ ਵਿਚ ਸਿਰਫ ਇਕ ਨਿਖੇੜੂ ਲੱਛਣ 'ਘੋਸ਼ਤਾ (Voicing)' ਦਾ ਹੈ। ਭਾਵ ਕਿ ਦੋਹਾਂ ਧੁਨੀਆਂ ਵਿਚ ਘੋਸ਼ਤਾ ਦੁਪੱਖੀ ਨਿਖੇੜੂ ਵਿਰੋਧ ਹੈ। ਟਰੁਬਟਜ਼ਕਾਏ ਨੇ ਦੋਪੱਖੀ ਵਿਰੋਧਾਂ ਨੂੰ ਵਿਗੋਚੀ ਵਿਰੋਧਾਂ ਵਿਚ ਵੀ ਰੱਖਿਆ ਹੈ। ਵਿਗੋਚੀ ਵਿਰੋਧਾਂ ਵਿਚ ਅੰਕਿਤ (marked) ਅਤੇ ਅਣ-ਅੰਕਿਤ (unmarked) ਦੋ ਵਰਗ ਹੁੰਦੇ ਹਨ। ਉਪਰੋਕਤ ਘੋਸ਼ਤਾ ਦਾ ਨਿਖੇੜੂ ਲੱਛਣ /ਗ/ ਧੁਨੀ ਵਿਚ ਅੰਕਿਤ ਹੋਵੇਗਾ ਪਰ /ਕ/ ਧੁਨੀ ਵਿਚ ਅਣ-ਅੰਕਿਤ ਹੋਵੇਗਾ।

ਬਹੁਪੱਖੀ ਵਿਰੋਧ: ਪੰਜਾਬੀ ਭਾਸ਼ਾ ਵਿਚ ਦੋ-ਹੋਠੀ ਧੁਨੀਆਂ /ਪ, ਫ, ਬ, ਮ/ ਚਾਰ ਧੁਨੀਆਂ ਹਨ। ਪਰ ਹਿੰਦੀ ਭਾਸ਼ਾ ਵਿਚ ਪੰਜ ਧੁਨੀਆਂ /ਧ, ਫ, ਬ, ਭ, ਸ/ ਹਨ। ਸਪੱਸ਼ਟ ਹੈ ਕਿ ਹਿੰਦੀ ਭਾਸ਼ਾ ਵਿਚਲਾ ਵਿਰੋਧ ਪੰਜਾਬੀ ਦੇ ਮੁਕਾਬਲੇ ਵਧੇਰੇ ਬਹੁਪੱਖੀ ਹੈ।

	ਮੌਖਿਕ	ਦੋ-ਹੋਠੀ	ਘੋਸ਼ਤਾ	ਪ੍ਰਾਣਤਾ	ਰੋਕ	ਨਾਸਿਕੀ
ਧ	+	+	-	-	+	-
ਫ	+	+	-	+	+	-
ਬ	+	+	+	-	+	-

ਭ	+	+	+	+	+	-
ਮ	-	+	+	-	+	+

ਉਪਰੋਕਤ ਤਾਲਿਕਾ ਤੋਂ ਗਿਆਤ ਹੁੰਦਾ ਹੈ ਕਿ ਹਿੰਦੀ ਭਾਸ਼ਾ ਵਿਚ /ਧ/ ਧੁਨੀ ਤੇ ਤਿੰਨ ਲੱਛਣ + ਹਨ, /ਫ/ ਅਤੇ /ਬ/ ਧੁਨੀ ਤੇ ਚਾਰ-ਚਾਰ ਲੱਛਣ + ਹਨ, /ਭ/ ਧੁਨੀ ਤੇ ਪੰਜ ਲੱਛਣ ਅਤੇ /ਮ/ ਧੁਨੀ ਤੇ ਤਿੰਨ ਲੱਛਣ +ਹਨ। ਇਸ ਤਰ੍ਹਾਂ /ਫ/ ਦਾ /ਧ/ ਧੁਨੀ ਨਾਲ ਵਿਰੋਧ ਪ੍ਰਾਣਤਾ ਦਾ ਹੈ, /ਬ/ ਨਾਲ ਘੋਸ਼ਤਾ ਅਤੇ /ਭ/ ਧੁਨੀ ਨਾਲ ਘੋਸ਼ਤਾ ਦਾ ਹੈ ਤੇ /ਮ/ ਧੁਨੀ ਨਾਲ ਘੋਸ਼ਤਾ ਤੇ ਨਾਸਿਕਤਾ ਨਾਲ ਹੈ। /ਧ/ ਧੁਨੀ ਦੇ ਤਿੰਨ ਲੱਛਣ ਮਨਫ਼ੀ (-) ਹਨ, /ਫ/ ਅਤੇ /ਬ/ ਧੁਨੀਆ ਦੇ ਦੋ-ਦੋ, /ਭ/ ਧੁਨੀ ਦਾ ਇਕ ਅਤੇ /ਮ/ ਧੁਨੀ ਤੇ ਦੋ ਲੱਛਣ ਮਨਫ਼ੀ ਹਨ।

ਅਨੁਪਾਤੀ ਵਿਰੋਧ: ਹਿੰਦੀ ਭਾਸ਼ਾ ਵਿਚ /ਧ/ ਅਤੇ /ਬ/ ਦਾ ਵਿਰੋਧ ਅਨੁਪਾਤੀ ਹੈ ਕਿਉਂਕਿ ਹਿੰਦੀ ਵਿਚ ਇਸ ਪ੍ਰਕਾਰ ਦੇ ਵਿਰੋਧ ਦੀਆਂ ਹੋਰ ਵੰਨਗੀਆਂ ਵੀ ਉਪਲਬਧ ਹਨ। ਹਿੰਦੀ ਵਿਚ /ਧ/ ਅਤੇ /ਬ/ ਦੇ ਵਿਰੋਧ ਦੇ ਸਮਾਨਾਂਤਰ /ਤ/ ਅਤੇ /ਦ/, /ਟ/ ਅਤੇ /ਡ/, /ਚ/ ਅਤੇ /ਜ/, /ਕ/ ਅਤੇ /ਗ/ ਧੁਨੀਆਂ ਨੂੰ ਰੱਖਿਆ ਜਾ ਸਕਦਾ ਹੈ:

	ਮੌਖਿਕ	ਘੋਸ਼ਤਾ	ਪ੍ਰਾਣਤਾ	ਰੋਕ	ਨਾਸਿਕੀ
ਧ	+	-	-	+	-
ਬ	+	+	-	+	-
ਤ	+	-	-	+	-

द	+	+	-	+	-
ट	+	-	-	+	-
ड	+	+	-	+	-
च	+	-	-	+	-
ज	+	+	-	+	-
क	+	-	-	+	-
ग	+	+	-	+	-

ਵਿਯੋਜਿਤ ਵਿਰੋਧ: ਹਿੰਦੀ ਭਾਸ਼ਾ ਵਿਚ /ਲ/ ਅਤੇ /ਰ/ ਦੇ ਤਦਰੂਪ ਕੋਈ ਹੋਰ ਵਿਰੋਧੀ ਜੁੱਟ ਨਹੀਂ ਹੈ। /ਲ/ ਅਤੇ /ਰ/ ਧੁਨੀ ਦੀ ਨਿਖੇੜੂ ਵਿਰੋਧ ਇਕਾਈ + ਫੜਕਵੀਂ ਅਤੇ + ਪਾਰਸ਼ਵਿਕ ਹੈ;

	ਦੰਤ ਪਠਾਰੀ	ਫੜਕਵੀਂ	ਪਾਰਸ਼ਵਿਕ

ਲ	+	-	+
ਰ	+	+	-

ਦਰਜੇਵਾਰ ਵਿਰੋਧ: ਹਿੰਦੀ ਭਾਸ਼ਾ ਵਿਚ ਸਵਰਾਂ ਨੂੰ ਜੀਭ ਦੀ ਉਚਾਈ ਦੀ ਦ੍ਰਿਸ਼ਟੀ ਤੋਂ /ई, ए, ऐ, आ/ ਸਵਰਾਂ ਵਿਚ ਵਰਗੀਕ੍ਰਿਤ ਕੀਤਾ ਜਾਂਦਾ ਹੈ। ਸਵਰਾਂ ਵਿਚ ਇਹ ਵਿਰੋਧ (–) ਜਾਂ (+) ਉਚਾਈ ਨਹੀਂ, ਸਗੋਂ ਮਾਤਰਾ ਦਾ ਹੁੰਦਾ ਹੈ। ਹਰ ਇਕ ਸਵਰ ਦੂਜੇ ਸਵਰ ਨਾਲੋਂ ਥੋੜਾ ਉੱਚਾ ਹੋਵੇਗਾ ਜਾਂ ਥੋੜਾ ਨੀਂਵਾ। ਜਿਵੇਂ /ई/ ਉੱਚਾ ਹੈ ਅਤੇ /ए/ ਅਰਧ ਉੱਚਾ। ਇਸੇ ਤਰ੍ਹਾਂ /ऐ/ ਅਰਧ ਨੀਵਾਂ ਅਤੇ /आ/ ਨੀਵਾਂ।

ਸਮਤੋਲ ਵਿਰੋਧ: ਇਸ ਵਿਰੋਧ ਵਿਚ ਹਿੰਦੀ ਭਾਸ਼ਾ ਵਿਚਲੇ /क/ ਅਤੇ /च/ ਵਿਅੰਜਨਾਂ ਦਾ ਵਿਰੋਧ ਦੇਖਿਆ ਜਾ ਸਕਦਾ ਹੈ। ਕਿਉਂਕਿ /क/, /च/ ਵਰਗਾ ਨਹੀਂ ਹੈ। ਕਿਉਂਕਿ ਇੱਥੇ ਨਾ ਤਾਂ ਉਚਾਰਨ ਸਥਾਨ ਅਤੇ ਉਚਾਰਨ ਲਹਿਜ਼ੇ (ਘੋਸ਼ਤਾ) ਦਾ ਨਿਖੇੜੂ ਲੱਛਣ (+) ਜਾਂ (-) ਹੁੰਦਾ ਹੈ ਅਤੇ ਨਾ ਹੀ ਇਹ ਵਿਰੋਧ ਸਵਰ ਧੁਨੀਆਂ ਵਰਗਾ ਦਰਜੇਵਾਰੀ ਹੁੰਦਾ ਹੈ।

ਰੋਮਨ ਜੈਕਬਸਨ ਤੇ ਹਾਲੇ: ਇਸ ਸਿਧਾਂਤ ਵਿਚ ਦਸ ਉਚਾਰਨ ਸਥਾਨ ਅਤੇ ਗਿਆਰਾਂ ਨਿਖੇੜੂ ਲੱਛਣ ਸ਼ਾਮਲ ਹਨ ਜਿਨ੍ਹਾਂ ਦੇ ਆਧਾਰ ਤੇ ਕਿਸੇ ਵੀ ਭਾਸ਼ਾ ਵਿਚ ਦੋ ਅੰਗੀ ਵਿਰੋਧਾਂ ਦੀ ਸਥਾਪਤੀ ਕੀਤੀ ਜਾ ਸਕਦੀ ਹੈ। ਇਹ ਨਿਖੇੜੂ ਲੱਛਣ ਹਨ; ਸਵਰੀ (Vocalic), ਵਿਅੰਜਨੀ (Consonantal), ਖਿਲਰਵਾਂ (ffuse), ਕੱਸਵਾਂ (Compact), ਤੀਬਰ (Acute), ਘੋਸ਼ਤਾ (Voicing), ਨਾਸਿਕ (Nasal), ਪ੍ਰਵਾਹੀ (Continuant), ਰੜਕਵਾਂ (Strident), ਤਿੱਖਵਾਂ (Sharp), ਵਿੱਛਵਾਂ (Flat)। ਜੈਕਬਸਨ ਨੇ ਸਵਰਾਂ ਨੂੰ +ਸਵਰ –ਵਿਅੰਜਨ ਨਾਲ ਸਥਾਪਿਤ ਕਰਨ ਤੋਂ ਇਲਾਵਾ ਜੀਭ ਦੀ ਉੱਚਾਈ, ਬੁੱਲਾਂ ਦੀ ਗੁਲਾਈ ਦੀ ਦ੍ਰਿਸ਼ਟੀ ਤੋਂ ਖਿੱਲਰਵਾਂ, ਕੱਸਵਾਂ, ਤਿੱਖਵਾਂ, ਵਿਛਵਾਂ ਦੇ ਨਿਖੇੜੂ ਲੱਛਣ ਰਾਹੀਂ ਵੀ ਪਰਿਭਾਸ਼ਿਤ ਕੀਤਾ ਹੈ। ਇਸ ਪ੍ਰਸੰਗ ਵਿਚ ਹਿੰਦੀ ਧੁਨੀਵਿਉਂਤ ਦੀ ਸਥਿਤੀ ਹੇਠ ਲਿਖੇ ਅਨੁਸਾਰ ਪ੍ਰਾਪਤ ਹੁੰਦੀ ਹੈ;

ਸਵਰਾਂ ਦੇ ਨਿਖੇੜੂ ਲੱਛਣ:

	ਈ	ਇ	ਐ	ਏ	ਅ	ਊ	ੳ	ਓ	ਔ	ਆ
ਵਿਅੰਜਨ	-	-	-	-	-	-	-	-	-	-
ਸਵਰ	+	+	+	+	+	+	+	+	+	+
ਖਿਲਰਵੇਂ	+	-	-	-	-	+	-	-	-	-
ਕੱਸਵੇਂ	-	-	-	-	-	-	-	-	-	+
ਤਿੱਖਵੇਂ	-	-	-	-	-	+	+	+	+	-
ਘੋਸ਼ਤਾ	+	+	+	+	+	+	+	+	+	+
ਪ੍ਰਵਾਹੀ	+	+	+	+	+	+	+	+	+	+

ਘੋਸ਼ਤਾ ਅਤੇ ਪ੍ਰਵਾਹ ਇਨ੍ਹਾਂ ਲਈ ਜਮ੍ਹਾਂ (+) ਲੱਛਣ ਹੈ ਕਿਉਂਕਿ ਸਵਰ ਹਮੇਸ਼ਾ ਹੀ ਸਘੋਸ਼ ਅਤੇ ਬੇਰੋਕ ਹੁੰਦੇ ਹਨ। ਖਿਲਰਵੇਂ ਵਿਚ ਉਹੀ ਸਵਰ ਆਉਂਦੇ ਹਨ ਜੋ ਉਚਾਰਨ ਪੋਲ ਦੇ ਅੰਤਿਮ ਸਿਰੇ ਤੇ ਉਚਾਰੇ ਜਾਣ, ਜਿਵੇਂ ਹਿੰਦੀ ਭਾਸ਼ਾ ਵਿਚ /ਈ/, /ਝ/ ਇਹ ਕ੍ਰਮਵਾਰ ਉਚਾਰਨ ਪੋਲ ਦੇ ਅਗਲੇ ਤੇ ਪਿਛਲੇ ਹਿੱਸੇ ਵਿਚ ਉਚਾਰੇ ਜਾਂਦੇ ਹਨ। ਕੱਸਵੇਂ ਸਵਰ ਉਚਾਰਨ ਪੋਲ ਦੇ ਹੇਠਲੇ ਹਿੱਸੇ ਵਿਚ ਉਚਾਰੇ ਜਾਂਦੇ ਹਨ।

ਵਿਅੰਜਨਾਂ ਦੇ ਨਿਖੇੜੂ ਲੱਛਣ: ਜੈਕਬਸਨ ਦੁਆਰਾ ਦਿੱਤੇ ਗਏ ਦਸ ਉਚਾਰਨ ਸਥਾਨਾਂ ਦੇ ਆਧਾਰ ਤੇ ਹਿੰਦੀ ਭਾਸ਼ਾ ਦੀਆਂ ਵਿਅੰਜਨ ਧੁਨੀਆਂ ਦੇ ਨਿਖੇੜੂ ਲੱਛਣ ਹੇਠ ਲਿਖੇ ਅਨੁਸਾਰ ਪ੍ਰਾਪਤ ਹੋਏ ਹਨ;

ਦੋ-ਹੋਠੀ	ਹੋਠੀ-ਦੰਤੀ	ਅੰਤਰ-ਦੰਤੀ	ਦੰਤ ਪਠਾਰੀ	ਪਠਾਰ ਤਾਲਵੀ	ਤਾਲਵੀ	ਕੰਠੀ	ਕਾਕਲੀ	ਸੰਘਪੋਲੀ	ਸੁਰਯੰਤਰੀ
प		त		ट	च	क			ह
फ		थ		ठ	छ	ख			
ब		द		ड	ज	ग			
भ		ध		ढ	झ	घ			
म		न		ण	ञ				
	व	र		श					
		स							

ਇਸ ਤਰ੍ਹਾਂ ਹਿੰਦੀ ਭਾਸ਼ਾ ਦੇ ਵਿਅੰਜਨਾਂ ਦੇ ਮੁੱਖ ਰੂਪ ਵਿਚ ਪੰਜ ਉਚਾਰਨ ਸਥਾਨ ਬਣਦੇ ਹਨ। ਇਹ ਉਚਾਰਨ ਸਥਾਨ ਹਨ; ਦੋ ਹੋਠੀ, ਦੰਤੀ ਪਠਾਰੀ, ਪਠਾਰ ਤਾਲਵੀ, ਤਾਲਵੀ, ਕੰਠੀ ਅਤੇ ਸੁਰਯੰਤਰੀ।

ਚੋਮਸਕੀ ਤੇ ਹਾਲੇ:

ਸਵਰਾਂ ਦੇ ਨਿਖੇੜੂ ਵਿਰੋਧ: ਸ਼ਾਰਧਾ ਭਸੀਨ (2002:17) ਅਨੁਸਾਰ 'हिंदी में स्वनिमिक स्तर पर 10 मौखिक स्वर "अ आ इ ई उ ऊ ए ऐ ओ औ" और 9 नासिक्य स्वर विधमान हैं जो कि स्वनिक स्तर पर कुछ स्थितिओं में अपने इसी स्वनिमिक रूप में अभिवयक्त होते हैं और कुछ स्थितिओं

ਮੇਂ ਇਨਸੇ ਭਿੰਨ ਰੂਪ ਮੇਂ।" ਹਿੰਦੀ ਦੇ ਦਸ ਸਵਰਾਂ ਨੂੰ ਚੌਮਸਕੀ ਤੇ ਹਾਲੇ ਦੇ ਅਧਿਐਨ ਮਾਡਲ ਅਨੁਸਾਰ ਤਾਲਿਕਾ ਰਾਹੀਂ ਨਿਮਨੋਕਤ ਅਨੁਸਾਰ ਉਲੀਕਿਆ ਗਿਆ ਹੈ;

	इ	ई	ए	ऐ	अ	आ	औ	ओ	उ	ऊ
ਉਚਾਰਖੰਡੀ	+	+	+	+	+	+	+	+	+	+
ਨਾਸਿਕੀ	-	-	-	-	-	-	-	-	-	-
ਨੀਵੇਂ	-	-	-	+	+	+	+	-	-	-
ਉੱਚੇ	+	+	+	-	-	-	-	+	+	+
ਪਿੱਛਲੇ	-	-	-	-	+	+	+	+	+	+
ਗੋਲਾਈਦਾਰ	-	-	-	-	-	-	+	+	+	+
ਦੀਰਘ	-	+	+	+	-	+	+	+	-	+

ਉਪਰੋਕਤ ਤਾਲਿਕਾ ਤੋਂ ਸਪੱਸਟ ਹੈ ਕਿ ਹਿੰਦੀ ਦੀਆਂ ਸਵਰ ਧੁਨੀਆਂ ਤੇ ਸੱਤ ਤਰ੍ਹਾਂ ਦੇ ਨਿਖੇੜੂ ਲੱਛਣ ਉਚਾਰਖੰਡ, ਨਾਸਿਕੀ, ਨੀਵੇਂ, ਉੱਚੇ, ਪਿਛਲੇ, ਗੋਲਾਈਦਾਰ ਅਤੇ ਦੀਰਘ ਵਿਰੋਧ ਸਥਾਪਿਤ ਹੁੰਦੇ ਹਨ। ਸਵਰ ਹਮੇਸ਼ਾ ਉਚਾਰਖੰਡ ਦੀ ਸਿਖ਼ਰ ਤੇ ਵਿਚਰਦੇ ਹਨ ਇਸ ਲਈ ਇੱਥੇ ਇਹ +ਉਚਾਰਖੰਡੀ ਹਨ। ਇਹ ਸਵਰ ਨਾਸਿਕੀ ਨਹੀਂ ਹਨ ਇਸ ਲਈ –ਉਚਾਰਖੰਡ ਦੀ ਵੰਨਗੀ ਪ੍ਰਦਾਨ ਕੀਤੀ ਗਈ ਹੈ। /ऐ अ आ औ/ ਸਵਰ ਨੀਵੇਂ ਅੰਕਿਤ ਹੋਏ ਹਨ ਅਤੇ /इ ई, ए / ਉੱਚੇ ਸਵਰ ਹਨ। /औ ओ उ ऊ/ ਧੁਨੀਆਂ ਗੋਲਾਈਦਾਰ ਹਨ। ਹਿੰਦੀ ਭਾਸ਼ਾ ਵਿਚ / ई ए ऐ आ औ ओ ऊ / ਦੀਰਘ ਸਵਰਾਂ ਤੇ ਨਿਖੇੜੂ ਵਿਰੋਧ ਅੰਕਿਤ ਹੋਇਆ ਹੈ।

ਵਿਅੰਜਨਾਂ ਦੇ ਨਿਖੇੜੂ ਲੱਛਣ: ਰਮੇਸ਼ਚੰਦ੍ਰ ਗਰਗ (2002:50) ਅਨੁਸਾਰ, "हिंदी की मूल व्यवस्था में 28 व्यवस्थित व्यंजन स्वनिम हैं जिनमें से तीन विसर्षी हैं -/य ब ह /; दो नासिक्य हैं -/म न /; और दो तरल हैं-/ल र/।" ਚੌਮਸਕੀ ਦੁਆਰਾ ਪ੍ਰਸਤੁਤ ਵਿਅੰਜਨਾਂ ਦੇ ਨਿਖੇੜੂ ਲੱਛਣ ਸਿਧਾਂਤ ਵਿਚ ਹਿੰਦੀ ਭਾਸ਼ਾ ਦੇ ਇਨ੍ਹਾਂ 28 ਵਿਅੰਜਨਾਂ ਨੂੰ ਹੀ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਚੌਮਸਕੀ ਦੁਆਰਾ ਪ੍ਰਸਤੁਤ 13 ਵਰਗਾਂ- ਉਚਾਰਖੰਡ, ਵਿਅੰਜਨੀ, ਉੱਚੇ, ਪਿਛਲੇ, ਨੀਵੇਂ, ਅਗਲੇ, ਉਲਟਜੀਭੀ, ਗੋਲਾਈਦਾਰ, ਕੱਸਵੇਂ, ਸਘੋਸ਼, ਪ੍ਰਵਾਹੀ, ਨਾਸਿਕੀ, ਰੜਕਵੇਂ -ਅਨੁਸਾਰ ਹਿੰਦੀ ਭਾਸ਼ਾ ਦੇ ਵਿਅੰਜਨਾਂ ਦੇ ਹੇਠ ਲਿਖੇ ਅਨੁਸਾਰ ਨਿਖੇੜੂ ਲੱਛਣ ਪ੍ਰਾਪਤ ਹੁੰਦੇ ਹਨ:

	ਪ	ਫ	ਬ	ਭ	ਤ	ਥ	ਦ	ਧ	ਟ	ਠ	ਡ	ਢ
ਉਚਾਰਖੰਡੀ	-	-	-	-	-	-	-	-	-	-	-	-
ਵਿਅੰਜਨੀ	+	+	+	+	+	+	+	+	+	+	+	+
ਉੱਚੇ	-	-	-	-	-	-	-	-	-	+	+	+
ਪਿੱਛਲੇ	-	-	-	-	-	-	-	-	-	-	-	-
ਨੀਵੇਂ	-	-	-	-	-	-	-	-	-	-	-	-
ਅਗਲੇ	+	+	+	+	+	+	+	+	+	+	+	+
ਉਲਟਜੀਭੀ	-	-	-	-	-	-	-	-	+	+	+	+
ਗੋਲਾਈਦਾਰ												
ਕੱਸਵੇਂ												
ਸਘੋਸ਼	-	-	+	+	-	-	+	+	-	-	+	+
ਪ੍ਰਵਾਹੀ	-	-	-	-	-	-	-	-	-	-	-	-
ਨਾਸਿਕੀ	-	-	-	-	-	-	-	-	-	-	-	-
ਰੜਕਵੇਂ												

	च	छ	ज	झ	क	ख	ग	घ	स	ल	र	म
ਉਚਾਰਖੰਡੀ	-	-	-	-	-	-	-	-	-	-	-	-
ਵਿਅੰਜਨੀ	+	+	+	+	+	+	+	+	+	+	+	+
ਉੱਚੇ	+	+	+	+	+	+	+	+	-	-	-	-
ਪਿੱਛਲੇ	-	-	-	-	+	+	+	+	-	-	-	-
ਨੀਵੇਂ	-	-	-	-	-	-	-	-	-	-	-	-
ਅਗਲੇ	+	+	+	+	-	-	-	-	+	+	+	+
ਉਲਟਜੀਭੀ	-	-	-	-	-	-	-	-	-	-	-	-
ਗੋਲਾਈਦਾਰ												
ਕੱਸਵੇਂ												
ਸਘੋਸ਼	-	-	+	+	-	-	+	+	-	+	+	+
ਪ੍ਰਵਾਹੀ	-	-	-	-	-	-	-	-	+	+	+	-
ਨਾਸਕੀ	-	-	-	-	-	-	-	-	-	-	-	-

ਰੜਕਵੇਂ												

	ਨ	ਵ	ਯ	ਹ
ਉਚਾਰਖੰਡੀ	-	-	-	-
ਵਿਅੰਜਨੀ	+	+	+	+
ਉੱਚੇ	-	+	+	-
ਪਿੱਛਲੇ	-	+	-	+
ਨੀਵੇਂ	-	-	-	+
ਅਗਲੇ	+	-	-	-
ਉਲਟਜੀਭੀ	-	-	-	-
ਗੋਲਾਈਦਾਰ				
ਕੱਸਵੇਂ				
ਸਘੋਸ਼	+	+	+	+
ਪ੍ਰਵਾਹੀ	-	+	+	+

ਨਾਸਿਕੀ	+	-	-	-
ਰੜਕਵੇਂ				

ਉਪਰੋਕਤ ਤਾਲਿਕਾ ਤੋਂ ਸਪੱਸ਼ਟ ਹੈ ਕਿ ਹਿੰਦੀ ਦੇ ਵਿਅੰਜਨਾਂ ਤੇ ਚੌਮਸਕੀ ਤੇ ਹਾਲੇ ਦੁਆਰਾ ਪ੍ਰਸਤੁਤ 13 ਲੱਛਣ ਸਿਧਾਂਤਾਂ ਵਿਚੋਂ ਸਿਰਫ਼ 10 ਲੱਛਣ ਮੌਜੂਦ ਹਨ ਜਦਕਿ ਤਿੰਨ ਲੱਛਣ ਸਿਧਾਂਤ ਗੋਲਾਈਦਾਰ, ਕੱਸਵੇਂ ਅਤੇ ਰੜਕਵੇਂ ਪ੍ਰਾਪਤ ਨਹੀਂ ਹੁੰਦੇ। ਇਸਦਾ ਕਾਰਨ ਇਹ ਹੈ ਕਿ ਇਹ ਲੱਛਣ ਸਵਰਾਂ ਤੇ ਅੰਕਿਤ ਹੁੰਦੇ ਹਨ, ਵਿਅੰਜਨਾਂ ਤੇ ਨਹੀਂ। ਉਚਾਰਖੰਡੀ ਲੱਛਣ ਵਿਅੰਜਨਾਂ ਤੇ ਮਨਫ਼ੀ (-) ਅੰਕਿਤ ਹੈ ਕਿਉਂਕਿ ਵਿਅੰਜਨ ਉਚਾਰਖੰਡ ਦੀ ਸਿਖ਼ਰ ਤੇ ਨਹੀਂ ਵਿਚਰ ਸਕਦੇ।

ਅਧਿਆਇ ਚੌਥਾ

ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ

ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ

4.0 ਤੁਲਨਾਤਮਕ ਧੁਨੀਵਿਉਂਤ

ਤੁਲਨਾਤਮਕ ਧੁਨੀਵਿਉਂਤ ਅਸਲ ਵਿਚ ਤੁਲਨਾਤਮਕ ਭਾਸ਼ਾ ਵਿਗਿਆਨ ਦੀ ਹੀ ਇਕ ਉਪਸ਼ਾਖਾ ਹੈ ਜੋ ਕਿ ਇਤਿਹਾਸਕ ਭਾਸ਼ਾ ਵਿਗਿਆਨ ਦੀ ਮੁੱਖ ਸਹਾਇਕ ਵਿਧੀ ਹੈ। ਇਤਿਹਾਸਕ ਭਾਸ਼ਾ ਵਿਗਿਆਨ ਤੁਲਨਾਤਮਕ ਭਾਸ਼ਾ-ਸ਼ਾਸਤਰ ਦਾ ਅਗਲਾ ਵਿਕਾਸ ਪੜਾਅ ਹੈ ਜਿਸ ਦੀ ਬੁਨਿਆਦ ਸਰ ਵਿਲੀਅਮ ਜੋਨਜ਼ ਨੇ 1786 ਵਿਚ ਆਪਣੇ ਐਲਾਨਨਾਮੇ ਨਾਲ ਰੱਖ ਦਿੱਤੀ ਸੀ। ਵਿਹਾਰਕ ਰੂਪ ਵਿਚ ਤੁਲਨਾਤਮਕ ਭਾਸ਼ਾ ਵਿਗਿਆਨ ਦਾ ਮੋਢੀ ਭਾਸ਼ਾ ਵਿਗਿਆਨੀ ਡੈਨਮਾਰਕ ਵਾਸੀ ਆਰ.ਰਸਕ (R.Rask;1787-1832) ਸੀ ਜਿਸ ਨੇ ਪੁਰਾਤਨ ਨੋਰਸ (Old Norse) ਦੀ ਉਤਪਤੀ ਬਾਰੇ 1818 ਵਿਚ ਇਕ ਕਿਤਾਬ ਪ੍ਰਕਾਸ਼ਿਤ ਕਰ ਕੇ, ਤੁਲਨਾਤਮਕ ਧੁਨੀਵਿਉਂਤਕ ਅਤੇ ਰੂਪਵਿਉਂਤਕ ਅਧਿਐਨ ਪੇਸ਼ ਕੀਤਾ। ਇਸ ਤੋਂ ਬਾਅਦ ਗ੍ਰਿਮ, ਗ੍ਰਾਸਮੈਨ ਅਤੇ ਵਰਨਰ ਆਦਿ ਭਾਸ਼ਾ ਵਿਗਿਆਨੀਆਂ ਨੇ ਭਾਰੋਪੀ ਭਾਸ਼ਾਵਾਂ ਦੀਆਂ ਧੁਨੀਆਂ ਵਿਚ ਇਤਿਹਾਸਕ ਵਿਕਾਸ ਦੌਰਾਨ ਜੋ ਪਰਿਵਰਤਨ ਆਏ, ਉਨ੍ਹਾਂ ਦੇ ਨਿਯਮਾਂ ਦੀ ਖੋਜ ਕਰ ਕੇ, ਇਸ ਖੇਤਰ ਦੀ ਖੋਜ ਨੂੰ ਅੱਗੇ ਵਧਾਇਆ। ਗਲੀਸਨ (1955:11) ਅਨੁਸਾਰ ਇਕ ਮੂਲ ਤੋਂ ਉਪਜੀਆਂ ਭਾਸ਼ਾਵਾਂ ਦੇ ਸੰਬੰਧਾਂ ਦੇ ਅਧਿਐਨ ਨੂੰ ਤੁਲਨਾਤਮਕ ਭਾਸ਼ਾ ਵਿਗਿਆਨ ਕਿਹਾ ਜਾਂਦਾ ਹੈ।[1] ਆਰ.ਐਚ.ਰੋਬਿਨਸ (1964:4) ਅਨੁਸਾਰ ਤੁਲਨਾਤਮਕ ਭਾਸ਼ਾ ਵਿਗਿਆਨ ਦੋ ਜਾਂ ਦੋ ਤੋਂ ਵੱਧ ਭਾਸ਼ਾਵਾਂ ਦੀ ਇਕ ਜਾਂ ਇਕ ਤੋਂ ਵੱਧ ਨੁਕਤਿਆਂ ਤੋਂ ਖੋਜ ਕਰਦਾ ਹੈ।[2]

---

[1] "Comparative Linguistics, dealing with the relationship between languages of common origin."

[2] "comparative linguistics one is concerned with comparing from one or more points of view for different languages and generally with the theory and technique applicable to such comparison in historical linguistics the comparison in limited to languages which may be different from one PC to another as the result of the effects of gradual changes for the most part in capital with the single generation"

ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਤੁਲਨਾਤਮਕ ਧੁਨੀਵਿਉਂਤਕ ਵਿਧੀ ਦੀ ਸਿਧਾਂਤਕ ਸੇਧ ਮੁਤਾਬਕ ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ ਪੇਸ਼ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਅਸੀਂ ਦੂਜੇ ਅਤੇ ਤੀਜੇ ਅਧਿਆਇ ਵਿਚ ਇਨ੍ਹਾਂ ਦੋਹਾਂ ਭਾਸ਼ਾਵਾਂ ਦਾ ਇਕਾਲਕ ਧੁਨੀਵਿਉਂਤਕ ਅਧਿਐਨ ਪੇਸ਼ ਕਰ ਚੁੱਕੇ ਹਾਂ। ਦੋਵੇਂ ਭਾਸ਼ਾਵਾਂ ਕਿਉਂਕਿ ਇਕੋ ਭਾਸ਼ਾ-ਪਰਿਵਾਰ ਨਾਲ ਸੰਬੰਧਿਤ ਹਨ ਅਤੇ ਦੋਹਾਂ ਦੇ ਭਾਸ਼ਾਈ-ਸ੍ਰੋਤ ਵੀ ਸਾਂਝੇ ਹਨ, ਇਸ ਲਈ ਦੋਹਾਂ ਭਾਸ਼ਾਵਾਂ ਦਾ ਇਕਾਲਕ ਧੁਨੀਵਿਉਂਤਕ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਅਸੀਂ ਦੁਕਾਲਕ ਅਧਿਐਨ ਵੀ ਪੇਸ਼ ਕੀਤਾ ਹੈ। ਇਸ ਅਧਿਆਇ ਵਿਚ ਦੁਹਰਾਓ ਦਾ ਆਉਣਾ ਵੀ ਸੁਭਾਵਕ ਹੈ। ਪਰ ਖੋਜ ਕਾਰਜ ਦੇ ਵਿਧੀ-ਵਿਧਾਨ ਮੁਤਾਬਕ ਪੰਜਾਬੀ ਅਤੇ ਹਿੰਦੀ ਦਾ ਵੱਖਰੇ ਤੌਰ ਤੇ ਧੁਨੀਵਿਉਂਤਕ ਅਧਿਐਨ ਪੇਸ਼ ਕਰਨਾ ਵੀ ਜ਼ਰੂਰੀ ਸੀ। ਫਿਰ ਵੀ ਇਸ ਅਧਿਐਨ ਦੌਰਾਨ ਸਾਨੂੰ ਦੋਹਾਂ ਭਾਸ਼ਾਵਾਂ ਦੇ ਨਿੱਖੜਵੇਂ ਅਤੇ ਅਨਿੱਖੜਵੇਂ ਤੱਥ ਪ੍ਰਾਪਤ ਹੋਏ ਹਨ।

ਗ੍ਰੀਅਰਸਨ (1927) ਨੇ ਆਪਣੇ ਸਰਵੇਖਣ ਵਿਚ ਇਹ ਸਥਾਪਨਾ ਪੇਸ਼ ਕੀਤੀ ਸੀ ਕਿ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੀ ਵਿਕਾਸ-ਰੇਖਾ ਦੇ ਸ੍ਰੋਤ ਲੱਭਣ ਲਈ ਸੰਸਕ੍ਰਿਤ ਜਾਂ ਸਾਹਿਤਕ ਪ੍ਰਕਿਰਤਾਂ ਨੂੰ ਛੱਡ ਕੇ ਸਿਰਫ਼ ਅਪਭ੍ਰੰਸ਼ਾਂ ਵੱਲ ਹੀ ਤੱਕਣਾ ਪਵੇਗਾ। ਆਪਣੀ ਇਸ ਸਥਾਪਨਾ ਦੀ ਸੇਧ ਵਿਚ ਉਸ ਨੇ ਪੂਰਬੀ ਅਤੇ ਪੱਛਮੀ ਪੰਜਾਬੀ ਨੂੰ ਦੋ ਵੱਖ-ਵੱਖ ਸਰੋਤਾਂ ਤੋਂ ਵਿਕਸਿਤ ਹੋਈਆਂ; ਦੋ ਵੱਖ-ਵੱਖ ਭਾਸ਼ਾਵਾਂ ਮੰਨਿਆ ਹੈ। ਉਸ ਨੇ ਪੂਰਬੀ ਪੰਜਾਬੀ ਅਤੇ ਪੱਛਮੀ ਹਿੰਦੀ ਅਤੇ ਗੁਜਰਾਤੀ-ਰਾਜਸਥਾਨੀ ਨੂੰ ਅੰਦਰਵਰਤੀ ਚੱਕਰ ਦੀਆਂ ਭਾਸ਼ਾਵਾਂ ਕਹਿ ਕੇ, ਇਨ੍ਹਾਂ ਦਾ ਸੰਬੰਧ ਸ਼ੌਰਸੇਨੀ ਅਪਭ੍ਰੰਸ਼ ਨਾਲ ਜੋੜਿਆ ਹੈ। ਇਉਂ ਗ੍ਰੀਅਰਸਨ ਨੇ ਪੰਜਾਬੀ ਅਤੇ ਹਿੰਦੀ ਦਾ ਇਤਿਹਾਸਕ ਨਾਤਾ ਬਣਾਇਆ ਹੈ। ਪਰ ਸੁਨੀਤੀ ਕੁਮਾਰ ਚੈਟਰਜੀ (1975:150-60) ਨੇ ਗ੍ਰੀਅਰਸਨ ਦੀਆਂ ਸਥਾਪਨਾਵਾਂ ਨੂੰ ਤਰਕ-ਸੰਗਤ ਤੇ ਭਾਸ਼ਾ ਵਿਗਿਆਨਕ ਵਿਸ਼ਲੇਸ਼ਣ ਕਰ ਕੇ, ਰੱਦ ਕੀਤਾ ਹੈ। ਸੁਨੀਤੀ ਕੁਮਾਰ ਚੈਟਰਜੀ (ਉਹੀ) ਅਨੁਸਾਰ ਪੰਜਾਬੀ ਅਤੇ ਹਿੰਦੀ ਭਾਸ਼ਾ ਦੀ ਧੁਨੀਆਤਮਕ ਸੰਰਚਨਾ ਦੋਹਾਂ ਭਾਸ਼ਾਵਾਂ ਨੂੰ ਦੋ ਵੱਖੋ-ਵੱਖਰੇ ਸ੍ਰੋਤਾਂ ਤੋਂ ਵਿਕਸਿਤ ਹੋਈਆਂ ਸਿੱਧ ਕਰਦੀ ਹੈ। ਚੈਟਰਜੀ ਦੇ ਪ੍ਰਸਤਾਵ ਦੀ ਪ੍ਰੋੜਤਾ ਉਦੈ ਨਰਾਇਣ ਤਿਵਾਰੀ (1955), ਹਰਦੇਵ ਬਾਹਰੀ

(1958), ਭੋਲਾਨਾਥ ਤਿਵਾਰੀ (2012), ਧੀਰੇਂਦਰ ਵਰਮਾ (1958) ਅਤੇ ਪ੍ਰੇਮ ਪ੍ਰਕਾਸ਼ ਸਿੰਘ (1996) ਆਦਿ ਭਾਸ਼ਾ ਵਿਗਿਆਨੀਆਂ ਨੇ ਕੀਤੀ ਹੈ। ਦੂਜੇ ਪਾਸੇ ਦੁਨੀ ਚੰਦ੍ਰ (1959), ਵਿਦਿਆ ਅਰੁਣ ਭਾਸਕਰ (1996) ਅਤੇ ਸ਼ਾਮ ਦੇਵ ਪਰਾਸ਼ਰ (1990) ਆਦਿ ਭਾਸ਼ਾ ਸ਼ਾਸਤ੍ਰੀਆਂ ਦੀ ਖੋਜ ਤੋਂ ਬਾਅਦ ਇਹ ਤੱਥ ਵੀ ਨਿਰਵਿਵਾਦ ਹੈ ਕਿ ਵੈਦਿਕ ਅਤੇ ਸੰਸਕ੍ਰਿਤ ਧੁਨੀਆਂ ਹੀ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਰਾਹੀਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਤੱਕ ਪਹੁੰਚੀਆਂ ਹਨ। ਪਰ ਏਨੀ ਲੰਮੀ ਵਿਕਾਸ ਯਾਤਰਾ ਦੌਰਾਨ ਦੋਹਾਂ ਭਾਸ਼ਾਵਾਂ ਦੀਆਂ ਕੁਝ ਧੁਨੀਆਂ ਲੋਪ ਹੋ ਗਈਆਂ ਅਤੇ ਕਈ ਨਵੀਆਂ ਧੁਨੀਆਂ ਦੋਹਾਂ ਹੀ ਭਾਸ਼ਾਵਾਂ ਵਿਚ ਪ੍ਰਵੇਸ਼ ਕਰ ਗਈਆਂ। ਦਰਅਸਲ ਅਜਿਹੇ ਤੱਥਾਂ ਦਾ ਨਿਰਣਾ ਕਰਨ ਲਈ ਭਾਸ਼ਾ ਨੂੰ ਸਰੂਪ ਦੇਣ ਵਾਲੇ ਪੱਧਰਾਂ- ਧੁਨੀਵਿਉਂਤ, ਵਿਆਕਰਨ ਅਤੇ ਸ਼ਬਦਾਵਲੀ ਆਦਿ ਦਾ ਗਹਿਨ ਅਧਿਐਨ ਜ਼ਰੂਰੀ ਹੈ। ਇੱਥੇ ਸਾਡਾ ਸੰਬੰਧ ਸਿਰਫ਼ ਦੋਹਾਂ ਭਾਸ਼ਾਵਾਂ ਦੀ ਧੁਨੀਵਿਉਂਤ ਨਾਲ ਹੈ। ਇਸ ਲਈ ਅਸੀਂ ਉਪਰੋਕਤ ਭਾਸ਼ਾ ਵਿਗਿਆਨੀਆਂ ਦੀ ਅੰਤਰ-ਦ੍ਰਿਸ਼ਟੀ ਵਿਚ ਦੋਨਾਂ ਭਾਸ਼ਾਵਾਂ ਦੀਆਂ ਧੁਨੀਆਂ ਦੀ ਤੁਲਨਾਤਮਕ ਵਿਕਾਸ ਰੇਖਾ ਅਤੇ ਤੁਲਨਾਤਮਕ ਧੁਨੀਵਿਉਂਤਕ ਸੰਰਚਨਾ ਬਾਰੇ ਹੀ ਵਿਚਾਰ-ਵਿਮਰਸ਼ ਕਰਾਂਗੇ।

4.1 ਪੰਜਾਬੀ-ਹਿੰਦੀ: ਧੁਨੀਵਿਉਂਤਕ ਰੁਪਾਂਤਰਨ: ਪੰਜਾਬੀ ਅਤੇ ਹਿੰਦੀ ਭਾਸ਼ਾ ਦੀ ਵਿਕਾਸ ਪ੍ਰਕਿਰਿਆ ਵਿਚ ਜੋ ਵੀ ਧੁਨੀਵਿਉਂਤਕ ਰੂਪਾਂਤਰਨ ਵਾਪਰੇ, ਉਨ੍ਹਾਂ ਨੂੰ ਭਾਸ਼ਾ ਸ਼ਾਸਤ੍ਰੀਆਂ ਨੇ ਤਿੰਨ ਵਿਕਾਸ ਪੜਾਵਾਂ ਵਿਚ ਵੰਡਿਆ ਹੈ: (1).ਪ੍ਰਾਚੀਨ ਕਾਲ (1500 ਬੀ.ਸੀ. ਤੋਂ 600 ਬੀ.ਸੀ., (2).ਮੱਧ ਕਾਲ (600 ਬੀ.ਸੀ. ਤੋਂ 1000 ਏ.ਡੀ.) ਅਤੇ (3). ਆਧੁਨਿਕ ਕਾਲ (1000 ਏ.ਡੀ. ਤੋਂ ਹੁਣ ਤੱਕ)। ਵਿਦਿਆ ਅਰੁਣ ਭਾਸਕਰ (1997:49) ਨੇ ਲਿਖਿਆ ਹੈ ਕਿ ਇਤਿਹਾਸਕ ਪੱਖੋਂ ਹਿੰਦੀ ਅਤੇ ਪੰਜਾਬੀ ਧੁਨੀ ਵਿਉਂਤ ਦੇ ਤਿੰਨ ਵਿਕਾਸ ਪੱਧਰ ਬਣਦੇ ਹਨ: ਪ੍ਰਾਚੀਨ ਇੰਡੋ-ਆਰੀਅਨ, ਮੱਧ ਇੰਡੋ-ਆਰੀਅਨ ਅਤੇ ਨਵਾਂ ਵਿਕਾਸ।[3] ਦੁਨੀ ਚੰਦ੍ਰ (1959:82) ਅਨੁਸਾਰ ਵੈਦਿਕ ਸੰਸਕ੍ਰਿਤ ਵਿਚ 52 ਧੁਨੀਆਂ ਸਨ, ਜਿਨ੍ਹਾਂ ਵਿਚੋਂ 13 ਸਵਰ ਅਤੇ 39 ਵਿਅੰਜਨ ਧੁਨੀਆਂ ਹਨ। ਭਾਰਤੀ-ਯੂਰਪੀ ਧੁਨੀਆ ਦਾ ਵਿਕਾਸ ਹੁੰਦੇ ਹੁੰਦੇ ਵੇਦਿਕ ਭਾਸ਼ਾ ਵਿਚ ਕੁੱਝ ਧੁਨੀਆਂ ਜਾਂਦੀਆ ਰਹੀਆ, ਕੁੱਝ ਬਦਲ ਗਈਆ ਅਤੇ ਕੁੱਝ ਨਵੀਆਂ ਪੈਦਾ ਹੋ ਗਈਆਂ। ਮੱਧ ਕਾਲ

[3] “Historically speaking, There are three linguistic strata in the phonology of Hindi and Punjabi: 1. Old-Indo-Aryan, 2.Middle Indo-Aryan and 3.New Developments due to borrowings or otherwise.”

ਵਿਚ ਆ ਕੇ /ਰੀ/ ਤੇ /ਲਿ/ ਧੁਨੀਆਂ ਲੋਪ ਹੋ ਗਈਆਂ। /ਐ ,ਔ /ਦੀ ਥਾਂ /ਏ ਓ/ ਨੇ ਲੈ ਲਈ। /ਮ/ ਧੁਨੀ ਨੇ ਅਨੁਸਵਰ ਦਾ ਰੂਪ ਧਾਰ ਲਿਆ। /ਸ, ਸ਼ ਤੇ ਥ/ ਧੁਨੀਆਂ ਦੀ ਥਾਂ ਪਹਿਲਾਂ ਇਕੋ ਊਸ਼ਮ ਧੁਨੀ ਰਹਿ ਗਈ ਪਰ ਬਾਅਦ ਵਿਚ ਵਿਭਿੰਨ ਖੇਤਰਾਂ ਵਿਚ ਇਹ ਧੁਨੀਆਂ ਫਿਰ ਪ੍ਰਚਲਿਤ ਹੋ ਗਈਆਂ। ਸੰਯੁਕਤ ਵਿਅੰਜਨ ਧੁਨੀਆਂ ਦਾ ਸਮੀਕਰਨ ਹੋਣ ਲੱਗ ਪਿਆ। ਅਖੰਡੀ ਧੁਨੀ ਸਵਰਾਘਾਤ, ਬਲਾਤਮਕ ਸਵਰਾਘਾਤ ਵਿਚ ਬਦਲ ਗਈ। ਅੱਗੋਂ ਪਾਲੀ ਪ੍ਰਾਕ੍ਰਿਤ ਵਿਚ ਧੁਨੀਆਂ ਦੀ ਗਿਣਤੀ 47 ਰਹਿ ਗਈ। ਦਰਅਸਲ ਪਾਲੀ ਪ੍ਰਾਕ੍ਰਿਤ ਵਿਚ ਧੁਨੀਗਤ-ਵਾਤਾਵਰਨ ਅਧੀਨ ਵਧੇਰੇ ਤਬਦੀਲੀ ਵਾਪਰਦੀ ਹੈ। ਮਸਲਨ ਪਾਲੀ ਪ੍ਰਾਕ੍ਰਿਤ ਵਿਚ ਸਮੀਕਰਨ ਦੀ ਪ੍ਰਵਿਰਤੀ ਬਹੁਤ ਹੈ।ਖਾਸ ਕਰਕੇ ਦੁੱਤੀਕਰਨ ਸਮੀਕਰਨ ਦੀ ਪ੍ਰਵਿਰਤੀ ਅਧਿਕ ਹੈ। ਇਸ ਤੋਂ ਇਲਾਵਾ ਇਸ ਅਵਸਥਾ 'ਤੇ ਮੂਰਧਨੀਕਰਨ ਦੀ ਪਰਕਿਰਿਆ ਵੀ ਵਾਪਰਦੀ ਹੈ। ਪਾਲੀ ਵਾਲੀ ਦੁੱਤੀਕਰਨ ਦੀ ਇਹ ਪ੍ਰਵਿਰਤੀ ਅੱਗੇ ਪੰਜਾਬੀ ਵਿਚ ਕਾਇਮ ਰਹਿੰਦੀ ਹੈ ਅਤੇ ਇਹ ਪੰਜਾਬੀ ਦਾ ਖਾਸ ਪਛਾਣ ਚਿੰਨ੍ਹ ਬਣਦਾ ਹੈ ਜੋ ਕਿ ਪੰਜਾਬੀ ਧੁਨੀਵਿਉਂਤ ਨੂੰ ਹਿੰਦੀ ਧੁਨੀਵਿਉਂਤ ਤੋਂ ਵੱਖ ਕਰਦਾ ਹੈ।

ਵਿਦਿਆ ਭਾਸਕਰ ਅਰੁਣ (1996:243-51) ਨੇ ਪੰਜਾਬੀ ਅਤੇ ਹਿੰਦੀ ਦਾ ਭਾਸ਼ਾਈ ਸੰਬੰਧ ਸਥਾਪਿਤ ਕਰਦਿਆਂ ਲਿਖਿਆ ਹੈ ਕਿ ਵੈਦਿਕ ਅਤੇ ਸੰਸਕ੍ਰਿਤ ਧੁਨੀਆਂ ਹੀ ਪ੍ਰਾਕ੍ਰਿਤ ਤੇ ਅਪਭ੍ਰੰਸ਼ ਰਸਤੇ ਆਧੁਨਿਕ ਬੋਲੀਆਂ ਤੱਕ ਪੁੱਜੀਆਂ ਹਨ। ਵੈਦਿਕ ਤੇ ਸੰਸਕ੍ਰਿਤ ਧੁਨੀਆਂ ਹੀ ਪ੍ਰਾਕ੍ਰਿਤ ਤੇ ਅਪਭ੍ਰੰਸ਼ ਰਸਤੇ ਆਧਨਿਕ ਬੋਲੀਆਂ ਤੱਕ ਪੁੱਜੀਆਂ ਹਨ। ਪਰ ਇੰਨੀ ਲੰਬੀ ਵਿਕਾਸ ਪ੍ਰਕਿਰਿਆ ਵਿਚ ਪੰਜਾਬੀ ਤੇ ਹਿੰਦੀ ਦੋਵਾਂ ਭਾਸ਼ਾਵਾਂ ਵਿਚ ਹੀ ਕਈ ਪੁਰਾਣੀਆਂ ਧੁਨੀਆਂ ਲੋਪ ਹੋ ਗਈਆਂ ਅਤੇ ਕਈ ਨਵੀਆਂ ਧੁਨੀਆਂ ਸ਼ਾਮਲ ਹੋਈਆਂ। ਸਵਰਾਂ ਵਿਚ ऋ (ਰ੍) ,ॠ (ਰ.), ऌ (ਲ੍ਰ), ऐ (ਅਇ), औ (ਅਉ) ਧੁਨੀਆਂ ਪ੍ਰਾਕ੍ਰਿਤ ਕਾਲ ਵਿਚ ਹੀ ਲੋਪ ਹੋ ਗਈਆਂ ਸਨ। ॠ (ਰ.) ਧੁਨੀ ਪ੍ਰਾਕ੍ਰਿਤ ਵਿਚ ਅ, ਇ, ਉ ਆਦਿ ਕਿਸੇ ਦੂਜੇ ਸਵਰ ਵਿਚ ਬਦਲ ਗਈ ਸੀ। ऋ (ਰ੍) ਅਤੇ ऌ (ਲ੍ਰ) ਦੀ ਵਰਤੋਂ ਸੰਸਕ੍ਰਿਤ ਵਿਚ ਨਾ-ਮਾਤਰ ਹੀ ਰਹਿ ਗਈ ਸੀ। /ऐ/ (ਅਇ), /औ/ (ਅਉ) ਦੀ ਥਾਂ ਪਾਲੀ ਵਿਚ /ए/ (ਏ), /ओ/ (ਓ) ਧੁਨੀਆਂ ਮਿਲਦੀਆਂ ਹਨ। ਇਸ ਤੋਂ ਬਿਨਾਂ ਦੋ ਨਵੇਂ ਸਵਰ ਛੋਟਾ/ਏ/ ਤੇ /ਓ/ ਵੀ ਪਾਲੀ ਵਿਚ ਮਿਲਦੇ ਸਨ। ਹਿੰਦੀ ਤੇ ਪੰਜਾਬੀ ਵਿਚ ਉਪਰੋਕਤ ਸਵਰ ਧੁਨੀਆਂ ਨਹੀਂ

ਹਨ। ਪੱਛਮੀ ਹਿੰਦੀ ਦੀਆਂ ਸਾਰੀਆਂ ਉਪਭਾਸ਼ਾਵਾਂ– ਬ੍ਰਜ, ਕਨੌਜੀ, ਬੁੰਦੇਲੀ, ਬਾਂਗਰੂ ਤੇ ਖੜ੍ਹੀ ਬੋਲੀ ਅਤੇ ਪੂਰਵੀ ਹਿੰਦੀ ਦੀਆ ਉਪਭਾਸ਼ਾਵਾਂ ਅਵਧੀ, ਬਘੇਲੀ ਤੇ ਛਤੀਸਗੜ੍ਹੀ ਵਿਚ ਇਨ੍ਹਾਂ ਧੁਨੀਆਂ ਦਾ ਅਭਾਵ ਹੈ। ਪਰੰਤੂ ਸਾਹਿਤਕ ਹਿੰਦੀ ਵਿਚ ਸੰਸਕ੍ਰਿਤ ਦੇ ਤਤਸਮ ਸ਼ਬਦਾਂ ਵਿਚ ऋ (ਰ.), ਐ (ਅਇ), ਔ (ਅਉ) ਧੁਨੀਆਂ ਹਾਲੇ ਵੀ ਵਰਤੀਆਂ ਜਾਂਦੀਆਂ ਹਨ।

ਪਰ ਪੰਜਾਬੀ ਸ਼ੁੱਧ ਤਦਭਵਾਂ ਦੀ ਬੋਲੀ ਹੈ। ਤਤਸਮ ਸ਼ਬਦਾਂ ਵਿਚ ਸੰਸਕ੍ਰਿਤ ਦੇ ਸਰਲ ਸ਼ਬਦ ਹੀ ਇਸ ਵਿਚ ਮਿਲਦੇ ਹਨ। ਇਸ ਲਈ ਉਪਰੋਕਤ ਧੁਨੀਆਂ ਪੰਜਾਬੀ ਭਾਸ਼ਾ ਵਿਚ ਪਰਤ ਨਹੀਂ ਸਕੀਆਂ। /ਐ ਤੇ ਔ/ ਪੰਜਾਬੀ ਅਤੇ ਹਿੰਦੀ ਦੋਵਾਂ ਵਿਚ ਹੀ ਨਵੇਂ ਸਵਰ ਹਨ। ਵਿਅੰਜਨਾਂ ਵਿਚ ਉਲਟਜੀਭੀ /ष/ ਦਾ ਉਚਾਰਨ ਪੰਜਾਬੀ ਅਤੇ ਹਿੰਦੀ ਦੋਨਾਂ ਵਿਚ ਹੀ ਲੋਪ ਹੋ ਗਿਆ। ਸਾਹਿਤਕ ਹਿੰਦੀ ਵਿਚ /ष/ ਦਾ ਉਚਾਰਨ ਸ਼ /श/ ਵਾਂਗ ਹੁੰਦਾ ਹੈ। ਸਾਹਿਤਕ ਪੰਜਾਬੀ ਵਿਚ ਵੀ ਹੁਣ ਤਤਸਮ ਸ਼ਬਦਾਂ ਵਿਚ ਉਲਟਜੀਭੀ /ष/ ਦਾ ਉਚਾਰਨ ਤਾਲਵੀ /ਸ਼/ ਵਾਂਗ ਹੋਣ ਲੱਗ ਪਿਆ ਹੈ। ਵਿਦਿਆ ਭਾਸਕਰ (ਉਹੀ:245) ਅਨੁਸਾਰ ਇਸਨੂੰ ਹਿੰਦੀ ਦਾ ਪ੍ਰਭਾਵ ਕਿਹਾ ਜਾ ਸਕਦਾ ਹੈ। ਪਰੰਤੂ ਦੋਵਾਂ ਭਾਸ਼ਾਵਾਂ ਦੀਆਂ ਉਪਭਾਸ਼ਾਵਾਂ ਵਿਚ /ष/ ਦਾ ਉਚਾਰਨ /ख/ ਵਾਂਗ ਹੁੰਦਾ ਹੈ। ਜਿਵੇਂ: ਸੰ. वर्षा > ਪੰ. ਵਰਖਾ, ਬਰਖਾ; ਹਿੰ. ਬਰਖਾ। ਇਸ ਤਰ੍ਹਾਂ ਮੂਲ ਆਰੰਭਿਕ /ष/ ਵੀ ਦੋਵਾਂ ਹੀ ਭਾਸ਼ਾਵਾਂ ਵਿਚ /ਸ/ ਵਿਚ ਬਦਲ ਗਿਆ ਹੈ। ਜਿਵੇਂ: ਸੰ. षोडश> ਹਿੰ. ਸੋਲਹ, ਪੰ. ਸੋਲਾਂ। ਤਾਲਵੀ /ਸ਼/ ਦੀ ਥਾਂ ਵੀ ਦੋਨਾਂ ਭਾਸ਼ਾਵਾਂ ਵਿਚ ਸਿਰਫ਼ /ਸ/ ਮਿਲਦਾ ਹੈ। ਜਿਵੇਂ: ਸੰ. पशु > ਹਿੰ. ਅਤੇ ਪੰ. ਪਸੂ। /ੜ,ੜ੍ਹ/ ਦੋ ਨਵੀਆਂ ਉਲਟਜੀਭੀ ਧੁਨੀਆਂ ਪੰਜਾਬੀ ਅਤੇ ਹਿੰਦੀ ਦੋਨਾਂ ਵਿਚ ਮਿਲਦੀਆਂ ਹਨ। /ਸ/ ਤੇ /ਸ਼/ ਦੀ ਵਰਤੋਂ ਵਿਖੇ ਪੂਰਬੀ ਤੇ ਪੱਛਮੀ ਬੋਲੀਆਂ ਵਿਚ ਇਹ ਭੇਦ ਵਾਸਤਵ ਵਿਚ ਪ੍ਰਾਕ੍ਰਿਤ ਕਾਲ ਵਿਚ ਹੀ ਪੈਦਾ ਹੋ ਚੁੱਕਾ ਸੀ। ਇਸੇ ਕਰਕੇ ਗੁਰਮੁਖੀ ਵਰਣਮਾਲਾ ਵਿਚ /ਸ਼/ ਅੱਖਰ ਨਹੀਂ ਹੈ। ਪਰੰਤੂ ਹੁਣ ਅਰਬੀ-ਫ਼ਾਰਸੀ ਦੇ ਤਤਸਮ ਸ਼ਬਦਾਂ ਨੂੰ ਲਿਖਣ ਲਈ ਇਸ ਧੁਨੀ-ਚਿੰਨ੍ਹ ਦੀ ਲੋੜ ਪੈਣ ’ਤੇ /ਸ/ ਹੇਠ ਬਿੰਦੀ ਲਾ ਕੇ ਕੰਮ ਸਾਰ ਲਿਆ ਜਾਂਦਾ ਹੈ।

ਪੰਜਾਬੀ ਭਾਸ਼ਾ ਦੇ ਧੁਨੀਗਤ ਰੁਪਾਂਤਰਨ ਵਿਚ ਦੁੱਤੀਕਰਨ ਦਾ ਵਰਤਾਰਾ ਪ੍ਰਮੁੱਖ ਹੈ। ਸੌਰਸੇਨੀ ਅਪਭ੍ਰੰਸ਼ ਤੋਂ ਉਤਪਤ ਹਿੰਦੀ ਭਾਸ਼ਾ ਦੇ ਮੁਕਾਬਲੇ ਵਿਚ ਪੰਜਾਬੀ ਭਾਸ਼ਾ ਦੀ ਜਿਹੜੀ ਨਿੱਖਰਵੀਂ ਵਿਸ਼ੇਸ਼ਤਾ ਉਭਰਦੀ ਹੈ, ਉਹ ਦੁੱਤੀਕਰਨ ਦੀ ਪ੍ਰਕਿਰਿਆ ਹੈ। ਇਸ ਪ੍ਰਵਿਰਤੀ ਨਾਲ ਦੋਵਾਂ ਭਾਸ਼ਾਵਾਂ ਦਾ ਨਿਵੇਕਲਾ ਧੁਨੀ-ਪੈਟਰਨ ਬਣਦਾ ਹੈ।

ਪੰਜਾਬੀ ਭਾਸ਼ਾ ਦੀ ਧੁਨੀਵਿਉਂਤ ਵਿਚਲੀ ਇਹ ਨਿਵੇਕਲੀ ਪ੍ਰਵਿਰਤੀ ਸੰਸਕ੍ਰਿਤ ਤੋਂ ਬਾਅਦ ਪਾਲੀ ਭਾਸ਼ਾ ਦੇ ਵੇਲੇ ਤੋਂ ਵਾਪਰਨੀ ਸ਼ੁਰੂ ਹੋ ਜਾਂਦੀ ਹੈ। ਪਰ ਹਿੰਦੀ ਭਾਸ਼ਾ ਵਿਚ ਇਨ੍ਹਾਂ ਦੁੱਤ ਧੁਨੀਆਂ ਦਾ ਸਰਲੀਕਰਨ ਹੋ ਕੇ, ਇਕ ਤਾਂ ਦੋਹਾਂ ਦੁੱਤ ਵਿਅੰਜਨਾ ਵਿਚੋਂ ਇਕ ਵਿਅੰਜਨ ਲੁਪਤ ਹੋ ਜਾਂਦਾ ਹੈ ਅਤੇ ਲੋਪ ਹੋਏ ਵਿਅੰਜਨ ਦੀ ਹਾਨੀ-ਪੂਰਤੀ ਵਜੋਂ ਪੂਰਵਵਰਤੀ ਸਵਰ ਦਾ ਦੀਰਘੀਕਰਨ ਹੋ ਜਾਂਦਾ ਹੈ ਅਤੇ ਕੁੱਝ ਸਥਿਤੀਆਂ ਵਿਚ ਇਨਾਂ ਤੋਂ ਪਹਿਲਾਂ ਵਿਚਰਨ ਵਾਲਾ ਸਵਰ ਨਾਸਿਕੀ ਹੋ ਜਾਂਦਾ ਹੈ। ਹੇਠਾਂ ਇਸ ਵੱਖਰਤਾ ਦੀ ਤੁਲਨਾ ਸਾਰਨੀ ਪੇਸ਼ ਹੈ:

ਪੰਜਾਬੀ	**ਹਿੰਦੀ**
ਦੁੱਧ	ਦੂਧ
ਸੱਚ	ਸਾਚ
ਅੱਜ	ਆਜ
ਅੱਗੇ	ਆਗੇ
ਕੰਮ	ਕਾਮ
ਸੱਪ	ਸਾਪ
ਹੱਥ	ਹਾਥ
ਮੱਥਾ	ਮਾਥਾ
ਅੱਗ	ਆਗ
ਅੱਖ	ਆਂਖ

ਸੱਤ ਸਾਤ

4.2 ਪੰਜਾਬੀ ਅਤੇ ਹਿੰਦੀ ਭਾਸ਼ਾ ਦੀ ਤੁਲਨਾਤਮਕ ਧੁਨੀਵਿਉਂਤਕ ਸੰਰਚਨਾ: ਤੁਲਨਾਤਮਕ ਧੁਨੀਵਿਉਂਤਕ ਸੰਰਚਨਾ ਦਾ ਅਧਿਐਨ ਪੇਸ਼ ਕਰਨ ਲਈ ਸਭ ਤੋਂ ਪਹਿਲਾਂ ਅਧਿਐਨ-ਅਧੀਨ ਭਾਸ਼ਾਵਾਂ ਦੇ ਧੁਨੀ-ਵਿਧਾਨਕ ਅੰਗਾਂ-ਅੰਸ਼ਾਂ ਜਾਂ ਇਕਾਈਆਂ ਦਾ ਵਰਣਨ ਕਰਨਾ ਅਨਿਵਾਰੀ ਹੈ। ਜਿਸ ਵਿਚ ਖੰਡੀ ਅਤੇ ਅਖੰਡੀ ਧੁਨੀਆਂ ਸ਼ਾਮਲ ਹੁੰਦੀਆ ਹਨ।

4.2.1 ਪੰਜਾਬੀ ਅਤੇ ਹਿੰਦੀ ਭਾਸ਼ਾ ਦੀਆਂ ਖੰਡੀ ਧੁਨੀਆਂ ਦਾ ਤੁਲਨਾਤਮਕ ਅਧਿਐਨ: ਖੰਡੀ ਧੁਨੀਆਂ ਵਿਚ ਸਵਰ ਅਤੇ ਵਿਅੰਜਨ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਲਈ ਪਹਿਲਾਂ ਦੋਵਾਂ ਭਾਸ਼ਾਵਾਂ ਦੀਆਂ ਧੁਨੀਆਂ ਦੀ ਤੁਲਨਾ ਸਾਰਨੀ ਅਤੇ ਧੁਨੀ-ਮਾਲਾ ਪੇਸ਼ ਹੈ:

ਪੰਜਾਬੀ ਸਵਰ ਧੁਨੀਆਂ ਦੀ ਵੰਡ

	ਅਗਲੇਰੇ ਸਵਰ	ਵਿਚਕਾਰਲੇ ਸਵਰ	ਪਿਛਲੇਰੇ ਸਵਰ
	(ਗੋਲਾਈ ਰਹਿਤ)		(ਗੋਲਾਈ ਸਹਿਤ)
ਉੱਚੇ ਸਵਰ	ਈ		ਊ
ਅਰਧ ਉੱਚੇ ਸਵਰ		ਇ ਉ	
ਅਰਧ ਨੀਵੇਂ ਸਵਰ	ਏ	ਅ	ਓ
ਨੀਵੇਂ ਸਵਰ	ਐ	ਆ	ਔ

ਹਿੰਦੀ ਸਵਰ ਧੁਨੀਆਂ ਦੀ ਵੰਡ

	अग्र	मध्य	पश्च
संवृत	ई, इ		ऊ ,उ
अर्धसंवृत	ए		ओ
अर्धविवृत	ऐ	अ	(ऑ) औ
विवृत			आ

/ਈ/, ***/ਙ/***: ਪੰਜਾਬੀ ਅਤੇ ਹਿੰਦੀ ਦੋਵਾਂ ਭਾਸ਼ਾਵਾਂ ਵਿਚ ਇਹ ਸਵਰ ਅਗਲੇਰਾ ਤੇ ਉੱਚਾ ਹੈ।। ਇਹ ਸਵਰ ਗੁਲਾਈ ਰਹਿਤ ਅਤੇ ਦੀਰਘ ਹੈ। ਦੋਹਾਂ ਭਾਸ਼ਾਵਾਂ ਵਿਚ ਇਹ ਸਵਰ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਵਿਚਰ ਸਕਦਾ ਹੈ।

/ਏ/, ***/ਏ/***: ਦੋਵਾਂ ਭਾਸ਼ਾਵਾਂ ਵਿਚਲਾ ਇਹ ਸਵਰ ਅਰਧ ਉੱਚਾ, ਅਗਲੇਰਾ ਅਤੇ ਗੁਲਾਈ ਰਹਿਤ ਹੈ। ਦੋਹਾਂ ਭਾਸ਼ਾਵਾਂ ਵਿਚ ਇਹ ਸਵਰ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਆ ਸਕਦਾ ਹੈ।

/ਐ/, ***/ਏ/***: ਪੰਜਾਬੀ ਭਾਸ਼ਾ ਦਾ /ਐ/ ਸਵਰ ਅਰਧ ਨੀਵਾਂ-ਅਰਧ ਖੁੱਲਾ, ਅਗਲੇਰਾ ਅਤੇ ਗੁਲਾਈ ਰਹਿਤ ਹੈ। ਇਹ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਵਿਚਰ ਸਕਦਾ ਹੈ। ਪਰੰਤੂ ਹਿੰਦੀ ਭਾਸ਼ਾ ਦਾ /ਏ/ ਸੰਯੁਕਤ ਸਵਰ ਹੈ। ਇਸਦਾ ਉਚਾਰਨ /ਅਏਂ/ ਦੇ ਰੂਪ ਵਿਚ ਹੁੰਦਾ ਹੈ। ਇਹ ਅਰਧ ਨੀਵਾਂ, ਦੀਰਘ, ਅਗਲੇਰਾ ਸਵਰ ਹੈ। ਇਹ ਸਵਰ ਸ਼ਬਦ ਦੀ ਮੁੱਢਲੀ ਤੇ ਵਿਚਕਾਰਲੀ ਸਥਿਤੀ ਤੇ ਹੀ ਵਿਚਰ ਸਕਦਾ ਹੈ:

	ਪੰਜਾਬੀ	ਹਿੰਦੀ
ਮੁੱਢਲੀ ਸਥਿਤੀ	ਐਨਕ	ऐनक
ਵਿਚਕਾਰਲੀ ਸਥਿਤੀ	ਸੈਰ	कैसा

ਅੰਤਲੀ ਸਥਿਤੀ	ਸਵੈ	---

/ਆ/, /आ/: ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚ ਇਸ ਸਵਰ ਦਾ ਅੰਤਰ ਦੇਖਣ ਨੂੰ ਮਿਲਦਾ ਹੈ। ਪੰਜਾਬੀ ਭਾਸ਼ਾ ਦਾ /ਆ/ ਸਵਰ ਨੀਵਾਂ, ਖੁੱਲਾ, ਵਿਚਕਾਰਲਾ ਤੇ ਗੁਲਾਈ ਰਹਿਤ ਹੈ। ਦੂਜੇ ਪਾਸੇ ਹਿੰਦੀ ਭਾਸ਼ਾ ਦਾ /आ/ ਸਵਰ ਨੀਵਾਂ ਤਾਂ ਹੈ ਪਰ ਪਿਛਲਾ ਸਵਰ ਹੈ। ਦੋਵਾਂ ਭਾਸ਼ਾਵਾਂ ਵਿਚ ਇਹ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਤੇ ਆ ਸਕਦਾ ਹੈ:

ਮੁੱਢਲੀ ਸਥਿਤੀ	ਆਰ	आप
ਵਿਚਕਾਰਲੀ ਸਥਿਤੀ	ਪਾਰ	कमाल
ਅੰਤਲੀ ਸਥਿਤੀ	ਸਾਹਾ	कमला

/ਔ/, /औ/: ਇਹ ਸਵਰ ਅਰਧ ਨੀਵਾਂ, ਪਿਛਲਾ ਤੇ ਗੁਲਾਈਦਾਰ ਸਵਰ ਹੈ। ਪੰਜਾਬੀ ਵਿਚਲਾ /ਔ/ ਸਵਰ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਤੇ ਵਿਚਰਦਾ ਹੈ। ਪਰ ਹਿੰਦੀ ਦਾ /औ/ ਸਵਰ ਸ਼ਬਦ ਦੀ ਮੁੱਢਲੀ ਤੇ ਵਿਚਲਾਰਲੀ ਸਥਿਤੀ ਤੇ ਹੀ ਆਉਂਦਾ ਹੈ। ਇਹ ਅਖੀਰਲੀ ਸਥਿਤੀ ਤੇ ਨਹੀਂ ਵਿਚਰਦਾ। ਦੂਜਾ ਅੰਤਰ ਇਹ ਹੈ ਕਿ ਇਹ ਸੰਯੁਕਤ ਸਵਰ ਹੈ। ਇਸਦਾ ਉਚਾਰਨ /अओं/ ਦੇ ਰੂਪ ਵਿਚ ਹੁੰਦਾ ਹੈ:

ਮੁੱਢਲੀ ਸਥਿਤੀ	ਔਂਤਰਾ	और
ਵਿਚਕਾਰਲੀ ਸਥਿਤੀ	ਚੌਲ	कठौता
ਅੰਤਲੀ ਸਥਿਤੀ	ਜੌਂ	---

/ਓ/, /ओ/: ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚਲਾ ਇਹ ਸਵਰ ਅਰਧ ਉੱਚਾ, ਪਿਛਲਾ ਤੇ ਗੁਲਾਈਦਾਰ ਹੈ। ਦੋਵਾਂ ਭਾਸ਼ਾਵਾਂ ਵਿਚ ਹੀ ਇਹ ਸਵਰ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਤੇ ਵਿਚਰਦਾ ਹੈ।

/ਊ/, /ऊ/: ਦੋਨਾਂ ਭਾਸ਼ਾਵਾਂ ਵਿਚ ਇਸ ਸਵਰ ਦਾ ਵਿਚਰਨ ਪੈਟਰਨ ਇਕ ਸਮਾਨ ਹੈ। ਦੋਵਾਂ ਭਾਸ਼ਾਵਾਂ ਵਿਚ ਇਹ ਸਵਰ ਉੱਚਾ, ਪਿਛਲਾ ਤੇ ਗੁਲਾਈਦਾਰ ਹੈ ਤੇ ਇਹ ਤਿੰਨਾਂ ਹੀ ਸਥਿਤੀਆਂ ਤੇ ਆ ਸਕਦਾ ਹੈ।

/ਉ/, /उ/: ਪੰਜਾਬੀ ਭਾਸ਼ਾ ਵਿਚਲਾ /ਉ/ ਸਵਰ ਅਰਧ ਉੱਚੇ ਤੇ ਅਰਧ ਨੀਵੇਂ ਸਵਰ ਦੇ ਵਿਚਕਾਰ ਅੰਕਿਤ ਕੀਤਾ ਜਾਂਦਾ ਹੈ। ਇਹ ਗੁਲਾਈਦਾਰ ਤੇ ਵਿਚਕਾਰਲਾ ਸਵਰ ਹੈ। ਇਹ ਸ਼ਬਦ ਦੇ ਮੁੱਢ ਤੇ ਵਿਚਕਾਰ ਆ ਸਕਦਾ ਹੈ ਪਰ ਅਖੀਰ ਤੇ ਨਹੀਂ। ਹਿੰਦੀ ਭਾਸ਼ਾ ਦਾ /उ/ ਸਵਰ ਉੱਚਾ ਤੇ ਪਿਛਲਾ ਸਵਰ ਮੰਨਿਆ ਗਿਆ ਹੈ। ਇਹ ਗੁਲਾਈਦਾਰ ਹੈ। ਇਹ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਵਿਚਰਦਾ ਹੈ:

ਮੁੱਢਲੀ ਸਥਿਤੀ	ਉਸ	उतना
ਵਿਚਕਾਰਲੀ ਸਥਿਤੀ	ਤੁਰ	मधुर
ਅੰਤਲੀ ਸਥਿਤੀ	---	तनु

/ਅ/, /अ/: ਦੋਵਾਂ ਭਾਸ਼ਾਵਾਂ ਵਿਚ ਇਹ ਸਵਰ ਅਰਧ ਨੀਵਾਂ, ਗੁਲਾਈ ਰਹਿਤ ਅਤੇ ਵਿਚਕਾਰਲਾ ਸਵਰ ਹੈ। ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚ ਇਹ ਸਵਰ ਸ਼ਬਦ ਦੀ ਮੁੱਢਲੀ ਤੇ ਵਿਚਕਾਰਲੀ ਸਥਿਤੀ ਤੇ ਵਿਚਰ ਸਕਦਾ ਹੈ ਪਰੰਤੂ ਅਖੀਰ ਤੇ ਨਹੀਂ ਵਿਚਰਦਾ।

/ਇ/, /इ/: ਦੋਵਾਂ ਭਾਸ਼ਾਵਾਂ ਵਿਚ ਹੀ ਇਹ ਸਵਰ ਵਿਚਕਾਰਲਾ ਸਵਰ ਹੈ। ਪਰ ਪੰਜਾਬੀ ਭਾਸ਼ਾ ਵਿਚ ਜਿੱਥੇ /ਇ/ ਸਵਰ ਸ਼ਬਦ ਦੇ ਸ਼ੁਰੂ ਤੇ ਵਿਚਕਾਰ ਦੀ ਸਥਿਤੀ ਤੇ ਹੀ ਵਿਚਰ ਸਕਦਾ ਹੈ, ਅਖੀਰ ਤੇ ਨਹੀਂ। ਉੱਥੇ ਹਿੰਦੀ ਭਾਸ਼ਾ ਵਿਚਲਾ /इ/ ਸਵਰ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਆਉਂਦਾ ਹੈ:

ਮੁੱਢਲੀ ਸਥਿਤੀ	ਇਸ	इतर
ਵਿਚਕਾਰਲੀ ਸਥਿਤੀ	ਸਿਰ	कविता

ਅੰਤਲੀ ਸਥਿਤੀ	---	आदि

ਉਕਤ ਤੁਲਨਾਤਮਕ ਅਧਿਐਨ ਤੋਂ ਸਪੱਸ਼ਟ ਹੈ ਕਿ ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚ ਭਾਵੇਂ ਸਵਰਾਂ ਦੀ ਗਿਣਤੀ ਇਕ ਸਮਾਨ ਹੈ ਪਰ ਦੋਵਾਂ ਭਾਸ਼ਾਵਾਂ ਵਿਚ ਸਵਰਾਂ ਦੀ ਵਿਚਰਨ ਤਰਤੀਬ ਵਿਚ ਅੰਤਰ ਹੈ। /ਐ/, /ऐ/ ਸਵਰ ਭਾਵੇਂ ਅਰਧ ਨੀਵਾਂ ਤੇ ਦੀਰਘ ਹੈ। ਪਰ ਪੰਜਾਬੀ ਵਿਚ /ਐ/ ਮੂਲ ਸਵਰ ਹੈ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਇਸਦਾ ਉਚਾਰਨ ਕਾਇਮ ਹੈ ਤੇ ਹਿੰਦੀ ਵਿਚ /ऐ/ ਸਵਰ ਸੰਯੁਕਤ ਹੈ। ਇਸਦਾ ਸ਼ਬਦ ਦੇ ਅਖੀਰ ਤੇ ਉਚਾਰਨ ਲੋਪ ਹੋ ਚੁੱਕਾ ਹੈ। /ਆ/, /आ/ ਸਵਰਾਂ ਵਿਚ ਵੀ ਅੰਤਰ ਦੇਖਣ ਨੂੰ ਮਿਲਦਾ ਹੈ। ਪੰਜਾਬੀ ਵਿਚ ਜਿੱਥੇ /ਆ/ ਸਵਰ ਵਿਚਕਾਰਲਾ ਹੈ, ਉੱਥੇ ਹਿੰਦੀ ਵਿਚਲਾ /आ/ ਸਵਰ ਪਿਛਲਾ ਸਵਰ ਹੈ। /ਔ/, /औ/ ਸਵਰ ਦਾ ਆਪਸੀ ਵਿਰੋਧ ਸ਼ਬਦ ਦੀ ਸਥਿਤੀ ਨਾਲ ਸੰਬੰਧਿਤ ਹੈ। ਪੰਜਾਬੀ ਵਿਚਲੇ /ਔ/ ਸਵਰ ਦਾ ਉਚਾਰਨ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਤੇ ਕਾਇਮ ਹੈ ਪਰ ਹਿੰਦੀ ਵਿਚ /औ/ ਦਾ ਉਚਾਰਨ ਸ਼ਬਦ ਦੀ ਅਖੀਰਲੀ ਸਥਿਤੀ ਤੇ ਨਹੀਂ ਹੁੰਦਾ। /ਉ/ ਸਵਰ ਪੰਜਾਬੀ ਵਿਚ ਅਰਧ ਉੱਚੇ ਤੇ ਅਰਧ ਨੀਵੇਂ ਦੇ ਵਿਚਕਾਰ ਆਉਂਦਾ ਹੈ ਤੇ ਸ਼ਬਦ ਦੇ ਅਖੀਰ ਤੇ ਇਸਦਾ ਉਚਾਰਨ ਨਹੀਂ ਹੁੰਦਾ ਤੇ ਦੂਜੇ ਪਾਸੇ ਹਿੰਦੀ ਵਿਚ /उ/ ਸਵਰ ਉੱਚਾ ਤੇ ਪਿਛਲਾ ਹੈ। ਇਸਦਾ ਉਚਾਰਨ ਅੱਜ ਵੀ ਕਾਇਮ ਹੈ। /ਅ/, /अ/ ਸਵਰ ਦੀ ਦੋਵਾਂ ਭਾਸ਼ਾਵਾਂ ਵਿਚ ਸ਼ਾਬਦਿਕ ਸਥਿਤੀ ਇਕ ਸਮਾਨ ਹੈ ਤੇ ਦੂਜੀ ਸਮਾਨਤਾ ਇਹ ਹੈ ਕਿ ਇਹ ਸਵਰ ਸ਼ਬਦ ਦੇ ਮੁੱਢ ਤੇ ਵਿਚਕਾਰ ਉਚਾਰਿਆ ਜਾਂਦਾ ਹੈ ਪਰ ਅਖੀਰ ਤੇ ਨਹੀਂ। /ਇ/, /इ/ ਸਵਰ ਵਿਚ ਵੀ ਅੰਤਰ ਦੇਖਣ ਨੂੰ ਮਿਲਦਾ ਹੈ। ਪੰਜਾਬੀ ਵਿਚ /ਇ/ ਸਵਰ ਦਾ ਉਚਾਰਨ ਸ਼ਬਦ ਦੀ ਅਖੀਰਲੀ ਸਥਿਤੀ ਤੇ ਨਹੀਂ ਹੁੰਦਾ ਪਰ ਹਿੰਦੀ ਵਿਚ ਇਸਦਾ ਉਚਾਰਨ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਤੇ ਅੱਜ ਵੀ ਕਾਇਮ ਹੈ।

ਪੰਜਾਬੀ ਅਤੇ ਹਿੰਦੀ ਭਾਸ਼ਾ ਦੀਆਂ ਵਿਅੰਜਨ ਧੁਨੀਆਂ ਦਾ ਤੁਲਨਾਤਮਕ ਅਧਿਐਨ: ਹਰਜੀਤ ਸਿੰਘ ਗਿੱਲ (1969:15) ਅਨੁਸਾਰ ਪੰਜਾਬੀ ਭਾਸ਼ਾ ਵਿਚ 29 ਵਿਅੰਜਨ ਮੌਜੂਦ ਹਨ। ਕ੍ਰਿਪਾਸ਼ੰਕਰ ਸਿੰਘ ਅਤੇ ਚਤੁਰਭੁਜ ਸਹਾਇ (2010:42) ਅਨੁਸਾਰ ਹਿੰਦੀ ਭਾਸ਼ਾ ਵਿਚ 35 ਵਿਅੰਜਨ ਹਨ। ਉਚਾਰਨ ਵਿਧੀ ਅਨੁਸਾਰ ਪੰਜਾਬੀ ਅਤੇ ਹਿੰਦੀ ਭਾਸ਼ਾ

ਦੀਆਂ ਵਿਅੰਜਨ ਧੁਨੀਆਂ ਨੂੰ 7 ਵਰਗਾਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਸੱਤਾਂ ਵਰਗਾਂ ਦੇ ਆਧਾਰ ਤੇ ਦੋਵੇਂ ਭਾਸ਼ਾਵਾਂ ਦੇ ਸਾਂਝੇ ਅਤੇ ਨਿੱਖੜਵੇਂ ਪਹਿਲੂਆਂ ਨੂੰ ਦੇਖਿਆ ਗਿਆ ਹੈ:

ਡੱਕਵੇਂ (स्पर्श) **ਵਿਅੰਜਨ:** ਪੰਜਾਬੀ ਵਿਅੰਜਨਾਂ ਵਿੱਚੋਂ ਸਭ ਤੋਂ ਵੱਡੀ ਸ਼੍ਰੇਣੀ ਡੱਕਵੇਂ ਵਿਅੰਜਨਾਂ ਦੀ ਹੈ। ਪੰਜਾਬੀ ਵਿਚ /ਕ, ਖ, ਗ, ਚ, ਛ, ਜ, ਟ, ਠ, ਡ, ਤ, ਥ, ਦ, ਪ, ਫ, ਬ/ ਆਦਿ ਡੱਕਵੇਂ ਵਿਅੰਜਨ ਹਨ। ਹਿੰਦੀ ਭਾਸ਼ਾ ਵਿਚ / प, फ, ब, भ, त, थ, द, ध, ट, ठ, ड, ढ, च, छ, ज, झ, क, ख, ग, ,घ/ ਆਦਿ ਡੱਕਵੇਂ ਵਿਅੰਜਨ ਹਨ।

ਨਾਸਿਕੀ ਵਿਅੰਜਨ: ਪੰਜਾਬੀ ਵਿਚ /ਮ, ਨ, ਣ, (ਙ) ਅਤੇ (ਞ)/ ਪੰਜ ਨਾਸਿਕੀ ਵਿਅੰਜਨ ਹਨ। ਦੂਜੇ ਪਾਸੇ ਹਿੰਦੀ ਵਿਚ ਵੀ ਪੰਜ ਨਾਸਿਕੀ ਵਿਅੰਜਨ ਮੌਜੂਦ ਹਨ: / ङ, ञ, ण , न , म /।

ਪਾਸੇਦਾਰ (पार्श्विक) **ਵਿਅੰਜਨ:** ਪੰਜਾਬੀ ਵਿਚ /ਲ/ ਅਤੇ /ਲ਼/ ਦੋ ਪਾਸੇਦਾਰ ਵਿਅੰਜਨ ਹਨ। ਇਸਦੇ ਉਲਟ ਹਿੰਦੀ ਭਾਸ਼ਾ ਵਿਚ ਇਕ ਪਾਸੇਦਾਰ ਵਿਅੰਜਨ /ल/ ਹੈ।

ਕੰਬਵਾਂ (कंपनजात) **ਵਿਅੰਜਨ:** ਦੋਹਾਂ ਭਾਸ਼ਾਵਾਂ ਵਿਚ /ਰ/ਅਤੇ /र/ਕੰਬਵੀਂ ਧੁਨੀ ਹੈ।

ਫਟਕਵਾਂ (उत्क्षिप्त) **ਵਿਅੰਜਨ:** ਪੰਜਾਬੀ ਭਾਸ਼ਾ ਵਿਚ /ੜ/ ਇਕ ਫਟਕਵਾਂ ਵਿਅੰਜਨ ਹੈ। ਜਦ ਕਿ ਹਿੰਦੀ ਭਾਸ਼ਾ ਵਿਚ ਦੋ ਫਟਕਵੀਆਂ ਵਿਅੰਜਨ ਧੁਨੀਆਂ /ड़, ढ़/ ਮੌਜੂਦ ਹਨ।

ਸੰਘਰਸ਼ੀ (संघर्षी) **ਵਿਅੰਜਨ:** ਪੰਜਾਬੀ ਵਿਚ /ਸ, ਸ਼, ਹ/ ਤਿੰਨ ਧੁਨੀਆਂ ਇਸ ਵੰਨਗੀ ਅਧੀਨ ਆਉਂਦੀਆਂ ਹਨ। ਭੋਲਾਨਾਥ ਤਿਵਾਰੀ (2012:142) ਅਨੁਸਾਰ ਹਿੰਦੀ ਵਿਚ /फ, व, स, ज़, श (ष), ख़, ग़, ह/ ਅੱਠ ਧੁਨੀਆਂ ਨੂੰ ਇਸ ਵੰਨਗੀ ਵਿਚ ਰੱਖਦੇ ਹਨ।

ਸਰਕਵੇਂ (ਸੰਘਰਸ਼ਹੀਨ) **ਵਿਅੰਜਨ:** ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ ਵਿਚ /ਯ, ਵ/ ਤੇ /य, व/ ਸਰਕਵੀਆਂ ਧੁਨੀਆਂ ਹਨ। ਕਿਤੇ ਇਹ ਧੁਨੀਆਂ ਵਿਅੰਜਨ ਵਿਚ ਬਦਲ ਜਾਂਦੀਆਂ ਹਨ ਅਤੇ ਕਿਤੇ ਸਵਰਾਂ ਵਿਚ। ਭਾਵ ਤੁਲਨਾਤਮਕ ਧੁਨੀਵਿਉਂਤਕ ਨਜ਼ਰੀਏ ਤੋਂ ਦੋਹਾਂ ਭਾਸ਼ਾਵਾਂ ਵਿਚ ਸਥਿਤੀ ਸਮਾਨ ਹੈ।

ਪੰਜਾਬੀ ਅਤੇ ਹਿੰਦੀ ਭਾਸ਼ਾ ਦੀਆਂ ਵਿਅੰਜਨ ਧੁਨੀਆਂ ਦੇ ਉਕਤ ਵਿਸ਼ਲੇਸ਼ਣ ਤੋਂ ਪ੍ਰਾਪਤ ਨਿੱਖੜਵੇਂ ਲੱਛਣ ਹੇਠ ਲਿਖੇ ਅਨੁਸਾਰ ਹਨ :

1. ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚ ਡੱਕਵੇਂ ਵਿਅੰਜਨਾਂ ਦੀ ਗਿਣਤੀ (ਸਘੋਸ਼ ਮਹਾਂਪ੍ਰਾਣ ਨੂੰ ਛੱਡ ਕੇ) ਸਮਾਨ ਹੈ। ਕਿਉਂਕਿ ਪੰਜਾਬੀ ਵਿਚ ਸਘੋਸ਼ ਮਹਾਂਪ੍ਰਾਣ ਧੁਨੀਆਂ /ਘ, ਝ ਢ, ਧ, ਭ/ ਦੀ ਥਾਂ ਸੁਰ ਨੇ ਲੈ ਲਈ ਹੈ। ਦੋਵੇਂ ਭਾਸ਼ਾਵਾਂ ਦੇ ਇਹ ਡੱਕਵੇਂ ਵਿਅੰਜਨ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਵਿਚਰ ਸਕਦੇ ਹਨ। ਦੋਵੇਂ ਭਾਸ਼ਾਵਾਂ ਦੇ ਡੱਕਵੇਂ ਵਿਅੰਜਨਾਂ ਨੂੰ ਅੱਗੇ ਤਾਲਿਕਾ ਰਾਹੀਂ ਪੇਸ਼ ਕੀਤਾ ਗਿਆ ਹੈ:

ਪੰਜਾਬੀ

ਪ	ਫ	ਤ	ਥ	ਟ	ਠ	ਚ	ਛ	ਕ	ਖ
ਬ	-	ਦ	-	ਡ	-	ਜ	-	ਗ	-

ਹਿੰਦੀ

प	फ	त	थ	ट	ठ	च	छ	क	ख
ब	भ	द	ध	ड	ढ	ज	झ	ग	घ

2. ਹਿੰਦੀ ਭਾਸ਼ਾ ਵਿਚ ਸਪਰਸ਼ ਵਿਅੰਜਨ /ਕ਼/ ਪੈਰ ਬਿੰਦੀ ਵਾਲਾ ਮੋਜੂਦ ਹੈ। ਪਰ ਪੰਜਾਬੀ ਭਾਸ਼ਾ ਵਿਚ ਇਹ ਵਿਅੰਜਨ ਮੌਜੂਦ ਨਹੀਂ ਹੈ।

3. /ਙ/ ਤੇ /ਞ/ ਦੀ ਵਰਤੋਂ ਅਜੋਕੀ ਪੰਜਾਬੀ ਵਿਚ ਨਾ-ਮਾਤਰ ਹੈ। ਹਿੰਦੀ ਦੀ /ड़/ ਵਿਅੰਜਨ ਧੁਨੀ ਸ਼ਬਦ ਦੇ ਆਦਿ ਅਤੇ ਅੰਤ ਵਿਚ ਨਹੀਂ ਮਿਲਦੀ, ਬਲਕਿ ਸ਼ਬਦ ਦੇ ਮੱਧ ਵਿਚ ਇਸਦੀ ਵਰਤੋਂ ਹੁੰਦੀ ਹੈ। ਕੁਝ ਅਪਵਾਦਾਂ ਨੂੰ ਛੱਡ ਕੇ /ङ/ ਕੇਵਲ ਸ਼ਬਦ ਦੇ ਮੱਧ ਵਿਚ /ख, ग, घ/ ਵਿਅੰਜਨਾਂ ਤੋਂ ਪਹਿਲਾਂ ਸੰਯੁਕਤ ਵਿਅੰਜਨ ਦੇ ਰੂਪ ਵਿਚ ਹੀ ਉਚਾਰਿਆ ਜਾਂਦਾ ਹੈ। ਹਿੰਦੀ ਭਾਸ਼ਾ ਦੀ ਨਾਸਿਕੀ ਧੁਨੀ / ञ/ ਦੇ ਉਚਾਰਨ ਵਿਚ ਵੀ ਬਹੁਤੇ ਮੱਤਭੇਦ ਮਿਲਦੇ ਹਨ। ਇਹ ਸ਼ਬਦ ਦੀ ਵਿਚਕਾਰਲੀ ਸਥਿਤੀ ਵਿਚ ਹੀ ਆਉਂਦੀ ਹੈ।

5. ਪੰਜਾਬੀ ਵਿਚ ਸੰਘਰਸ਼ੀ ਧੁਨੀਆਂ /ਸ, ਸ਼, ਹ/ ਤਿੰਨ ਹਨ। ਪਰ ਹਿੰਦੀ ਭਾਸ਼ਾ ਵਿਚ ਅੱਠ /फ, व, स, ज, श, ख़, ग़, ह/ ਸੰਘਰਸ਼ੀ ਧੁਨੀਆਂ ਮੌਜੂਦ ਹਨ।

4.2.2 ਪੰਜਾਬੀ ਅਤੇ ਹਿੰਦੀ ਭਾਸ਼ਾ ਦੀਆਂ ਅਖੰਡੀ ਧੁਨੀਆਂ ਦਾ ਤੁਲਨਾਤਮਕ ਅਧਿਐਨ

ਅਖੰਡੀ ਧੁਨੀਆਂ ਦੇ ਸੰਦਰਭ ਵਿਚ ਪੰਜਾਬੀ ਅਤੇ ਹਿੰਦੀ ਧੁਨੀਵਿਉਂਤ ਵਿਚ ਪਹਿਲਾ ਅੰਤਰ ਅਖੰਡੀ ਧੁਨੀ ਸੁਰ ਦਾ ਹੈ। ਪੰਜਾਬੀ ਵਿਚ ਸੁਰ ਦਾ ਵਿਕਾਸ ਪ੍ਰਾਣਤਾ (Aspiration) ਦੇ ਲੋਪ ਹੋ ਜਾਣ ਕਾਰਨ ਹੋਇਆ। ਪ੍ਰਾਣਤਾ ਦਾ ਲੋਪ ਭਾਰਤੀ ਯੂਰਪੀ ਪਰਿਵਾਰ ਦੀ ਮੁੱਢਲੀ ਵਿਸ਼ੇਸ਼ਤਾ ਹੈ। ਇਸਦਾ ਲੋਪ ਭਾਰਤੀ ਯੂਰਪੀ ਪਰਿਵਾਰ ਵਿਚ ਗ੍ਰਿਮ ਦੇ ਧੁਨੀ ਪਰਿਵਰਤਨ ਨੇਮ ਦੀ ਇਕ ਖਾਸ ਵਿਸ਼ੇਸ਼ਤਾ ਹੈ। ਭਾਰਤੀ ਯੂਰਪੀ ਪਰਿਵਾਰ ਦੀਆਂ /ਭ, ਧ, ਘ/ ਧੁਨੀਆਂ ਜਰਮਨੀ ਵਿਚ /ਬ, ਦ, ਗ/ ਵਿਚ ਤਬਦੀਲ ਹੋ ਜਾਂਦੀਆਂ ਹਨ। ਸਘੋਸ਼ ਮਹਾਂਪ੍ਰਾਣ ਧੁਨੀਆਂ /ਭ, ਧ, ਢ, ਝ, ਘ/ ਪੰਜਾਬੀ ਵਿਚ ਸ਼ਬਦ ਦੇ ਸ਼ੁਰੂ ਵਿਚ ਘੋਸ਼ਤਾ ਅਤੇ ਪ੍ਰਾਣਤਾ, ਵਿਚਕਾਰ ਤੇ ਅਖੀਰ ਦੀ ਸਥਿਤੀ ਵਿਚ ਪ੍ਰਾਣਤਾ ਨੂੰ ਖੋਹ ਦਿੰਦੀਆਂ ਹਨ ਅਤੇ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਵਿਚ ਸਘੋਸ਼ ਮਹਾਂਪ੍ਰਾਣ ਧੁਨੀਆਂ ਸੁਰ ਦਾ ਸੰਕੇਤ ਦਿੰਦੀਆਂ ਹਨ। ਇਹੋ ਸਥਿਤੀ /ਹ/ ਧੁਨੀ ਦੀ ਹੈ। ਇਉਂ ਸੁਰ ਪੰਜਾਬੀ ਧੁਨੀਵਿਉਂਤ ਦਾ ਵਿਸ਼ੇਸ਼ ਪਛਾਣ-ਚਿੰਨ੍ਹ ਅਤੇ ਨਿਖੇੜੂ ਲੱਛਣ ਹੈ। ਪੰਜਾਬੀ ਧੁਨੀਵਿਉਂਤ ਵਿਚ

ਤਿੰਨ ਤਰ੍ਹਾਂ ਦੀ ਸੁਰ ਦੀ ਹੋਂਦ ਹੈ: ਉੱਚੀ, ਨੀਵੀਂ ਅਤੇ ਪੱਧਰੀ। ਹਿੰਦੀ ਧੁਨੀਵਿਉਂਤ ਵਿਚ ਇਸ ਦਾ ਉੱਕਾ ਹੀ ਅਭਾਵ ਹੈ। ਪਰ ਹਿੰਦੀ ਵਿਚ ਕੁੱਝ ਸਥਿਤੀਆਂ ਵਿਚ ਪ੍ਰਾਣਤਾ ਦਾ ਵਰਤਾਰਾ ਸੁਰ ਵਰਗਾ ਕਾਰਜ ਕਰਦਾ ਹੈ। ਮਿਸਾਲ ਵਜੋਂ:

ਪ੍ਰਾਣਤਾ	ਸੁਰ
बाग	ਬਾਗ਼
बाघ	ਬਾਘ
कंडा	ਕੰਡਾ
कंढा	ਕੰਢਾ
राई	ਰਾਈ
राही	ਰਾਹੀ

ਬਲ: ਪੰਜਾਬੀ ਤੇ ਹਿੰਦੀ ਦੋਨਾਂ ਵਿਚ ਹੀ ਬਲ ਦੀ ਸਥਿਤੀ ਦੇਖਣ ਨੂੰ ਮਿਲਦੀ ਹੈ। ਪਰ ਦੋਨਾਂ ਭਾਸ਼ਾਵਾਂ ਵਿਚ ਬਲ ਦਾ ਪ੍ਰਕਾਰਜ ਵੱਖੋ-ਵੱਖਰਾ ਹੈ। ਪੰਜਾਬੀ ਵਿਚ ਬਲ ਬਹੁ-ਕਾਰਜੀ ਸਾਰਥਕ ਅਖੰਡੀ ਧੁਨੀ ਹੈ। ਮਸਲਨ ਤਲਾ (ਜੁੱਤੀ ਦਾ) ਅਤੇ ਤਲਾ (ਪਾਣੀ ਦਾ) ਵਿਚ ਜੋ ਅੰਤਰ ਹੈ, ਉਸ ਦਾ ਕਾਰਨ ਅੰਤਮ ਧੁਨੀ /-ਆ/ ਦਾ ਬਲ ਪੂਰਬਕ ਪ੍ਰਯੋਗ ਹੈ। ਇਸੇ ਤਰ੍ਹਾਂ ਪੰਜਾਬੀ ਵਿਚ ਹੋਰ ਵੀ ਬਹੁਤ ਸਾਰੇ ਸ਼ਬਦ ਮਿਲਦੇ ਹਨ ਜਿਥੇ ਕਿਸੇ ਉਚਾਰਖੰਡ ਵਿਚਲੇ ਸਵਰ ਨੂੰ ਬਲ ਸਹਿਤ ਬੋਲਣ ਨਾਲ ਅਰਥਾਂ ਵਿਚ ਫਰਕ ਆ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਬਲ ਦਾ ਦਾਇਰਾ ਸ਼ਬਦ ਦੇ ਪਹਿਲੇ ਜਾਂ ਦੂਸਰੇ ਉਚਾਰਖੰਡ ਤੱਕ ਹੀ ਸੀਮਿਤ ਰਹਿੰਦਾ ਹੈ। ਦੂਜੇ ਉਚਾਰਖੰਡ ਉੱਤੇ ਬਲ ਸਿਰਫ਼ ਉਸ ਪਰਸਥਿਤੀ ਅਧੀਨ ਹੀ ਜਾਂਦਾ ਹੈ ਜਦੋਂ ਸ਼ਬਦ ਦੇ ਪਹਿਲੇ ਉਚਾਰਖੰਡ ਦਾ ਸਵਰ ਲਘੂ /ਇ, ਅ, ਉ/ ਸਵਰਾਂ ਵਿਚੋਂ ਕੋਈ ਇਕ ਹੋਵੇ। ਜੇਕਰ ਪਹਿਲੇ

ਉਚਾਰਖੰਡ ਦਾ ਸਵਰ ਦੀਰਘ ਸਵਰਾਂ /ਈ, ਏ, ਐ, ਆ, ਔ, ਓ, ਊ/ ਵਿਚੋਂ ਕੋਈ ਇਕ ਆਉਂਦਾ ਹੈ ਤਾਂ ਬਲ ਪਹਿਲੇ ਉਚਾਰਖੰਡ ਤੇ ਹੀ ਆਵੇਗਾ। ਪਰ ਹਿੰਦੀ ਭਾਸ਼ਾ ਵਿਚ ਬਲ ਸਾਰਥਕ ਅਖੰਡੀ ਧੁਨੀ ਨਹੀਂ ਹੈ ਭਾਵ ਕਿ ਇਸ ਦੀ ਹੋਂਦ ਫੋਨੀਮਿਕ ਹੈ। ਇਸ ਨੂੰ ਨਿਰਾਰਥਕ ਬਲਾਘਾਤ ਕਿਹਾ ਜਾਂਦਾ ਹੈ। ਬਲ ਨਾਲ ਸ਼ਬਦ ਦੇ ਅਰਥ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਹਿੰਦੀ ਭਾਸ਼ਾ ਵਿਚ ਧੁਨਾਤਮਕ ਬਲ ਦੇ ਕੁੱਝ ਨਿਯਮ ਮਿਲਦੇ ਹਨ। ਪਹਿਲਾ ਨਿਯਮ ਇਹ ਕਿ ਜੇ ਸ਼ਬਦ ਲਘੂ ਸਵਰ ਵਾਲਾ ਇਕ ਉਚਾਰਖੰਡੀ ਹੈ ਤਾਂ ਬਲ ਉਸੇ ਤੇ ਹੋਵੇਗਾ। ਜਿਵੇਂ सति, अलि ਆਦਿ। ਦੂਜੇ ਨਿਯਮ ਦੇ ਮੁਤਾਬਿਕ ਜੇ ਸ਼ਬਦ ਵਿਚ ਮਹਾਂਪ੍ਰਾਣ /ਹ/ ਹੈ ਤਾ ਇਸੇ ਤੇ ਬਲ ਆਵੇਗਾ। ਜਿਵੇਂ सुलह, हलार। ਤੀਜੇ ਨਿਯਮ ਅਨੁਸਾਰ ਸੰਯੁਕਤ ਉਚਾਰਖੰਡ ਵਾਲੇ ਸ਼ਬਦਾਂ ਵਿਚ ਬਲ ਹਮੇਸ਼ਾ ਸੰਯੁਕਤ ਉਚਾਰਖੰਡ ਤੇ ਮਾਰਕ ਹੁੰਦਾ ਹੈ। ਜਿਵੇਂ ਕਿ अनुभवी, साधु, निति ਆਦਿ।

ਨਾਸਿਕਤਾ: ਪੰਜਾਬੀ ਭਾਸ਼ਾ ਵਿਚ ਨਾਸਿਕਤਾ ਨੂੰ ਭਾਸ਼ਾਈ ਪ੍ਰਕਾਰਜ ਦੀ ਦ੍ਰਿਸ਼ਟੀ ਤੋਂ ਦੋ ਵਰਗਾਂ ਵਿਚ ਵੰਡਿਆ ਗਿਆ ਹੈ। 1. ਨਿਰਾਰਥਕ ਨਾਸਿਕਤਾ 2. ਸਾਰਥਕ ਨਾਸਿਕਤਾ। ਪਹਿਲੀ ਕਿਸਮ ਦੀ ਨਾਸਿਕਤਾ ਨਾਲ ਸ਼ਬਦਾਂ ਦੇ ਉਚਾਰਨ ਵਿਚ ਤਾਂ ਅੰਤਰ ਆਉਂਦਾ ਹੈ ਪਰ ਉਨ੍ਹਾਂ ਦੇ ਕੋਸ਼ਗਤ ਅਰਥਾਂ ਵਿਚ ਕੋਈ ਪਰਿਵਰਤਨ ਨਹੀਂ ਹੁੰਦਾ। ਜਿਵੇਂ ਪੂਛ – ਪੂੰਛ, ਊਠ –ਊਂਠ, ਹੋਠ- ਹੋਂਠ ਆਦਿ। ਸਾਰਥਕ ਨਾਸਿਕਤਾ ਸ਼ਬਦਾਂ ਦੇ ਕੋਸ਼ਗਤ ਅਰਥ ਪਰਿਵਰਤਿਤ ਕਰਨ ਦੇ ਸਮਰੱਥ ਹੁੰਦੀ ਹੈ। ਇਸ ਨਾਲ ਸਿਰਫ਼ ਸ਼ਬਦਾਂ ਦੇ ਅਰਥਾਂ ਵਿਚ ਹੀ ਤਬਦੀਲੀ ਨਹੀਂ ਵਾਪਰਦੀ ਸਗੋਂ ਬਹੁਤ ਵਾਰੀ ਸ਼ਬਦ ਦੀ ਸ਼੍ਰੇਣੀ ਵੀ ਤਬਦੀਲ ਹੋ ਜਾਂਦੀ ਹੈ। ਇਸ ਦ੍ਰਿਸ਼ਟੀ ਤੋਂ ਸਾਰਥਕ ਨਾਸਿਕਤਾ ਨੂੰ ਦੋ ਭਾਗਾਂ ਵਿਚ ਵੰਡਿਆਂ ਜਾਂਦਾ ਹੈ। 1. ਸ਼੍ਰੇਣੀ ਰੱਖਿਅਕ 2. ਸ਼੍ਰੇਣੀ ਬਦਲੂ। ਸ਼੍ਰੇਣੀ ਰੱਖਿਅਕ ਵਿਚ ਨਾਸਿਕਤਾ ਦੀ ਵਰਤੋਂ ਨਾਲ ਸ਼ਬਦਾਂ ਦੇ ਕੋਸ਼ਗਤ ਅਰਥਾਂ ਵਿਚ ਤਬਦੀਲੀ ਆਉਂਦੀ ਹੈ ਪਰ ਉਨ੍ਹਾਂ ਦੀ ਸ਼ਬਦ ਸ਼੍ਰੇਣੀ ਸਥਿਰ ਰਹਿੰਦੀ ਹੈ; ਜਿਵੇਂ ਗੋਦ- ਗੋਂਦ, ਸਾਗ- ਸਾਂਗ। ਸ਼੍ਰੇਣੀ ਬਦਲੂ ਵਿਚ ਨਾਸਿਕਤਾ ਦੀ ਵਰਤੋਂ ਨਾਲ ਸ਼ਬਦਾਂ ਦੇ ਕੋਸ਼ਗਤ ਅਰਥਾਂ ਵਿਚ ਪਰਿਵਰਤਨ ਆਉਣ ਦਾ ਨਾਲ ਨਾਲ ਉਂਹਾਂ ਦੀ ਸ਼ਬਦ ਸ਼੍ਰੇਣੀ ਵੀ ਪਰਿਵਰਤਿਤਿ ਹੁੰਦੀ ਹੈ; ਜਿਵੇਂ ਸੌ- ਸੌਂ, ਤੋੜਾ- ਤੋੜਾਂ, ਜੋੜਾ- ਜੋੜਾਂ ਆਦਿ। ਹਿੰਦੀ ਭਾਸ਼ਾ ਵਿਚ ਨਾਸਿਕਤਾ ਦਾ ਵਿਕਾਸ ਨਾਸਿਕੀ ਵਿਅੰਜਨ ਦੇ ਲੋਪ ਹੋ ਜਾਣ ਨਾਲ ਅਤੇ ਸਵਰ ਦੇ ਦੀਰਘੀਕਰਨ ਨਾਲ ਹੋਇਆ ਮੰਨਿਆ ਜਾਂਦਾ ਹੈ। ਜਿਵੇਂ दंत (सं) > दाँत (हि), पंच > पाँच,

चंद्र > चाँद, कंध > काँध। ਪ੍ਰਕ੍ਰਿਤ ਅਤੇ ਅਪਭ੍ਰੰਸ਼ ਕਾਲ ਤੋਂ ਮਗਰੋਂ ਹਿੰਦੀ ਵਿਚ ਨਾਸਿਕਤਾ ਅਕਾਰਣ ਹੀ ਵਿਕਸਿਤ ਹੋ ਗਈ ਜਿਵੇਂ; सर्प > सप्प >साँप, अक्षि >अक्खि >आँख, श्वास> साँस, उच्च > ऊँचा" । ਹਿੰਦੀ ਭਾਸ਼ਾ ਵਿਚ 9 ਨਾਸਿਕੀ ਸਵਰ ਦੇਖਣ ਨੂੰ ਮਿਲਦੇ ਹਨ। ਇਹ ਨਾਸਿਕੀ ਸਵਰ ਹਨ; 7 ਦੀਰਘ ਸਵਰ /आँ, ईं, ऊँ, एँ, ऐं, ओं, औं/ ਅਤੇ 2 ਲਘੂ ਸਵਰ /अँ, उँ/। ਹਿੰਦੀ ਭਾਸ਼ਾ ਵਿਚ ਅਨੇਕ ਇਸ ਤਰ੍ਹਾਂ ਦੇ ਉਦਾਹਰਨ ਮਿਲਦੇ ਹਨ ਜਿਨ੍ਹਾਂ ਵਿਚ ਸਵਰ+ ਨਾਸਿਕੀ ਵਿਅੰਜਨ ਤਾਂ ਹੈ ਪਰ ਨਾਸਿਕੀ ਸਵਰ ਰੂਪ ਨਹੀਂ ਉੱਭਰ ਕੇ ਸਾਹਮਣੇ ਨਹੀਂ ਆਉਂਦਾ। ਜਿਵੇਂ ਕਿ मानव, दानव मानस, क़ीमत, कान्ता, शान्त, जानकी ਆਦਿ। ਦੂਸਰੇ ਪਾਸੇ ਕੁੱਝ ਅਜਿਹੇ ਵੀ ਉਦਾਹਰਨ ਹਨ ਜਿਨ੍ਹਾਂ ਵਿਚ ਨਾਸਿਕੀ ਸਵਰ ਤਾਂ ਮੌਜੂਦ ਹੁੰਦਾ ਹੈ ਪਰ ਉਸਦੇ ਆਧਾਰ ਰੂਪ ਵਿਚ ਸਵਰ+ਨਾਸਿਕੀ ਵਿਅੰਜਨ ਦਾ ਪ੍ਰਮਾਣ ਨਹੀਂ ਮਿਲਦਾ। ਜਿਵੇਂ साँप, आँख, आँसू, पाँव, में, हाँ ਆਦਿ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਹਿੰਦੀ ਭਾਸ਼ਾ ਵਿਚ ਕੁੱਝ ਸਥਿਤੀਆਂ ਵਿਚ ਨਾਸਿਕੀ ਦੀਰਘ ਸਵਰ ਦਾ ਆਉਣਾ ਮੌਖਿਕ ਸਵਰ+ਨਾਸਕੀ ਵਿਅੰਜਨ ਦੇ ਅਨੁਕਰਨ ਨਾਲ ਹੋਇਆ ਅਤੇ ਕੁੱਝ ਸਥਿਤੀਆਂ ਵਿਚ ਨਾਸਿਕੀ ਲਘੂ ਸਵਰ ਦੀ ਵਿਉਂਤਪਤੀ ਨਾਸਿਕੀ ਦੀਰਘ ਸਵਰ ਤੋਂ ਹੋਈ ਹੈ।

ਸੰਗਮ (Juncture): ਧੁਨੀਵਿਉਂਤਕ ਪੱਧਰ ਉੱਤੇ ਅਖੰਡੀ ਧੁਨੀ ਸੰਗਮ ਦਾ ਵਰਤਾਰਾ ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚ ਸਮਾਨ ਹੈ। ਦੋਹਾਂ ਭਾਸ਼ਾਵਾਂ ਵਿਚ ਸੰਗਮ ਨੂੰ ਜਦੋਂ ਅਸੀਂ ਧੁਨੀਵਿਉਂਤਕ ਆਧਾਰ 'ਤੇ ਵਿਸ਼ਲੇਸ਼ਤ ਕਰਦੇ ਹਾਂ ਤਾਂ ਇਸ ਦੀ ਬਣਤਰ ਰੂਪੀਮ ਆਧਾਰਿਤ ਹੁੰਦੀ ਹੈ। ਸੰਗਮ ਜਦੋਂ ਕਿਸੇ ਉਚਾਰਖੰਡ ਵਿਚ ਆਉਂਦਾ ਹੈ ਤਾਂ ਉਹ ਦੋ ਉਚਾਰਖੰਡਾਂ ਵਿਚ ਵੰਡਿਆ ਜਾਂਦਾ ਹੈ। ਭਾਵੇਂ ਉਚਾਰਖੰਡ ਵਿਚ ਰੂਪੀਮ ਦੀ ਹੱਦ ਨਹੀਂ ਹੁੰਦੀ ਪਰ ਜਦੋਂ ਸੰਗਮ ਦੀ ਵਿੱਥ ਨਾਲ ਉਚਾਰਖੰਡ ਦੋ ਰੂਪਾਂ ਵਿਚ ਆਉਂਦਾ ਹੈ ਤਾਂ ਉਥੇ ਉਚਾਰਖੰਡ ਰੂਪੀਮ ਵਿਚ ਬਦਲ ਜਾਂਦਾ ਹੈ। ਇਸ ਤਰ੍ਹਾਂ ਸੰਗਮ ਜਦੋਂ ਦੋ ਅੱਖਰਾਂ ਦੇ ਦਰਮਿਆਨ ਆਵੇ ਤਾਂ ਇਸ ਨੂੰ ਉਚਾਰਖੰਡੀ ਸੰਗਮ (Syllabic juncture) ਕਿਹਾ ਜਾਂਦਾ ਹੈ। ਦੋਹਾਂ ਭਾਸ਼ਾਵਾਂ ਵਿਚ ਉਚਾਰਖੰਡੀ ਸੰਗਮ ਦੇ ਨਮੂਨੇ ਪੇਸ਼ ਹਨ :

ਪੰਜਾਬੀ:

ਉਚਾਰਖੰਡ		ਰੂਪੀਮ
ਭਾਜੀ	-	ਭਾ # ਜੀ
ਛਿਲਕੇ	-	ਛਿੱਲ #ਕੇ
ਰਜਾਈ	-	ਰਜ #ਆਈ
ਕਰਕੇ	-	ਕਰ # ਕੇ

ਹਿੰਦੀ

नलकी	-	नल # की
जलसा	-	जल # सा
हलकी	-	हल# की
निकला	-	निकल # आ

ਉਪਰੋਕਤ ਸ਼ਬਦਾਂ ਵਿਚ ਪਹਿਲਾਂ ਆਏ ਸ਼ਬਦ ਸੁਤੰਤਰ ਰੂਪੀਮ ਹਨ ਅਤੇ ਇਨ੍ਹਾਂ ਵਿਚਕਾਰ ਉਚਾਰਖੰਡ ਦੀ ਹੱਦ ਹੈ। ਪਰ ਸੰਗਮ ਕਾਰਨ ਧੁਨੀਆਤਮਕ ਤਬਦੀਲੀ ਕਰ ਕੇ, ਇਹ ਉਚਾਰਖੰਡ ਤੋਂ ਰੂਪੀਮ ਵਿਚ ਬਦਲ ਜਾਂਦੇ ਹਨ। ਭਾਵ ਸੰਗਮ ਦੀ ਬਰੇਕ ਕਾਰਨ ਇਹ ਆਪਣੇ ਰੂਪ ਵਿਚ ਤਬਦੀਲੀ ਗ੍ਰਹਿਣ ਕਰਦੇ ਹਨ ਅਤੇ ਵੱਖਰੇ ਅਰਥਾਂ ਵਿਚ ਸਾਕਾਰ ਹੁੰਦੇ ਹਨ। ਦੋਹਾਂ ਭਾਸ਼ਾਵਾਂ ਵਿਚ ਸੰਗਮ ਦਾ ਵਰਤਾਰਾ ਵਿਆਕਰਨਕ ਪੱਧਰ ਉੱਤੇ ਵੀ ਕਾਰਜਸ਼ੀਲ ਹੁੰਦਾ ਹੈ। ਇਥੇ ਸੰਗਮ ਸਦਕਾ ਵਿਆਕਰਨਕ ਰੂਪ ਆਪਣੀ ਨਵੀਂ ਵਿਆਕਰਨਕ ਹੋਂਦ ਬਣਾਉਂਦੇ ਹਨ। ਮਿਸਾਲ ਵਜੋਂ:

ਪੰਜਾਬੀ

ਨਾਂਵ		**ਕਿਰਿਆ**
ਕਟਾਈ	-	ਕੱਟ #ਆਈ
ਖ਼ੁਆਜਾ	-	ਖੁਆ #ਜਾ
ਖ਼ਾਕੇ	-	ਖਾ # ਕੇ
ਨਾਂਵ		**ਨਾਂਵ**
ਦਾਲਚੀਨੀ	-	ਦਾਲ # ਚੀਨੀ
ਕਿਰਿਆ	-	**ਕਿਰਿਆ**
ਟਪਾ	-	ਟੱਪ #ਆ
ਨਠਾ	-	ਨੱਠ #ਆ
ਭਜਾਵੋ	-	ਭੱਜ #ਆਵੋ

ਹਿੰਦੀ

ਵਿਸ਼ੇਸ਼ਣ		**ਕਿਰਿਆ**
हलकी	-	हल# की
ਕਿਰਿਆ		**ਕਿਰਿਆ**

ਲੜਾਯਾ - ਲੜ # ਆਯਾ

4.2.3 ਉਚਾਰਖੰਡ: ਪੰਜਾਬੀ ਅਤੇ ਹਿੰਦੀ ਦੋਵਾਂ ਭਾਸ਼ਾਵਾਂ ਦੇ ਉਚਾਰਖੰਡੀ ਬਣਤਰਾਂ ਦੇ ਅਧਿਐਨ ਕਰਨ ਉਪਰੰਤ ਵੀ ਨਿੱਖੜਵੇਂ ਪੈਟਰਨ ਪ੍ਰਾਪਤ ਹੁੰਦੇ ਹਨ:

-ਪੰਜਾਬੀ ਭਾਸ਼ਾ ਵਿਚ ਅੱਠ ਉਚਾਰਖੰਡੀ ਪੈਟਰਨ ਹਨ: ਸ੍ਵਰ **(V)**, ਸ੍ਵਰ ਵਿਅੰਜਨ **(VC)**, ਵਿਅੰਜਨ ਸ੍ਵਰ **(CV)**, ਵਿਅੰਜਨ ਸ੍ਵਰ ਵਿਅੰਜਨ **(CVC)**, ਵਿਅੰਜਨ ਸ੍ਵਰ ਵਿਅੰਜਨ ਵਿਅੰਜਨ **(cvcc)**, ਸ੍ਵਰ ਵਿਅੰਜਨ ਵਿਅੰਜਨ **(VCC)**, ਵਿਅੰਜਨ ਵਿਅੰਜਨ ਸ੍ਵਰ **(CCV)**, ਵਿਅੰਜਨ ਵਿਅੰਜਨ ਸਵਰ ਵਿਅੰਜਨ **(ccvc)**। ਪਰ

ਹਿੰਦੀ ਭਾਸ਼ਾ ਵਿਚ ਪੰਜਾਬੀ ਦੇ ਇਨ੍ਹਾਂ ਪੈਟਰਨਾਂ ਤੋਂ ਇਲਾਵਾ **7** ਹੋਰ ਪੈਟਰਨ ਮਿਲਦੇ ਹਨ;

1 ਸਵਰ ਵਿਅੰਜਨ ਵਿਅੰਜਨ ਵਿਅੰਜਨ (vccc)

2 ਵਿਅੰਜਨ ਸਵਰ ਵਿਅੰਜਨ ਵਿਅੰਜਨ ਵਿਅੰਜਨ (cvccc)

3 ਵਿਅੰਜਨ ਵਿਅੰਜਨ ਸਵਰ ਵਿਅੰਜਨ ਵਿਅੰਜਨ (ccvcc)

4 ਵਿਅੰਜਨ ਵਿਅੰਜਨ ਸਵਰ ਵਿਅੰਜਨ ਵਿਅੰਜਨ ਵਿਅੰਜਨ (ccvccc)

5 ਵਿਅੰਜਨ ਵਿਅੰਜਨ ਵਿਅੰਜਨ ਸਵਰ (cccv)

6 ਵਿਅੰਜਨ ਸਵਰ ਵਿਅੰਜਨ ਵਿਅੰਜਨ ਵਿਅੰਜਨ ਵਿਅੰਜਨ (cvcccc)

7 ਵਿਅੰਜਨ ਵਿਅੰਜਨ ਵਿਅੰਜਨ ਸਵਰ ਵਿਅੰਜਨ (cccvc)

ਦੋਵਾਂ ਭਾਸ਼ਾਵਾਂ ਦੇ ਇਕ ਅੱਖਰੀ ਉਚਾਰਖੰਡੀ ਪੈਟਰਨ ਦੇ ਅਧਿਐਨ ਉਪਰੰਤ ਇਹ ਸਪੱਸ਼ਟ ਹੁੰਦਾ ਹੈ ਕਿ ਗਿਣਤੀ ਪੱਖੋਂ ਜਿੱਥੇ ਪੰਜਾਬੀ ਵਿਚ ਉਚਾਰਖੰਡ ਦੀ ਗਿਣਤੀ 8 ਹੈ, ਉੱਥੇ ਹਿੰਦੀ ਵਿਚ 15 ਹੈ। ਹਿੰਦੀ ਭਾਸ਼ਾ ਵਿਚ ਉਚਾਰਖੰਡ ਦੇ

ਇਸ ਵਾਧੇ ਦਾ ਕਾਰਨ ਲੰਬੇ ਵਿਅੰਜਨੀ ਗੁੱਛੇ ਹਨ। ਮਿਸਾਲ ਵਜੋਂ ਸ੍ਤ੍ਰੀ, ਵਤ੍ਸ੍ਯ, ਸ੍ਤ੍ਰੈਣ, ਸ੍ਵਾਸ੍ਥ੍ਯ ਆਦਿ। ਹਿੰਦੀ ਵਿਚ ਪੰਜਾਬੀ ਭਾਸ਼ਾ ਦੇ ਮੁਕਾਬਲੇ ਉਚਾਰਖੰਡ ਦੇ ਆਰੰਭ ਅਤੇ ਅੰਤ ਤੇ ਲੰਬੇ ਵਿਅੰਜਨੀ ਗੁੱਛੇ ਜ਼ਿਆਦਾ ਮਿਲਦੇ ਹਨ ਪਰ ਪੰਜਾਬੀ ਭਾਸ਼ਾ ਵਿਚ ਇਹ ਗੁੱਛੇ ਨਹੀਂ ਮਿਲਦੇ।

-ਦੋਵਾਂ ਭਾਸ਼ਾਵਾਂ ਵਿਚ ਸ਼ਬਦ ਦੀ ਇਕਹਿਰੀ ਉਚਾਰਖੰਡ ਬਣਤਰ ਨੂੰ ਛੱਡ ਕੇ, ਬਾਕੀ ਦੀਆਂ ਬਣਤਰਾਂ ਵਿਚ ਲਘੂ ਅਤੇ ਦੀਰਘ ਸਵਰਾਂ ਦੇ ਆਧਾਰ ਤੇ ਕੁੱਝ ਸਾਂਝੇ ਪੈਟਰਨ ਮਿਲਦੇ ਹਨ: ਦੀਰਘ + ਲਘੂ (ਬੋਤਲ), ਲਘੂ + ਦੀਰਘ (ਦੁਕਾਨ), ਦੀਰਘ + ਦੀਰਘ (ਕਾਲਾ)। ਇਹ ਪੈਟਰਨ ਦੋਵਾਂ ਭਾਸ਼ਾਵਾਂ ਵਿਚ ਇਕ ਸਮਾਨ ਹਨ।

-ਪੰਜਾਬੀ ਭਾਸ਼ਾ ਵਿਚ ਸ਼ਬਦ ਦੀ ਮੁੱਢਲੀ ਸਥਿਤੀ ਵਿਚ ਅਡੱਕਵਾਂ + ਡੱਕਵਾਂ ਵਿਅੰਜਨ ਤਰਤੀਬ ਦੇ ਸੰਯੁਕਤ ਵਿਅੰਜਨ ਸੰਭਵ ਨਹੀਂ ਹਨ। ਇਸ ਲਈ ਪੰਜਾਬੀ ਬੁਲਾਰਾ ਅਜਿਹੇ ਸੰਯੋਗ ਨੂੰ ਤੋੜਨ ਲਈ ਜਾਂ ਤਾਂ ਮੁਢਲੇ ਵਿਅੰਜਨ ਨੂੰ ਖਾਰਜ ਕਰਦਾ ਹੈ ਨਹੀਂ ਤਾਂ ਵਿਅੰਜਨਾਂ ਦਰਮਿਆਨ /ਅ/ ਦਾ ਪ੍ਰਵੇਸ਼ ਕਰਦਾ ਹੈ। ਉਦਾਹਰਨ ਵਜੋਂ:

ਸਟੇਸ਼ਨ → ਸ ਟ ਏ ਸ਼ ਅ ਨ

ਟੇਸ਼ਨ → ਟ ਏ ਸ਼ ਅ ਨ



ਸਟੇਸ਼ਨ → ਸ ਟ ਏ ਸ਼ ਅ ਨ

ਸਟੇਸ਼ਨ → ਸ ਅ ਟ ਏ ਸ਼ ਅ ਨ



ਸ ਟ ਸ਼ ਨ

ਇਸੇ ਤਰ੍ਹਾਂ ਹੀ ਹਿੰਦੀ ਭਾਸ਼ਾ ਵਿਚ ਵੀ ਸ਼ਬਦ ਦੇ ਸ਼ੁਰੂ ਵਿਚ ਅਡੱਕਵੇਂ + ਡੱਕਵੇਂ ਤਰਤੀਬ ਦੇ ਵਿਅੰਜਨ ਸੰਯੋਗ ਹਮੇਸ਼ਾ ਹੀ ਸਵਰ ਦੀ ਆਮਦ ਰਾਹੀਂ ਹੀ ਤੋੜੇ ਜਾਂਦੇ ਹਨ:-

ਸਕੂਲ → ਸ ਕ ਊ ਲ ਅਸਕੂਲ → ਅ ਸ ਕ ਊ ਲ



ਜਿੱਥੇ ਇਸ ਪੈਟਰਨ ਦੇ ਆਧਾਰ ਤੇ ਸਾਨੂੰ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ ਉੱਥੇ ਨਾਲ ਹੀ ਨਾਲ ਇਸ ਪੈਟਰਨ ਰਾਹੀਂ ਦੋਵਾਂ ਭਾਸ਼ਾਵਾਂ ਵਿਚ ਵੱਖਰਤਾ ਵੀ ਨਜ਼ਰੀ ਪੈਂਦੀ ਹੈ। ਉਹ ਇਹ ਹੈ ਕਿ ਪੰਜਾਬੀ ਵਿਚ ਸ਼ਬਦ ਦਾ ਮੁੱਢਲਾ ਵਿਅੰਜਨ ਗੁੱਛਾ ਪਹਿਲੀ ਧੁਨੀ ਦੇ ਖਾਰਜ ਰਾਹੀਂ ਜਾਂ ਦੋਹਾਂ ਧੁਨੀਆਂ ਦੇ ਦਰਮਿਆਨ ਸਵਰ /ਅ/ ਦੀ ਆਮਦ ਰਾਹੀਂ ਟੁੱਟਦਾ ਹੈ ਪਰ ਹਿੰਦੀ ਵਿਚ ਇਹ ਵਿਅੰਜਨ ਗੁੱਛਾ ਤੋੜਨ ਲਈ /ਅ/ ਸਵਰ ਇਨ੍ਹਾਂ ਵਿਅੰਜਨਾਂ ਦੇ ਅੱਗੇ ਜੁੜਦਾ ਹੈ ਭਾਵ ਕਿ ਦੋਵਾਂ ਭਾਸ਼ਾਵਾਂ ਦੇ ਇਨ੍ਹਾਂ ਵੱਖਰੇ ਨੇਮਾਂ ਰਾਹੀ ਉਚਾਰਖੰਡੀ ਤਰਤੀਬ ਵਿਚ ਵੀ ਵੱਖਰਤਾ ਸਾਹਮਣੇ ਆ ਜਾਂਦੀ ਹੈ ਪੰਜਾਬੀ ਵਿਚ ਇਸ ਵਿਅੰਜਨ ਗੁੱਛੇ ਦੀ ਟੁੱਟਣ ਦੀ ਤਰਤੀਬ ਨਾਲ ਓਚਾਰਖੰਡ ਦਾ ਆਰੰਭ ਵਿਅੰਜਨ ਵਿਚ ਹੀ ਬਰਕਰਾਰ ਰਹਿੰਦਾ ਹੈ, ਉੱਥੇ ਹਿੰਦੀ ਵਿਚਲੇ ਉਚਾਰਖੰਡ ਦਾ ਆਰੰਭ ਸਵਰ ਨਾਲ ਹੋਣ ਕਾਰਨ ਦੋਹਰਾ ਉਚਾਰਖੰਡ ਸਿਰਜਿਆ ਜਾਂਦਾ ਹੈ।

4.3 ਨਿਖੇੜੂ ਲੱਛਣਾਂ ਦੇ ਆਧਾਰ ਤੇ ਦੋਹਾਂ ਭਾਸ਼ਾਵਾਂ ਦਾ ਤੁਲਨਾਤਮਕ ਅਧਿਐਨ: ਪੰਜਾਬੀ ਅਤੇ ਹਿੰਦੀ ਭਾਸ਼ਾ ਦੀਆਂ ਸਵਰ ਅਤੇ ਵਿਅੰਜਨ ਧੁਨੀਆਂ ਦੇ ਨਿਖੇੜੂ ਲੱਛਣਾਂ ਦਾ ਆਪਸੀ ਵਿਰੋਧ ਦੇਖਣ ਲਈ ਟ੍ਰਬਟਜ਼ਕਾਏ (1939), ਜੈਕਬਸਨ ਤੇ ਹਾਲੇ (1956) ਅਤੇ ਚੌਮਸਕੀ ਤੇ ਹਾਲੇ (1968) ਦੇ ਨਿਖੇੜੂ ਲੱਛਣ ਸਿਧਾਤਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।

ਟ੍ਰਬਟਜ਼ਕਾਏ: ਟ੍ਰਬਟਜ਼ਕਾਏ ਦੇ ਸਿਧਾਂਤ ਵਿਚ ਸੱਤ ਤਰ੍ਹਾਂ ਦੇ ਨਿਖੇੜੂ ਵਿਰੋਧਾਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਦੇ ਆਧਾਰ ’ਤੇ ਹੀ ਦੋਵਾਂ ਭਾਸ਼ਾਵਾਂ ਵਿਚ ਕੁੱਝ ਨਿਖੜਵੇਂ ਲੱਛਣ ਉੱਭਰ ਕੇ ਸਾਹਮਣੇ ਆਏ ਹਨ। ਪਹਿਲੇ ਵਿਰੋਧ ਦੇ ਪੱਖ ਤੋਂ ਪੰਜਾਬੀ ਧੁਨੀਵਿਉਂਤ ਵਿਚ /ਪ/ ਤੇ /ਬ/ ਅਤੇ ਹਿੰਦੀ ਵਿਚ /प/ਤੇ /ब/ਵਿਚਲਾ ਵਿਰੋਧ ਦੋਪੱਖੀ ਹੈ। ਇਨ੍ਹਾਂ ਵਿਚ ਸਿਰਫ ਇਕ ਨਿਖੇੜੂ ਲੱਛਣ ਘੋਸ਼ਤਾ ਦਾ ਹਾਸਲ ਹੁੰਦਾ ਹੈ। ਦੂਜੇ ਵਿਰੋਧ ਦੇ ਆਧਾਰ ’ਤੇ ਪੰਜਾਬੀ ਅਤੇ ਹਿੰਦੀ ਦੋਨਾਂ ਵਿਚ /ਪ/-/प/,/ਬ/-/ब/ਅਤੇ /ਫ/-/फ/ ਵਿਚਲਾ ਵਿਰੋਧ ਬਹੁਪੱਖੀ ਹੈ। ਕਿਉਂਕਿ ਜਿਥੇ /ਪ/ ਧੁਨੀ ਦੇ ਤਿੰਨ +ਲੱਛਣ ਹਨ, ਉਥੇ /ਬ/ਅਤੇ /ਫ/ ਦੇ ਚਾਰ-ਚਾਰ +ਲੱਛਣ ਹਨ। ਜਿਥੇ /ਫ/ ਦਾ /ਪ/ਨਾਲ ਵਿਰੋਧ ਪ੍ਰਾਣਤਾ ਦਾ ਹੈ, ਉਥੇ /ਬ/ਨਾਲ ਵਿਰੋਧ ਘੋਸ਼ਤਾ ਦਾ ਹੈ। ਪਰ ਹਿੰਦੀ ਭਾਸ਼ਾ ਵਿਚ ਪੰਜ ਧੁਨੀਆਂ /प, फ, ब, भ, म/ ਹਨ। ਸਪੱਸ਼ਟ ਹੈ ਕਿ ਹਿੰਦੀ ਭਾਸ਼ਾ ਵਿਚਲਾ ਵਿਰੋਧ ਪੰਜਾਬੀ ਦੇ ਮੁਕਾਬਲੇ ਵਧੇਰੇ ਬਹੁਪੱਖੀ ਹੈ। ਤੀਜੇ ਵਿਰੋਧ ਅਨੁਪਾਤੀ ਦੇ ਪੱਖ ਤੋਂ ਪੰਜਾਬੀ/ਹਿੰਦੀ ਵਿਚ /ਪ/ ਤੇ /ਬ/ ਦਾ ਵਿਰੋਧ ਹੈ ਕਿਉਂਕਿ ਦੋਹਾਂ ਭਾਸ਼ਾਵਾਂ ਵਿਚ ਇਸ ਦੇ ਸਮਾਨਾਂਤਰ /ਤ/ ਤੇ /ਦ/ਜਾਂ /ਕ/ਤੇ /ਗ/ ਦੇ ਜੁੱਟ ਮੌਜੂਦ ਹਨ। ਇਸੇ ਤਰ੍ਹਾਂ ਚੌਥੇ ਵਿਰੋਧ ਵਿਯੋਜਿਤ ਦੇ ਪੱਖ ਤੋਂ /ਰ/ ਤੇ /ਲ/ ਧੁਨੀਆਂ ਦੇ ਸਮਾਨਾਂਤਰ ਹੋਰ ਵਿਰੋਧੀ ਜੁੱਟ ਨਹੀਂ ਹੈ। ਟ੍ਰਬਟਜ਼ਕਾਏ ਦੇ ਪੰਜਵੇਂ ਵਿਰੋਧ, ਜਿਸਨੂੰ ਸਮਤੋਲ ਵਿਰੋਧ ਦਾ ਨਾਂ ਦਿੱਤਾ ਗਿਆ ਹੈ। ਉਸ ਅਨੁਸਾਰ ਪੰਜਾਬੀ ਤੇ ਹਿੰਦੀ ਭਾਸ਼ਾ ਵਿਚ /ਤ/ ਤੇ /ਚ/ ਵਿਚ ਵੀ ਇਹ ਵਿਰੋਧ ਮੌਜੂਦ ਹੈ ਕਿਉਕਿ ਇਸ ਵਰਗਾ ਹੋਰ ਵਿਰੋਧ ਦੋਵਾਂ ਭਾਸ਼ਾਵਾਂ ਵਿਚ ਹੀ ਮੌਜੂਦ ਨਹੀਂ ਹੈ। ਛੇਵੇਂ ਵਿਰੋਧ ਵਿਚ ਪੰਜਾਬੀ ਵਿਚ /ਣ/-/ਨ/,/ਜ਼/-/ਯ/,/ਰ/-/ੜ/ ਅਤੇ /ਲ/-/ਲ਼/ ਅਸਥਿਰ ਦੀ ਸਥਿਤੀ ਵਿਚ ਹਨ। ਇਸਦੇ ਮੁਕਾਬਲੇ ਤੇ /ਪ/ ਤੇ /ਬ/, /ਤ/ ਤੇ /ਦ/, /ਕ/ਤੇ /ਗ/ ਆਦਿ ਦਾ ਵਿਰੋਧ ਸਥਿਰ ਹੈ। ਪਰ ਸਥਿਰ/ਅਸਥਿਰ ਵਿਰੋਧ ਦੀ ਸਥਿਤੀ ਹਿੰਦੀ ਵਿਚ ਪੰਜਾਬੀ ਵਰਗੀ ਨਹੀਂ ਹੈ। ਸੱਤਵਾਂ ਵਿਰੋਧ ਦਰਜੇਵਾਰ ਵਿਰੋਧ ਦਾ ਹੈ ਜੋ ਕਿ ਮੁੱਖ ਰੂਪ ਵਿਚ ਸਵਰਾਂ ਵਿਚ ਹੁੰਦਾ ਹੈ। ਇਸ

ਪੱਖੋਂ ਪੰਜਾਬੀ ਵਿਚ /ਈ/ ਊਚਾ ਤੇ /ਏ/ ਅੱਧ ਉੱਚਾ ਹੈ। /ਇ/ਦੀ ਉਚਾਈ ਮੱਧਵਰਤੀ ਹੈ। ਇਸੇ ਤਰ੍ਹਾਂ /ਏ/ ਅੱਧ ਉੱਚਾ ਹੈ ਅਤੇ /ਐ/ਅੱਧ ਨੀਵਾਂ/

ਜੈਕਬਸਨ: ਜੈਕਬਸਨ ਨੇ ਸਵਰਾਂ ਨੂੰ +ਸਵਰ ਅਤੇ -ਵਿਅੰਜਨ ਨਾਲ ਸਥਾਪਿਤ ਕਰਨ ਤੋਂ ਇਲਾਵਾ ਜੀਭ ਦੀ ਉਚਾਈ ਅਤੇ ਬੁੱਲ੍ਹਾਂ ਦੀ ਗੁਲਾਈ ਦੀ ਦ੍ਰਿਸ਼ਟੀ ਤੋਂ ਨਿਖੇੜੂ ਲੱਛਣਾਂ ਨੂੰ ਪਰਿਭਾਸ਼ਿਤ ਕੀਤਾ ਹੈ। ਜੈਕਬਸਨ ਦੇ ਇਸ ਸਿਧਾਂਤ ਮੁਤਾਬਕ ਦੋਵਾਂ ਭਾਸ਼ਾਵਾਂ ਦੇ ਨਿਖੇੜੂ ਲੱਛਣਾਂ ਦੀ ਤੁਲਨਾ ਕਰਨ ਉਪਰੰਤ ਸਾਂਝੇ ਲੱਛਣ ਪ੍ਰਾਪਤ ਹੋਏ ਹਨ। ਦੋਵਾਂ ਭਾਸ਼ਾਵਾਂ ਵਿਚ ਖਿੱਲਰਵੇਂ, ਤਿੱਖਵੇਂ ਅਤੇ ਵਿਛਵੇਂ ਨਿਖੇੜੂ ਲੱਛਣ ਇਕ ਸਮਾਨ ਹਨ। ਦੋਹਾਂ ਵਿਚ ਹੀ ਕ੍ਰਮਵਾਰ ਖਿੱਲਰਵੇਂ ਤੇ 2-2 ਲੱਛਣ, ਤਿੱਖਵੇਂ ਤੇ 4-4 ਲੱਛਣ ਅਤੇ ਵਿੱਛਵੇਂ ਤੇ ਵੀ 4-4 ਲੱਛਣ ਮੌਜੂਦ ਹਨ। ਦੋਵਾਂ ਭਾਸ਼ਾਵਾਂ ਵਿਚ ਨਿੱਖੜਵਾਂ ਲੱਛਣ ਕੱਸਵੇਂ ਦਾ ਹੈ। ਜਿੱਥੇ ਪੰਜਾਬੀ ਭਾਸ਼ਾ ਵਿਚ ਕੱਸਵੀਆਂ ਸਵਰ ਧੁਨੀਆਂ /ਐ, ਆ, ਔ/ 3 ਤੇ +ਕੱਸਵਾਂ ਨਿਖੇੜੂ ਲੱਛਣ ਮੌਜੂਦ ਹੈ, ਉੱਥੇ ਹਿੰਦੀ ਭਾਸ਼ਾ ਵਿਚ ਸਿਰਫ 1 ਸਵਰ ਧੁਨੀ /आ/ ਤੇ +ਕੱਸਵਾਂ ਨਿਖੇੜੂ ਲੱਛਣ ਆਉਂਦਾ ਹੈ।

ਜੈਕਬਸਨ ਨੇ ਆਪਣੇ ਨਿਖੇੜੂ ਲੱਛਣ ਸਿਧਾਂਤ ਵਿਚ ਵਿਅੰਜਨਾਂ ਦੀ ਵਰਗਵੰਡ ਦੋ ਆਧਾਰਾਂ 1. ਪ੍ਰਾਥਮਿਕ ਉਚਾਰਨ ਅਤੇ 2. ਦੁਜੈਲਾ ਉਚਾਰਨ ਦੇ ਅੰਤਰਗਤ ਕੀਤੀ ਹੈ। ਪ੍ਰਾਥਮਿਕ ਉਚਾਰਨ ਵਿਚ ਜੈਕਬਸਨ ਨੇ ਦਸ ਉਚਾਰਨ ਸਥਾਨ ਨਿਸ਼ਚਿਤ ਕੀਤੇ ਹਨ। ਇਨ੍ਹਾਂ ਉਚਾਰਨ ਸਥਾਨਾਂ ਦੇ ਪੱਖ ਤੋਂ ਪੰਜਾਬੀ ਅਤੇ ਹਿੰਦੀ ਭਾਸ਼ਾ ਦੀਆਂ ਵਿਅੰਜਨ ਧੁਨੀਆਂ ਦਾ ਅਧਿਐਨ ਕੀਤਾ ਗਿਆ।

ਪੰਜਾਬੀ

ਦੋ ਹੋਠੀ	ਹੋਠੀ ਦੰਤੀ	ਅੰਤਰ ਦੰਤੀ	ਦੰਤੀ ਪਠਾਰੀ	ਪਠਾਰ ਤਾਲਵੀ	ਤਾਲਵੀ	ਕੰਠੀ	ਕਾਕਲੀ	ਸੰਘਪੋਲੀ	ਸੁਰਯੰਤਰੀ

ਪ			ਤ	ਟ	ਚ	ਕ			
ਫ			ਥ	ਠ	ਛ	ਖ			
ਬ			ਦ	ਡ	ਜ	ਗ			
ਮ			ਨ	ਣ	ਞ	ਙ			
	ਵ		ਰ	(ੜ)	ਯ				
			ਲ	(ਲ਼)					
			ਸ		ਸ਼				ਹ

ਹਿੰਦੀ

ਦੋ-ਹੋਠੀ	ਹੋਠੀ-ਦੰਤੀ	ਅੰਤਰ-ਦੰਤੀ	ਦੰਤ ਪਠਾਰੀ	ਪਠਾਰ ਤਾਲਵੀ	ਤਾਲਵੀ	ਕੰਠੀ	ਕਾਕਲੀ	ਸੰਘਪੋਲੀ	ਸੁਰਯੰਤਰੀ
ਪ		ਤ		ਟ	ਚ	ਕ			ਹ੍ਹ
ਫ		ਥ		ਠ	ਛ	ਖ			
ਬ		ਦ		ਡ	ਜ	ਗ			
ਭ		ਧ		ਢ	ਝ	ਘ			
ਮ		ਨ		ਣ	ਞ				
	ਵ	ਰ		ਸ਼					
		ਸ							

ਜੈਕਬਸਨ ਦੇ ਨਿਖੇੜੂ ਲੱਛਣ ਸਿਧਾਂਤ ਦੇ ਮੁਤਾਬਕ ਪੰਜਾਬੀ ਭਾਸ਼ਾ ਦੇ ਵਿਅੰਜਨਾਂ ਦੇ 7 ਉਚਾਰਨ ਸਥਾਨ ਬਣਦੇ ਹਨ। ਇਹ ਉਚਾਰਨ ਸਥਾਨ ਹਨ: ਦੋ ਹੋਠੀ, ਹੋਠੀ-ਦੰਤੀ, ਦੰਤ ਪਠਾਰੀ, ਪਠਾਰ-ਤਾਲਵੀ, ਤਾਲਵੀ, ਕੰਠੀ ਅਤੇ ਸੁਰਯੰਤਰੀ। ਇਸੇ ਤਰ੍ਹਾਂ ਹਿੰਦੀ ਭਾਸ਼ਾ ਵਿਚ ਵੀ ਇਨ੍ਹਾਂ ਸੱਤਾਂ ਉਚਾਰਨ ਸਥਾਨਾਂ ਤੋਂ ਵਿਅੰਜਨ ਉਚਾਰੇ ਜਾਂਦੇ ਹਨ। ਹਿੰਦੀ ਭਾਸ਼ਾ ਵਿਚ /ਹ੍ਹ/ ਦਾ ਵਿਅੰਜਨੀ ਰੂਪ ਅੱਜ ਵੀ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਤੇ ਮੌਜੂਦ ਹੈ। ਪਰ ਪੰਜਾਬੀ ਭਾਸ਼ਾ ਵਿਚ /ਹ/ ਧੁਨੀ ਸੁਰ ਵਿਚ ਬਦਲ ਗਈ ਹੈ।

ਚੌਮਸਕੀ ਤੇ ਹਾਲੇ: ਚੌਮਸਕੀ ਅਤੇ ਹਾਲੇ ਨੇ ਨਿਖੇੜੂ ਲੱਛਣ ਸਿਧਾਂਤ ਵਿਚ ਧੁਨੀਆਂ ਲਈ +ਉਚਾਰਖੰਡੀ ਅਤੇ –ਉਚਾਰਖੰਡੀ ਇਕਾਈਆਂ ਦੀ ਸਥਾਪਨਾ ਕੀਤੀ ਹੈ। + (ਜਮ੍ਹਾਂ) ਉਚਾਰਖੰਡੀ ਇਕਾਈਆਂ ਵਿਚ ਉਹ ਧੁਨੀਆਂ ਰੱਖੀਆਂ

ਗਈਆ ਹਨ ਜਿਹੜੀਆਂ ਕਿ ਉਚਾਰਖੰਡ ਦੀ ਸਿਖਰ ਤੇ ਵਿਚਰ ਸਕਦੀਆਂ ਹਨ ਤੇ ਬਾਕੀ ਦੀਆਂ −(ਮਨਫ਼ੀ) ਉਚਾਰਖੰਡੀ ਇਕਾਈਆਂ ਹਨ। ਚੌਮਸਕੀ ਨੇ ਸਵਰਾਂ ਅਤੇ ਵਿਅੰਜਨਾਂ ਦੇ ਨਿਖੇੜੂ ਲੱਛਣਾਂ ਦੇ ਵਿਰੋਧ ਸਥਾਪਿਤ ਕਰਨ ਲਈ 13 ਵਰਗ ਦਰਸਾਏ ਹਨ। ਪੰਜਾਬੀ ਅਤੇ ਹਿੰਦੀ ਭਾਸ਼ਾ ਦੇ ਨਿਖੇੜੂ ਇਕਾਈਆਂ ਦਾ ਆਪਸੀ ਵਿਰੋਧ ਦੇਖਣ ਲਈ ਇਨ੍ਹਾਂ ਵਰਗਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਜਾਵੇਗਾ।

ਸਵਰਾਂ ਦੇ ਆਧਾਰ ਤੇ ਦੋਵਾਂ ਭਾਸ਼ਾਵਾਂ ਦੇ ਨਿਖੇੜੂ ਲੱਛਣਾਂ ਦਾ ਤੁਲਨਾਤਮਕ ਅਧਿਐਨ: ਪੰਜਾਬੀ ਅਤੇ ਹਿੰਦੀ ਭਾਸ਼ਾ ਦੋਵਾਂ ਵਿਚ ਚੌਮਸਕੀ ਦੁਆਰਾ ਦਿੱਤੇ 13 ਵਰਗਾਂ ਚੋਂ 9 ਵਰਗਾਂ ਤੇ +ਨਿਖੇੜੂ ਅਤੇ −ਨਿਖੇੜੂ ਲੱਛਣ ਦੇਖੇ ਜਾ ਸਕਦੇ ਹਨ। ਦੋਵਾਂ ਭਾਸ਼ਾਵਾਂ ਵਿਚ ਪਿਛਲੇ, ਗੁਲਾਈਦਾਰ ਅਤੇ ਅਗਲੇ ਸਵਰਾਂ ਦੀ ਸਮਾਨਤਾ ਦੇਖੀ ਜਾ ਸਕਦੀ ਹੈ। ਸਮਾਨਤਾ ਦੇ ਨਾਲ-ਨਾਲ ਦੋਨਾਂ ਭਾਸ਼ਾਵਾਂ ਵਿਚ ਕੁੱਝ ਅਸਮਾਨਤਾਵਾਂ ਵੀ ਦੇਖਣ ਨੂੰ ਮਿਲਦੀਆਂ ਹਨ। ਪੰਜਾਬੀ ਵਿਚ ਜਿੱਥੇ /ਈ/ ਅਤੇ /ਊ/ 2 +ਲੱਛਣ ਹਨ, ਉੱਥੇ ਹਿੰਦੀ ਭਾਸ਼ਾ ਵਿਚ /इ, ई, ओ, उ, ऊ/ 5 ਸਵਰਾਂ ਤੇ +ਨਿਖੇੜੂ ਲੱਛਣ ਦੇਖਣ ਨੂੰ ਮਿਲਦਾ ਹੈ। ਪੰਜਾਬੀ ਵਿਚ 3 ਨੀਵੇਂ / ਐ , ਆ , ਔ / ਸਵਰ + ਅੰਕਿਤ ਹੋਏ ਹਨ, ਇਸਦੇ ਉਲਟ ਹਿੰਦੀ ਵਿਚ ਇਕ /आ/ ਸਵਰ + ਅੰਕਿਤ ਹੈ। ਕੱਸਵੇਂ ਵਰਗ ਵਿਚ ਵੀ ਅੰਤਰ ਦੇਖਿਆ ਜਾ ਸਕਦਾ ਹੈ। ਜਿੱਥੇ ਪੰਜਾਬੀ ਵਿਚ ਤਿੰਨ ਸਵਰ / ਐ, ਆ, ਔ / ਹਨ ਉੱਥੇ ਹਿੰਦੀ ਵਿਚ ਇਕ ਸਵਰ /आ/ ਹੀ ਹੈ।

ਵਿਅੰਜਨਾਂ ਦੇ ਆਧਾਰ ਤੇ ਦੋਵਾਂ ਭਾਸ਼ਾਵਾਂ ਦੇ ਨਿਖੇੜੂ ਲੱਛਣਾਂ ਦਾ ਤੁਲਨਾਤਮਕ ਅਧਿਐਨ:

	ਪ	ਫ	ਬ	ਤ	ਥ	ਦ	ਟ	ਠ	ਡ	ਚ	ਛ	ਜ
ਉਚਾਰਖੰਡੀ	-	-	-	-	-	-	-	-	-	-	-	-
ਵਿਅੰਜਨੀ	+	+	+	+	+	+	+	+	+	+	+	+
ਉੱਚੇ	-	-	-	-	-	-	-	+	+	+	+	+
ਪਿੱਛਲੇ	-	-	-	-	-	-	-	-	-	-	-	-
ਨੀਵੇਂ	-	-	-	-	-	-	-	-	-	-	-	-
ਅਗਲੇ	+	+	+	+	+	+	+	+	+	+	+	+
ਉਲਟਜੀਭੀ	-	-	-	-	-	-	+	+	+	-	-	-
ਗੁਲਾਈਦਾਰ												
ਕੱਸਵੇਂ												
ਸਘੋਸ਼	-	-	+	-	-	+	-	-	+	-	-	+
ਪ੍ਰਵਾਹੀ	-	-	-	-	-	-	-	-	-	-	-	-
ਨਾਸਿਕੀ	-	-	-	-	-	-	-	-	-	-	-	-
ਰੜਕਵੇਂ												

	ਕ	ਖ	ਗ	ਮ	ਨ	ਣ	ਞ	ਙ	ਲ	ਲ਼	ਰ	ੜ
ਉਚਾਰਖੰਡੀ	-	-	-	-	-	-	-	-	-	-	-	-
ਵਿਅੰਜਨੀ	+	+	+	+	+	+	+	+	+	+	+	+
ਉੱਚੇ	+	+	+	-	-	-	-	-	-	-	-	-
ਪਿੱਛਲੇ	+	+	+	-	-	-	-	+	-	-	-	-
ਨੀਵੇਂ	-	-	-	-	-	-	-	-	-	-	-	-
ਅਗਲੇ	-	-	-	+	+	+	+	-	+	+	+	+
ਉਲਟਜੀਭੀ	-	-	-	-	-	+	-	-	-	+	-	+
ਗੋਲਾਈਦਾਰ												
ਕੱਸਵੇਂ												
ਸਘੋਸ਼	-	-	+	+	+	+	+	+	+	+	+	+
ਪ੍ਰਵਾਹੀ	-	-	-	-	-	-	-	-	+	-	+	-
ਨਾਸਿਕੀ	-	-	-	+	+	+	+	+	-	-	-	-
ਰੜਕਵੇਂ												

	ਸ	ਸ਼	ਹ	ਵ	ਯ
ਉਚਾਰਖੰਡੀ	-	-	-	-	-
ਵਿਅੰਜਨੀ	+	+	+	-	-
ਉੱਚੇ	-	-	-	-	-
ਪਿੱਛਲੇ	-	-	+	-	-
ਨੀਵੇਂ	-	-	+	-	-
ਅਗਲੇ	+	+	-	+	+
ਉਲਟਜੀਭੀ	-	-	-	-	-
ਗੋਲਾਈਦਾਰ					
ਕੱਸਵੇਂ					
ਸਘੋਸ਼	+	+	+	+	+
ਪ੍ਰਵਾਹੀ	+	-	-	-	-
ਨਾਸਿਕੀ	-	-	-	-	-

ਰੜਕਵੇਂ					

ਹਿੰਦੀ

	प	फ	ब	भ	त	थ	द	ध	ट	ठ	ड	ढ
ਉਚਾਰਖੰਡੀ	-	-	-	-	-	-	-	-	-	-	-	-
ਵਿਅੰਜਨੀ	+	+	+	+	+	+	+	+	+	+	+	+
ਉੱਚੇ	-	-	-	-	-	-	-	-	-	+	+	+
ਪਿੱਛਲੇ	-	-	-	-	-	-	-	-	-	-	-	-
ਨੀਵੇਂ	-	-	-	-	-	-	-	-	-	-	-	-
ਅਗਲੇ	+	+	+	+	+	+	+	+	+	+	+	+
ਉਲਟਜੀਭੀ	-	-	-	-	-	-	-	-	+	+	+	+
ਗੋਲਾਈਦਾਰ												
ਕੱਸਵੇਂ												
ਸਘੋਸ਼	-	-	+	+	-	-	+	+	-	-	+	+

ਪ੍ਰਵਾਹੀ	-	-	-	-	-	-	-	-	-	-	-	-
ਨਾਸਿਕੀ	-	-	-	-	-	-	-	-	-	-	-	-
ਰੜਕਵੇਂ												

	ਚ	ਛ	ਜ	ਝ	ਕ	ਖ	ਗ	ਘ	ਸ	ਲ	ਰ	ਮ
ਉਚਾਰਖੰਡੀ	-	-	-	-	-	-	-	-	-	-	-	-
ਵਿਅੰਜਨੀ	+	+	+	+	+	+	+	+	+	+	+	+
ਉੱਚੇ	+	+	+	+	+	+	+	+	-	-	-	-
ਪਿੱਛਲੇ	-	-	-	-	+	+	+	+	-	-	-	-
ਨੀਵੇਂ	-	-	-	-	-	-	-	-	-	-	-	-
ਅਗਲੇ	+	+	+	+	-	-	-	-	+	+	+	+
ਉਲਟਜੀਭੀ	-	-	-	-	-	-	-	-	-	-	-	-
ਗੋਲਾਈਦਾਰ												
ਕੱਸਵੇਂ												

ਸਘੋਸ਼	-	-	+	+	-	-	+	+	-	+	+	+
ਪ੍ਰਵਾਹੀ	-	-	-	-	-	-	-	-	+	+	+	-
ਨਾਸਕੀ	-	-	-	-	-	-	-	-	-	-	-	-
ਰੜਕਵੇਂ												

	ਨ	ਵ	ਯ	ਹ
ਉਚਾਰਖੰਡੀ	-	-	-	-
ਵਿਅੰਜਨੀ	+	+	+	+
ਉੱਚੇ	-	+	+	-
ਪਿੱਛਲੇ	-	+	-	+
ਨੀਵੇਂ	-	-	-	+
ਅਗਲੇ	+	-	-	-
ਉਲਟਜੀਭੀ	-	-	-	-
ਗੋਲਾਈਦਾਰ				

ਕੱਸਵੇਂ				
ਸਘੋਸ਼	+	+	+	+
ਪ੍ਰਵਾਹੀ	-	+	+	+
ਨਾਸਿਕੀ	+	-	-	-
ਰੜਕਵੇਂ				

ਚੌਮਸਕੀ ਦੇ ਇਸ ਮਾਡਲ ਦੇ ਆਧਾਰ ਤੇ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਸਾਨੂੰ ਤਿੰਨ ਤਰ੍ਹਾਂ ਦਾ ਅੰਤਰ ਨਿੱਖੜਵੇਂ ਲੱਛਣਾਂ ਵਿਚ ਦੇਖਣ ਨੂੰ ਮਿਲਦਾ ਹੈ। ਪਹਿਲਾ ਅੰਤਰ ਦੋਵਾਂ ਭਾਸ਼ਾਵਾਂ ਵਿਚ ਸਘੋਸ਼ ਮਹਾਂਪ੍ਰਾਣ ਧੁਨੀਆ ਦਾ ਹੈ। ਕਿਉਂਕਿ ਪੰਜਾਬੀ ਭਾਸ਼ਾ ਵਿਚ /ਭ, ਧ, ਢ, ਝ, ਘ/ ਧੁਨੀਆਂ ਉਚਾਰੀਆਂ ਨਹੀਂ ਜਾਂਦੀਆਂ, ਇਨ੍ਹਾਂ ਦਾ ਉਚਾਰਨ ਸੁਰ ਵਿਚ ਬਦਲ ਗਿਆ ਹੈ। ਇਸ ਲਈ ਚੌਮਸਕੀ ਦੇ ਸਿਧਾਂਤ ਵਿਚ ਇਨ੍ਹਾਂ ਧੁਨੀਆਂ ਨੂੰ ਸ਼ਾਮਲ ਨਹੀਂ ਕੀਤਾ ਜਾ ਸਕਦਾ। ਜਿਸ ਕਾਰਨ ਪੰਜਾਬੀ ਭਾਸ਼ਾ ਵਿਚ ਇਨ੍ਹਾਂ ਧੁਨੀਆਂ ਤੇ ਨਿਖੇੜੂ ਲੱਛਣ ਦੀ ਪਛਾਣ ਨਹੀਂ ਕੀਤੀ ਜਾ ਸਕਦੀ। ਪਰ ਹਿੰਦੀ ਭਾਸ਼ਾ ਵਿਚ /भ, ध, ढ, झ, घ/ ਇਨ੍ਹਾਂ ਧੁਨੀਆਂ ਦਾ ਉਚਾਰਨ ਅੱਜ ਵੀ ਕਾਇਮ ਹੈ। ਇਸ ਲਈ ਇਨ੍ਹਾਂ ਧੁਨੀਆਂ ਤੇ +ਜਮਾਂ ਜਾਂ – ਮਨਫੀ ਨਿਖੇੜੂ ਲੱਛਣਾਂ ਦੀ ਪ੍ਰਾਪਤੀ ਹੋ ਜਾਦੀ ਹੈ। ਦੂਜਾ ਨਿਖੇੜੂ ਅੰਤਰ ਨਾਸਿਕੀ ਧੁਨੀਆਂ ਦਾ ਹੈ। ਹਿੰਦੀ ਭਾਸ਼ਾ ਵਿਚ ਜਿੱਥੇ ਦੋ ਨਾਸਿਕੀ /म, न/ ਧੁਨੀਆਂ ਤੇ +ਨਾਸਿਕੀ ਦਾ ਨਿਖੇੜੂ ਲੱਛਣ ਦੇਖਣ ਨੂੰ ਮਿਲਦਾ ਹੈ, ਉੱਥੇ ਪੰਜਾਬੀ ਭਾਸ਼ਾ ਵਿਚ ਪੰਜ ਨਾਸਿਕੀ ਧੁਨੀਆਂ /ਮ, ਨ, ਣ, ਞ, ਙ/ ਤੇ +ਨਾਸਿਕੀ ਨਿਖੇੜੂ ਲੱਛਣਾਂ ਦੀ ਪਛਾਣ ਹੋ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਹਿੰਦੀ ਭਾਸ਼ਾ ਵਿਚ ਇਨ੍ਹਾਂ ਦੋਹਾਂ ਧੁਨੀਆਂ ਦਾ ਹੀ ਉਚਾਰਨ ਕਾਇਮ ਹੈ। ਤੀਸਰਾ ਮਹੱਤਵਪੂਰਨ ਅੰਤਰ ਦੋਹਾਂ ਭਾਸ਼ਾਵਾਂ ਵਿਚ /ਸ/ ਧੁਨੀ ਦੇ ਉਚਾਰਨ ਦੇ ਨਿਖੇੜੂ ਲੱਛਣ ਦਾ ਹੈ। ਹਿੰਦੀ ਅਤੇ ਪੰਜਾਬੀ ਵਿਚ ਇਸ ਧੁਨੀ ਦੀ ਤੁਲਨਾ ਘੋਸ਼ਤਾ

ਰਾਹੀਂ ਹੁੰਦੀ ਹੈ। ਭਾਵ ਕਿ ਹਿੰਦੀ ਵਿਚਲੀ /ਸ/ ਧੁਨੀ ਤੇ –ਸਘੋਸ਼ ਦਾ ਨਿਖੇੜੂ ਲੱਛਣ ਹਾਸਲ ਹੁੰਦਾ ਹੈ ਪਰ ਪੰਜਾਬੀ ਵਿਚ /ਸ/ ਧੁਨੀ ਤੇ +ਸਘੋਸ਼ ਦਾ ਨਿਖੇੜੂ ਲੱਛਣ ਪ੍ਰਾਪਤ ਹੁੰਦਾ ਹੈ।

ਪੁਸਤਕ ਸੂਚੀ

ਪੰਜਾਬੀ

ਅਰੁਣ, ਵਿਦਿਆ ਭਾਸਕਰ. 1996. **ਪੰਜਾਬੀ ਭਾਸ਼ਾ ਦਾ ਇਤਿਹਾਸ**. ਪਟਿਆਲਾ: ਪੰਜਾਬੀ ਯੂਨੀਵਰਸਿਟੀ.

ਸੰਘਾ, ਸੁਖਵਿੰਦਰ ਸਿੰਘ. 2014. **ਪੰਜਾਬੀ ਧੁਨੀ ਵਿਉਂਤ ਸਿਧਾਂਤ ਅਤੇ ਵਿਹਾਰ**. ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ.

ਸਿੱਧੂ, ਪਰਮਜੀਤ ਸਿੰਘ. 1988. **ਮਾਨਵ ਵਿਗਿਆਨਕ ਭਾਸ਼ਾ ਵਿਗਿਆਨ**. ਪਟਿਆਲਾ: ਪੰਜਾਬੀ ਯੂਨੀਵਰਸਿਟੀ.

ਹਰਕੀਰਤ ਸਿੰਘ. 1983. **ਭਾਸ਼ਾ ਤੇ ਭਾਸ਼ਾ ਵਿਗਿਆਨ**. ਲੁਧਿਆਣਾ: ਲਾਹੌਰ ਬੁੱਕ ਸ਼ਾਪ.

ਗਿੱਲ, ਮੁਖਤਿਆਰ ਸਿੰਘ. 1980. 'ਪੰਜਾਬੀ ਵਿਚ ਇਕਹਿਰੇ ਉਚਾਰ-ਖੰਡੀ ਸ਼ਬਦਾਂ ਦੀ ਧੁਨੀ-ਵਿਉਂਤ'. **ਭਾਖਾ ਸੰਜਮ** ਅੰਕ-12. ਪਟਿਆਲਾ: ਪੰਜਾਬੀ ਯੂਨੀਵਰਸਿਟੀ.

ਦੁਨੀ ਚੰਦ੍. 1959. **ਪੰਜਾਬੀ ਭਾਸ਼ਾ ਦਾ ਵਿਕਾਸ**. ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ.

ਪ੍ਰੇਮ ਪ੍ਰਕਾਸ਼ ਸਿੰਘ. 1996. **ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ**. ਪਟਿਆਲਾ: ਪੰਜਾਬੀ ਯੂਨੀਵਰਸਿਟੀ.

ਉਹੀ. 2010. **ਸਿਧਾਂਤਕ ਭਾਸ਼ਾ ਵਿਗਿਆਨ**. ਪਟਿਆਲਾ: ਮਦਾਨ ਪਬਲੀਕੇਸ਼ਨਜ਼.

ਬਰਾੜ, ਬੂਟਾ ਸਿੰਘ. 2004. **ਪੰਜਾਬੀ ਭਾਸ਼ਾ ਸਰੋਤ ਤੇ ਸਰੂਪ**. ਅੰਮ੍ਰਿਤਸਰ: ਵਾਰਿਸ ਸ਼ਾਹ ਫਾਉਂਡੇਸ਼ਨ.

ਉਹੀ. 2014. **ਭਾਸ਼ਾ ਵਿਗਿਆਨ: ਸਿਧਾਂਤ ਤੇ ਵਿਹਾਰ**. ਲੁਧਿਆਣਾ: ਲਾਹੌਰ ਬੁੱਕਸ.

ਉਹੀ. 2018. **ਪੰਜਾਬੀ ਵਿਆਕਰਨ: ਸਿਧਾਂਤ ਅਤੇ ਵਿਹਾਰ.** ਲੁਧਿਆਣਾ: ਚੇਤਨਾ ਪ੍ਰਕਾਸ਼ਨ.

ਹਿੰਦੀ

अरुण, अवधेशव. 2012. हिंदी भाषा का स्वरूप-विकास.
पटना: बिहार हिंदी ग्रन्थ अकादमी.

कृपाशंकर सिंह, चतुर्भुज सहाय. 2010. आधुनिक भाषा विज्ञान.
नयी दिल्ली: वाणी प्रकाशन.

रमेशचंद्र गर्ग. 2002. "हिंदी के व्यंजन-स्वनिमों के प्रभेदक अभिलक्षण".
भोलानाथ तिवारी. 2002 में.

तिवारी, उदयनारायण. 2014. हिंदी भाषा का उदगम और विकास.
इलाहाबाद: लोकभारती प्रकाशन.

तिवारी, भोलानाथ. 2002. हिंदी भाषा की ध्वनि संरचना. दिल्ली: साहित्य सहकार.

वही. 2014 (1955). भाषा विज्ञान. इलाहबाद: किताब महल.

वही. 2012. हिंदी भाषा का इतिहास. नयी दिल्ली: वाणी प्रकाशन.

नामवर सिंह.2010 (1952). हिंदी के विकास में अपभ्रंश का योग.

इलाहाबाद: त्रिवेणी ऑफसेट प्रिंटर्स.

पाराशर, श्याम देव. 1990. संस्कृत तथा पन्जाबी के सम्बन्ध.

होश्यारपुर: विशवेशवरानन्द वैदिक शोध संस्थान.

बाहरी, हरदेव. 2014 (1965). हिंदी उदभव, विकास और रूप. इलाहाबाद: किताब महल.

बाजपेयी, आचार्य किशोरी दास. 1999. भारतीय भाषा विज्ञान.

नयी दिल्ली: वाणी प्रकाशन.

भसीन, शारदा. 2002. "हिंदी के स्वर-स्वनिमों के प्रभेदक अभिलक्षण".

भोलानाथ तिवारी. 2002 में.

भाटिया, तेज कृष्ण. 2002. "हिंदी में अनुनासिकता". भोलानाथ तिवारी. 2002 में.

व्यास, भोला शंकर. 1957. संस्कृत का भाषा शास्त्रीय अध्ययन.

काशी: भारतीय ज्ञान पीठ.

ਅੰਗਰੇਜ਼ੀ

Abercrombie. D. 1977**. Elements of General Phonetics.**

Edinburgh: Edinburgh university press.

Allen, W. S. 1953. **Phonetics in ancient India.** London: Oxford University.

Arun, Vidya Bhaskar. 1997. **A Comparative Phonolgy of Hindi and Punjabi**. Patiala: Punjabi University.

Block, Bernard & Trager, George L. 1972. **Outlines of Linguistic Analysis.** New Delhi: Oriental Books.

Chatterji, S.K. 1975.. **The Origin and Development of Bengali Language.** Calcutta.

Chomsky, Noam & Halle, Morris. 1968. **The Sound Pattern of English**. New York: Harper & Row.

Crystal, David. 2003. **A Dictionary of Linguistics and Phonetics**. Blackwell Publishings.

Gill, H.S and Gleason, H. A. 1969. **A Reference Grammar of Punjabi**. Patiala: Punjabi University.

Gleason, H.A. 1955. **An Introduction to Discriptive Linguistics**. New York: Holt, Rinehart & Winston.

Hymann, Larry. M. 1975. **Phonology: theory and analysis**. New York: Holt, Rinehart & Winston.

Jackobson, Roman and Moris Halle. 1956. **Fundamentals of language.** Berlin: Mouton de Gruyter.

Jain, Banarsi Dass. 1934. **A Phonology of Punjabi as spoken about Ludhiana and a Ludhiani Phonetic Reader.** Lahore: University of Punjab.

Jones, Daniel. 1976. **An Outline of English Phonetics.** New Delhi: Kalyani Publishers.

Joshi, S. S. 1989. **The Phonology of Punjabi Verb.** New Delhi: Classical Publishing Company.

Lyons, John. 1968. **Introduction to the Theoretical Linguistics.** Cambridge.

Ibid. 1971. **New Horizons in Linguistics (ed.).** England: Penguin Books.

Ibid. 1981. **Language and Linguistics.** Cambridge.

Pike, K.L. 1948.**Phonetics.** Ann Arbor: The University of Michigan Press.

Robins, R.H. 1964. **General Linguistics.** London and U.K: Longman.

Ibid. 1967. **A Short History of Linguistics.** London and U.K: Longman.

Sandhu, Balbir Singh. 1974. **The Articulatory and acoustic structure of the Punjabi**

vowels. Chandigarh: Punjab University.

Ibid. 1986. **The Articulatory and acoustic structure of the Punjabi Consonants**.

Patiala: Punjabi University.

Sharma, D.D. 1971. **Syllabic Structure of Hindi and Punjabi**.

Chandigarh: Punjab University.

Trubetzkoy, N.S. 1939. **Principles of Phonolgy**. Los Angles: University of California.

Net Source

https://indiatyping.com

https://en.m.www.wikipedia.org

Curiginal

Document Information

Analyzed document	Punjabi ate hindi bhasha da tulnatmak dhuniviyontak adhyan.doc (D142201723)
Submitted	2022-07-19 08:54:00
Submitted by	Boota Singh Brar
Submitter email	brarbs56@gmail.com
Similarity	3%
Analysis address	brarbs56.pununi@analysis.urkund.com

Sources included in the report

W	URL: https://testbook.com/question-answer/ques--6052bbcbf340f39e5fa81f6f Fetched: 2022-07-19 09:24:25	2
W	URL: https://punjabipedia.org/topic.aspx?txt=%E0%A8%85%E0%A8%BF%E0%A8%85%E0%A9%B0%E0%A8%9C%E0%A8%A8 Fetched: 2021-03-28 10:03:14	48
W	URL: http://gurmatgyanonlinepup.com/coursesweb/punjabi_gurmukhi_vowels.html Fetched: 2021-02-02 05:35:03	20
W	URL: https://pa.wikipedia.org/wiki/%E0%A8%89%E0%A8%9A%E0%A8%BE%E0%A8%B0%E0%A8%A8_%E0%A8%B8%E0%A8%A5%E0%A8%BE%E0%A8%A8 Fetched: 2020-09-16 13:11:27	3
W	URL: http://103.35.120.158/topic.aspx?txt=%E0%A8%9C%E0%A9%80%E0%A8%AD Fetched: 2022-07-19 09:24:59	12
W	URL: https://punjabipedia.org/topic.aspx?txt=%E0%A8%85%E0%A9%B8%E0%A8%A6%E0%A8%BF%E0%A8%95%20%E0%A8%AD%E0%A8%BE%E0%A8%B6%E0%A8%BE Fetched: 2022-06-09 12:05:23	2
W	URL: http://punjabi-univ2.pugmarks.in/topic.aspx?txt=%E0%A8%B8%E0%A9%B0%E0%A8%B8%E0%A8%95%E0%A9%8D%E0%A8%B0%E0%A8%BF%E0%A8%A4 Fetched: 2022-07-19 09:24:28	10
W	URL: https://psebsolutions.com/pseb-7th-class-punjabi-vyakaran-varanamala/ Fetched: 2022-06-20 10:22:13	2
W	URL: https://www.punjabitribuneonline.com/news/archive/features/news-detail-1175157 Fetched: 2022-07-12 12:33:32	5
W	URL: https://pa.efemt.com/%E0%A8%A4%E0%A9%81%E0%A8%B8%E0%A9%80%E0%A8%82-%E0%A8%B5%E0%A9%87%E0%A8%A6-%E0%A8%AC%E0%A8%BE%E0%A8%B0%E0%A9%87-%E0%A8%95%E0%A9%80-%E0%A8%9C%E0%A8%BE%E0%A8%A3%E0%A8%A8%E0%A8%BE/ Fetched: 2021-11-18 05:43:32	2

Supervisor

Entire Document

ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ

Ph.D Thesis

Researcher: Neelam

Supervisor: Dr Boota Singh Brar

Punjabi Department

Punjabi University,Patiala

ਭੂਮਿਕਾ

ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ ਨਾਮੀ ਪ੍ਰਸਤੁਤ ਖੋਜ ਪ੍ਰਬੰਧ ਵਿਚ ਪੰਜਾਬੀ ਅਤੇ ਹਿੰਦੀ ਭਾਸ਼ਾ ਦੀ ਧੁਨੀਵਿਉਂਤ ਨੂੰ ਅਧਿਐਨ ਵਸਤੂ ਵਜੋਂ ਗ੍ਰਹਿਣ ਕੀਤਾ ਗਿਆ ਹੈ। [illegible]

[illegible]

[illegible] (R Rask,1787-1832) [illegible] (Old Norse) [illegible] 1818 [illegible]

ਸਹਾਇਕ ਪ੍ਰੋਫੈਸਰ/ਤੇ।

21/7/22

Head,
Punjabi Department,
Punjabi University,Patiala

...N: 2277-9930

60 ਜਨਵਰੀ-ਮਾਰਚ 2019

ਪ੍ਰਤਿਮਾਨ

ਮੁੱਲ: 50/-

ਪ੍ਰਤਿਮਾਨ

ਪੰਜਾਬੀ ਸਾਹਿਤ, ਸਭਿਆਚਾਰ ਅਤੇ ਕਲਾ ਦੇ ਚਰਚਤੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਰਿਸਾਲਾ

ਜਨਵਰੀ-ਮਾਰਚ 2019

ISSN: 2277-9930

RNI No. PUNPUN/2006/16230

ਸੰਪਾਦਕ (ਆਨਰੇਰੀ)

ਅਮਰਜੀਤ ਕੌਂਕੇ

ਪ੍ਰਬੰਧ ਸੰਪਾਦਕ

ਗਗਨਦੀਪ ਸਿੰਘ

ਰਚਨਾਵਾਂ ਭੇਜਣ ਲਈ ਪਤਾ

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in

TITLE PAINTING BY

SURESH SARASWAT (PUNE)

ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ

ਰਾ ਡੀਜ਼ਾਇਨਜ਼, ਪਟਿਆਲਾ।
97810-33133
E-mail: raadesigns89@gmail.com

ਸਹਿਯੋਗ ਰਾਸ਼ੀ

ਇੱਕ ਅੰਕ: 50/-,
ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ:
2500/-, ਵਿਦੇਸ਼: 5000/-

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor: Dr. Amarjeet Kaunke

ਤਰਤੀਬ

ਵਿਸ਼ੇਸ਼ ਲੇਖ: ਆਈਲੈੱਟਸ ਨੇ ਵਜਾਇਆ ਪੰਜਾਬ ਦਾ ਬੈਂਡ / ਚਰਨਜੀਤ ਭੁੱਲਰ / 2

ਕਹਾਣੀਆਂ: ਫੇਸਬੁੱਕ / ਜਸਬੀਰ ਮਾਨ (ਕੈਨੇਡਾ) / 7
ਜਵਾਬ / ਸੁਖਵਿੰਦਰ ਸਿੰਘ / 25,

ਕਵਿਤਾਵਾਂ: ਸਵਰਨ ਸਿੰਘ / 3, ਡਾ. ਮਨਮੋਹਨ / 4, ਰਵਿੰਦਰ ਸਹਿਰਾਅ, ਲੋਕ ਨਾਥ / 5, ਸੁਰਿੰਦਰ ਗੀਤ / 6, ਕੁਲਵਿੰਦਰ ਚਾਵਲਾ / 9, ਮਨਜੀਤ ਪੁਰੀ / 12, ਦਰਸ਼ਨ ਦਰਵੇਸ਼ / 13, ਸਤਪਾਲ ਭੀਖੀ / 14, ਮਹੇਸ਼ ਆਲੋਕ, ਆਸ਼ਾ ਜੌਸਲ / 19, ਖੁਦੇਜਾ, ਪੰਖੁਰੀ ਸਿਨਹਾ, ਪ੍ਰਗਤੀ ਗੁਪਤਾ / 20, ਬਸੰਤ ਸਕਰਗਾਏ, ਪਵਨ ਚੌਹਾਨ / 23, ਨਰਿੰਦਰ ਪਾਲ ਕੰਗ, ਪਵਨ / 24, ਐਨ.ਪੀ.ਸਿੰਘ / 28, ਮੋਹਨ ਤਿਆਗੀ, ਪਰਾਗ / 29, ਚੰਦਰਕਾਂਤਾ ਰਾਏ, ਰਾਜਵਿੰਦਰ ਕੌਰ / 30, ਛਿੰਦਰ ਕੌਰ ਸਿਰਸਾ, ਸਤੀਸ਼ ਠਕੁਰਾਲ ਸੋਨੀ, ਮੰਜੂਸ਼ਾ ਮਨ / 31, ਮੁਸਤਫ਼ਾ ਖਾਨ / 60

ਅਲੋਚਨਾ ਨਿਬੰਧ: ਭਾਰਤੀ ਔਰਤ ਦਾ ਅਸਤਿੱਤਵ:ਸਮਾਜਿਕ ਸੰਦਰਭ ਵਿੱਚ / ਡਾ. ਕਸ਼ਮੀਰ ਸਿੰਘ / 10, ਨਾਵਲ ਵਿਧਾ : ਵਿਚਾਰਧਾਰਕ ਪਰਿਪੇਖ / ਸ਼ਮਸ਼ੇਰ ਸਿੰਘ / 15, ਸੁਜਾਨ ਸਿੰਘ ਦੀਆਂ ਕਹਾਣੀਆਂ ਵਿਚ ਨਾਰੀ ਸੰਵੇਦਨਾ / ਸਤਿੰਦਰ ਕੌਰ / 21, ਪੰਜਾਬੀ ਲੋਕ ਜੀਵਨ ਦੇ ਅਨਮੋਲ ਕਥਨ : ਲੋਕ ਸਿਆਣਪਾਂ / ਮੀਨਾਕਸ਼ੀ ਰਾਣੀ / 32, ਕੈਨੇਡਾ ਦੇ ਪੰਜਾਬੀ ਨਾਟਕਾਂ ਸੰਬੰਧੀ ਪ੍ਰਾਪਤ ਉਪਾਧੀ ਸਾਪੇਖ ਖੋਜ-ਕਾਰਜ ਦਾ ਸਰਵੇਖਣ ਅਤੇ ਮੁਲਾਂਕਣ / ਹਰਦੀਪ ਸਿੰਘ / 36, ਕੈਂਸਰ ਟਰੇਨ ਨਾਵਲ: ਵਿਭਿੰਨ ਪਾਸਾਰ / ਨਵਦੀਪ ਕੌਰ / 40, ਧੁਨੀ ਵਿਗਿਆਨ: ਬਦਲਦੇ ਪਰਿਪੇਖ / ਨੀਲਮ / 44, ਮੀਰ ਕਰਾਮਤੁੱਲਾ ਇੱਕ ਇਤਿਹਾਸਕ ਸੱਚ / ਨਵਜੋਤ ਸਿੰਘ / 47, ਕਲਰ ਕੇਰੀ ਛਪਰੀ ਦੀ ਸਮਾਜਿਕ ਚਿਹਨ ਜੁਗਤ / ਰਜਵੰਤ ਕੌਰ / 49, ਯਥਾਰਥ ਅਤੇ ਮਿਥ ਦਾ ਰੂਪਾਂਤਰਨੀਕਰਨ : 'ਮੈਂ ਸੀਤਾ ਨਹੀਂ' / ਡਾ ਹਰਜੋਤ ਕੌਰ / 52, ਬਲਬੀਰ ਸਿੰਘ ਮੋਮੀ ਦੀਆਂ ਕਹਾਣੀਆਂ ਦਾ ਵਿਸ਼ੇ ਮੂਲਕ ਅਧਿਐਨ / ਬਲਜੀਤ ਕੌਰ / 55, ਕਾਵਿ-ਨਾਟ 'ਲੂਣਾ' ਦਾ ਵਿਸ਼ਲੇਸ਼ਣਾਤਮਕ ਅਧਿਐਨ / ਡਾ. ਕਸ਼ਮੀਰ ਸਿੰਘ / 58, ਪੰਜਾਬੀ ਲੋਕ ਪਹਿਰਾਵਾ : ਬਦਲਦਾ ਪਰਿਪੇਖ / ਕਿਰਨਪ੍ਰੀਤ ਕੌਰ / 61

ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਜੂਕੇਸ਼ਨ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।

- ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
- ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
- ਲੇਖਕ ਆਪਣੀਆਂ ਲਿਖਤਾਂ ਲਈ ਖੁਦ ਜ਼ਿੰਮੇਵਾਰ ਹਨ।
- ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।

ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਆਰਜ਼ਾ ਪ੍ਰਿੰਟਿੰਗ ਸਿਊਸ਼ਨਜ਼, ਪਟਿਆਲਾ ਤੋਂ ਛਪਵਾ ਕੇ 718, ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

ਧੁਨੀ ਵਿਉਂਤਕ ਅਧਿਐਨ ਮਾਡਲ

ਨੀਲਮ

ਸੀਨੀਅਰ ਰਿਸਰਚ ਫੈਲੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਫੋਨ ਨੰ. - 9646599323

ਈ.ਮੇਲ- ak7631191@gmail.com

ਪਤਾ: ਨੀਲਮ ਪਤਨੀ ਅਸ਼ੋਕ ਕੁਮਾਰ

ਮਕਾਨ ਨੰ. 00510, ਗਲੀ ਨੰ. 21, ਭਾਈ

ਮਤੀ ਦਾਸ ਨਗਰ, ਮਾਨਸਾ ਰੋਡ, ਬਠਿੰਡਾ।

ਧੁਨੀ ਵਿਉਂਤ ਲਈ ਭਾਸ਼ਾ ਵਿਗਿਆਨ ਵਿੱਚ 'Phonology' ਅਤੇ ' Phonemics' ਮੱਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਦੋਵੇਂ ਮੱਦਾਂ ਸਮਾਨਾਂਤਰ ਅਰਥਾਂ ਦੀਆਂ ਧਾਰਨੀ ਹਨ। ਯੋਰਪ ਵਿੱਚ ਭਾਸ਼ਾ ਵਿਗਿਆਨੀ 'Phonology' ਮੱਦ ਵਰਤਦੇ ਹਨ ਜਿਸ ਤੋਂ ਉਨ੍ਹਾਂ ਦਾ ਭਾਵ ਇੱਕ ਭਾਸ਼ਾ ਦੀ ਧੁਨੀ ਪ੍ਰਣਾਲੀ ਦਾ ਅਧਿਐਨ ਹੈ। ਉਹ ਇਸ ਅਧਿਐਨ ਰਾਹੀਂ ਇਕ ਭਾਸ਼ਾ ਦੀਆਂ ਧੁਨੀਆਂ ਦੇ ਕਾਰਜ ਅਤੇ ਪ੍ਰਕਿਰਤੀ ਦੀ ਵੱਖਰਤਾ ਸਪੱਸ਼ਟ ਕਰਦੇ ਹਨ।[1] ਅਮਰੀਕੀ ਭਾਸ਼ਾ ਵਿਗਿਆਨੀ 'Phonemics' ਮੱਦ ਵਰਤਦੇ ਹਏ ਕਹਿੰਦੇ ਹਨ ਕਿ ਇਹ ਇੱਕ ਅਜਿਹੀ ਤਕਨੀਕ ਦਾ ਅਧਿਐਨ ਹੈ ਜਿਸ ਰਾਹੀਂ ਭਾਸ਼ਾਈ ਉਚਾਰਣ ਨੂੰ ਲਿਖਤ ਵਿੱਚ ਤਬਦੀਲ ਕੀਤਾ ਜਾਂਦਾ ਹੈ। ਧੁਨੀ ਵਿਉਂਤ ਬਾਰੇ ਸਭ ਤੋਂ ਪਹਿਲਾਂ ਅਧਿਐਨ ਚੌਥੀ ਸਦੀ ਈ.ਪੂ. ਵਿੱਚ ਪਾਣਿਨੀ ਦੁਆਰਾ ਲਿਖੀ ਪੁਸਤਕ ਅਸ਼ਟਾਧਿਆਇ ਵਿੱਚ ਮਿਲਦਾ ਹੈ। [2] ਇਸ ਤੋਂ ਮਗਰੋਂ ਧੁਨੀ ਵਿਉਂਤ ਦੇ ਸੰਕਲਪ ਨੂੰ ਵੀਹਵੀਂ ਸਦੀ ਵਿੱਚ ਫਿਰ ਤੋਂ ਵਿਚਾਰਿਆ ਗਿਆ। ਇਸ ਸੰਕਲਪ ਦੀ ਪਹਿਲੀ ਵਾਰ ਵਰਤੋਂ ਰੂਸ ਵਿੱਚ ਪੜਾਉਂਦੇ ਪੋਲੈਂਡ ਦੇ ਇੱਕ ਵਿਦਵਾਨ ਕਾਰਟਨੇਯ(Baudouin de Courteney) ਨੇ ਕੀਤੀ। ਉਨ੍ਹਾਂ ਨੇ ਕਜ਼ਾਨ ਸਕੂਲ (Kazan School) ਵਿੱਚ 8 ਸਾਲ ਪ੍ਰੋਫੈਸਰ ਦੀ ਭੂਮਿਕਾ ਨਿਭਾਈ। ਇੱਥੇ ਹੀ ਕਾਰਟਨੇਯ ਨੇ ਭਾਸ਼ਾ ਵਿਗਿਆਨ ਦਾ ਸਕੂਲ ਸਥਾਪਿਤ ਕੀਤਾ।[3] ਕਾਰਟਨੇਯ ਨੇ ਰੂਸੀ ਸ਼ਬਦ "Fonema" ਨੂੰ ਤਕਨੀਕੀ ਮਦ ਵਜੋਂ ਵਰਤਕੇ ਧੁਨੀ(Sound) ਅਤੇ ਧੁਨੀਮ(Phoneme) ਦੇ ਸੰਕਲਪ ਨੂੰ ਵੱਖਰਾ ਕੀਤਾ। ਇਸ ਅਧਿਐਨ ਵਿੱਚ ਉਸਦੇ ਦੋ ਵਿਦਿਆਰਥੀ ਕਰੁਜ਼ੇਵਸਕੀ(Mikolaj Kruszewski) ਅਤੇ ਸਚਰਬਾ(Lev Sescherba) ਵੀ ਸ਼ਾਮਲ ਸਨ। ਉਨ੍ਹਾਂ ਦਾ ਇਹ ਅਧਿਐਨ 1876-1877 ਦੌਰਾਨ ਹੋਏ ਕਾਰਟਨੇਯ

ਦੁਆਰਾ ਦਿੱਤੇ ਭਾਸ਼ਣਾਂ ਦੇ ਉੱਤੇ ਆਧਾਰਿਤ ਸੀ। ਕਾਰਟਨੇਯ ਦਾ ਇਹ ਸਿਧਾਂਤ ਬਾਅਦ ਵਿੱਚ 1894 ਵਿੱਚ ਪ੍ਰਕਾਸ਼ਿਤ ਹੋਇਆ। ਫੋਨੀਮ ਸ਼ਬਦ ਦੀ ਵਰਤੋਂ ਇਸ ਤੋਂ ਵੀ ਪਹਿਲਾਂ ਫਰੈਂਚ ਭਾਸ਼ਾ ਵਿਗਿਆਨੀ A.Dufrich Desgnettes ਨੇ 1873 ਵਿੱਚ ਕੀਤੀ। ਉਸਦਾ ਫੋਨੀਮ ਸੰਕਲਪ ਨਾਲ ਸੰਬੰਧਿਤ ਪਰਚਾ ਪੈਰਿਸ ਦੀ ਭਾਸ਼ਾ ਵਿਗਿਆਨਕ ਸੋਸਾਇਟੀ ਵਿੱਚ ਪੜਿਆ ਗਿਆ ਸੀ।[4] ਸੋਸਿਊਰ ਨੇ ਵੀ ਫਰਾਂਸੀਸੀ ਸ਼ਬਦ "Phoneme" ਦੀ ਵਰਤੋਂ ਧੁਨੀ ਦੇ ਅਰਥਾਂ ਵਿੱਚ ਹੀ ਕੀਤੀ ਸੀ। ਉਸਦੇ ਪੈਰੋਲ(ਬੋਲੀ) ਅਤੇ ਲਾਂਗ(ਭਾਸ਼ਾ) ਦੇ ਸਿਧਾਂਤ ਵਿੱਚ ,ਧੁਨੀ ਅਤੇ ਧੁਨੀਮ ਦਾ ਅੰਤਰ ਲੁਕਿਆ ਹੋਇਆ ਸੀ।

ਧੁਨੀ ਵਿਉਂਤ ਸੰਬੰਧੀ ਵਿਸਤਾਰ ਸਹਿਤ ਅਧਿਐਨ ਸਭ ਤੋਂ ਪਹਿਲਾਂ ,ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਵਿੱਚ ਭਾਸ਼ਾ ਵਿਗਿਆਨ ਦੇ ਪਰਾਗ ਸਕੂਲ ਨਾਲ ਸੰਬੰਧਿਤ ਵਿਦਵਾਨਾਂ ਨੇ ਕੀਤਾ। ਪਰਾਗ ਸਕੂਲ ਦਾ ਮੋਢੀ ਰੂਸੀ ਵਿਦਵਾਨ ਪਰਿੰਸ ਨਿਕੋਲਾਈ ਟ੍ਰਬਟਜ਼ਕਾਏ(Prince Nikolai Trubetzkoy) ਸੀ। ਉਸਨੇ ਧੁਨੀ ਵਿਉਂਤ ਨੂੰ ਪਰਭਾਸ਼ਿਤ ਕਰਦੇ ਹੋਏ ਕਿਹਾ ਹੈ ਕਿ ਧੁਨੀ ਦਾ ਅਧਿਐਨ ਭਾਸ਼ਾ ਦੇ ਸਮੁੱਚੇ ਪ੍ਰਬੰਧ ਉੱਤੇ ਆਧਾਰਿਤ ਹੈ। ਉਸਨੇ "Principles of Phonology"(1939) ਨਾਂ ਦੀ ਆਪਣੀ ਰਚਨਾ ਵਿੱਚ ਸਿਰਫ ਧੁਨੀ ਵਿਉਂਤ ਦਾ ਸੰਕਲਪ ਹੀ ਨਹੀਂ ਦਿੱਤਾ, ਸਗੋਂ ਬਾਅਦ ਵਿੱਚ ਭਾਸ਼ਾ ਵਿਗਿਆਨ ਅਤੇ ਹੋਰ ਸਮਾਜਿਕ ਵਿਗਿਆਨਾਂ ਲਈ ਇੱਕ ਨਵੀਂ ਸੇਧ ਵੀ ਦਿੱਤੀ। ਟ੍ਰਬਟਜ਼ਕਾਏ ਨੇ ਹੀ ਆਰਕੀਫੋਨੀਮ(Archiphoneme) ਸੰਕਲਪ ਨੂੰ ਵਿਕਸਿਤ ਕੀਤਾ।[5] ਇਨ੍ਹਾਂ ਵਿਦਵਾਨਾਂ ਦਾ ਮੱਤ ਸੀ ਕਿ ਧੁਨੀ ਵਿਗਿਆਨ ਅਤੇ ਧੁਨੀ ਵਿਉਂਤ ਦੇ ਖੇਤਰਾਂ ਦਾ ਨਿਖੇੜਾ ਕਰਨਾ ਜ਼ਰੂਰੀ ਹੈ। ਇਸ ਮਤ ਲਈ ਉਨ੍ਹਾਂ ਨੇ ਸੋਸਿਊਰ ਦੇ ਬੋਲੀ ਤੇ ਭਾਸ਼ਾ ਦੇ ਨਿਖੇੜੇ ਨੂੰ ਆਧਾਰ ਬਣਾਇਆ।

1968 ਵਿੱਚ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਸਿਰਜਨਾਤਮਕ ਧੁਨੀ ਵਿਉਂਤ ਸੰਬੰਧੀ ਚੌਮਸਕੀ(Avram Noam Chomsky) ਅਤੇ ਹਾਲੇ(Morris Halle) ਦੀ ਕਿਤਾਬ "the sound pattern of English" ਪ੍ਰਕਾਸ਼ਿਤ ਹੋਈ ਜੋ ਕਿ "Generative Phonology" 'ਤੇ ਆਧਾਰਿਤ ਸੀ। ਚੌਮਸਕੀ ਅਤੇ ਹਾਲੇ ਦਾ ਇਹ ਕੰਮ ਅੰਗਰੇਜ਼ੀ ਦੇ ਧੁਨੀ ਵਿਉਂਤ ਅਤੇ ਇਸਦੇ ਵਿਆਕਰਨ ਦੇ ਵਿਸ਼ਲੇਸ਼ਣ ਨਾਲ ਸੰਬੰਧਿਤ ਸੀ। ਚੌਮਸਕੀ ਨੇ ਧੁਨੀਮਕ ਵਿਰੋਧਾਂ ਤੋਂ ਅੱਗੇ ਜਾ ਕੇ ਬੁਲਾਰੇ ਦੇ ਅੰਤਰੀਵ ਗਿਆਨ ਦੀ ਪੱਧਰ ਉੱਤੇ ਵਿਚਰਦੇ ਧੁਨੀਮਕ ਸੰਬੰਧਾਂ ਦੇ ਬਾਰੀਕ ਧੁਨੀਮਕ ਅਧਿਐਨ ਦੀ ਗੱਲ ਕੀਤੀ ਹੈ।

ਧੁਨੀ ਵਿਉਂਤ ਦੇ ਖੇਤਰ ਵਿੱਚ ਅਗਲਾ ਬਦਲਾਅ ਵਿਆਪਕ ਧੁਨੀ ਵਿਉਂਤ(Natural Phonology) ਦੇ ਆਉਣ ਨਾਲ ਹੋਇਆ। ਇਹ ਸਿਧਾਂਤ ਭਾਸ਼ਾ ਵਿਗਿਆਨੀ ਡੈਵਿਡ ਸਟੈਂਪ(David stampe) ਦੁਆਰਾ 1969 ਵਿੱਚ ਸਥਾਪਿਤ ਕੀਤਾ ਗਿਆ ਸੀ। ਇਸ ਦ੍ਰਿਸ਼ਟੀਕੋਣ ਵਿੱਚ ਭਾਸ਼ਾ ਵਿਸ਼ੇਸ਼ ਦੀ ਧੁਨੀ ਵਿਉਂਤ ਨਾਲ ਸੰਬੰਧਿਤ ਥਿਊਰੀ ਪੇਸ਼ ਕੀਤੀ ਗਈ ਹੈ। ਇਸ ਦ੍ਰਿਸ਼ਟੀਕੋਣ ਅਨੁਸਾਰ ਧੁਨੀ ਵਿਉਂਤ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਭਾਸ਼ਾ ਵਿਸ਼ੇਸ਼ ਦੀਆਂ ਧੁਨੀਆ ਦੇ ਸਮੂਹ ਨਾਲ ਸੰਚਾਰ ਹੁੰਦਾ ਹੈ ਅਤੇ ਇਹ ਕਿਰਿਆਸ਼ੀਲ ਹੁੰਦੀਆਂ ਹਨ।

1976 ਵਿੱਚ ਗੋਲਡਸਮਿੱਥ(John Goldsmith) ਨੇ ਪਹਿਲੀ ਵਾਰ ਸਵੈਖੰਡੀ ਧੁਨੀ ਵਿਉਂਤ(Autosegmental Phonology)ਦਾ ਸਿਧਾਂਤ ਪੇਸ਼ ਕੀਤਾ। ਇਸ ਵਿੱਚ ਧੁਨੀਮਾਂ ਦੀ ਗੱਲ ਕੀਤੀ ਗਈ ਹੈ। ਸਮਿੱਥ ਨੇ ਇਹ ਸਿਧਾਂਤ ਆਪਣੇ ਪੀ.ਐਚ.ਡੀ ਦੇ ਖੋਜ ਪ੍ਰਬੰਧ ਵਿੱਚ ਪੇਸ਼ ਕੀਤਾ ਹੈ। 20ਵੀਂ ਸਦੀ ਦੌਰਾਨ ਹੋਰ ਵੀ ਬਹੁਤ ਸਾਰੇ ਸਿਧਾਂਤ/ਮਾਡਲ ਵਿਕਸਿਤ ਹੋਏ ਜਿਵੇਂ : ਲੰਡਨ ਸਕੂਲ ਫੋਨੋਲੋਜੀ (London School of Phonology), ਨੈਚਰਲ ਜਨਰੇਟਿਵ ਫੋਨੋਲੋਜੀ (Natural Generative Phonology), ਸੀ.ਵੀ. ਫੋਨੋਲੋਜੀ (CV Phonology), ਮੈਟਰਿਕਲ ਫੋਨੋਲੋਜੀ (Matrical Phonology), ਲੈਕਸੀਕਲ ਫੋਨੋਲੋਜੀ (Lexical Phonology), ਡਿਪੈਂਡੈਂਸੀ ਫੋਨੋਲੋਜੀ (Dependency Phonology), ਪ੍ਰੋਸੋਡਿਕ ਫੋਨੋਲੋਜੀ (Prosodic Phonology) ਆਦਿ ਨੇ ਧੁਨੀ ਵਿਉਂਤਕ ਅਧਿਐਨ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ। ਇਨ੍ਹਾਂ ਸਿਧਾਂਤਾਂ ਵਿੱਚ ਕਿਸੇ ਭਾਸ਼ਾ ਵਿਸ਼ੇਸ਼ ਦੀਆਂ ਧੁਨੀਆਂ ਦਾ ਅਧਿਐਨ ਕਰਨ ਲਈ ਵੱਖਰੀਆਂ-ਵੱਖਰੀਆਂ ਧਾਰਨਾਵਾਂ ਪੇਸ਼ ਕੀਤੀਆਂ ਗਈਆਂ। ਇਉਂ 20ਵੀਂ ਸਦੀ ਵਿੱਚ ਧੁਨੀ ਵਿਉਂਤਕ ਅਧਿਐਨ ਦਾ ਦਾਇਰਾ ਬੜਾ ਵਿਸ਼ਾਲ ਹੋ ਜਾਂਦਾ ਹੈ। ਹਥਲੇ ਪੇਪਰ ਵਿੱਚ ਧੁਨੀ ਵਿਉਂਤ ਸੰਬੰਧੀ ਦੋ ਅਧਿਐਨ ਮਾਡਲਾਂ ਨੂੰ ਵਿਚਾਰਿਆ ਗਿਆ ਹੈ।

ਰੋਮਨ ਜੈਕਬਸਨ ਦਾ ਅਧਿਐਨ ਮਾਡਲ:- ਸੰਰਚਨਾਤਮਕ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਅੰਤਰ-ਰਾਸ਼ਟਰੀ ਪੱਧਰ ਉੱਤੇ ਚਲ ਰਹੇ ਵਿਚਾਰ ਚਰਚਾ ਵਿੱਚ ਸਭ ਤੋਂ ਵੱਧ ਪ੍ਰਤਿਭਾਸ਼ਾਲੀ ਤੇ ਕੇਂਦਰੀ ਸ਼ਖਸੀਅਤ ਰੋਮਨ ਜੈਕਬਸਨ ਦੀ ਸੀ, ਜੋ ਕਿ 1896 ਈ. ਵਿੱਚ ਮਾਸਕੋ ਵਿੱਚ ਪੈਦਾ ਹੋਇਆ, ਮਾਸਕੋ ਦੇ ਭਾਸ਼ਾ ਵਿਗਿਆਨੀਆਂ ਦਾ ਮੋਹਰੀ ਬਣਿਆ ਅਤੇ 1919 ਈ. ਵਿੱਚ ਰੂਸੀ ਭਵਿੱਖਵਾਦ ਦਾ ਸਿਧਾਂਤਕਾਰ ਬਣਿਆ। ਜੈਕਬਸਨ ਨੇ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਪਰਾਗ ਸਕੂਲ ਸਥਾਪਿਤ ਕਰਨ ਦੀ ਯੋਜਨਾ ਬਣਾਈ ਅਤੇ ਸਿੱਟੇ ਵਜੋਂ 16 ਅਕਤੂਬਰ 1928 ਨੂੰ ਪਰਾਗ ਸਕੂਲ ਹੋਂਦ ਵਿੱਚ ਆਇਆ।[6] ਭਾਸ਼ਾ ਵਿਗਿਆਨ ਵਿੱਚ ਜੈਕਬਸਨ ਦੀਆਂ ਦੋ ਰਚਨਾਵਾਂ “Fundamentals of Language” ਅਤੇ “Selected writings Phonological Studies” ਧੁਨੀ ਵਿਉਂਤਕ ਅਧਿਐਨ ਦੇ ਪੱਧਰ ਵਿੱਚ ਨਵੀਂ ਤਬਦੀਲੀ ਲੈ ਕੇ ਆਈਆਂ। ਰੋਮਨ ਜੈਕਬਸਨ ਨੇ ਮੁੱਖ ਰੂਪ ਵਿੱਚ ਦੋਅੰਗੀ ਵਿਰੋਧਾਂ(Binary Oppositions) ਦਾ ਸਿਧਾਂਤ 1939 ਵਿੱਚ ਦਿੱਤਾ, ਜਿਸ ਅਧੀਨ ਕੋਈ ਧੁਨੀਆਤਮਕ ਇਕਾਈ ਜਮ੍ਹਾਂ(+) ਲਕਸ਼ਣ ਜਾਂ ਮਨਫੀ(-) ਲਕਸ਼ਣ ਹੋ ਸਕਦੀ ਹੈ। ਇਸ ਸਿਧਾਂਤ ਵਿੱਚ ਦਰਜੇਬੰਦੀ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਟ੍ਰਬਟਜ਼ਕਾਏ ਜਿੱਥੇ ਸਵਰਾਂ ਨੂੰ ਉਚਾਈ ਦੀ ਦ੍ਰਿਸ਼ਟੀ ਤੋਂ ਭਿੰਨ ਮੰਨਦਾ ਹੈ, ਉੱਥੇ ਜੈਕਬਸਨ ਇਨ੍ਹਾਂ ਦੀ ਸੰਚਾਰਨ ਤਰੰਗਾਂ ਦੀ ਦ੍ਰਿਸ਼ਟੀ ਤੋਂ ਖਿਲਰਵੇਂ ਕੱਸਵੇਂ ਸਵਰਾਂ ਵਿੱਚ ਵੰਡ ਕਰਦਾ ਹੈ। ਭਾਵ ਕਿ ਜੇ ਕਿਸੇ ਵੀ ਧੁਨੀ ਵਿੱਚ ਉਚਾਰਨੀ ਲੱਛਣ ਹਨ ਤਾਂ ਉਹ ਜਮ੍ਹਾਂ(+) ਦੇ ਚਿੰਨ੍ਹ ਨਾਲ ਅਤੇ ਜੇ ਅਜਿਹਾ ਲੱਛਣ ਨਹੀਂ ਤਾਂ ਉਹ ਮਨਫੀ(-) ਦੇ ਚਿੰਨ੍ਹ ਨਾਲ ਪ੍ਰਗਟਾਏ ਜਾਣਗੇ। ਇਸੇ ਨੂੰ ਹੀ ਉਹ ਦੋਅੰਗੀ ਵਿਰੋਧ ਦਾ ਸਿਧਾਂਤ ਕਹਿੰਦਾ ਹੈ।

ਧੁਨੀ ਵਿਉਂਤ ਦੇ ਖੇਤਰ ਵਿੱਚ ਜੈਕਬਸਨ ਤੋਂ ਪਹਿਲਾਂ ਜਿੰਨੇ ਵੀ ਮਾਡਲ ਸਥਾਪਿਤ ਹੋਏ ਹਨ, ਉਹ ਸਾਰੇ ਧੁਨੀ ਨੂੰ ਆਧਾਰ ਬਣਾ ਕੇ ਹੀ ਅਧਿਐਨ ਕਰਦੇ ਰਹੇ ਹਨ। ਧੁਨੀ ਹੀ ਇਨ੍ਹਾਂ ਦੀ ਮੂਲ ਸੁਰ ਰਹੀ ਹੈ। ਭਾਸ਼ਾ ਵਿਗਿਆਨ ਵਿੱਚ ਭਾਸ਼ਾ

ਦੀ ਛੋਟੀ ਤੋਂ ਛੋਟੀ ਧੁਨੀਆਤਮਕ ਇਕਾਈ ਨੂੰ ਧੁਨੀ ਕਿਹਾ ਜਾਂਦਾ ਹੈ। ਜਦੋਂ ਕੋਈ ਦੋ ਵਸਤਾਂ/ ਉਚਾਰਨ ਅੰਗ ਆਪਸ ਵਿੱਚ ਟਕਰਾਉਂਦੇ ਹਨ ਤਾਂ ਪੈਦਾ ਹੋਈ ਆਵਾਜ਼ (Sound) ਧੁਨੀ ਅਖਵਾਉਂਦੀ ਹੈ। ਧੁਨੀ ਦਾ ਭਾਸ਼ਾਈ ਪ੍ਰਕਾਰਜ ਧੁਨੀਮ(Phoneme) ਹੈ। ਧੁਨੀਮ ਦੇ ਅਧਿਐਨ ਵੇਲੇ ਮੁੱਢਲੀ ਸਮੱਸਿਆ ਇਹ ਆਉਂਦੀ ਹੈ ਕਿ ਇਸਦੀ ਪਛਾਣ ਕਿਵੇਂ ਕੀਤੀ ਜਾਵੇ? ਇਸ ਸੰਬੰਧ ਵਿੱਚ ਜੈਕਬਸਨ ਧੁਨੀਮ ਨੂੰ ਦਰਸਾਉਂਦੀਆਂ ਪ੍ਰਮੁੱਖ ਚਾਰ ਧਾਰਨਾਵਾਂ ਪੇਸ਼ ਕਰਦਾ ਹੈ:

1. ਮਨੋਵਿਗਿਆਨਕ ਧਾਰਨਾ(the metalist view):- ਧੁਨੀਮ ਨੂੰ ਪਰਿਭਾਸ਼ਤ ਕਰਨ ਲਈ ਸਭ ਤੋਂ ਪਹਿਲੀ ਧਾਰਨਾ ਮਨੋਵਿਗਿਆਨਕ ਧਾਰਨਾ (the mentalist view) ਹੈ। ਮਨੋਵਿਗਿਆਨਕ ਦ੍ਰਿਸ਼ਟੀ ਅਨੁਸਾਰ ਧੁਨੀਮ ਇੱਕ ਅਜਿਹੀ ਦਾਰਸ਼ਨਿਕ ਇਕਾਈ ਹੈ ਜਿਸਦੇ ਉਚਾਰਣ ਨੂੰ ਭਾਸ਼ਾ ਦਾ ਹਰੇਕ ਬੁਲਾਰਾ ਨਕਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਧਾਰਨਾ ਵਿੱਚ ਜੈਕਬਸਨ ਫੋਨੀਮ ਨੂੰ ਬਿਆਨ ਕਰਨ ਲਈ ਪੋਲੈਂਡ ਦੇ ਭਾਸ਼ਾ ਵਿਗਿਆਨੀ ਕਾਰਟਨੇਯ(Baudouin de Courteney) ਵੱਲ ਇਸ਼ਾਰਾ ਕਰਦਾ ਹੈ। ਕਾਰਟਨੇਯ ਨੇ ਧੁਨੀਮ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ " the phoneme is a sound imagined or intended,opposed to the emitted sound as a 'psychophonetic' phonemenon to the 'physiophonetic' fact."[7] ਪਰ ਇਸ ਦ੍ਰਿਸ਼ਟੀ ਨੂੰ ਅਮਰੀਕੀ ਭਾਸ਼ਾ ਵਿਗਿਆਨੀ ਬਲੂਮਫੀਲਡ ਨਕਾਰਦੇ ਹੋਏ ਕਹਿੰਦੇ ਹਨ ਕਿ ਅਜਿਹੀ ਧੁਨੀ ਦੀ ਸਥਾਪਨਾ ਕਰਨਾ ਅਸੰਭਵ ਹੈ।

2. ਸੰਚਾਰ-ਸਿਧਾਂਤਕ ਧਾਰਨਾ(the code restricting view):-ਧੁਨੀਗ੍ਰਾਮ ਨੂੰ ਪਰਿਭਾਸ਼ਿਤ ਕਰਨ ਵਾਲੀ ਦੂਜੀ ਧਾਰਨਾ "the code restricting view" ਦੀ ਹੈ। ਇਸ ਧਾਰਨਾ ਵਿੱਚ ਜੈਕਬਸਨ ਨੇ ਸੰਚਾਰ-ਸਿਧਾਂਤ ਦਾ ਵਿਲੱਖਣ ਮਾਡਲ ਪੇਸ਼ ਕੀਤਾ ਹੈ। ਇਹ ਸੰਚਾਰ-ਸਿਧਾਂਤ ਤਿੰਨ ਹੋਰ ਪੱਖਾਂ ਵੱਲ ਵੀ ਇਸ਼ਾਰਾ ਕਰਦਾ ਹੈ: 1. ਸੰਦੇਸ਼ ਦਾ ਕਿਸੇ ਸਰੀਰਕ ਜਾਂ ਮਾਨਸਿਕ ਸੰਪਰਕ(Contact)ਦੁਆਰਾ ਭੇਜਿਆ ਜਾਣਾ ਲਾਜ਼ਮੀ ਹੁੰਦਾ ਹੈ। 2. ਇਸਦਾ ਕਿਸੇ ਕੋਡ(code) ਵਿੱਚ ਬੱਝਿਆ ਹੋਣਾ ਜ਼ਰੂਰੀ ਹੈ। 3.ਇਸਦਾ ਕਿਸੇ ਸੰਦਰਭ ਵੱਲ ਸੰਕੇਤ ਕਰਨਾ ਆਵੱਸ਼ਕ ਹੈ। ਇਸ ਤਰ੍ਹਾਂ ਧੁਨੀਮ ਨੂੰ ਸੰਦੇਸ਼(message) ਦੇ ਰੂਪ ਬਿਆਨ ਕੀਤਾ ਗਿਆ ਹੈ। ਭਾਵ ਕਿ ਸੰਦੇਸ਼ ਦਾ ਕੋਡ, ਸੰਦਰਭ ਅਤੇ ਸੰਪਰਕ ਵਿੱਚ ਆਉਣਾ ਜ਼ਰੂਰੀ ਹੈ। ਰੋਮਨ ਜੈਕਬਸਨ ਨੇ ਲਿਖਿਆ ਹੈ ਕਿ, " Thus phoneme and variants alike are present, both in the code and in the message."[8]

3. ਕਾਲਪਨਿਕ ਧਾਰਨਾ(the factionalist view):-ਤੀਜੀ ਧਾਰਨਾ ਕਲਪਨਾ ਤੇ ਆਧਾਰਿਤ ਹੈ। ਇਸਨੂੰ ਜੈਕਬਸਨ ਨੇ ਕਾਲਪਨਿਕ ਦ੍ਰਿਸ਼ਟੀ(the factionalist view) ਦਾ ਨਾਂ ਦਿੱਤਾ ਹੈ। ਇਸ ਧਾਰਨਾ ਦਾ ਵਿਦਵਾਨ ਟਵਾਡੈਲ(Twaddell) ਹੈ, ਜਿਸਨੇ 1935 ਵਿੱਚ ਫੋਨੀਮ ਬਾਰੇ ਆਪਣਾ ਵਿਚਾਰ ਰੱਖਿਆ। ਟਵਾਡੈਲ ਨੇ ਧੁਨੀਮ ਨੂੰ ਕਲਪਨਾ ਤੇ ਆਧਾਰਿਤ

ਮੰਨਿਆ। ਪਰੰਤੂ ਬਾਅਦ ਵਿੱਚ ਹੋਰ ਵਿਗਿਆਨੀਆਂ ਦੀਆਂ ਰਚਨਾਵਾਂ ਵਿੱਚ ਇਸ ਧਾਰਨਾ ਨੂੰ ਗਲਤ ਕਰਾਰ ਦਿੱਤਾ ਗਿਆ ।

4. ਅਲਜੈਬ੍ਰਿਕ ਧਾਰਨਾ(the algebraic view):- ਫੋਨੀਮ ਨੂੰ ਸਪੱਸ਼ਟ ਕਰਨ ਵਾਲੀ ਚੌਥੀ ਧਾਰਨਾ ਭਾਸ਼ਾ ਦਾ ਅਲਜੈਬਰਾ ਨਾਲ ਸੰਬੰਧਿਤ ਹੈ। ਇਸਨੂੰ "the algebraic view " ਵਜੋਂ ਜਾਣਿਆ ਜਾਂਦਾ ਹੈ। ਇਸ ਦ੍ਰਿਸ਼ਟੀ ਵਿੱਚ ਫੋਨੀਮ ਨੂੰ ਧੁਨੀ ਵਿਗਿਆਨਕ ਗੁਣਾਂ ਤੋਂ ਬਿਨ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਵਿੱਚ ਜੈਕਬਸਨ ਡੈਨਿਸ਼ ਭਾਸ਼ਾ ਵਿਗਿਆਨੀ ਯਲਮਸਲੇਵ(1953) ਅਤੇ ਉਸਦੇ ਸਹਿਯੋਗੀਆਂ ਦੀ ਗੱਲ ਕਰਦਾ ਹੈ। ਇਸ ਵਿਦਵਾਨ ਨੇ ਭਾਸ਼ਾ ਵਿਗਿਆਨ ਵਿੱਚ ਭਾਸ਼ਾ ਦਾ ਅਲਜੈਬਰਾ ਪੇਸ਼ ਕੀਤਾ। ਉਸਦੇ ਸ਼ਬਦਾਂ ਅਨੁਸਾਰ, " an algebra of language, operating with unnamed entities, i.e. arbitrarily named entities without natural designation"[9]

ਚੌਮਸਕੀ ਅਤੇ ਹਾਲੇ ਦਾ ਅਧਿਐਨ ਮਾਡਲ:- ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਇਕ ਹੋਰ ਤਬਦੀਲੀ ਸਿਰਜਨਾਤਮਕ ਧੁਨੀ ਵਿਉਂਤ(Generative Phonology) ਨਾਲ ਆਉਂਦੀ ਹੈ। ਸਿਰਜਨਾਤਮਕ ਧੁਨੀ ਵਿਉਂਤ ਦਾ ਸਿਧਾਂਤਕਾਰ ਚੌਮਸਕੀ(Avram Noam Chomsky) ਸੀ। ਚੌਮਸਕੀ ਇੱਕ ਅਮਰੀਕੀ ਭਾਸ਼ਾ ਵਿਗਿਆਨੀ, ਫਿਲਾਸਫਰ, ਬੋਧ ਵਿਗਿਆਨੀ, ਇਤਿਹਾਸਕਾਰ, ਸਿਆਸੀ ਕਾਰਜ ਕਰਤਾ ਅਤੇ ਸਮਾਜਿਕ ਆਲੋਚਕ ਰਹੇ। ਉਨ੍ਹਾਂ ਨੂੰ ਆਧੁਨਿਕ ਭਾਸ਼ਾ ਵਿਗਿਆਨ(The Father of Modern Linguistics) ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਸਿਰਜਨਾਤਮਕ ਧੁਨੀ ਵਿਉਂਤ ਸੰਬੰਧੀ ਚੌਮਸਕੀ(**Noam Chomsky**) ਅਤੇ ਹਾਲੇ(**Morris Halle**) ਦੇ **The Sound Pattern Of English(SPE)**" ਤੋਂ ਅੱਗੇ ਬਹੁਤਾ ਕੰਮ ਨਹੀਂ ਹੋਇਆ।[10] ਭਾਵੇਂ ਚੌਮਸਕੀ ਅਤੇ ਹਾਲੇ ਦੁਆਰਾ ਪ੍ਰਸਤੁਤ ਨਿਖੇੜੂ ਲਕਸ਼ਣ ਸਿਧਾਂਤ ਮੂਲ ਰੂਪ ਵਿੱਚ ਜੈਕਬਸਨ ਦੇ ਧੁਨੀ ਵਿਉਂਤਕ ਸਿਧਾਂਤ ਉੱਪਰ ਹੀ ਆਧਾਰਿਤ ਹੈ ਪਰੰਤੂ ਇਸ ਵਿੱਚ ਕੁੱਝ ਬਦਲਾਅ ਜ਼ਰੂਰ ਕੀਤੇ ਗਏ ਹਨ ਜਿਵੇਂ ਚੌਮਸਕੀ ਅਤੇ ਹਾਲੇ ਦੇ ਇਸ ਕੰਮ ਵਿੱਚ ਪਹਿਲਾ ਫਰਕ ਨਿਖੇੜੂ ਲਕਸ਼ਣਾਂ ਦੀ ਗਿਣਤੀ ਅਤੇ ਸੂਚੀ ਦਾ ਸੀ ਅਤੇ ਦੂਜਾ ਫਰਕ ਲਕਸ਼ਣਾਂ ਦੇ ਸੰਕਲਪੀਕਰਨ ਦਾ ਸੀ। ਚੌਮਸਕੀ ਅਤੇ ਹਾਲੇ ਦੇ ਇਸ ਕੰਮ ਵਿੱਚ ਹੋਰ ਵੀ ਘਾਟੇ ਵਾਧੇ ਕੀਤੇ ਗਏ ਹਨ ,ਜਿਨ੍ਹਾਂ ਨੂੰ ਹੇਠਾਂ ਦਰਸਾਇਆ ਗਿਆ ਹੈ:

1.ਚੌਮਸਕੀ ਅਤੇ ਹਾਲੇ ਦਾ ਅਧਿਐਨ ਉਚਾਰਨੀ ਲਕਸ਼ਣਾਂ ਤੇ ਆਧਾਰਿਤ ਸੀ, ਜਦਕਿ ਜੈਕਬਸਨ ਦੋਅੰਗੀ ਵਿਰੋਧਾਂ ਦੀ ਗੱਲ ਕਰਦਾ ਹੈ।

2.ਚੌਮਸਕੀ ਨੇ ਧੁਨੀਮਕ ਵਿਰੋਧਾ ਤੋਂ ਅੱਗੇ ਜਾ ਕੇ ਬੁਲਾਰੇ ਦੇ ਅੰਤਰੀਵ ਗਿਆਨ ਦੀ ਪੱਧਰ ਉੱਤੇ ਵਿਚਰਦੇ ਧੁਨੀਮਕ ਸੰਬੰਧਾਂ ਦੇ ਬਾਰੀਕ ਧੁਨੀਆਤਮਕ ਅਧਿਐਨ ਦੀ ਗੱਲ ਕੀਤੀ ਹੈ ਜਦੋਂ ਕਿ ਜੈਕਬਸਨ ਨੇ ਉਨ੍ਹਾਂ ਨਿਖੇੜੂ ਲਕਸ਼ਣਾਂ ਦੀ ਨਿਸ਼ਾਨਦੇਹੀ ਕੀਤੀ ਜਿਨ੍ਹਾਂ ਰਾਹੀਂ ਭਾਸ਼ਾਵਾਂ ਦੇ ਧੁਨੀਮਕ ਵਿਰੋਧਾਂ ਨੂੰ ਫੜਿਆ ਜਾ ਸਕੇ।

3.ਚੌਮਸਕੀ ਅਤੇ ਹਾਲੇ ਦਾ ਦੁਜੈਲੇ ਉਚਾਰਨ ਤੋਂ ਭਾਵ ਉਨ੍ਹਾਂ ਨਿਖੇੜੂ ਲਕਸ਼ਣਾਂ ਤੋਂ ਹੈ ਜੋ ਭਾਸ਼ਾ ਦੀ ਗਹਿਨ ਸੰਰਚਨਾ ਤੋਂ ਧੁਨੀ ਵਿਉਂਤਕ ਨਿਯਮਾਂ ਦੁਆਰਾ ਸਿਰਜਿਤ ਸੰਰਚਨਾਵਾਂ ਦੇ ਧੁਨੀਆਤਮਕ ਵਿਵਰਣ ਦੀ ਨਿਸ਼ਾਨਦੇਹੀ ਕਰਦੇ ਹਨ। ਪਰ ਜੈਕਬਸਨ ਦਜੈਲੇ ਉਚਾਰਨ ਨੂੰ ਹੋਠੀਕਰਨ ਅਤੇ ਤਾਲਵੀਕਰਨ ਤੱਕ ਸੀਮਿਤ ਕਰਦਾ ਹੈ।

4.ਚੌਮਸਕੀ ਅਤੇ ਹਾਲੇ ਉਨ੍ਹਾਂ ਦੋ ਅੰਗੀ ਲਕਸ਼ਣਾਂ(**binary features**) ਦੇ ਵਿਵਰਣ ਦੀ ਵੀ ਗੱਲ ਕਰਦੇ ਹਨ ਜੋ ਕਿਸੇ ਭਾਸ਼ਾ ਵਿਸ਼ੇਸ਼ ਵਿੱਚ ਨਿਖੇੜੂ ਨਹੀਂ ਹੁੰਦੇ ਪਰ ਉਨ੍ਹਾਂ ਦੇ ਨਿਖੇੜੂ ਹੋਣ ਦੀ ਸੰਭਾਵਨਾ ਜ਼ਰੂਰ ਹੁੰਦੀ ਹੈ ਜਦਕਿ ਜੈਕਬਸਨ ਅਜਿਹੇ ਲਕਸ਼ਣਾਂ ਦੀ ਗੱਲ ਨਹੀਂ ਕਰਦਾ।

ਇਥੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਵੇਂ ਚੌਮਸਕੀ ਅਤੇ ਹਾਲੇ ਦੁਆਰਾ ਪ੍ਰਸਤੁਤ ਨਿਖੇੜੂ ਸਿਧਾਂਤ ਕਾਫੀ ਹੱਦ ਤੱਕ ਜੈਕਬਸਨ ਦੇ ਸਿਧਾਂਤ ਤੇ ਆਧਾਰਿਤ ਸਨ ਪਰੰਤੂ ਇਨ੍ਹਾਂ ਦੇ ਸਿਧਾਂਤ ਦੀ ਮੂਲ ਸੁਰ ਟ੍ਰਬਟਜ਼ਕਾਏ ਦੇ ਨਿਖੇੜੂ ਸਿਧਾਂਤ ਵਿਚਲੇ ਧੁਨੀਆਤਮਕ ਅਤੇ ਦਰਜੇਵਾਰ ਵਿਰੋਧਾਂ ਉੱਤੇ ਜਾ ਟਿੱਕਦੀ ਹੈ।

ਧੁਨੀ ਵਿਉਂਤ ਦੇ ਉਪਰੋਕਤ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ ਤੋਂ ਜ਼ਾਹਿਰ ਹੈ ਕਿ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਇਹ ਅਤਿ ਵਿਕਸਿਤ ਸ਼ਾਖਾ ਹੈ। ਆਪਣੇ ਆਰੰਭ ਤੋਂ ਲੈ ਕੇ ਹੁਣ ਤੱਕ ਇਸਦੀ ਸਿਧਾਂਤਕ ਰੂਪ-ਰੇਖਾ ਵਿੱਚ ਬਹੁਤ ਸਾਰੀ ਤਕਨੀਕੀ ਤਬਦੀਲੀ ਆਈ ਹੈ। ਆਧੁਨਿਕ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਵਿਕਸਿਤ ਹੋਏ ਵੱਖ- ਵੱਖ ਮਾਡਲਾਂ ਨੇ ਆਪਣੀਆਂ ਵਿਸ਼ੇਸ਼ਤਾਵਾਂ ਅਤੇ ਸੀਮਾਵਾਂ ਸਹਿਤ ਧੁਨੀ ਵਿਉਂਤ ਨੂੰ ਵੱਖਰੇ- ਵੱਖਰੇ ਦ੍ਰਿਸ਼ਟੀਕੋਣਾਂ ਤੋਂ ਪਰਿਭਾਸ਼ਿਤ ਕੀਤਾ ਹੈ। ਇਨ੍ਹਾਂ ਤੋਂ ਅੰਤਰ ਦ੍ਰਿਸ਼ਟੀ ਗ੍ਰਹਿਣ ਕਰਕੇ ਹੀ ਧਨੀ ਵਿਉਂਤ ਨੇ ਆਪਣੇ ਆਪ ਨੂੰ ਪੁਖ਼ਤਾ ਕੀਤਾ।

ਹਵਾਲੇ

1) ਪਰਮਜੀਤ ਸਿੰਘ ਸਿੱਧੂ, ਮਾਨਵ ਵਿਗਿਆਨਕ ਭਾਸ਼ਾ ਵਿਗਿਆਨ, ਪੰਨਾ ਨੰ.109

2) https://en.m.www.wikipedia.org

3) https://en.m.www.wikipedia.org

4) https://en.m.www.wikipedia.org

5) ਸੁਖਵਿੰਦਰ ਸਿੰਘ ਸੰਘਾ, ਧੁਨੀ ਵਿਉਂਤ: ਸਿਧਾਂਤ ਅਤੇ ਵਿਹਾਰ, ਪੰਨਾ ਨੰ.53

6) W.E.Jones and J.Laver, Phonetics in Linguistics,page no.188

7) Roman Jackobson and Morris Halle, Fundamentals of Language, page no.22

8) Ibid, page no.23

9) Ibid, page no.24

10) ਸੁਖਵਿੰਦਰ ਸਿੰਘ ਸੰਘਾ, ਧੁਨੀ ਵਿਉਂਤ:ਸਿਧਾਂਤ ਅਤੇ ਵਿਹਾਰ, ਪੰਨਾ ਨੰ. 57

ਧੁਨੀ ਵਿਗਿਆਨ: ਬਦਲਦੇ ਪਰਿਪੇਖ

ਨੀਲਮ (ਖੋਜਾਰਥੀ)

ਰੀਜਨਲ ਸੈਂਟਰ, ਬਠਿੰਡਾ।

ਫੋਨ ਨੰ. 80546-72204

ਧੁਨੀ ਵਿਗਿਆਨ ਅੰਗਰੇਜ਼ੀ ਭਾਸ਼ਾ ਦੇ ਸ਼ਬਦ "Phonetics" ਦਾ ਪੰਜਾਬੀ ਰੂਪਾਂਤਰਨ ਹੈ। ਫੋਨੈਟਿਕਸ ਗ੍ਰੀਕ ਭਾਸ਼ਾ ਦੇ ਸ਼ਬਦ 'phone' ਤੋਂ ਬਣਿਆ ਹੈ, ਜਿਸਦਾ ਅਰਥ ਹੈ ਆਵਾਜ਼ ਜਾਂ ਧੁਨੀ। ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਨੂੰ ਧੁਨੀ ਕਿਹਾ ਜਾਂਦਾ ਹੈ। ਧੁਨੀ ਵਿਗਿਆਨ ਇਨ੍ਹਾਂ ਆਵਾਜ਼ਾਂ ਦਾ ਵਿਗਿਆਨਕ ਢੰਗ/ਤਰੀਕਿਆਂ ਨਾਲ ਅਧਿਐਨ ਕਰਦਾ ਹੈ। ਇਸ ਅਧਿਐਨ ਦੀ ਪਰੰਪਰਾ ਬਹੁਤ ਪੁਰਾਣੀ ਹੈ। ਧੁਨੀ ਵਿਗਿਆਨ ਦੀ ਵਿਗਿਆਨਕ ਆਧਾਰਸ਼ਿਲਾ ਰੱਖਣ ਦਾ ਮਾਣ ਭਾਰਤ ਨੂੰ ਪ੍ਰਾਪਤ ਹੈ।[1] ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਭਾਵ ਕਿ ਆਦਿ ਕਾਲ ਵਿੱਚ ਹੀ ਧੁਨੀ ਵਿਗਿਆਨ ਦੀ ਪ੍ਰਾਰੰਭਿਕ ਜਾਣਕਾਰੀ ਨਿਸ਼ਚਿਤ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ। ਰਿਗਵੇਦ ਦੁਨੀਆਂ ਦੀ ਪ੍ਰਾਚੀਨਤਮ ਰਚਨਾ ਮੰਨੀ ਗਈ ਹੈ। ਇਸ ਵਿੱਚ ਇੰਦਰ(**इन्द्र**) ਦੇ ਦੁਸ਼ਮਣਾਂ ਨੂੰ ਮਘ੍ਰ-ਵਾਚ(**मृघ् - ਵਾੱਚ**) ਭਾਵ ਕਿ ਮਾੜੇ ਉਚਾਰਨ ਵਾਲੇ ਕਿਹਾ ਗਿਆ ਹੈ।[2] ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਵੇਲੇ ਦੇ ਅਚਾਰੀਆ ਲੋਕ ਵੀ ਉਚਾਰਨ ਬਾਰੇ ਸੁਚੇਤ ਸਨ। ਇਸ ਦੇ ਨਾਲ ਹੀ ਬ੍ਰਾਹਮਣ ਗ੍ਰੰਥਾਂ ਦਾ ਉਲੇਖ ਵੀ ਦਿੱਤਾ ਜਾ ਸਕਦਾ ਹੈ, ਜਿਸ ਵਿੱਚ ਸਵਰ, ਸਥਾਨ, ਅੱਖਰ, ਅਨੁਪ੍ਰਦਾਨ, ਰੂਪ ਆਦਿ ਦਾ ਪ੍ਰਯੋਗ ਹੋਣ ਲੱਗ ਪਿਆ ਸੀ। ਇਸਦਾ ਇਹ ਅਰਥ ਹੋਇਆ ਕਿ ਧੁਨੀਆਂ ਦੇ ਖੇਤਰ ਵਿੱਚ ਸਭ ਤੋਂ ਪਹਿਲਾਂ ਭਾਰਤ ਦੇਸ਼ ਵਿੱਚ ਹੀ ਅਧਿਐਨ-ਵਿਸ਼ਲੇਸ਼ਣ ਦੀ ਪਰੰਪਰਾ ਸ਼ੁਰੂ ਹੋਈ ਸੀ। ਇਉਂ ਸਪੱਸ਼ਟ ਹੈ ਕਿ ਧੁਨੀਆਂ ਦਾ ਅਧਿਐਨ ਭਾਰਤੀਆਂ ਦੀ ਦੇਣ ਹੈ।

ਅਠਾਰਵੀਂ ਸਦੀ ਦੇ ਅੰਤ ਵਿੱਚ ਯੌਰਪ ਦੇ ਭਾਸ਼ਾ ਵਿਗਿਆਨੀਆ ਨੇ ਇਸ ਅਧਿਐਨ ਖੇਤਰ ਵਿੱਚ ਭਾਰਤੀ ਵਿਆਕਰਨਕਾਰਾਂ ਦੀਆਂ ਪ੍ਰਾਪਤੀਆਂ ਨੂੰ ਆਧਾਰ ਬਣਾ ਕੇ, ਇਸ ਖੇਤਰ ਵਿੱਚ ਕੰਮ ਸ਼ੁਰੂ ਕੀਤਾ। ਇਸ ਅਧਿਐਨ ਪ੍ਰਤੀ ਭਾਸ਼ਾ ਦੇ ਅਧਿਆਪਕ, ਸ਼ਬਦ ਜੋੜਾਂ ਦੇ ਸੁਧਾਰਕ, ਸ਼ਾਰਟਹੈਂਡ ਦੇ ਨਿਰਮਾਤਾ ਅਤੇ ਪਾਦਰੀ ਆਦਿ ਵਧੇਰੇ ਰੁਚਿਤ ਸਨ। ਯੌਰਪ ਵਿੱਚ 'ਦਿ ਇੰਗਲਿਸ਼ ਸਕੂਲ ਆਫ ਫੋਨੈਟਿਕਸ'(**The English School of Phonetics**) ਦੀ ਸਥਾਪਨਾ ਨਾਲ ਧੁਨੀ ਵਿਗਿਆਨ ਦੇ ਖੇਤਰ ਵਿੱਚ ਇਸ ਤਰ੍ਹਾਂ ਦਾ ਕੰਮ ਸ਼ੁਰੂ ਹੋਇਆ।[3] ਇਸ ਵਿੱਚ ਜੇ. ਹਾਰਟ(**J.Hart**), ਬੁਲੋਕਰ(**W.Bullokar**), ਹਿਊਮ(**A. Humes**), ਰੋਬਿਨਸ(**R.H. Robins**), ਬਟਲਰ (**C. Butler**), ਵੈਲਿਸ(**J. Wallis**) ਅਤੇ ਹੋਲਡਰ(**W.Holder**) ਆਦਿ ਭਾਸ਼ਾ ਚਿੰਤਕ ਸ਼ਾਮਲ ਸਨ। ਇਨ੍ਹਾਂ ਵਿੱਚੋਂ ਹੋਲਡਰ ਸ਼ਾਇਦ ਸਭ ਤੋਂ ਸਫਲ ਵਿਗਿਆਨੀ ਸੀ। ਹੋਲਡਰ ਅਜਿਹੇ ਧੁਨੀਵਿਗਿਆਨੀ ਸੀ, ਜਿਨ੍ਹਾਂ ਨੇ ਧੁਨੀਆਂ ਦੀ ਵਿਆਖਿਆ ਦਾ ਵਰਣਨ ਕਰਨ ਵਿੱਚ ਕਮਾਲ ਦੀ ਸੁਚੱਜਤਾ ਪ੍ਰਾਪਤ ਕੀਤੀ।

1669 ਈ: ਵਿੱਚ ਰੋਇਲ ਸੁਸਾਇਟੀ(**Royal Society**) ਦੁਆਰਾ ਹੋਲਡਰ ਦੇ ਭਾਸ਼ਾਈ ਤੱਤ(**Elements of Speech**) ਛਾਪੇ ਗਏ ਸਨ, ਹੋਲਡਰ ਉਸ ਸਮੇਂ ਇਸੇ ਸੁਸਾਇਟੀ ਦੇ ਮੈਂਬਰ ਸਨ।[4] ਹੋਲਡਰ ਦੇ ਸਮਕਾਲੀ ਜੇ. ਵੈਲਿਸ ਨੇ ਵੀ ਉਸ ਸਮੇਂ ਦੀ ਅੰਗਰੇਜ਼ੀ ਦੇ ਉਚਾਰਨ ਦੀਆਂ ਵਿਸ਼ੇਸ਼ਤਾਵਾਂ ਦਾ ਪੁਨਰ-ਨਿਰਮਾਣ ਕੀਤਾ ਸੀ। ਵੈਲਿਸ ਅੰਗਰੇਜ਼ੀ ਦੇ ਧੁਨੀ ਵਿਗਿਆਨੀ ਹੋਣ ਤੋਂ ਇਲਾਵਾ ਆਕਸਫ਼ੋਰਡ ਯੂਨੀਵਰਸਿਟੀ(**Oxford University**) ਦੇ ਚੇਅਰਮੈਨ ਅਤੇ ਕੁਦਰਤੀ ਵਿਗਿਆਨੀ ਵੀ ਸੀ। ਇਸੇ ਤਰ੍ਹਾਂ ਬੂਲੋਕਰ ਦਾ ਨਾਂ ਵੀ ਯੌਰਪ ਦੇ ਭਾਸ਼ਾ ਵਿਗਿਆਨ ਵਿੱਚ ਮਹੱਤਵਪੂਰਣ ਹੈ, ਜਿਸ ਨੇ ਲਾਤੀਨੀ ਪ੍ਰਣਾਲੀ ਨੂੰ ਸਥਾਪਿਤ ਕੀਤਾ ਅਤੇ ਅੰਗਰੇਜ਼ੀ ਦੇ ਸ਼ਬਦ ਨਿਰਧਾਰਿਤ ਕੀਤੇ ਸਨ।[5] ਯੌਰਪ ਦੇ ਇਨ੍ਹਾਂ ਭਾਸ਼ਾ ਵਿਗਿਆਨੀਆਂ ਨੇ ਅੰਗਰੇਜ਼ੀ ਦੇ ਉਚਾਰਨ ਢੰਗ ਨੂੰ ਬਿਆਨ ਕੀਤਾ ਸੀ। ਇਸ ਤੋਂ ਬਾਅਦ ਇੰਗਲੈਂਡ ਵਿੱਚ ਭਾਸ਼ਾ ਸਿੱਖਣ ਤੇ ਸਿਖਾਉਣ, ਸ਼ਾਰਟਹੈਂਡ ਅਤੇ ਸ਼ਬਦ ਜੋੜਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਧੁਨੀ ਵਿਗਿਆਨ ਦਾ ਕਾਫੀ ਵਿਕਾਸ ਹੋਇਆ। ਇਸ ਵਿਕਾਸ ਪ੍ਰਕਿਰਿਆ ਵਿੱਚ ਜੋਸ਼ੂਆ ਸਟੀਲ(**Joshua Steel**) ਦਾ ਅਧਿਐਨ ਵੀ ਮਹੱਤਨਪੂਰਨ ਭੂਮਿਕਾ ਨਿਭਾਉਂਦਾ ਹੈ। ਸਟੀਲ ਬ੍ਰਿਟਿਸ਼ ਲੇਖਕ ਸੀ। ਸਟੀਲ ਨੇ ਪ੍ਰੋਸੋਡੀਆ ਰੈਸ਼ਨਲਿਸ(**Prosodia Rationalis**) ਨਾਂ ਦਾ ਲੇਖ ਲਿਖਿਆ ਸੀ ਜੋ ਕਿ 1775 ਈ: ਵਿੱਚ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ ਸੀ।[6] ਇਹ ਲੇਖ ਉਚਾਰਨੀ ਧੁਨੀ ਵਿਗਿਆਨ ਨਾਲ ਸੰਬੰਧਿਤ ਸੀ, ਜਿਸ ਵਿੱਚ ਸਟੀਲ ਨੇ ਉਚਰਿਤ ਆਵਾਜ਼ਾਂ ਨੂੰ ਮਾਪਣ ਦੀ ਗੱਲ ਕੀਤੀ ਹੈ। ਸਟੀਲ ਦੇ ਮਗਰੋਂ ਅਲੈਕਸਜ਼ੈਂਡਰ ਮੇਲਵਾਇਲ ਬੈੱਲ(**Alexander Melville Bell**) ਨੇ 1867 ਈ: ਵਿੱਚ ਧੁਨੀਗ੍ਰਾਮਾਂ ਦਾ ਅਧਿਐਨ ਕੀਤਾ। ਇਸ ਅਧਿਐਨ ਨੂੰ ਬੈੱਲ ਨੇ "**Visible Speech**" ਦਾ ਨਾਂ ਦਿੱਤਾ। ਇਹ ਅਧਿਐਨ ਧੁਨੀਗ੍ਰਾਮ ਪ੍ਰਤੀਕਾਂ ਦੀ ਪ੍ਰਣਾਲੀ ਨਾਲ ਸੰਬੰਧਿਤ ਸੀ।[7] 1889 ਵਿੱਚ ਹੈਨਰੀ ਸਵੀਟ(**Henry Sweet**) ਦੇ ਯਤਨਾਂ ਸਦਕਾ ਅੰਤਰਰਾਸ਼ਟਰੀ ਧੁਨੀ ਲਿਪੀ(**International Phonetic Alphabets**) ਬਣਾਈ ਗਈ। ਇਸ ਨੂੰ ਸੰਖੇਪ ਵਿੱਚ ਆਈ. ਪੀ. ਏ (**I.P.A**) ਕਿਹਾ ਜਾਂਦਾ ਹੈ। ਆਈ. ਪੀ. ਏ. ਦਰਅਸਲ ਧੁਨੀਵਿਗਿਆਨਕ ਲਿਪੀਅੰਤਰਨ ਹੈ। 19ਵੀਂ ਸਦੀ ਦੇ ਅੰਤ ਵਿੱਚ ਪੱਛਮੀ ਸਕਾਲਰਾਂ ਨੇ ਉਚਾਰਨੀ ਧੁਨੀ ਵਿਗਿਆਨ ਦੇ ਵਿਸਥਾਰ ਵੱਲ ਹੋਰ ਵੀ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। ਉਸ ਤੋਂ ਮਗਰੋਂ ਉਨ੍ਹਾਂ ਨੇ ਧੁਨੀਆਂ ਨੂੰ ਲਿਪੀਅੰਤਰਨ ਕਰਨ ਲਈ ਪ੍ਰਮਾਣਿਤ ਅਤੇ ਅੰਤਰਰਾਸ਼ਟਰੀ ਤੌਰ ਤੇ ਮਨਜ਼ੂਰਸ਼ੁਦਾ ਪ੍ਰਣਾਲੀ ਦੀ ਲੋੜ ਮਹਿਸੂਸ ਕੀਤੀ।[8] ਇਸੇ ਕਰਕੇ ਅੰਤਰਰਾਸ਼ਟਰੀ ਧੁਨੀ ਸੰਸਥਾ(**International Phonetic Association**) ਦੁਆਰਾ ਅੰਗਰੇਜ਼ੀ ਭਾਸ਼ਾ ਦੀ ਪੜਾਈ ਲਈ ਵਿਵਹਾਰਕ ਤੌਰ ਤੇ ਵਰਣਨ ਕਰਨ ਦੇ ਮੰਤਵ ਨੂੰ ਪੂਰਾ ਕਰਨ ਲਈ ਸਥਾਪਿਤ ਕੀਤਾ ਗਿਆ ਸੀ ਤਾਂ ਕਿ ਗ਼ੈਰ ਮਾਤ ਭਾਸ਼ਾਈ ਵਿਦਿਆਰਥੀਆਂ ਨੂੰ ਅੰਗਰੇਜ਼ੀ ਦੀਆਂ ਧੁਨੀਆਂ ਦਾ ਸਹੀ ਉਚਾਰਨ ਕਰਨਾ ਸਿਖਾਇਆ ਜਾ ਸਕੇ। ਇਸ ਸੰਸਥਾ ਦੇ ਮੁੱਢਲੇ ਮੈਂਬਰਾਂ ਵਿੱਚ ਪਾਲ ਪਾਮਲੇ, ਹੈਨਰੀ ਸਵੀਟ ਅਤੇ ਆਟੋ ਜੈਸਪਰਸਨ ਸ਼ਾਮਿਲ ਸਨ। ਇਸ ਸੰਸਥਾ ਨੇ 1888 ਈ: ਵਿੱਚ ਅੰਤਰਰਾਸ਼ਟਰੀ ਧੁਨੀ ਲਿਪੀ(**International Phonetic Alphabets**) ਦਾ ਵਿਕਸਿਤ ਰੂਪ ਤਿਆਰ ਕੀਤਾ ਤਾਂ ਕਿ ਵਿਸ਼ਵ ਦੀਆਂ ਭਾਸ਼ਾਵਾਂ ਦੀਆਂ ਸਾਰੀਆਂ ਧੁਨੀਆਂ ਨੂੰ ਸਹੀ ਢੰਗ ਨਾਲ ਉਚਰਿਤ ਅਤੇ ਅੰਕਿਤ ਕੀਤਾ ਜਾ ਸਕੇ। ਅੰਤਰਰਾਸ਼ਟਰੀ ਧੁਨੀ ਲਿਪੀ ਅਜਿਹੀ ਧੁਨੀ ਲਿਪੀ ਹੈ ਜੋ ਸੰਸਾਰ ਵਿਚਲੀ ਹਰ

ਭਾਸ਼ਾ ਦੀ ਧੁਨੀ ਨੂੰ ਚਿੰਨ੍ਹਾਂ ਰਾਹੀਂ ਅੰਕਿਤ ਕਰਨ ਦੀ ਸਮਰੱਥਾ ਰੱਖਦੀ ਹੈ। **IPA** ਦੀ ਪਹਿਲੀ ਵਾਰ ਵਰਤੋਂ ਆਟੋ ਜੈਸਪਰਸਨ ਵਲੋਂ ਪਾਲ ਪਾਮਲੇ ਨੂੰ ਲਿਖੇ ਪੱਤਰ ਰਾਹੀਂ ਕੀਤੀ ਗਈ ਸੀ।

ਭੌਤਿਕ ਵਿਗਿਆਨ ਨੇ ਧੁਨੀ ਵਿਗਿਆਨ ਨੂੰ ਵਿਕਸਿਤ ਕਰਨ ਵਿੱਚ ਬਹੁਤ ਸਹਾਇਤਾ ਕੀਤੀ। ਭੌਤਿਕ ਵਿਗਿਆਨ ਦੇ ਸਦਕਾ ਹੀ ਧੁਨੀ ਵਿਗਿਆਨ ਦੇ ਖੇਤਰ ਵਿੱਚ ਹੋਰ ਵੀ ਨਵੀਨ ਖੋਜਾਂ ਵਿਕਸਿਤ ਹੋਈਆਂ। 1940 ਵਿੱਚ ਸਾਊਂਡ-ਸਪੈਕਟਰੋਗ੍ਰਾਫ(**Sound Spectrograph**) ਦੀ ਖੋਜ ਹੋਈ। ਇਸ ਨਾਲ ਬੋਲਾਂ ਦੇ ਸੰਚਾਰ ਦਾ ਵਿਸ਼ਲੇਸ਼ਣ ਕਰਨ ਵਿੱਚ ਮਦਦ ਮਿਲੀ। ਇਸੇ ਤਰ੍ਹਾਂ ਸੰਚਾਰੀ ਧੁਨੀ ਵਿਗਿਆਨ(**Acoustic Phonetics**) ਦਾ ਵਿਕਾਸ ਹੋਇਆ। ਉਸੇ ਸਮੇਂ ਦੌਰਾਨ ਫੋਨੋਗ੍ਰਾਫ(**Phonograph)** ਦੀ ਕਾਢ ਕੱਢੀ ਗਈ ਸੀ, ਜੋ ਕਿ ਉਚਾਰਨੀ ਤਰੰਗਾਂ ਨੂੰ ਸਿਗਨਲਾਂ ਰਾਹੀਂ ਰਿਕਾਰਡ ਕਰਨ ਵਿੱਚ ਬਹੁਤ ਲਾਭਦਾਇਕ ਸਿੱਧ ਹੋਇਆ। ਧੁਨੀ ਵਿਗਿਆਨੀ ਇਹਨਾਂ ਉਚਾਰਨੀ ਸਿਗਨਲਾਂ ਨੂੰ ਵਾਰ-ਵਾਰ ਦੁਹਰਾਉਂਦੇ ਸਨ ਅਤੇ ਸਿਗਨਲਾਂ ਤੇ ਸੰਚਾਰਨੀ ਫਿਲਟਰਾਂ(**Acoustic Filters**) ਨੂੰ ਲਾਗੂ ਕਰਦੇ ਸਨ। ਅਜਿਹਾ ਕਰਨ ਨਾਲ ਉਹ ਭਾਸ਼ਣ ਸਿਗਨਲਾਂ ਦੇ ਧੁਨੀ ਸੁਭਾਅ ਨੂੰ ਹੋਰ ਵੀ ਧਿਆਨ ਨਾਲ ਕੱਢਣ ਦੇ ਯੋਗ ਹੋ ਗਏ। ਵਿਗਿਆਨ ਦੀ ਤਰੱਕੀ ਦੇ ਨਾਲ-ਨਾਲ ਹੋਰ ਵੀ ਕਈ ਮਸ਼ੀਨਾਂ ਹੋਂਦ ਵਿੱਚ ਆਈਆਂ ਜਿਨ੍ਹਾਂ ਦੀ ਸਹਾਇਤਾ ਨਾਲ ਭਾਸ਼ਾਈ ਉਚਾਰਨ, ਸੰਚਾਰਨ ਅਤੇ ਸ੍ਰਵਣ ਨੂੰ ਵਧੇਰੇ ਵਿਗਿਆਨਕਤਾ ਨਾਲ ਵਿਸ਼ਲੇਸ਼ਿਤ ਕੀਤਾ ਜਾਣ ਲੱਗਾ। ਇਸ ਤੋਂ ਬਾਅਦ 'ਚ ਲੂਡੀਮਰ ਹਰਮਨ (**Ludimar Hermann**) ਨੇ ਐਡੀਸਨ(**Edison**) ਦੇ ਫੋਨੋਗ੍ਰਾਫ ਦੀ ਮਦਦ ਨਾਲ ਸਵਰ ਅਤੇ ਵਿਅੰਜਨਾਂ ਦੀਆਂ ਵਿਸ਼ੇਸ਼ਤਾਵਾਂ ਦੀ ਜਾਂਚ ਕੀਤੀ। ਹਰਮਾਨ ਜਰਮਨ ਦਾ ਫਿਜ਼ਿਓਲੋਜਿਸਟ ਅਤੇ ਉਚਾਰਨ ਵਿਗਿਆਨੀ(**Speech Scientist**) ਸੀ ਜਿਸਨੇ ਫੋਨੋਗ੍ਰਾਫ ਦੀ ਵਰਤੋਂ ਦੁਆਰਾ ਸਵਰ ਉਤਪਾਦਨ ਦੀਆਂ ਥਿਊਰੀਆਂ ਤੇ ਕਾਰਜ ਕੀਤਾ। ਇਸਨੇ ਬਾਅਦ ਵਿੱਚ ਵਿਲੀਜ਼(**Robert Willi's**) ਅਤੇ ਵੀਹਟਸਟੋਨ(**Charles Wheatstone**) ਦੀਆਂ ਸਵਰ ਉਚਾਰਨੀ ਥਿਊਰੀਆਂ ਨਾਲ ਫੋਨੋਗ੍ਰਾਫ ਦੀਆਂ ਵੱਖ-ਵੱਖ ਸਪੀਡਾਂ ਤੇ ਬਣੇ ਸਵਰਾਂ ਨੂੰ ਰਿਕਾਰਡ ਵੀ ਕੀਤਾ।[9]

ਧੁਨੀ ਵਿਗਿਆਨ ਦਾ ਵਿਕਾਸ

ਧੁਨੀ ਵਿਗਿਆਨ ਇੱਕ ਬਹੁਤ ਹੀ ਵਿਸ਼ਾਲ ਖੇਤਰ ਹੈ, ਜਿਸ ਵਿੱਚ ਹੁਣ ਤੱਕ ਬਹੁਤ ਸਾਰੇ ਅਧਿਐਨ ਹੋਏ ਹਨ। ਧੁਨੀ ਵਿਗਿਆਨ ਵਿੱਚ ਸ਼ੁਰੂ ਤੋਂ ਹੀ ਬਹੁਤ ਸਾਰੇ ਤਜ਼ਰਬੇ ਕੀਤੇ ਗਏ ਹਨ, ਤਾਂ ਜੋ ਮਾਨਵੀ ਧੁਨੀਆਂ ਦੀਆਂ ਹਰਕਤਾਂ ਦਾ ਪਤਾ ਲਗਾਇਆ ਜਾ ਸਕੇ। ਇਸੇ ਤਰ੍ਹਾਂ ਹੀ ਧੁਨੀ ਵਿਗਿਆਨ ਦੇ ਅੰਤਰਗਤ ਇੱਕ ਖੇਤਰ 'ਪ੍ਰਯੋਗਾਤਮਕ ਧੁਨੀ ਵਿਗਿਆਨ' ਦਾ ਸ਼ਾਮਲ ਹੈ, ਜਿਸਨੂੰ ਅੰਗਰੇਜ਼ੀ ਵਿੱਚ **'Experimental Phonetics'** ਕਿਹਾ ਗਿਆ ਹੈ। ਇਹ ਵਿਗਿਆਨ ਜਨਰਲ ਧੁਨੀ ਵਿਗਿਆਨ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਮਾਨਵੀ ਉਚਾਰਨਾਂ / ਧੁਨੀਆਂ ਦਾ ਅਧਿਐਨ ਵਿਧੀਆਂ ਦੇ ਆਧਾਰ ਤੇ ਕੀਤਾ ਜਾਂਦਾ ਹੈ। ਇਹ ਵਿਧੀਆਂ ਪ੍ਰਯੋਗਾਂ ਤੇ ਆਧਾਰਿਤ ਹੁੰਦੀਆਂ ਹਨ। ਇਸ ਵਿਗਿਆਨਕ ਖੇਤਰ ਵਿੱਚ ਧੁਨੀ ਵਿਗਿਆਨ ਦੀਆਂ ਤਿੰਨੇ ਸ਼ਾਖਾਵਾਂ ਉਚਾਰਨੀ ਧੁਨੀ ਵਿਗਿਆਨ, ਸੰਚਾਰਨੀ ਧੁਨੀ ਵਿਗਿਆਨ ਅਤੇ ਸ੍ਰਵਣੀ ਧੁਨੀ ਵਿਗਿਆਨ ਦਾ ਅਧਿਐਨ

ਹੁੰਦਾ ਹੈ। ਇਸ ਤੋਂ ਇਲਾਵਾ ਖੰਡੀ ਅਤੇ ਅਖੰਡੀ ਧੁਨੀਆਂ ਦੇ ਅਧਿਐਨ ਵਿੱਚ ਵੀ ਇਨ੍ਹਾਂ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪ੍ਰਯੋਗਾਤਮਕ ਧੁਨੀ ਵਿਗਿਆਨ ਵਿੱਚ ਹੇਠ ਲਿਖੇ ਸੰਦਾਂ ਜਾਂ ਪ੍ਰਯੋਗਾਂ ਦੀ ਵਰਤੋਂ ਕੀਤੀ ਜਾਂਦੀ ਹੈ:

ਇਲੈਕਟਰੋਗਲੈਟੋਗ੍ਰਾਫ(Electroglattograph):- ਇਹ ਯੰਤਰ ਉਚਾਰਨੀ ਧੁਨੀ ਵਿਗਿਆਨ ਦੀ ਸ਼ਾਖਾ ਵਿੱਚ ਨਾਦ-ਤੰਤਰੀਆਂ ਦੀ ਕੰਬਾਹਟ ਨੂੰ ਜਾਂਚਣ ਲਈ ਵਰਤਿਆ ਗਿਆ ਸੀ। ਇਸਨੂੰ ਗਲੈਟੋਗ੍ਰਾਫ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਯੰਤਰ ਵਿੱਚ ਬਿਜਲੀ ਦੇ ਦੋ ਇਲੈਕਟ੍ਰੋਡਸ ਨੂੰ ਗਲੇ ਦੇ ਦੋਨੋਂ ਪਾਸੇ ਜੋੜ ਦਿੱਤਾ ਜਾਂਦਾ ਹੈ, ਜਿਸ ਨਾਲ ਕਿ ਨਾਦ ਤੰਤਰੀਆਂ ਦੀ ਕੰਬਾਹਟ ਦੇ ਉਤਰਾਅ-ਚੜ੍ਹਾਅ ਨੂੰ ਮਾਪਿਆ ਜਾ ਸਕੇ। ਅਜਿਹੀ ਪ੍ਰਕਿਰਿਆ ਰਾਹੀਂ ਜੋ ਵੀ ਨਤੀਜੇ ਪ੍ਰਾਪਤ ਹੁੰਦੇ ਹਨ, ਉਸ ਨੂੰ ਗਲੈਟੋਗ੍ਰਾਮ ਦੀ ਸਹਾਇਤਾ ਨਾਲ ਪ੍ਰਿੰਟ ਕਰ ਲਿਆ ਜਾਂਦਾ ਹੈ।

ਇਲੈਕਟਰੋਮਾਇਓਗ੍ਰਾਫੀ:- ਇਹ ਇੱਕ ਅਜਿਹੀ ਪ੍ਰਕਿਰਿਆ ਹੈ, ਜਿਸ ਵਿੱਚ ਬੋਲੀ ਦੇ ਦੌਰਾਨ ਮਾਸਪੇਸ਼ੀਆਂ ਦੇ ਸੁੰਗੜਨ ਨੂੰ ਰਿਕਾਰਡ ਕੀਤਾ ਜਾਂਦਾ ਹੈ। ਇਹ ਪ੍ਰਕਿਰਿਆ ਇਲੈਕਟਰੋਮਾਇਓਗ੍ਰਾਫ(Electromyograph) ਨਾਂ ਦੇ ਯੰਤਰ ਰਾਹੀਂ ਮੁਕੰਮਲ ਹੁੰਦੀ ਹੈ। ਇਸ ਵਿੱਚ ਬਿਜਲਈ ਸੂਈਆਂ(**electrodes needles**) ਦਾ ਇਸਤੇਮਾਲ ਹੁੰਦਾ ਹੈ, ਜਿਨ੍ਹਾਂ ਨੂੰ ਨਾਦ-ਯੰਤਰ ਵਿੱਚ ਦਾਖਲ ਕਰਕੇ ਮਾਸਪੇਸ਼ੀਆਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

ਪਲੈਟੋਗ੍ਰਾਮ: ਪਲੈਟੋਗ੍ਰਾਮ ਇੱਕ ਵਿਸ਼ੇਸ਼ ਕਿਸਮ ਦਾ ਨਕਲੀ ਤਾਲੂ(**Artificial Palate**) ਹੁੰਦਾ ਹੈ, ਜਿਹੜਾ ਦੰਦਾਂ ਦੇ ਡਾਕਟਰ ਦੁਆਰਾ ਧਾਤ ਵਿੱਚ ਪੱਤੀਆਂ ਲਗਾ ਕੇ ਬਣਾਇਆ ਜਾਂਦਾ ਹੈ। ਇਹ ਬਹੁਤ ਹੀ ਪਤਲੀ ਸਮੱਗਰੀ ਦਾ ਬਣਿਆ ਹੁੰਦਾ ਹੈ ਅਤੇ ਆਸਾਨੀ ਨਾਲ ਬੁਲਾਰੇ ਦੇ ਮੂੰਹ ਵਿੱਚ ਲਗਾਇਆ ਜਾ ਸਕਦਾ ਹੈ। ਇਸਨੂੰ ਇੱਕ ਛੋਟਾ ਜਿਹਾ ਪ੍ਰੋਜੈਕਟ ਕਿਹਾ ਜਾ ਸਕਦਾ ਹੈ ਜੋ ਮੂੰਹ ਦੇ ਅੰਦਰ ਕਾਰਜ ਕਰਦਾ ਹੈ ਅਤੇ ਇਸਨੂੰ ਮੂੰਹ ਵਿੱਚੋਂ ਬਾਹਰ ਕੱਢ ਲਿਆ ਜਾਂਦਾ ਹੈ। ਤਾਲੂ ਦੇ ਹੇਠਲੇ ਹਿੱਸੇ ਨੂੰ ਬਰੀਕ ਪਾਊਡਰ ਚਾਕ ਦੇ ਨਾਲ ਢਕਿਆ ਜਾਂਦਾ ਹੈ ਅਤੇ ਮੂੰਹ ਦੇ ਅੰਦਰ ਫਿਟ ਕਰ ਦਿੱਤਾ ਜਾਂਦਾ ਹੈ। ਬੁਲਾਰੇ ਵਲੋਂ ਇੱਕ ਆਵਾਜ਼ ਉਚਾਰੀ ਜਾਂਦੀ ਹੈ ਤੇ ਤਾਲੂ ਨੂੰ ਬਾਹਰ ਕੱਢ ਲਿਆ ਜਾਂਦਾ ਹੈ। ਤਾਲੂ ਦੇ ਉੱਪਰ ਜਿੱਥੇ ਵੀ ਚਾਕ ਨਹੀਂ ਹੁੰਦਾ ਭਾਵ ਕਿ ਉੱਥੇ ਜੀਭ ਦਾ ਤਾਲੂ ਨਾਲ ਸੰਪਰਕ ਹੋਇਆ ਹੈ। ਤਾਲੂ ਤੇ ਬਣੇ ਇਨ੍ਹਾਂ ਨਿਸ਼ਾਨਾਂ ਦੀ ਜਾਂ ਤਾਂ ਫੋਟੋ ਖਿੱਚ ਲਈ ਜਾਂਦੀ ਹੈ, ਨਹੀਂ ਤਾਂ ਤਾਲੂ ਤੇ ਚਿੱਤਰ ਬਣਾ ਕੇ ਰੱਖ ਲਿਆ ਜਾਂਦਾ ਹੈ। ਪਲੈਟੋਗ੍ਰਾਮ ਦੀ ਸਹਾਇਤਾ ਨਾਲ ਰਿਕਾਰਡ ਉਪਲਬਧ ਹੁੰਦੇ ਹਨ ਤੇ ਇਸ ਤਕਨੀਕ ਨੂੰ ਪਲੈਟੋਗ੍ਰਾਫੀ(**Platography**) ਕਿਹਾ ਜਾਂਦਾ ਹੈ।

ਇਲੈਕਟਰੋਕਾਈਮੋਗ੍ਰਾਫੀ: ਕਾਈਮੋਗ੍ਰਾਫ ਦੀ ਖੋਜ 1840 ਦੇ ਦਹਾਕੇ ਵਿੱਚ ਜਰਮਨ ਫਿਜ਼ਿਓਲੋਜਿਸਟ (**Physiologist**) ਕਾਰਲ ਲੁਡਵਿਗ(**Carl Ludwig**) ਦੁਆਰਾ ਕੀਤੀ ਗਈ ਸੀ। ਲੁਡਵਿਗ ਨੇ ਇਸਦਾ ਇਸਤੇਮਾਲ ਸਭ ਤੋਂ ਪਹਿਲਾ ਖੂਨ ਦੇ ਦਬਾ ਨੂੰ ਅੰਕਿਤ ਕਰਨ ਲਈ ਕੀਤਾ ਸੀ। ਕਾਈਮੋਗ੍ਰਾਫ ਇੱਕ ਅਜਿਹਾ ਉਪਕਰਨ ਹੈ ਜੋ ਸਮੇਂ ਦੇ ਨਾਲ ਵੱਖਰੇ ਸਥਾਨ ਦੀ ਗਰਾਫੀਕਲ ਦਿਸ਼ਾ ਨੂੰ ਦਰਸਾਉਂਦਾ ਹੈ। ਇਸ ਵਿੱਚ ਘੁੰਮਣ ਵਾਲਾ ਡਰੱਮ ਹੁੰਦਾ ਹੈ ਜਿਸ ਉਤੇ ਕਾਗਜ਼ ਦੀ ਸ਼ੀਟ ਲਪੇਟੀ ਹੁੰਦੀ

ਹੈ। ਇਸ ਦੇ ਨਾਲ ਇੱਕ ਪੈਨ(**Stylus**) ਜੁੜਿਆ ਹੁੰਦਾ ਹੈ ਜੋ ਕਿ ਛਪਾਈ ਦੇ ਕੰਮ ਆਉਂਦਾ ਹੈ। 19ਵੀਂ ਅਤੇ 20ਵੀਂ ਸਦੀ ਵਿੱਚ ਕੀਮੋਗ੍ਰਾਫ ਦਾ ਉਪਯੋਗ ਭਾਸ਼ਣਾਂ ਨੂੰ ਰਿਕਾਰਡ ਕਰਨ ਲਈ ਵੀ ਹੋਣ ਲੱਗ ਪਿਆ।

ਲਰਿੰਗੋਸਕੋਪੀ: ਲਰਿੰਗੋਸਕੋਪੀ ਦਾ ਪ੍ਰਯੋਗ ਲਰਿੰਗੋਸਕੋਪ(ਇੱਕ ਯੰਤਰ) ਦੀ ਸਹਾਇਤਾ ਨਾਲ ਸੰਘ ਦੀ ਕਿਰਿਆ ਨੂੰ ਮਾਪਣ ਲਈ ਕੀਤਾ ਜਾਂਦਾ ਹੈ। ਇਹ ਇੱਕ ਅਜਿਹੀ ਮੈਡੀਕਲ ਪ੍ਰਕਿਰਿਆ ਹੈ ਜੋ ਨਾਦ ਤੰਤਰੀਆ ਅਤੇ ਕੰਠ ਪਠਾਰ ਦੇ ਦ੍ਰਿਸ਼ ਪ੍ਰਾਪਤ ਕਰਨ ਲਈ ਵਰਤੀ ਜਾਂਦੀ ਹੈ।

ਓਸੀਲੋਸਕੋਪ: ਓਸੀਲੋਗ੍ਰਾਫ ਨੂੰ ਓਸੀਲੋਸਕੋਪ ਵੀ ਕਿਹਾ ਜਾਂਦਾ ਹੈ। ਐਸੀਲੋਸਕੋਪ ਨੂੰ **CRO(Cathode Ray Oscilloscope) ਅਤੇ DSO(Digital Storage Oscillograph)**ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ ਜੋ ਕਿ ਇੱਕ ਬਿਜਲਈ ਯੰਤਰ ਹੈ। ਇਸ ਬਿਜਲਈ ਯੰਤਰ ਨਾਲ ਸਿਗਨਲ ਵੋਲਟੇਜ਼ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਯੰਤਰ ਰਾਹੀਂ ਆਵਾਜ਼ਾਂ ਦੀ ਕੰਬਾਹਟ ਨੂੰ ਵੋਲਟੇਜ਼ ਵਿੱਚ ਤਬਦੀਲ ਕੀਤਾ ਜਾਂਦਾ ਹੈ।

ਸਾਉਂਡ-ਸਪੈਕਟੋਗ੍ਰਾਫ: ਸਪੈਕਟੋਗ੍ਰਾਫ ਇੱਕ ਅਜਿਹਾ ਯੰਤਰ ਹੈ ਜਿਹੜਾ ਰੋਸ਼ਨੀ ਨੂੰ ਆਵਿਰਤੀ ਸਪੈਕਟ੍ਰਮ(**Frequency Spectrum**) ਵਿੱਚ ਵੱਖ ਕਰਦਾ ਹੈ ਅਤੇ ਇਸ ਵਿੱਚ ਕੈਮਰੇ ਦੀ ਮਦਦ ਨਾਲ ਸਿਗਨਲਾਂ ਨੂੰ ਰਿਕਾਰਡ ਕੀਤਾ ਜਾਂਦਾ ਹੈ। ਸਪੈਕਟੋਗ੍ਰਾਫ ਦੀ ਤਰ੍ਹਾਂ ਹੀ ਬਹੁਤ ਸਾਰੀਆ ਮਸ਼ੀਨਾਂ ਹਨ ਜੋ ਲਹਿਰਾਂ ਦੀ ਪ੍ਰਕਿਰਤੀ ਨੂੰ ਜਾਂਚਣ ਵਿੱਚ ਸਹਾਇਕ ਹੁੰਦੀਆਂ ਹਨ। 1876 ਈ: ਵਿੱਚ ਡਾ. ਹੈਨਰੀ ਡਰੈਪਰ (**Dr.Henry Draper**) ਨੇ ਸਪੈਕਟੋਗ੍ਰਾਫ ਮਿਆਦ ਦੀ ਪਹਿਲੀ ਵਾਰ ਵਰਤੋਂ ਕੀਤੀ, ਜਦੋਂ ਉਸਨੇ ਇਸ ਯੰਤਰ ਦੀ ਸਭ ਤੋਂ ਪਹਿਲਾਂ ਖੋਜ ਕੀਤੀ। ਉਸਨੇ ਇਸ ਯੰਤਰ ਦੀ ਵਰਤੋਂ ਰਾਤ ਵਿੱਚ ਸਭ ਤੋਂ ਵੱਧ ਚਮਕਦੇ ਤਾਰੇ ਜਿਸਨੂੰ "vega" ਕਿਹਾ ਜਾਂਦਾ ਹੈ, ਦੀ ਫੋਟੋਆਂ ਖਿੱਚਣ ਲਈ ਕੀਤੀ ਸੀ।

ਉਪਰੋਕਤ ਯੰਤਰਾਂ ਤੋਂ ਇਲਾਵਾ ਐਕਸ-ਰੇ ਫੋਟੋਗ੍ਰਾਫੀ, ਸੈਂਸਟਿਵ ਫਲੇਮਸ(**Sensitive Flames**), ਟੇਪ ਰਿਕਾਡਰਜ਼, ਹਾਰਮੋਨਿਕ ਅਨਾਲਾਇਜ਼ਰਸ(**Harmonic Analysers**) ਅਤੇ ਕੰਪਿਊਟਰ ਆਦਿ ਵਰਗੀਆਂ ਅਤਿ ਆਧੁਨਿਕ ਤਕਨੀਕੀ ਸਹੂਲਤਾਂ ਨਾਲ ਧੁਨੀ ਵਿਗਿਆਨ ਦੀ ਸ਼ਾਖਾ ਵਧੇਰੇ ਵਿਕਸਿਤ ਹੋਈ।

ਧੁਨੀ ਵਿਗਿਆਨ ਦੇ ਉਪਰੋਕਤ ਇਤਿਹਾਸਕ ਅਤੇ ਸਿਧਾਂਤਕ ਪਰਿਪੇਖ ਤੋਂ ਜ਼ਾਹਿਰ ਹੈ ਕਿ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਇਹ ਅਤਿ ਵਿਕਸਿਤ ਸ਼ਾਖਾ ਹੈ। ਆਪਣੇ ਆਰੰਭ ਤੋਂ ਲੈ ਕੇ ਹੁਣ ਤੱਕ ਇਸਦੀ ਸਿਧਾਂਤਕ ਰੂਪ-ਰੇਖਾ ਵਿੱਚ ਬਹੁਤ ਸਾਰੀ ਤਕਨੀਕੀ ਤਬਦੀਲੀ ਆਈ ਹੈ। ਆਧੁਨਿਕ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਵਿਕਸਿਤ ਹੋਏ ਵੱਖ- ਵੱਖ ਭਾਸ਼ਾ ਅਧਿਐਨ ਮਾਡਲਾਂ ਤੋਂ ਅੰਤਰ ਦ੍ਰਿਸ਼ਟੀ ਗ੍ਰਹਿਣ ਕਰਕੇ ਇਸਨੇ ਆਪਣੇ ਆਪ ਨੂੰ ਪੁਖ਼ਤਾ ਕੀਤਾ।

ਹਵਾਲੇ

1) ਵਿਦਿਆਨਿਵਾਸ ਮਿਸ਼ਰਾ(ਸੰਪਾ.) ਭਾਰਤੀ ਭਾਸ਼ਾਸ਼ਾਸਤਰੀ ਚਿੰਤਨ, ਪੰਨਾ ਨੰ: 135

2) ਉਹੀ, ਪੰਨਾ:135

3) R.H. Robins, A Short History Of Linguistics, page no. 142

4) ਉਹੀ, ਪੰਨਾ: 118

5) ਉਹੀ, ਪੰਨਾ: 119

6) https://en.m.www.wikipedia.org,

7) Ibid, A Short History Of Linguistics, page no. 203

8) https://en.m.wikipedia.org

9) https://en.m.www.wikipedia.org

ਅਜੋਕੇ ਸ਼ਿਲਾਲੇਖ

ISSN 2348-2664

ਜੁਲਾਈ-ਸਤੰਬਰ 2019
50 ਰੁਪਏ

ਸਰਪ੍ਰਸਤ : ਸ੍ਰੀ ਪੂਰਨ ਪਿਆਸਾ

1995 ਤੋਂ ਲਗਾਤਾਰ ਪ੍ਰਕਾਸ਼ਿਤ ਹੋ ਰਿਹਾ

ਅਜੋਕੇ ਸ਼ਿਲਾਲੇਖ

ਜੁਲਾਈ-ਸਤੰਬਰ 2019

100 ਰੁਪਏ

ਸੰਪਾਦਕ

ਜੋਗਿੰਦਰ ਕੈਰੋਂ

(M) 82643-06671 js_kairon@yahoo.co.in

ਡਾ. ਰਵਿੰਦਰ

(R) 01871-285053, (M) 98724-82378, ravihosp@gmail.com

ਵਿਦੇਸ਼ੀ ਸੰਪਾਦਕ

ਹਰਮਨਪ੍ਰੀਤ ਸਿੰਘ ਪਨੂੰ

ਮਹਿਤਾਬ ਸਿੰਘ ਕਾਹਲੋਂ

ਪ੍ਰਬੰਧਕੀ ਸੰਪਾਦਕ

ਸ. ਨਰਿੰਦਰਪਾਲ ਸਿੰਘ

(M) 98883-24402 kgt_nps@yahoo.co.in

'ਅਜੋਕੇ ਸ਼ਿਲਾਲੇਖ' ਮੈਗਜ਼ੀਨ 5 ਸਾਲ ਲਈ ਮੰਗਵਾਉਣ ਵਾਸਤੇ 1000/- ਰੁਪਏ ਚੰਦਾ ਭੇਜ ਕੇ ਜਾਂ ਸਾਡੇ ਬੈਂਕ ਅਕਾਊਂਟ ਵਿਚ ਪੈਸੇ ਜਮ੍ਹਾਂ ਕਰਵਾ ਕੇ ਪ੍ਰਾਪਤ ਕਰ ਸਕਦੇ ਹੋ, ਜਿਸ ਦਾ ਨੰਬਰ ਇਸ ਪ੍ਰਕਾਰ ਹੈ :

Punjab National Bank, A/c No. 6273000100001071, IFS Code : Punb0627300

ਅਜੋਕੇ ਸ਼ਿਲਾਲੇਖ ਮੈਗਜ਼ੀਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਵੀ ਰਜਿਸਟਰਡ ਹੈ।

ਛਾਪਕ ਤੇ ਪ੍ਰਕਾਸ਼ਕ ਡਾ. ਜੋਗਿੰਦਰ ਸਿੰਘ ਕੈਰੋਂ ਨੇ ਕੇ.ਜੀ. ਗ੍ਰਾਫਿਕਸ, ਬੂਥ 8, ਯੂਨੀ. ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ ਤੋਂ ਟਾਈਪਸੈੱਟਿੰਗ ਕਰਵਾ ਕੇ, ਪ੍ਰਿੰਟਵੈੱਲ, 146, ਇੰਡ. ਫੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ 43, ਗੁਰੂ ਤੇਗ ਬਹਾਦਰ ਨਗਰ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

P/AE 209

14. ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਸਾਹਿਬਾਨਾਂ ਦੀ ਬਾਣੀ ਦਾ ਰਾਗ ਪ੍ਰਬੰਧ 64
¹ਡਾ. ਰਾਜੇਸ਼ ਸ਼ਰਮਾ, ²ਸੁਖਦੀਪ ਕੌਰ
15. ਸਾਧੂ ਦਯਾ ਸਿੰਘ ਆਰਿਫ਼ ਰਚਿਤ ਕਾਵਿ ਦਾ ਸੂਫ਼ੀ ਚਿੰਤਨ 67
ਪਰਦੀਪ ਸਿੰਘ ਗਿੱਲ
16. "ਜਿੱਥੇ ਕਬਰਿਸਤਾਨ ਮਿਲਦਾ ਹੈ" ਨਾਵਲ ਵਿਚਲਾ ਚਿਤਰਨ-ਪ੍ਰਬੰਧ 71
ਸੁਖਮਨਪ੍ਰੀਤ ਕੌਰ
17. ਸਿੱਖ ਪੁਨਰ-ਜਾਗ੍ਰਿਤੀ ਵਿਚ ਗਿਆਨੀ ਹੀਰਾ ਸਿੰਘ ਦਰਦ ਦਾ ਯੋਗਦਾਨ 76
ਗੁਰਵਿੰਦਰ ਕੌਰ
18. ਮਾਇਆ : ਮਾਨਵੀ ਹੋਂਦ ਦੀ ਤਲਾਸ਼ ਦਾ ਸਿਧਾਂਤਕ ਪ੍ਰਵਚਨ 79
ਸੰਦੀਪ ਕੌਰ
19. ਮੋਹਨਜੀਤ ਦੇ ਪ੍ਰੇਮ ਚਿੱਤਰਾਂ ਦਾ ਸ਼ੈਲੀ ਵਿਗਿਆਨਕ ਅਧਿਐਨ 83
ਵੀਰਪਾਲ ਕੌਰ
20. ਅਨ-ਅਲ-ਹੱਕ ਦੀ ਸਿਧਾਂਤਕਾਰੀ 88
ਮਨਿੰਦਰ ਸਿੰਘ
21. ਪੰਜਾਬੀ ਲੋਕ ਜੀਵਨ ਦਾ ਸਰਮਾਇਆ : ਲੋਕ ਸਿਆਣਪਾਂ (ਵਿਸ਼ਵੀਕਰਨ ਦੇ ਪ੍ਰਸੰਗ ਵਿੱਚ) 92
ਮੀਨਾਕਸ਼ੀ ਰਾਣੀ
22. ਕਸ਼ਮੀਰ ਸੰਕਟ ਅਤੇ ਪੰਜਾਬੀ ਕਹਾਣੀ 95
ਨਵਦੀਪ ਕੌਰ
23. ਸਾਹਿਤ, ਸਿਨੇਮਾ ਤੇ ਰੂਹੀਆ ਰਮਜ਼ਾਂ 97
ਜਤਿੰਦਰ ਸਿੰਘ (ਡਾ.)
24. ਟਾਹਣੀਓਂ ਟੁੱਟੇ : ਇਕ ਅਧਿਐਨ 99
ਸਰਘੀ (ਡਾ.)
25. ਆਧੁਨਿਕ ਕਹਾਣੀ ਦਾ ਰਚਨਾਤਮਕ ਚੌਖਟਾ 102
ਮੇਘਾ ਸਲਵਾਨ (ਡਾ.)
26. ਸਮਕਾਲੀ ਪੰਜਾਬੀ ਕਵਿਤਾ ਦੇ ਵਿਭਿੰਨ ਪਰਿਪੇਖ 105
ਤਰਪ੍ਰੀਤ ਸਿੰਘ (ਡਾ.)
27. ਲੋਕਧਾਰਾ ਵਿਚ ਜੰਡ 109
ਅਮਨਦੀਪ ਕੌਰ
28. ਗੰਧਲੇ ਪਾਣੀ : ਪੰਜਾਬੀ ਸਮਾਜ ਦੇ ਨੈਤਿਕ ਪਤਨ ਦਾ ਪ੍ਰਵਚਨ 114
ਡਾ. ਹਰਿੰਦਰ ਸਿੰਘ ਤੂਰ
29. ਨਾਵਲ ਅਧਿਐਨ ਦੀ ਮਾਨਵ-ਵਿਗਿਆਨਕ ਸਮਾਜ-ਸ਼ਾਸਤਰੀ ਵਿਧੀ 118
ਸੁਖਪ੍ਰੀਤਪਾਲ ਕੌਰ
30. ਧੁਨੀ ਵਿਉਂਤਕ ਅਧਿਐਨ ਮਾਡਲ 121
ਨੀਲਮ
31. ਸ਼ਿਵ ਕੁਮਾਰ ਬਟਾਲਵੀ ਦੀ ਰਚਨਾ 'ਲੂਣਾ' ਵਿਚ ਨਾਰੀ-ਪੀੜਾ ਦੇ ਪਾਸਾਰ 124
ਕੁਲਵਿੰਦਰ ਕੌਰ ਢੀਨਾ (ਡਾ.)
32. 'ਮੈਂ ਤਾਂ ਇਕ ਸਾਰੰਗੀ ਹਾਂ' ਨਾਟਕ ਵਿਚ ਔਰਤ ਦਾ ਸੰਵੇਦਨਾ ਤੇ ਚੇਤਨਾਤੰਤਰ ਦਾ ਸਫ਼ਰ 128
ਸੁਖਵਿੰਦਰ ਕੌਰ
33. ਸੁਰਜੀਤ ਪਾਤਰ : ਕਾਵਿ ਦ੍ਰਿਸ਼ਟੀ 130
ਡਾ. ਰਜਨੀਸ਼ ਕੌਰ
34. ਪਰਾਏ ਰੰਗਾਂ ਦੀ ਲਾਟ : ਮੂਲ ਸਰੋਕਾਰ 132
ਰਮਨਦੀਪ ਕੌਰ
35. ਔਰਤ-ਸੰਵਾਦ : ਲਿੰਗ ਰੂਪਾਂਤਰਣ ਸੰਦਰਭ 136
ਹਰਸਿਮਰਨ ਕੌਰ (ਡਾ.)
36. ਪੰਜਾਬੀ ਨਾਵਲ : ਇਤਿਹਾਸ ਅਤੇ ਨਵੀਨ ਪ੍ਰਵਾਹ 139
ਕਮਲਜੀਤ ਸਿੰਘ (ਡਾ.)
37. ਗੁਰੂ ਅਰਜਨ ਦੇਵ ਦੀ ਬਾਣੀ ਦਾ ਸ਼ੈਲੀ ਅਧਿਐਨ 144
ਸਤਨਾਮ ਸਿੰਘ
38. ਪੰਜਾਬੀਆਂ ਦੇ ਵਹਿਮ-ਭਰਮ ਤੇ ਰੀਤੀ ਰਸਮਾਂ ਦਾ ਗੁਰਬਾਣੀ ਦੇ ਸੰਦਰਭ ਵਿਚ ਤਾਰਕਿਕ ਵਿਸ਼ਲੇਸ਼ਣ 146
ਗੁਰਜੰਟ ਸਿੰਘ (ਡਾ.)
39. ਦਲਿਤ ਚੇਤਨਾ ਦਾ ਵਿਸ਼ਵੀ ਪਰਿਪੇਖ : ਸੁੱਕੀਆਂ ਕੂੰਨਾਂ 150
ਰਮਨਦੀਪ ਕੌਰ
40. ਸੋਸ਼ਲ ਮੀਡੀਆ ਰਾਹੀਂ ਪੈਦਾ ਹੁੰਦਾ ਸਮਾਜ ਦਾ ਵਰਤਾਰਾ (ਸਟੇਟਸ, ਸਟੋਰੀ ਅਤੇ ਪੋਸਟਾਂ ਦੇ ਵਿਸ਼ੇਸ਼ ਸੰਦਰਭ ਵਿਚ) 153
ਗੁਰਮੀਤ ਕੌਰ
41. ਤਿਉਹਾਰ "ਤੀਆਂ" ਦਾ ਮਨੋਵਿਗਿਆਨਕ ਅਤੇ ਮਾਨਵ-ਵਿਗਿਆਨਕ ਅਧਿਐਨ 157
ਮਨਜੀਤ ਕੌਰ
• ਪੁਸਤਕ ਰੀਵਿਊ 159
• ਪਤ੍ਰ ਪੁਸਤਕ... 160

ਜ਼ਰੂਰੀ ਸੂਚਨਾ

'ਸ਼ਿਲਾਲੇਖ' ਵਿਚ ਰਚਨਾਵਾਂ ਛਪਾਉਣ ਲਈ ਭੇਜਣ ਵਾਲੇ ਲੇਖਕਾਂ ਅਤੇ ਖੋਜੀਆਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਨੂੰ ਇਨ੍ਹਾਂ ਫੌਂਟਾਂ, ਗੁਰਬਾਣੀ ਲਿਪੀ, ਅਨਮੋਲ ਲਿਪੀ, ਅਸੀਸ, ਡਾ. ਚਾਤ੍ਰਿਕ ਵੈੱਬ, ਗੋਲਡ ਆਦਿ ਵਿਚ ਟਾਈਪ ਕਰਕੇ ਅਤੇ ਪਰੂਫ ਰੀਡਿੰਗ ਕਰਕੇ ਭੇਜਣ। ਕਈ ਵਾਰ ਉਹ ਰਚਨਾ ਤਾਂ ਈਮੇਲ ਕਰ ਦਿੰਦੇ ਹਨ ਪਰ ਨਾ ਆਪਣਾ ਨਾਂ ਲਿਖਦੇ ਹਨ ਤੇ ਨਾ ਹੀ ਆਪਣਾ ਟੈਲੀਫੋਨ ਨੰਬਰ ਤੇ ਪਤਾ। ਇਸ ਨਾਲ ਛਾਪਣ ਵੇਲੇ ਇਹ ਪਤਾ ਨਹੀਂ ਚਲਦਾ ਕਿ ਇਹ ਆਰਟੀਕਲ ਕਿਸ ਦਾ ਹੈ ਅਤੇ ਇਸ ਕਾਰਨ ਉਹ ਛਪਣ ਤੋਂ ਰਹਿ ਜਾਂਦਾ ਹੈ। ਸੋ ਰਚਨਾ ਭੇਜਣ ਸਮੇਂ ਉਸ ਉੱਪਰ ਆਪਣਾ ਨਾਂ, ਪਤਾ ਅਤੇ ਟੈਲੀਫੋਨ ਨੰਬਰ ਜ਼ਰੂਰ ਲਿਖੋ। ਹੱਥ ਲਿਖਤ, ਯੂਨੀਕੋਡ ਫੌਂਟਸ ਵਿਚ ਜਾਂ ਪੀ.ਡੀ.ਐਫ. ਆਈਆਂ ਰਚਨਾਵਾਂ ਉੱਪਰ ਗੌਰ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕੋਈ ਰਚਨਾ ਵਾਪਸ ਭੇਜੀ ਜਾਵੇਗੀ, ਇਸ ਲਈ ਰਚਨਾਵਾਂ ਭੇਜਣ ਵਾਲੇ ਭੇਜਣ ਰਚਨਾਵਾਂ ਦੀਆਂ ਕਾਪੀਆਂ ਜ਼ਰੂਰ ਰੱਖ ਲੈਣ।

—ਸੰਪਾਦਕ

ਪ੍ਰਕਾਸ਼ਨਾਵਾਂ ਸੰਬੰਧੀ ਸਰਟੀਫਿਕੇਟ

ਤਸਦੀਕ ਕੀਤਾ ਜਾਂਦਾ ਹੈ ਕਿ ਨੀਲਮ ਨੇ ਆਪਣੇ ਖੋਜ ਪ੍ਰਬੰਧ ਦੇ ਵਿਸ਼ੇ 'ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ' ਨਾਲ ਸੰਬੰਧਿਤ ਦੋ ਖੋਜ-ਪੱਤਰਾਂ ਨੂੰ ਪ੍ਰਕਾਸ਼ਿਤ ਕਰਵਾਇਆ ਹੈ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

- ਧੁਨੀ ਵਿਉਂਤਕ ਅਧਿਐਨ ਮਾਡਲ, ਅਜੋਕੇ ਸ਼ਿਲਾਲੇਖ ਪੰਨਾ. 121 (ISSN 2348-2664), ਜੁਲਾਈ-ਸਤੰਬਰ, 2019.
- ਧੁਨੀ ਵਿਗਿਆਨ ਬਦਲਦੇ ਪਰਿਪੇਖ, ਪ੍ਰਤਿਮਾਨ, ਪੰਨਾ. 44 (ISSN 2277-9930), ਜਨਵਰੀ-ਮਾਰਚ (ਅੰਕ 60), 2019.

(ਬੂਟਾ ਸਿੰਘ ਬਰਾੜ)

ਨਿਗਰਾਨ

ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਭਾਸ਼ਾ

ਫੈਕਲਟੀ ਅਧੀਨ ਪੀਐਚ.ਡੀ. (ਪੰਜਾਬੀ)

ਦੀ ਡਿਗਰੀ ਲਈ ਪ੍ਰਸਤੁਤ

ਖੋਜ-ਪ੍ਰਬੰਧ

(2022)

ਨਿਗਰਾਨ

ਡਾ. ਬੂਟਾ ਸਿੰਘ ਬਰਾੜ
ਪ੍ਰੋਫੈਸਰ, ਪੀ. ਜੀ. ਸਟੱਡੀਜ਼ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਰਿਜ਼ਨਲ ਸੈਂਟਰ, ਬਠਿੰਡਾ।

ਖੋਜਾਰਥਣ

ਨੀਲਮ

ਪੰਜਾਬੀ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਨਿਸ਼ਕਰਸ਼

ਪ੍ਰਸਤੁਤ ਖੋਜ ਪ੍ਰਬੰਧ ਵਿਚ ਤੁਲਨਾਤਮਕ ਧੁਨੀਵਿਉਂਤਕ ਵਿਧੀ ਦੀ ਸਿਧਾਂਤਕ ਸੇਧ ਮੁਤਾਬਕ ਪੰਜਾਬੀ ਅਤੇ ਹਿੰਦੀ ਭਾਸ਼ਾ ਦਾ ਤੁਲਨਾਤਮਕ ਧੁਨੀਵਿਉਂਤਕ ਅਧਿਐਨ ਪੇਸ਼ ਕੀਤਾ ਗਿਆ ਹੈ। ਦੋਵੇਂ ਭਾਸ਼ਾਵਾਂ ਕਿਉਂਕਿ ਇਕੋ ਭਾਸ਼ਾ-ਪਰਿਵਾਰ ਨਾਲ ਸੰਬੰਧਿਤ ਹਨ ਅਤੇ ਦੋਹਾਂ ਦੇ ਭਾਸ਼ਾਈ-ਸ੍ਰੋਤ ਵੀ ਸਾਂਝੇ ਹਨ, ਇਸ ਲਈ ਦੋਹਾਂ ਭਾਸ਼ਾਵਾਂ ਦਾ ਇਕਾਲਕ ਧੁਨੀਵਿਉਂਤਕ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਦੁਕਾਲਕ ਅਧਿਐਨ ਵੀ ਪੇਸ਼ ਕੀਤਾ ਹੈ। ਇਸ ਅਧਿਐਨ ਉਪਰੰਤ ਸਾਨੂੰ ਦੋਹਾਂ ਭਾਸ਼ਾਵਾਂ ਦੀਆਂ ਧੁਨੀਵਿਉਂਤਕ ਸਮਾਨਤਾਵਾਂ, ਅਸਮਾਨਤਾਵਾਂ ਅਤੇ ਨਿੱਖੜਵੇਂ ਲੱਛਣ ਪ੍ਰਾਪਤ ਹੋਏ ਹਨ।

ਪੰਜਾਬੀ ਅਤੇ ਹਿੰਦੀ ਭਾਸ਼ਾ ਬਾਰੇ ਇਹ ਤੱਥ ਤਾਂ ਨਿਰਵਿਵਾਦ ਹੈ ਕਿ ਇਹ ਦੋਵੇਂ ਭਾਸ਼ਾਵਾਂ ਵੈਦਿਕ ਸੰਸਕ੍ਰਿਤ, ਕਲਾਸੀਕਲ ਸੰਸਕ੍ਰਿਤ, ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਦੇ ਮਾਧਿਅਮ ਰਾਹੀਂ ਆਪਣਾ ਵਰਤਮਾਨ ਭਾਸ਼ਾਈ ਸਰੂਪ ਕਾਇਮ ਕਰਦੀਆਂ ਹਨ। ਪਰ ਇਨ੍ਹਾਂ ਦਾ ਉਤਪਤੀ-ਸ੍ਰੋਤ ਕਿਹੜੀ ਅਪਭ੍ਰੰਸ਼ ਹੈ ਇਸ ਬਾਰੇ ਵਿਵਾਦ ਹੈ। ਵਿਦਿਆ ਭਾਸਕਰ ਅਰੁਣ ਅਨੁਸਾਰ ਪੰਜਾਬੀ ਧੁਨੀਆਂ ਅਧਿਕਤਰ ਸ਼ੌਰਸੈਨੀ ਪ੍ਰਾਕ੍ਰਿਤ ਅਨੁਸਾਰੀ ਹਨ ਅਤੇ ਇਨ੍ਹਾਂ ਵਿਕਾਸ ਪੜਾਵਾਂ ਦੌਰਾਨ ਪੰਜਾਬੀ ਦੀਆਂ ਕੁੱਝ ਧੁਨੀਆਂ ਲੋਪ ਹੋ ਗਈਆਂ, ਕੁੱਝ ਬਦਲ ਗਈਆਂ ਅਤੇ ਕਈ ਨਵੀਆਂ ਧੁਨੀਆਂ ਵਿਕਸਿਤ ਹੋ ਗਈਆਂ। ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ ਪੰਜਾਬੀ ਬੋਲੀ ਵੈਦਿਕ ਅਤੇ ਕਲਾਸੀਕਲ ਸੰਸਕ੍ਰਿਤ ਦੀ ਅਜੋਕੀ ਵਾਰਸ ਹੈ ਪਰ ਉਨ੍ਹਾਂ ਕੋਲਿਨ ਮਸੀਕਾ ਦੇ ਹਵਾਲੇ ਅਤੇ ਹੋਰ ਬਹੁਤ ਸਾਰੇ ਪ੍ਰਮਾਣਾਂ ਨਾਲ ਇਹ ਵੀ ਸਿੱਧ ਕੀਤਾ ਹੈ ਕਿ ਕੁਝ ਅਣਗੌਲੀਆਂ ਪ੍ਰਾਕ੍ਰਿਤਾਂ ਖਾਸ ਕਰਕੇ ਕੈਕੇਈ ਅਪਭ੍ਰੰਸ਼ ਆਧੁਨਿਕ ਪੰਜਾਬੀ ਦੀ ਇਕ ਸ੍ਰੋਤ-ਅਪਭ੍ਰੰਸ਼ ਹੈ। ਦੁਨੀ ਚੰਦ੍ਰ ਅਨੁਸਾਰ ਪੰਜਾਬੀ ਸ਼ੌਰਸੈਨੀ ਅਪਭ੍ਰੰਸ਼ ਤੋਂ ਨਿਕਲੀ ਹੈ ਜੋ ਸ਼ੋਰਸੈਨੀ ਪ੍ਰਾਕ੍ਰਿਤ ਦੀ ਸੰਤਾਨ ਹੈ। ਇਸ ਦਾ ਪ੍ਰਮਾਣ ਇਹ ਹੈ ਕਿ ਪੰਜਾਬੀ ਦੇ ਬਹੁਤ ਸਾਰੇ ਵਿਆਕਰਣਿਕ ਰੂਪ ਸ਼ੌਰਸੈਨੀ ਦੇ ਰੂਪਾਂ ਤੋਂ ਧੁਨੀ-ਪਰਿਵਰਤਨ ਦੇ ਨਿਯਮਾਂ ਅਨੁਸਾਰ ਵਿਕਸਿਤ ਹੋਏ ਦਿਸਦੇ ਹਨ। ਇਨ੍ਹਾਂ ਸਾਰੀਆਂ ਸ੍ਰੋਤ-ਪੁਸਤਕਾਂ ਵਿਚ ਪੰਜਾਬੀ ਭਾਸ਼ਾ ਦੀ ਧੁਨੀਵਿਉਂਤਕ ਵਿਕਾਸ ਪ੍ਰਕਿਰਿਆ ਨੂੰ ਸੰਸਕ੍ਰਿਤ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਰਾਹੀਂ ਆਧੁਨਿਕ ਸਰੂਪ ਤੱਕ ਪੁੱਜੀਆਂ ਦਰਸਾਇਆ ਗਿਆ ਹੈ। ਇਸ ਤੋਂ ਇਹ ਨਿਸ਼ਕਰਸ਼ ਨਿਕਲਦਾ ਹੈ ਕਿ ਪੰਜਾਬੀ ਅਤੇ ਹਿੰਦੀ

ਦੋਵੇਂ ਭਾਰਤੀ ਆਰੀਆ ਗੁੱਟ ਦੀਆਂ ਭਾਸ਼ਾਵਾਂ ਹਨ ਅਤੇ ਦੋਹਾਂ ਭਾਸ਼ਾਵਾਂ ਦਾ ਮੂਲ ਸ੍ਰੋਤ ਵੈਦਿਕ ਸੰਸਕ੍ਰਿਤ ਹੈ ਪਰ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਦੇ ਸਮੇਂ ਤੱਕ ਦੋਹਾਂ ਭਾਸ਼ਾਵਾਂ ਵਿਚ ਤਬਦੀਲੀ ਵਾਪਰਦੀ ਹੈ। ਏਨੀ ਲੰਮੀ ਵਿਕਾਸ ਯਾਤਰਾ ਦੌਰਾਨ ਕੁਝ ਧੁਨੀਆਂ ਪੰਜਾਬੀ ਭਾਸ਼ਾ ਦੀ ਧੁਨੀਵਿਉਂਤਕ ਸੰਰਚਨਾ ਵਿਚ ਪ੍ਰਵੇਸ਼ ਕਰ ਗਈਆਂ ਅਤੇ ਕੁੱਝ ਲੋਪ ਹੋ ਗਈਆਂ।

ਸਵਰਾਂ ਵਿਚ ऋ (ਰ੍) ,ॠ (ਰ.), ऌ (ਲ੍ਰ) ਧੁਨੀਆਂ ਪ੍ਰਾਕ੍ਰਿਤ ਕਾਲ ਵਿਚ ਹੀ ਲੋਪ ਹੋ ਗਈਆਂ ਸਨ। ॠ (ਰ.) ਧੁਨੀ ਪ੍ਰਾਕ੍ਰਿਤ ਵਿਚ /ਅ, ਇ, ਉ/ ਆਦਿ ਕਿਸੇ ਦੂਜੇ ਸਵਰ ਵਿਚ ਬਦਲ ਗਈ ਸੀ। ਦੋਨਾਂ ਭਾਸ਼ਾਵਾਂ ਵਿਚ ਹੀ ਉਲਟਜੀਭੀ ਵਿਅੰਜਨ ਧੁਨੀ /ष/ ਦਾ ਉਚਾਰਨ ਲੋਪ ਹੋ ਗਿਆ। ਸਾਹਿਤਕ ਹਿੰਦੀ ਵਿਚ /ष/ ਦਾ ਉਚਾਰਨ /श/ ਵਾਂਗ ਹੁੰਦਾ ਹੈ। ਦੋਨਾਂ ਭਾਸ਼ਾਵਾਂ ਵਿਚ ਹੀ /ष/ ਦਾ ਉੱਚਾਰਨ /ਖਯ/ ਵਾਂਗ ਹੁੰਦਾ ਹੈ, ਜਿਵੇਂ ਸੰ. वर्षा (varsa)> ਪੰ. ਵਰਖਾ, ਬਰਖਾ; ਹਿੰ. ਬਰਖਾ (barkha)। ਇਸੇ ਤਰ੍ਹਾਂ ਮੂਲ ਆਦਿਮ /ष/ ਵੀ ਦੋਹਾਂ ਹੀ ਬੋਲੀਆਂ ਵਿਚ /ਸ/ ਵਿਚ ਬਦਲਦਾ ਹੈ; ਜਿਵੇਂ ਸੰ. षोडश > ਹਿੰ. ਸੋਲਹ, ਪੰ. ਸੋਲ੍ਹਾਂ। ਤਾਲਵੀ /ਸ਼/ ਦੀ ਥਾਂ ਵੀ ਦੋਨਾਂ ਭਾਸ਼ਾਵਾਂ ਵਿਚ ਸਿਰਫ਼ /ਸ/ ਮਿਲਦਾ ਹੈ; ਜਿਵੇਂ ਸੰ. ਪਸ਼ੁ > ਪੰ. ਅਤੇ ਹਿੰ. ਪਸੂ। ਪਰ ਸਘੋਸ਼ ਮਹਾਂਪ੍ਰਾਣ ਧੁਨੀਆਂ /ਘ, ਝ, ਢ,ਧ ਅਤੇ ਭ/ ਦਾ ਉਚਾਰਨ ਦੋਹਾਂ ਭਾਸ਼ਾਵਾਂ ਵਿਚ ਵੱਖੋ-ਵੱਖਰਾ ਹੈ। ਪੰਜਾਬੀ ਵਿਚ ਤਾਂ ਇਹ ਧੁਨੀਆਂ ਸੁਰ ਵਿਚ ਤਬਦੀਲ ਹੋ ਗਈਆਂ ਹਨ ਪਰ ਹਿੰਦੀ ਧੁਨੀਵਿਉਂਤ ਵਿਚ ਇਨ੍ਹਾਂ ਧੁਨੀਆਂ ਦਾ ਵਿਅੰਜਨੀ ਉਚਾਰਨ ਹੁੰਦਾ ਹੈ। ਇਹੋ ਸਥਿਤੀ /ਹ/ ਧੁਨੀ ਦੀ ਹੈ। ਇਉਂ ਪੰਜਾਬੀ ਅਤੇ ਹਿੰਦੀ ਦੋਵੇਂ ਭਾਸ਼ਾਵਾਂ ਭਾਵੇਂ ਇਤਿਹਾਸਕ ਪੱਖ ਤੋਂ ਸਾਂਝ ਰੱਖਦੀਆਂ ਹਨ ਪਰ ਦੋਹਾਂ ਦੀਆਂ ਆਪੋ-ਆਪਣੀਆਂ ਧੁਨੀ-ਵਿਉਂਤਕ ਵੱਖਰਤਾਵਾਂ ਅਤੇ ਵਿਸ਼ੇਸ਼ਤਾਵਾਂ ਵੀ ਹਨ।

ਇਸ ਖੋਜ ਪ੍ਰਬੰਧ ਵਿਚ ਦੁਕਾਲਕ ਅਧਿਐਨ-ਪਰਿਪੇਖ ਉਪਰੰਤ ਪੰਜਾਬੀ ਅਤੇ ਹਿੰਦੀ ਦਾ ਇਕਾਲਕ ਧੁਨੀਵਿਉਂਤਕ ਅਧਿਐਨ ਪੇਸ਼ ਕੀਤਾ ਗਿਆ ਹੈ। ਇਸ ਲਈ ਪਹਿਲਾਂ ਪੂਰਵ ਪ੍ਰਚਲਿਤ ਧੁਨੀ-ਵਿਉਤਕ ਅਧਿਐਨ ਪੇਸ਼ ਕੀਤਾ ਹੈ ਅਤੇ ਫਿਰ ਦੋਹਾਂ ਭਾਸ਼ਾਵਾਂ ਦੇ ਧੁਨੀ ਪ੍ਰਬੰਧ ਨੂੰ ਪ੍ਰਿੰਸ ਨਿਕਲਾਏ ਟ੍ਰਬਟਜ਼ਕਾਏ, ਰੋਮਨ ਜੈਕਬਸਨ ਅਤੇ ਮੋਰਿਸ ਹਾਲੇ ਅਤੇ ਨੌਮ ਚੌਮਸਕੀ ਤੇ ਮੋਰਿਸ ਹਾਲੇ ਆਦਿ ਦੇ ਤਿੰਨ ਆਧੁਨਿਕ ਅਧਿਐਨ ਮਾਡਲਾਂ ਦੇ ਸਿਧਾਂਤਕ ਪਰਿਪੇਖ ਵਿਚ ਉਜਾਗਰ ਕੀਤਾ ਹੈ।

ਖੰਡੀ ਧੁਨੀਵਿਉਂਤ ਦੇ ਸੰਦਰਭ ਵਿਚ ਭਾਵੇਂ ਦੋਵਾਂ ਭਾਸ਼ਾਵਾਂ ਦੀਆਂ ਵਧੇਰੇ ਧੁਨੀਆਂ ਪਰਸਪਰ ਸਾਂਝ ਦੀਆਂ ਧਾਰਨੀ ਹਨ ਪਰ ਇਨ੍ਹਾਂ ਦਾ ਧੁਨੀਵਿਉਂਤਕ ਵਰਤਾਰਾ ਇਕ ਸਮਾਨ ਨਹੀਂ ਹੈ। ਮਸਲਨ ਸਵਰ ਧੁਨੀਆਂ ਦੇ ਪੱਖ ਤੋਂ ਪੰਜਾਬੀ ਭਾਸ਼ਾ ਦਾ /ਐ/ ਸਵਰ ਅਰਧ ਨੀਵਾਂ-ਅਰਧ ਖੁੱਲਾ, ਅਗਲੇਰਾ ਅਤੇ ਗੁਲਾਈ ਰਹਿਤ ਹੈ। ਇਹ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਵਿਚਰ ਸਕਦਾ ਹੈ। ਪਰੰਤੂ ਹਿੰਦੀ ਭਾਸ਼ਾ ਦਾ /ऐ/ ਸੰਯੁਕਤ ਸਵਰ ਹੈ। ਇਸਦਾ ਉਚਾਰਨ /अऐं/ ਦੇ ਰੂਪ ਵਿਚ ਹੁੰਦਾ ਹੈ। ਇਹ ਅਰਧ ਨੀਵਾਂ, ਦੀਰਘ ਅਗਲੇਰਾ ਸਵਰ ਹੈ। ਇਹ ਸਵਰ ਸ਼ਬਦ ਦੀ ਮੁੱਢਲੀ ਤੇ ਵਿਚਕਾਰਲੀ ਸਥਿਤੀ ਤੇ ਹੀ ਵਿਚਰ ਸਕਦਾ ਹੈ। ਪੰਜਾਬੀ ਵਿਚ ਜਿੱਥੇ /ਆ/ ਸਵਰ ਵਿਚਕਾਰਲਾ ਹੈ, ਉੱਥੇ ਹਿੰਦੀ /आ/ ਪਿਛਲਾ ਸਵਰ ਹੈ। ਪੰਜਾਬੀ /ਔ/ ਸਵਰ ਦਾ ਉਚਾਰਨ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਤੇ ਕਾਇਮ ਹੈ ਪਰ ਹਿੰਦੀ ਵਿਚ /औ/ ਦਾ ਉਚਾਰਨ ਸ਼ਬਦ ਦੀ ਅਖੀਰਲੀ ਸਥਿਤੀ ਤੇ ਨਹੀਂ ਹੁੰਦਾ। ਇਸੇ ਤਰ੍ਹਾਂ ਹਿੰਦੀ-ਪੰਜਾਬੀ ਦੇ ਲਘੂ ਸਵਰਾਂ ਵਿਚ ਵੀ ਪ੍ਰਕਾਰਜੀ ਅੰਤਰ ਹੈ। ਪੰਜਾਬੀ /ਉ/ ਸਵਰ ਦੀ ਉਚਾਰਨ ਸਥਿਤੀ ਅਰਧ ਉੱਚੇ ਤੇ ਅਰਧ ਨੀਵੇਂ ਦੇ ਵਿਚਕਾਰ ਹੈ ਤੇ ਸ਼ਬਦ ਦੇ ਅਖੀਰ ਤੇ ਇਸਦਾ ਉਚਾਰਨ ਨਹੀਂ ਹੁੰਦਾ। ਦੂਜੇ ਪਾਸੇ ਹਿੰਦੀ ਵਿਚ /उ/ ਸਵਰ ਉੱਚਾ ਤੇ ਪਿਛਲਾ ਹੈ ਅਤੇ ਸ਼ਬਦ ਦੇ ਅਖੀਰ ਤੇ ਇਸਦਾ ਉਚਾਰਨ ਹੁੰਦਾ ਹੈ। /ਅ/, /अ/ ਸਵਰਾਂ ਦੀ ਉਚਾਰਨ ਅਤੇ ਵਰਤੋਂ ਸਥਿਤੀ ਇਕ ਸਮਾਨ ਹੈ। ਪੰਜਾਬੀ ਵਿਚ /ਇ/ ਸਵਰ ਦਾ ਉਚਾਰਨ ਸ਼ਬਦ ਦੀ ਅਖੀਰਲੀ ਸਥਿਤੀ ਤੇ ਨਹੀਂ ਹੁੰਦਾ ਪਰ ਹਿੰਦੀ ਵਿਚ ਇਸਦਾ ਉਚਾਰਨ ਸ਼ਬਦ ਦੀਆਂ ਤਿੰਨਾਂ ਸਥਿਤੀਆਂ 'ਤੇ ਹੁੰਦਾ ਹੈ। ਇਉਂ ਦੋਹਾਂ ਭਾਸ਼ਾਵਾਂ ਵਿਚ ਸਵਰਾਂ ਦੀ ਗਿਣਤੀ ਭਾਵੇਂ ਇਕ ਸਮਾਨ ਹੈ ਪਰ ਦੋਵਾਂ ਭਾਸ਼ਾਵਾਂ ਦੇ ਸਵਰ-ਪ੍ਰਬੰਧ ਵਿਚ ਧੁਨੀਵਿਉਂਤਕ ਵਖਰੇਵੇਂ ਮੌਜੂਦ ਹਨ।

ਵਿਅੰਜਨ ਧੁਨੀਵਿਉਂਤ ਦੇ ਪੱਖ ਤੋਂ ਪੰਜਾਬੀ ਭਾਸ਼ਾ ਵਿਚ 29 ਵਿਅੰਜਨ ਅਤੇ ਹਿੰਦੀ ਭਾਸ਼ਾ ਵਿਚ 42 ਵਿਅੰਜਨ ਮੌਜੂਦ ਹਨ। ਉਚਾਰਨ ਵਿਧੀ ਅਨੁਸਾਰ ਪੰਜਾਬੀ ਅਤੇ ਹਿੰਦੀ ਭਾਸ਼ਾ ਦੀਆਂ ਵਿਅੰਜਨ ਧੁਨੀਆਂ ਨੂੰ 7 ਵਰਗਾਂ ਵਿਚ ਵੰਡਿਆ ਗਿਆ ਹੈ। ਪਰ ਦੋਹਾਂ ਭਾਸ਼ਾਵਾਂ ਦੀਆਂ ਵਿਅੰਜਨ ਧੁਨੀਆਂ ਦੇ ਕੁੱਝ ਨਿਖੇੜੂ ਲੱਛਣ ਪ੍ਰਾਪਤ ਹੋਏ ਹਨ:

1. ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚ ਸਘੋਸ਼ ਮਹਾਂਪ੍ਰਾਣ ਧੁਨੀਆਂ ਨੂੰ ਛੱਡ ਕੇ ਡੱਕਵੇਂ ਵਿਅੰਜਨਾਂ ਦੀ ਗਿਣਤੀ 15 ਹੈ। ਕਿਉਂਕਿ ਪੰਜਾਬੀ ਵਿਚ ਸਘੋਸ਼ ਮਹਾਂਪ੍ਰਾਣ ਧੁਨੀਆਂ /ਘ, ਝ ਢ, ਧ, ਭ/ ਦੀ ਥਾਂ ਸੁਰ ਨੇ ਲੈ ਲਈ ਹੈ। ਦੋਵੇਂ ਭਾਸ਼ਾਵਾਂ ਦੇ ਇਹ ਡੱਕਵੇਂ ਵਿਅੰਜਨ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਤੇ ਵਿਚਰ ਸਕਦੇ ਹਨ।

2. ਹਿੰਦੀ ਭਾਸ਼ਾ ਵਿਚ ਸਪਰਸ਼ ਵਿਅੰਜਨ /ਕ਼/ ਮੋਜੂਦ ਹੈ। ਪਰ ਪੰਜਾਬੀ ਭਾਸ਼ਾ ਵਿਚ ਇਹ ਵਿਅੰਜਨ ਮੌਜੂਦ ਨਹੀਂ ਹੈ।

3. /ਙ/ ਤੇ /ਞ/ ਦੀ ਵਰਤੋਂ ਅਜੋਕੀ ਪੰਜਾਬੀ ਵਿਚ ਨਾ-ਮਾਤਰ ਹੈ। ਹਿੰਦੀ ਦੀ /ङ/ ਵਿਅੰਜਨ ਧੁਨੀ ਸ਼ਬਦ ਦੇ ਆਦਿ ਅਤੇ ਅੰਤ ਵਿਚ ਨਹੀਂ ਮਿਲਦੀ, ਸ਼ਬਦ ਦੇ ਮੱਧ ਵਿਚ ਇਸਦੀ ਵਰਤੋਂ ਹੁੰਦੀ ਹੈ। ਕੁਝ ਅਪਵਾਦਾਂ ਨੂੰ ਛੱਡ ਕੇ /ङ/ ਕੇਵਲ ਸ਼ਬਦ ਦੇ ਮੱਧ ਵਿਚ /ख, ग, घ/ ਵਿਅੰਜਨਾਂ ਤੋਂ ਪਹਿਲਾਂ ਸੰਯੁਕਤ ਵਿਅੰਜਨ ਦੇ ਰੂਪ ਵਿਚ ਹੀ ਉਚਾਰਿਆ ਜਾਂਦਾ ਹੈ। ਹਿੰਦੀ ਭਾਸ਼ਾ ਦੀ ਨਾਸਿਕੀ ਧੁਨੀ /ञ/ ਸ਼ਬਦ ਦੀ ਵਿਚਕਾਰਲੀ ਸਥਿਤੀ ਵਿਚ ਹੀ ਆਉਂਦੀ ਹੈ।

4. ਪੰਜਾਬੀ ਵਿਚ ਸੰਘਰਸ਼ੀ ਧੁਨੀਆਂ /ਸ, ਸ਼, ਹ/ ਤਿੰਨ ਹਨ। ਪਰ ਹਿੰਦੀ ਭਾਸ਼ਾ ਵਿਚ ਅੱਠ /फ, व, स, ज, श, ख़, ग़, ह/ ਧੁਨੀਆਂ ਹਨ।

ਅਖੰਡੀ ਧੁਨੀਆਂ ਦੇ ਸੰਦਰਭ ਵਿਚ ਪੰਜਾਬੀ ਅਤੇ ਹਿੰਦੀ ਧੁਨੀਵਿਉਂਤ ਵਿਚ ਪਹਿਲਾ ਅੰਤਰ ਅਖੰਡੀ ਧੁਨੀ ਸੁਰ ਦਾ ਹੈ। ਪੰਜਾਬੀ ਵਿਚ ਸੁਰ ਦਾ ਵਿਕਾਸ ਪ੍ਰਾਣਤਾ (Aspiration) ਦੇ ਲੋਪ ਹੋ ਜਾਣ ਕਾਰਨ ਹੋਇਆ। ਸਘੋਸ਼ ਮਹਾਂਪ੍ਰਾਣ ਧੁਨੀਆਂ /ਭ, ਧ, ਢ, ਝ, ਘ/ ਪੰਜਾਬੀ ਵਿਚ ਸ਼ਬਦ ਦੀਆਂ ਤਿੰਨੇ ਸਥਿਤੀਆਂ ਵਿਚ ਪ੍ਰਾਣਤਾ ਨੂੰ ਖੋਹ ਦਿੰਦੀਆਂ ਹਨ ਅਤੇ ਸੁਰ ਦਾ ਸੰਕੇਤ ਦਿੰਦੀਆਂ ਹਨ। ਇਹੋ ਸਥਿਤੀ /ਹ/ ਧੁਨੀ ਦੀ ਹੈ। ਇਉਂ ਸੁਰ ਪੰਜਾਬੀ ਧੁਨੀਵਿਉਂਤ ਦਾ ਵਿਸ਼ੇਸ਼ ਪਛਾਣ-ਚਿੰਨ੍ਹ ਅਤੇ ਨਿਖੇੜੂ ਲੱਛਣ ਹੈ। ਪਰ ਹਿੰਦੀ ਧੁਨੀਵਿਉਂਤ ਵਿਚ ਇਸ ਦਾ ਉੱਕਾ ਹੀ ਅਭਾਵ ਹੈ। ਹਿੰਦੀ ਵਿਚ ਕੁੱਝ ਸਥਿਤੀਆਂ ਵਿਚ ਪ੍ਰਾਣਤਾ ਦਾ ਵਰਤਾਰਾ ਸੁਰ ਵਰਗਾ ਕਾਰਜ ਜ਼ਰੂਰ ਕਰਦਾ ਹੈ। ਮਿਸਾਲ ਵਜੋਂ:

ਪ੍ਰਾਣਤਾ	**ਸੁਰ**
बाग	बाग़

बाघ	ਬਾਘ
कंडा	ਕੰਡਾ
कंढा	ਕੰਢਾ
राई	ਰਾਈ
राही	ਰਾਹੀ

ਪਰ ਦੋਨਾਂ ਭਾਸ਼ਾਵਾਂ ਵਿਚ ਅਖੰਡੀ ਧੁਨੀ ਬਲ ਦਾ ਪ੍ਰਕਾਰਜ ਵੱਖੋ-ਵੱਖਰਾ ਹੈ। ਪੰਜਾਬੀ ਵਿਚ ਬਲ ਬਹੁ-ਕਾਰਜੀ ਸਾਰਥਕ ਅਖੰਡੀ ਧੁਨੀ ਹੈ। ਪੰਜਾਬੀ ਵਿਚ ਬਲ ਦਾ ਦਾਇਰਾ ਸ਼ਬਦ ਦੇ ਪਹਿਲੇ ਜਾਂ ਦੂਸਰੇ ਉਚਾਰਖੰਡ ਤੱਕ ਹੀ ਸੀਮਿਤ ਰਹਿੰਦਾ ਹੈ। ਦੂਜੇ ਉਚਾਰਖੰਡ ਉੱਤੇ ਬਲ ਸਿਰਫ਼ ਉਸ ਸਥਿਤੀ ਵਿਚ ਹੀ ਜਾਂਦਾ ਹੈ ਜਦੋਂ ਸ਼ਬਦ ਦੇ ਪਹਿਲੇ ਉਚਾਰਖੰਡ ਦਾ ਸਵਰ ਲਘੂ ਸਵਰਾਂ ਵਿਚੋਂ ਕੋਈ ਇਕ ਹੋਵੇ। ਜੇਕਰ ਪਹਿਲੇ ਉਚਾਰਖੰਡ ਦਾ ਸਵਰ ਦੀਰਘ ਸਵਰਾਂ ਵਿੱਚੋਂ ਕੋਈ ਇਕ ਆਉਂਦਾ ਹੈ ਤਾਂ ਬਲ ਪਹਿਲੇ ਉਚਾਰਖੰਡ ਤੇ ਹੀ ਰਹਿੰਦਾ ਹੈ। ਪਰ ਹਿੰਦੀ ਭਾਸ਼ਾ ਵਿਚ ਬਲ ਸਾਰਥਕ ਅਖੰਡੀ ਧੁਨੀ ਨਹੀਂ ਹੈ। ਭਾਵ ਬਲ ਨਾਲ ਸ਼ਬਦ ਦੇ ਅਰਥ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਹਿੰਦੀ ਭਾਸ਼ਾ ਵਿਚ ਧੁਨਾਤਮਕ ਬਲ ਦੇ ਪੰਜਾਬੀ ਨਾਲੋਂ ਵੱਖਰੇ ਨਿਯਮ ਹਨ। ਪਹਿਲਾ ਨਿਯਮ ਇਹ ਕਿ ਜੇ ਸ਼ਬਦ ਲਘੂ ਸਵਰ ਵਾਲਾ ਇਕ ਉਚਾਰਖੰਡੀ ਹੈ ਤਾਂ ਬਲ ਉਸੇ ਤੇ ਹੋਵੇਗੀ। ਜਿਵੇਂ सति, अलि ਆਦਿ। ਦੂਜੇ ਨਿਯਮ ਦੇ ਮੁਤਾਬਿਕ ਜੇ ਸ਼ਬਦ ਵਿਚ ਮਹਾਂਪ੍ਰਾਣ /ਹ/ ਹੈ ਤਾ ਇਸੇ ਤੇ ਬਲ ਆਵੇਗਾ। ਜਿਵੇਂ सुलह, हलार। ਤੀਜੇ ਨਿਯਮ ਅਨੁਸਾਰ ਸੰਯੁਕਤ ਉਚਾਰਖੰਡ ਵਾਲੇ ਸ਼ਬਦਾਂ ਵਿਚ ਬਲ ਹਮੇਸ਼ਾ ਸੰਯੁਕਤ ਉਚਾਰਖੰਡ ਤੇ ਮਾਰਕ ਹੁੰਦਾ ਹੈ। ਜਿਵੇਂ ਕਿ अनुभवी, साधु, निति ਆਦਿ।

ਪੰਜਾਬੀ ਭਾਸ਼ਾ ਵਿਚ ਨਾਸਿਕਤਾ ਨੂੰ ਭਾਸ਼ਾਈ ਪ੍ਰਕਾਰਜ ਦੀ ਦ੍ਰਿਸ਼ਟੀ ਤੋਂ ਦੋ ਵਰਗਾਂ ਵਿਚ ਵੰਡਿਆ ਗਿਆ ਹੈ। 1. ਨਿਰਾਰਥਕ ਨਾਸਿਕਤਾ 2. ਸਾਰਥਕ ਨਾਸਿਕਤਾ। ਪਹਿਲੀ ਕਿਸਮ ਦੀ ਨਾਸਿਕਤਾ ਨਾਲ ਸ਼ਬਦਾਂ ਦੇ

ਉਚਾਰਨ ਵਿਚ ਤਾਂ ਅੰਤਰ ਆਉਂਦਾ ਹੈ ਪਰ ਉਨ੍ਹਾਂ ਦੇ ਕੋਸ਼ਗਤ ਅਰਥਾਂ ਵਿਚ ਕੋਈ ਪਰਿਵਰਤਨ ਨਹੀਂ ਹੁੰਦਾ। ਸਾਰਥਕ ਨਾਸਿਕਤਾ ਸ਼ਬਦਾਂ ਦੇ ਕੋਸ਼ਗਤ ਅਰਥ ਪਰਿਵਰਤਿਤ ਕਰਨ ਦੇ ਸਮਰੱਥ ਹੁੰਦੀ ਹੈ। ਇਸ ਨਾਲ ਸਿਰਫ਼ ਸ਼ਬਦਾਂ ਦੇ ਅਰਥਾਂ ਵਿਚ ਹੀ ਤਬਦੀਲੀ ਨਹੀਂ ਵਾਪਰਦੀ ਸਗੋਂ ਬਹੁਤ ਵਾਰੀ ਸ਼ਬਦ ਦੀ ਸ਼੍ਰੇਣੀ ਵੀ ਤਬਦੀਲ ਹੋ ਜਾਂਦੀ ਹੈ। ਇਸ ਦ੍ਰਿਸ਼ਟੀ ਤੋਂ ਸਾਰਥਕ ਨਾਸਿਕਤਾ ਨੂੰ ਦੋ ਭਾਗਾਂ ਵਿਚ ਵੰਡਿਆਂ ਜਾਂਦਾ ਹੈ। 1. ਸ਼੍ਰੇਣੀ ਰੱਖਿਅਕ 2. ਸ਼੍ਰੇਣੀ ਬਦਲੂ। ਸ਼੍ਰੇਣੀ ਰੱਖਿਅਕ ਵਿਚ ਨਾਸਿਕਤਾ ਦੀ ਵਰਤੋਂ ਨਾਲ ਸ਼ਬਦਾਂ ਦੇ ਕੋਸ਼ਗਤ ਅਰਥਾਂ ਵਿਚ ਤਬਦੀਲੀ ਆਉਂਦੀ ਹੈ ਪਰ ਉਨ੍ਹਾਂ ਦੀ ਸ਼ਬਦ ਸ਼੍ਰੇਣੀ ਸਥਿਰ ਰਹਿੰਦੀਹੈ। ਸ਼੍ਰੇਣੀ ਬਦਲੂ ਵਿਚ ਨਾਸਿਕਤਾ ਦੀ ਵਰਤੋਂ ਨਾਲ ਸ਼ਬਦਾਂ ਦੇ ਕੋਸ਼ਗਤ ਅਰਥਾਂ ਵਿਚ ਪਰਿਵਰਤਨ ਆਉਣ ਦਾ ਨਾਲ ਨਾਲ ਉਨ੍ਹਾਂ ਦੀ ਸ਼ਬਦ ਸ਼੍ਰੇਣੀ ਵੀ ਪਰਿਵਰਤਿਤਿ ਹੁੰਦੀ ਹੈ। ਹਿੰਦੀ ਭਾਸ਼ਾ ਵਿਚ ਨਾਸਿਕਤਾ ਦਾ ਵਿਕਾਸ ਨਾਸਿਕੀ ਵਿਅੰਜਨ ਦੇ ਲੋਪ ਹੋ ਜਾਣ ਨਾਲ ਅਤੇ ਸਵਰ ਦੇ ਦੀਰਘੀਕਰਨ ਨਾਲ ਹੋਇਆ ਮੰਨਿਆ ਜਾਂਦਾ ਹੈ। ਪ੍ਰਕ੍ਰਿਤ ਅਤੇ ਅਪਭ੍ਰੰਸ਼ ਕਾਲ ਤੋਂ ਮਗਰੋਂ ਹਿੰਦੀ ਵਿਚ ਨਾਸਿਕਤਾ ਅਕਾਰਣ ਹੀ ਵਿਕਸਿਤ ਹੋ ਗਈ। ਹਿੰਦੀ ਭਾਸ਼ਾ ਵਿਚ ਇਸ ਤਰ੍ਹਾਂ ਦੇ ਉਦਾਹਰਨ ਮਿਲਦੇ ਹਨ, ਜਿਨ੍ਹਾਂ ਵਿਚ ਸਵਰ+ ਨਾਸਿਕੀ ਵਿਅੰਜਨ ਤਾਂ ਹੈ ਪਰ ਨਾਸਿਕੀ ਸਵਰ ਰੂਪ ਨਹੀਂ ਉੱਭਰ ਕੇ ਸਾਹਮਣੇ ਨਹੀਂ ਆਉਂਦਾ। ਜਿਵੇਂ ਕਿ मानव, दानव मानस, जानकी ਆਦਿ। ਦੂਸਰੇ ਪਾਸੇ ਕੁੱਝ ਅਜਿਹੇ ਵੀ ਉਦਾਹਰਨ ਹਨ ਜਿਨ੍ਹਾਂ ਵਿਚ ਨਾਸਿਕੀ ਸਵਰ ਤਾਂ ਮੌਜੂਦ ਹੁੰਦਾ ਹੈ ਪਰ ਉਸਦੇ ਆਧਾਰ ਰੂਪ ਵਿਚ ਸਵਰ+ਨਾਸਿਕੀ ਵਿਅੰਜਨ ਦਾ ਪ੍ਰਮਾਣ ਨਹੀਂ ਮਿਲਦਾ। ਜਿਵੇਂ साँध, आँख, आँसू, धाँध ਆਦਿ। ਇਸ ਪ੍ਰਕਾਰ ਹਿੰਦੀ ਭਾਸ਼ਾ ਵਿਚ ਕੁੱਝ ਸਥਿਤੀਆਂ ਵਿਚ ਨਾਸਿਕੀ ਦੀਰਘ ਸਵਰ ਦਾ ਆਉਣਾ ਮੌਖਿਕ ਸਵਰ+ਨਾਸਕੀ ਵਿਅੰਜਨ ਦੇ ਅਨੁਕਰਨ ਨਾਲ ਹੋਇਆ ਅਤੇ ਕੁੱਝ ਸਥਿਤੀਆਂ ਵਿਚ ਨਾਸਿਕੀ ਲਘੂ ਸਵਰ ਦੀ ਵਿਉਂਤਪਤੀ ਨਾਸਿਕੀ ਦੀਰਘ ਸਵਰ ਤੋਂ ਹੋਈ ਹੈ।

ਧੁਨੀਵਿਉਂਤਕ ਪੱਧਰ ਉੱਤੇ ਅਖੰਡੀ ਧੁਨੀ ਸੰਗਮ ਦਾ ਵਰਤਾਰਾ ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚ ਸਮਾਨ ਹੈ। ਦੋਹਾਂ ਭਾਸ਼ਾਵਾਂ ਵਿਚ ਸੰਗਮ ਨੂੰ ਜਦੋਂ ਅਸੀਂ ਧੁਨੀਵਿਉਂਤਕ ਆਧਾਰ 'ਤੇ ਵਿਸ਼ਲੇਸ਼ਤ ਕਰਦੇ ਹਾਂ ਤਾਂ ਇਸ ਦੀ ਬਣਤਰ ਰੂਪੀਮ ਆਧਾਰਿਤ ਹੁੰਦੀ ਹੈ। ਸੰਗਮ ਜਦੋਂ ਕਿਸੇ ਉਚਾਰਖੰਡ ਵਿਚ ਆਉਂਦਾ ਹੈ ਤਾਂ ਉਹ ਦੋ ਉਚਾਰਖੰਡਾਂ ਵਿਚ ਵੰਡਿਆ

ਜਾਂਦਾ ਹੈ। ਭਾਵੇਂ ਉਚਾਰਖੰਡ ਵਿਚ ਰੂਪੀਮ ਦੀ ਹੱਦ ਨਹੀਂ ਹੁੰਦੀ ਪਰ ਜਦੋਂ ਸੰਗਮ ਦੀ ਵਿੱਥ ਨਾਲ ਉਚਾਰਖੰਡ ਦੋ ਰੂਪਾਂ ਵਿਚ ਆਉਂਦਾ ਹੈ ਤਾਂ ਉਥੇ ਉਚਾਰਖੰਡ ਰੂਪੀਮ ਵਿਚ ਬਦਲ ਜਾਂਦਾ ਹੈ। ਇਸ ਤਰ੍ਹਾਂ ਸੰਗਮ ਜਦੋਂ ਦੋ ਅੱਖਰਾਂ ਦੇ ਦਰਮਿਆਨ ਆਵੇ ਤਾਂ ਇਸ ਨੂੰ ਉਚਾਰਖੰਡੀ ਸੰਗਮ (Syllabic juncture) ਕਿਹਾ ਜਾਂਦਾ ਹੈ। ਮਿਸਾਲ ਦੋਹਾਂ ਭਾਸ਼ਾਵਾਂ ਵਿਚ ਉਚਾਰਖੰਡੀ ਸੰਗਮ ਦੇ ਨਮੂਨੇ ਪੇਸ਼ ਹਨ :

ਪੰਜਾਬੀ:

ਉਚਾਰਖੰਡ		**ਰੂਪੀਮ**
ਭਾਜੀ	-	ਭਾ # ਜੀ
ਛਿਲਕੇ	-	ਛਿੱਲ #ਕੇ
ਰਜਾਈ	-	ਰਜ #ਆਈ
ਕਰਕੇ	-	ਕਰ # ਕੇ

ਹਿੰਦੀ

नलकी	-	नल # की
जलसा	-	जल # सा
हलकी	-	हल# की
निकला	-	निकल # आ

ਉਪਰੋਕਤ ਸ਼ਬਦਾਂ ਵਿਚ ਪਹਿਲਾਂ ਆਏ ਸ਼ਬਦ ਸੁਤੰਤਰ ਰੂਪੀਮ ਹਨ ਅਤੇ ਇਨ੍ਹਾਂ ਵਿਚਕਾਰ ਉਚਾਰਖੰਡ ਦੀ ਹੱਦ ਹੈ। ਪਰ ਸੰਗਮ ਕਾਰਨ ਧੁਨੀਆਤਮਕ ਤਬਦੀਲੀ ਕਰ ਕੇ, ਇਹ ਉਚਾਰਖੰਡ ਤੋਂ ਰੂਪੀਮ ਵਿਚ ਬਦਲ ਜਾਂਦੇ ਹਨ। ਭਾਵ ਸੰਗਮ ਦੀ ਬਰੇਕ ਕਾਰਨ ਇਹ ਆਪਣੇ ਰੂਪ ਵਿਚ ਤਬਦੀਲੀ ਗ੍ਰਹਿਣ ਕਰਦੇ ਹਨ ਅਤੇ ਵੱਖਰੇ ਅਰਥਾਂ ਵਿਚ ਸਾਕਾਰ ਹੁੰਦੇ ਹਨ। ਦੋਹਾਂ ਭਾਸ਼ਾਵਾਂ ਵਿਚ ਸੰਗਮ ਦਾ ਵਰਤਾਰਾ ਵਿਆਕਰਨਕ ਪੱਧਰ ਉੱਤੇ ਵੀ ਕਾਰਜਸ਼ੀਲ ਹੁੰਦਾ ਹੈ। ਇਥੇ ਸੰਗਮ ਸਦਕਾ ਵਿਆਕਰਨਕ ਰੂਪ ਆਪਣੀ ਨਵੀਂ ਵਿਆਕਰਨਕ ਹੋਂਦ ਬਣਾਉਂਦੇ ਹਨ।

ਉਚਾਰਖੰਡ ਦੀ ਪੱਧਰ ਤੇ ਵੀ ਦੋਵਾਂ ਭਾਸ਼ਾਵਾਂ ਵਿਚ ਵੱਖਰਤਾ ਨਜ਼ਰੀ ਪੈਂਦੀ ਹੈ। ਪੰਜਾਬੀ ਵਿਚ ਸ਼ਬਦ ਦਾ ਮੁੱਢਲਾ ਵਿਅੰਜਨ ਗੁੱਛਾ ਪਹਿਲੀ ਧੁਨੀ ਦੇ ਖਾਰਜ ਰਾਹੀਂ ਜਾਂ ਦੋਹਾਂ ਧੁਨੀਆਂ ਦੇ ਦਰਮਿਆਨ ਸਵਰ /ਅ/ ਦੀ ਆਮਦ ਰਾਹੀਂ ਟੁੱਟਦਾ ਹੈ ਪਰ ਹਿੰਦੀ ਵਿਚ ਇਹ ਵਿਅੰਜਨ ਗੁੱਛਾ ਤੋੜਨ ਲਈ /ਅ/ ਸਵਰ ਇਨ੍ਹਾਂ ਵਿਅੰਜਨਾਂ ਦੇ ਅੱਗੇ ਜੁੜਦਾ ਹੈ ਭਾਵ ਕਿ ਦੋਵਾਂ ਭਾਸ਼ਾਵਾਂ ਦੇ ਇਨ੍ਹਾਂ ਵੱਖਰੇ ਨੇਮਾਂ ਰਾਹੀ ਉਚਾਰਖੰਡੀ ਤਰਤੀਬ ਵਿਚ ਵੀ ਵੱਖਰਤਾ ਸਾਹਮਣੇ ਆ ਜਾਂਦੀ ਹੈ। ਪੰਜਾਬੀ ਵਿਚ ਇਸ ਵਿਅੰਜਨ ਗੁੱਛੇ ਦੀ ਟੁੱਟਣ ਦੀ ਤਰਤੀਬ ਨਾਲ ਓਚਾਰਖੰਡ ਦਾ ਆਰੰਭ ਵਿਅੰਜਨ ਵਿਚ ਹੀ ਬਰਕਰਾਰ ਰਹਿੰਦਾ ਹੈ, ਉੱਥੇ ਹਿੰਦੀ ਵਿਚਲੇ ਉਚਾਰਖੰਡ ਦਾ ਆਰੰਭ ਸਵਰ ਨਾਲ ਹੋਣ ਕਾਰਨ ਦੋਹਰਾ ਉਚਾਰਖੰਡ ਸਿਰਜਿਆ ਜਾਂਦਾ ਹੈ। ਇਕ ਅੱਖਰੀ ਉਚਾਰਖੰਡੀ ਪੈਟਰਨ ਦੇ ਅਧਿਐਨ ਉਪਰੰਤ ਇਹ ਸਪੱਸ਼ਟ ਹੁੰਦਾ ਹੈ ਕਿ ਗਿਣਤੀ ਪੱਖੋਂ ਜਿੱਥੇ ਪੰਜਾਬੀ ਵਿਚ ਉਚਾਰਖੰਡ ਦੀ ਗਿਣਤੀ 8 ਹੈ, ਉੱਥੇ ਹਿੰਦੀ ਵਿਚ 15 ਦੇ ਕਰੀਬ ਬਣਦੀ ਹੈ। ਹਿੰਦੀ ਭਾਸ਼ਾ ਵਿਚ ਉਚਾਰਖੰਡ ਦੇ ਇਸ ਵਾਧੇ ਦਾ ਕਾਰਨ ਲੰਬੇ ਵਿਅੰਜਨੀ ਗੁੱਛੇ ਹਨ।

ਨਿਖੇੜੂ ਲੱਛਣਾਂ ਦੇ ਸਿਧਾਂਤਿਕ ਪਰਿਪੇਖ ਵਿਚ ਦੋਵਾਂ ਭਾਸ਼ਾਵਾਂ ਦੀ ਸਥਿਤੀ ਸਪੱਸ਼ਟ ਹੁੰਦੀ ਹੈ। ਟ੍ਰਬਟਜ਼ਕਾਏ ਨੇ ਸਿਧਾਂਤਿਕ ਚੌਖਟੇ ਵਿਚ ਸੱਤ ਨਿਖੇੜੂ ਵਿਰੋਧਾਂ ਦੀ ਸਥਾਪਨਾ ਕੀਤੀ ਗਈ ਹੈ। ਇਸ ਪੱਖੋਂ ਪੰਜਾਬੀ ਧੁਨੀਵਿਉਂਤ ਵਿਚ /ਪ/ ਤੇ /ਬ/ ਅਤੇ ਹਿੰਦੀ ਵਿਚ /प/ਤੇ /ब/ ਵਿਚਲਾ ਵਿਰੋਧ ਦੋਪੱਖੀ ਹੈ। ਇਨ੍ਹਾਂ ਵਿਚ ਸਿਰਫ ਇਕ ਨਿਖੇੜੂ ਲੱਛਣ ਘੋਸ਼ਤਾ ਦਾ ਹੈ। ਪਰ /ਪ/-/प/,/ਬ/-/ब/ਅਤੇ /ਫ/-/फ/ ਵਿਚਲਾ ਵਿਰੋਧ ਬਹੁਪੱਖੀ ਹੈ। ਕਿਉਂਕਿ ਜਿਥੇ /ਪ/ ਧੁਨੀ ਦੇ ਤਿੰਨ +ਲੱਛਣ ਹਨ, ਉਥੇ /ਬ/ਅਤੇ /ਫ/ ਦੇ ਚਾਰ-ਚਾਰ +ਲੱਛਣ ਹਨ। ਜਿਥੇ /ਫ/ ਦਾ /ਪ/ਨਾਲ ਵਿਰੋਧ ਪ੍ਰਾਣਤਾ

ਦਾ ਹੈ, ਉਥੇ /ਬ/ਨਾਲ ਵਿਰੋਧ ਘੋਸ਼ਤਾ ਦਾ ਹੈ। ਪਰ ਹਿੰਦੀ ਭਾਸ਼ਾ ਵਿਚ ਪੰਜ ਧੁਨੀਆਂ /ਧ, ਫ, ਬ, ਭ, ਸ/ ਹਨ। ਸਪੱਸ਼ਟ ਹੈ ਕਿ ਹਿੰਦੀ ਭਾਸ਼ਾ ਵਿਚਲਾ ਵਿਰੋਧ ਪੰਜਾਬੀ ਦੇ ਮੁਕਾਬਲੇ ਵਧੇਰੇ ਬਹੁਪੱਖੀ ਹੈ। ਅਨੁਪਾਤੀ ਦੇ ਪੱਖ ਤੋਂ ਪੰਜਾਬੀ/ਹਿੰਦੀ ਵਿਚ /ਪ/ ਤੇ /ਬ/ ਦਾ ਵਿਰੋਧ ਹੈ ਕਿਉਂਕਿ ਦੋਹਾਂ ਭਾਸ਼ਾਵਾਂ ਵਿਚ ਇਸ ਦੇ ਸਮਾਨਾਂਤਰ /ਤ/ ਤੇ /ਦ/ ਜਾਂ /ਕ/ ਤੇ /ਗ/ ਦੇ ਜੁੱਟ ਮੌਜੂਦ ਹਨ। ਇਸੇ ਤਰ੍ਹਾਂ ਵਿਯੋਜਿਤ ਵਿਰੋਧ ਦੇ ਪੱਖ ਤੋਂ /ਰ/ ਤੇ /ਲ/ ਧੁਨੀਆਂ ਦੇ ਸਮਾਨਾਂਤਰ ਹੋਰ ਵਿਰੋਧੀ ਜੁੱਟ ਨਹੀਂ ਹੈ। ਪੰਜਾਬੀ/ਹਿੰਦੀ ਵਿਚ ਸਮਤੋਲ ਵਿਰੋਧ /ਤ/ ਤੇ /ਚ/ ਵਿਚ ਹੈ ਕਿਉਕਿ ਇਸ ਵਰਗਾ ਹੋਰ ਵਿਰੋਧ ਮੌਜੂਦ ਨਹੀਂ ਹੈ। ਪੰਜਾਬੀ ਵਿਚ /ੲ/-/ਨ/,/ਜ਼/-/ਯ/,/ਰ/-/ੜ/ ਅਤੇ /ਲ/-/ਲ਼/ ਅਸਥਿਰ ਦੀ ਸਥਿਤੀ ਵਿਚ ਹਨ। ਇਸਦੇ ਮੁਕਾਬਲੇ ਤੇ /ਪ/ ਤੇ /ਬ/, /ਤ/ ਤੇ /ਦ/, /ਕ/ਤੇ /ਗ/ ਆਦਿ ਦਾ ਵਿਰੋਧ ਸਥਿਰ ਹੈ। ਪਰ ਸਥਿਰ/ਅਸਥਿਰ ਵਿਰੋਧ ਦੀ ਸਥਿਤੀ ਹਿੰਦੀ ਵਿਚ ਪੰਜਾਬੀ ਵਰਗੀ ਨਹੀਂ ਹੈ। ਦਰਜੇਵਾਰ ਵਿਰੋਧ ਮੁੱਖ ਰੂਪ ਵਿਚ ਸਵਰਾਂ ਵਿਚ ਹੁੰਦਾ ਹੈ। ਇਸ ਪੱਖੋਂ ਪੰਜਾਬੀ ਵਿਚ /ਈ/ ਊਚਾ ਤੇ /ਏ/ ਅੱਧ ਉੱਚਾ ਹੈ। /ਇ/ਦੀ ਉਚਾਈ ਮੱਧਵਰਤੀ ਹੈ। ਇਸੇ ਤਰ੍ਹਾਂ /ਏ/ ਅੱਧ ਉੱਚਾ ਹੈ ਅਤੇ /ਐ/ਅੱਧ ਨੀਵਾਂ/।

ਜੈਕਬਸਨ ਤੇ ਹਾਲੇ ਦੇ ਸਿਧਾਂਤਕ ਚੌਖਟੇ ਮੁਤਾਬਕ ਪੰਜਾਬੀ ਵਿਚ ਤਿੰਨ ਸਵਰ ਧੁਨੀਆਂ /ਐ, ਆ, ਔ/ ਤੇ + ਕੱਸਵਾਂ ਨਿਖੇੜੂ ਲੱਛਣ ਹੈ ਅਤੇ ਹਿੰਦੀ ਭਾਸ਼ਾ ਵਿਚ +ਕੱਸਵਾਂ ਨਿਖੇੜੂ ਲੱਛਣ ਇਕ ਹੀ ਸਵਰ ਧੁਨੀ /ਆ/ ਤੇ ਆਉਂਦਾ ਹੈ। ਵਿਅੰਜਨਾਂ ਦੇ ਪ੍ਰਸੰਗ ਵਿਚ ਪੰਜਾਬੀ ਵਿਚ /ਰ/ ਤੇ /ਲ/ ਦ੍ਵਵੀ ਧੁਨੀਆਂ ਹਨ। ਦ੍ਵਵੀ ਧੁਨੀਆਂ ਦਾ ਖ਼ਾਸਾ ਇਹ ਹੁੰਦਾ ਹੈ ਕਿ ਵਿਅੰਜਨ ਵਾਂਗ ਨਿਖੇੜੂ ਵਿਰੋਧ ਵੀ ਸਿਰਜਦੀਆਂ ਹਨ ਤੇ ਸਵਰਾਂ ਵਾਂਗ ਉਚਾਰਖੰਡ 'ਤੇ ਵੀ ਆ ਜਾਂਦੀਆਂ ਹਨ। ਇਹ ਖ਼ਾਸਾ ਪੰਜਾਬੀ ਧੁਨੀਆਂ ਉੱਤੇ ਲਾਗੂ ਨਹੀਂ ਹੁੰਦਾ। ਇਸ ਪੱਖੋਂ /ਯ/ ਤੇ /ਵ/ ਦ੍ਵਵੀ ਹਨ। ਇਹੋ ਸਥਿਤੀ ਹਿੰਦੀ ਭਾਸ਼ਾ ਦੀ ਹੈ। ਹਿੰਦੀ ਧੁਨੀਵਿਉਂਤ ਵਿਚ ਵੀ ਦ੍ਵਵੀ ਧੁਨੀਆਂ ਦਾ ਨਿਖੇੜੂ ਲੱਛਣ ਮਨਫ਼ੀ ਹੈ। ਇਥੇ ਵੀ ਇਹ ਧੁਨੀਆਂ ਉਚਾਰਖੰਡ ਦੀ ਸਿਖ਼ਰ 'ਤੇ ਨਹੀਂ ਵਿਚਰਦੀਆਂ।

ਚੌਮਸਕੀ ਤੇ ਹਾਲੇ ਦੇ ਸਿਧਾਂਤ ਵਿਚ 13 ਵਰਗਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸ ਆਧਾਰ 'ਤੇ ਦੋਵਾਂ ਭਾਸ਼ਾਵਾਂ ਵਿਚ 9 ਵਰਗਾਂ ਦੇ ਨਿਖੇੜੂ ਲੱਛਣਾਂ ਦੀ ਪਛਾਣ ਹੁੰਦੀ ਹੈ। ਦੋਵਾਂ ਭਾਸ਼ਾਵਾਂ ਵਿਚ ਪਹਿਲਾ ਨਿਖੇੜੂ ਅੰਤਰ ਉੱਚਾਈ

ਦੇ ਆਧਾਰ 'ਤੇ ਦੇਖਣ ਨੂੰ ਮਿਲਦਾ ਹੈ। ਪੰਜਾਬੀ ਵਿਚ ਦੋ ਸਵਰਾਂ /ਈ, ਊ/ ਵਿਚ +ਉੱਚੇ ਸਵਰ ਦਾ ਨਿਖੇੜੂ ਲੱਛਣ ਹੈ, ਉੱਥੇ ਹਿੰਦੀ ਵਿਚ ਪੰਜ ਸਵਰਾਂ /इ, ई, ओ, उ, ऊ/ ਤੇ +ਉੱਚੇ ਦਾ ਨਿਖੇੜੂ ਲੱਛਣ ਹੈ। ਦੋਵਾਂ ਭਾਸ਼ਾਵਾਂ ਵਿਚ ਦੂਜਾ ਨਿਖੇੜੂ ਅੰਤਰ ਨੀਵੇਂ ਲੱਛਣ ਦਾ ਹੈ। ਪੰਜਾਬੀ ਵਿਚ ਤਿੰਨ ਸਵਰ /ਐ, ਆ, ਔ/ ਤੇ +ਨੀਵਾਂ ਨਿਖੇੜੂ ਲੱਛਣ ਹੈ। ਉੱਥੇ ਹਿੰਦੀ ਵਿਚ ਇਕ ਹੀ ਸਵਰ /आ/ +ਨੀਵਾਂ ਨਿਖੇੜੂ ਲੱਛਣ ਅੰਕਿਤ ਹੈ।

ਦੋਵਾਂ ਭਾਸ਼ਾਵਾਂ ਵਿਚ ਵਿਅੰਜਨਾਂ ਦੇ ਆਪਸੀ ਵਿਰੋਧ, ਮੇਲ ਅਤੇ ਸੁਮੇਲ ਦੀ ਧੁਨੀਵਿਉਂਤ ਸਮਾਨ ਨਹੀਂ ਹੈ। ਦੋਵਾਂ ਭਾਸ਼ਾਵਾਂ ਵਿਚ ਪਹਿਲਾ ਨਿਖੇੜੂ ਅੰਤਰ ਘੋਸ਼ਤਾ ਦਾ ਹੈ। ਜਿਥੇ ਪੰਜਾਬੀ ਭਾਸ਼ਾ ਵਿਚ ਹਰ ਉਚਾਰਨ ਸਥਾਨ ਤੋਂ ਤਿੰਨ-ਤਿੰਨ ਵਿਅੰਜਨ ਉਚਾਰੇ ਜਾਂਦੇ ਹਨ, ਉਥੇ ਹਿੰਦੀ ਵਿਚ ਚਾਰ-ਚਾਰ ਉਚਾਰੇ ਜਾਂਦੇ ਹਨ। ਪੈਰਾਡਿਗਮੈਟਿਕ ਪੱਧਰ 'ਤੇ ਇਨ੍ਹਾਂ ਦਾ ਤਿਕੋਨਾ ਵਿਰੋਧ ਅਘੋਸ਼/ਸਘੋਸ਼, ਅਲਪਪ੍ਰਾਣ/ਮਹਾਂਪ੍ਰਾਣ ਅਤੇ ਸਘੋਸ਼ ਅਲਪਪ੍ਰਾਣ/ਅਘੋਸ਼ ਮਹਾਂਪ੍ਰਾਣ ਕਰਮਸ਼ੀਲ ਹੈ। ਚੌਥਾ ਵਿਰੋਧ ਅਘੋਸ਼/ਅਲਪਪ੍ਰਾਣ ਅਤੇ ਸਘੋਸ਼/ਅਲਪਪ੍ਰਾਣ ਦੇ ਹੱਕ ਵਿਚ ਨਿਊਟਰਾਲਾਈਜ਼ ਕਰ ਜਾਂਦਾ ਹੈ। ਪੰਜਾਬੀ ਵਿਚ /ਭ, ਧ, ਢ, ਝ, ਘ/ ਸਘੋਸ਼ ਧੁਨੀਆਂ ਦਾ ਸੁਰੀ ਉਚਾਰਨ ਹੁੰਦਾ ਹੈ। ਇਸ ਲਈ ਇਨ੍ਹਾਂ ਧੁਨੀਆਂ ਦੇ ਨਿਖੇੜੂ ਲੱਛਣ ਦੀ ਪਛਾਣ ਨਹੀਂ ਕੀਤੀ ਜਾ ਸਕਦੀ। ਪਰ ਹਿੰਦੀ ਭਾਸ਼ਾ ਵਿਚ /भ, ध, ढ, झ, घ/ ਧੁਨੀਆਂ ਤੇ +ਜਮਾਂ ਨਿਖੇੜੂ ਲੱਛਣ ਦੀ ਪ੍ਰਾਪਤੀ ਹੋ ਜਾਦੀ ਹੈ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਵਿਚ /ਸ/ ਧੁਨੀ ਤੇ +ਸਘੋਸ਼ ਦਾ ਨਿਖੇੜੂ ਲੱਛਣ ਹੈ ਪਰ ਹਿੰਦੀ ਵਿਚ /स/ ਧੁਨੀ ਤੇ –ਸਘੋਸ਼ ਨਿਖੇੜੂ ਲੱਛਣ ਹੈ। ਕਿਉਂਕਿ ਹਿੰਦੀ ਭਾਸ਼ਾ ਵਿਚ /स/ ਧੁਨੀ ਅਘੋਸ਼ ਹੈ। ਇਸ ਲਈ ਹਿੰਦੀ ਵਿਚ ਇਸ ਧੁਨੀ ਤੇ +ਘੋਸ਼ਤਾ ਦਾ ਨਿਖੇੜੂ ਲੱਛਣ ਅੰਕਿਤ ਨਹੀਂ ਹੁੰਦਾ।ਦੂਜਾ ਅੰਤਰ ਨਾਸਿਕੀ ਨਿਖੇੜੂ ਲੱਛਣਾਂ ਦਾ ਹੈ। ਪੰਜਾਬੀ ਭਾਸ਼ਾ ਵਿਚ ਪੰਜ ਨਾਸਿਕੀ ਧੁਨੀਆਂ /ਮ, ਨ, ਣ, ਞ, ਙ/ ਤੇ +ਨਾਸਿਕੀ ਨਿਖੇੜੂ ਲੱਛਣ ਮੌਜੂਦ ਹੈ। ਪਰ ਹਿੰਦੀ ਭਾਸ਼ਾ ਵਿਚ ਦੋ ਨਾਸਿਕੀ ਧੁਨੀਆਂ /म, न/ ਤੇ +ਨਾਸਿਕੀ ਨਿਖੇੜੂ ਲੱਛਣ ਦੀ ਪਛਾਣ ਹੁੰਦੀ ਹੈ।

ਸਾਰਾਂਸ਼ ਇਹ ਕਿ ਪੰਜਾਬੀ ਧੁਨੀਵਿਉਂਤ ਵਿਚ 10 ਸਵਰ, 2 ਅਰਧ ਸਵਰ ਅਤੇ 29 ਵਿਅੰਜਨ ਧੁਨੀਆਂ ਕਾਰਜਸ਼ੀਲ ਹਨ ਜਦ ਕਿ ਹਿੰਦੀ ਧੁਨੀਵਿਉਂਤ ਵਿਚ 10 ਸਵਰ ਅਤੇ 42 ਵਿਅੰਜਨ ਧੁਨੀਆਂ ਪ੍ਰਵਾਨਿਤ ਹਨ। ਇਸ ਤਰ੍ਹਾਂ ਧੁਨੀਆਤਮਕ ਪੱਧਰ ਉੱਤੇ ਹਿੰਦੀ ਧੁਨੀਆਂ ਪੰਜਾਬੀ ਨਾਲੋਂ ਵਧੇਰੇ ਹਨ। ਦਰਅਸਲ ਪੰਜਾਬੀ ਵਿਚ ਸਘੋਸ਼ ਮਹਾਂਪ੍ਰਾਣ

ਧੁਨੀਆਂ /ਘ, ਝ, ਢ, ਧ, ਭ/ ਦਾ ਉਚਾਰਨ ਨਹੀਂ ਹੁੰਦਾ। ਇਨ੍ਹਾਂ ਧੁਨੀਆਂ ਦਾ ਸੁਰੀ ਉਚਾਰਨ ਹੀ ਹੁੰਦਾ ਹੈ। ਪਰ ਹਿੰਦੀ ਭਾਸ਼ਾ ਵਿਚ ਇਹ ਪੰਜੇ ਧੁਨੀਆਂ ਬਰਕਰਾਰ ਹਨ। ਪੰਜਾਬੀ ਭਾਸ਼ਾ ਦੀ ਧੁਨੀਵਿਉਂਤਕ ਸੰਰਚਨਾ ਦੀਆਂ ਨਵੇਕਲੀਆਂ ਵੱਖਰਤਾਂਵਾਂ ਵਿਚ ਦੁੱਤੀਕਰਨ ਦਾ ਵਰਤਾਰਾ ਪ੍ਰਮੁੱਖ ਹੈ। ਇਸ ਵਰਤਾਰੇ ਸਦਕਾ ਪੰਜਾਬੀ ਅਤੇ ਹਿੰਦੀ ਭਾਸ਼ਾ ਦੇ ਨਿਵੇਕਲੇ ਧੁਨੀ-ਪੈਟਰਨ ਬਣਦੇ ਹਨ। ਪੰਜਾਬੀ ਧੁਨੀਵਿਉਂਤ ਵਿਚਲੀ ਇਹ ਨਿਵੇਕਲੀ ਪ੍ਰਵਿਰਤੀ ਸੰਸਕ੍ਰਿਤ ਤੋਂ ਬਾਅਦ ਪਾਲੀ ਭਾਸ਼ਾ ਦੇ ਵੇਲੇ ਤੋਂ ਵਾਪਰਨੀ ਸ਼ੁਰੂ ਹੋ ਜਾਂਦੀ ਹੈ। ਪਰ ਹਿੰਦੀ ਭਾਸ਼ਾ ਵਿਚ ਇਨ੍ਹਾਂ ਦੁੱਤ ਧੁਨੀਆਂ ਦਾ ਸਰਲੀਕਰਨ ਹੋ ਕੇ, ਇਕ ਤਾਂ ਦੋਹਾਂ ਦੁੱਤ ਵਿਅੰਜਨਾ ਵਿਚੋਂ ਇਕ ਵਿਅੰਜਨ ਲੁਪਤ ਹੋ ਜਾਂਦਾ ਹੈ ਅਤੇ ਲੋਪ ਹੋਏ ਵਿਅੰਜਨ ਦੀ ਹਾਨੀ-ਪੂਰਤੀ ਵਜੋਂ ਪੂਰਵਵਰਤੀ ਸਵਰ ਦਾ ਦੀਰਘੀਕਰਨ ਹੋ ਜਾਂਦਾ ਹੈ।

ਪੰਜਾਬੀ ਅਤੇ ਹਿੰਦੀ ਭਾਸ਼ਾ ਦੀ ਧੁਨੀਵਿਉਂਤ ਵਿਚਲਾ ਦੂਜਾ ਵੱਡਾ ਅੰਤਰ ਅਖੰਡੀ ਧੁਨੀ ਸੁਰ (Tone) ਦਾ ਹੈ। ਸੁਰ ਪੰਜਾਬੀ ਧੁਨੀਵਿਉਂਤ ਵਿਸ਼ੇਸ਼ ਪਛਾਣ-ਚਿੰਨ੍ਹ ਅਤੇ ਨਿਖੇੜੂ ਲੱਛਣ ਹੈ। ਹਿੰਦੀ ਧੁਨੀਵਿਉਂਤ ਵਿਚ ਸੁਰ ਦਾ ਉੱਕਾ ਹੀ ਅਭਾਵ ਹੈ।ਪੰਜਾਬੀ ਅਤੇ ਹਿੰਦੀ ਧੁਨੀਵਿਉਂਤ ਵਿਚ ਤੀਜਾ ਅੰਤਰ ਇਹ ਹੈ ਕਿ ਜਿਥੇ ਹਿੰਦੀ ਸਵਰ-ਅੰਤਕ ਬੋਲੀ ਹੈ, ਉਥੇ ਪੰਜਾਬੀ ਸਵਰ ਅੰਤਕ ਨਹੀਂ। ਭਾਵ ਹਿੰਦੀ ਦੇ ਹਰ ਸ਼ਬਦ ਦੇ ਅੰਤ ਉਤੇ ਸਵਰ ਬੋਲਿਆ ਜਾਂਦਾ ਹੈ ਜਦ ਕਿ ਪੰਜਾਬੀ ਸ਼ਬਦਾਂ ਦੇ ਅੰਤ ਤੇ ਸ੍ਵਰ ਨਹੀਂ ਉਚਾਰੇ ਜਾਂਦੇ।ਇਸ ਤੋਂ ਇਲਾਵਾ ਪੰਜਾਬੀ ਸ਼ਬਦਾਂ ਦੀ ਅੰਤਲੀ ਸਥਿਤੀ ਵਿਚ ਲਘੂ ਸਵਰਾਂ /ਅ, ਇ, ਉ/ਦਾ ਉਚਾਰਨ ਨਹੀਂ ਹੁੰਦਾ ਜਦ ਕਿ ਹਿੰਦੀ ਸ਼ਬਦਾਂ ਦੀ ਅੰਤਲੀ ਸਥਿਤੀ ਵਿਚ ਲਘੂ ਸਵਰਾਂ ਦਾ ਉਚਾਰਨ ਸੰਭਵ ਹੈ। ਦੋਹਾਂ ਭਾਸ਼ਾਵਾਂ ਵਿਚ ਅਖੰਡੀ ਧੁਨੀ ਬਲ ਦਾ ਪ੍ਰਕਾਰਜ ਵੀ ਵੱਖੋ-ਵੱਖਰਾ ਹੈ। ਜਿਥੇ ਪੰਜਾਬੀ ਵਿਚ ਬਲ ਦੀ ਹੋਂਦ ਫੋਨੀਮਿਕ ਹੈ, ਉਥੇ ਹਿੰਦੀ ਵਿਚ ਬਲ ਦੀ ਹੋਂਦ ਫੋਨੈਟਿਕ ਹੈ। ਜਿਥੋਂ ਤੱਕ ਨਾਸਿਕਤਾ ਤੇ ਸੰਗਮ ਦਾ ਸੰਬੰਧ ਹੈ ਦੋਹਾਂ ਭਾਸ਼ਾਵਾਂ ਵਿਚ ਇਹ ਸਮਾਨ ਰੂਪ ਵਿਚ ਕਾਰਜਸ਼ੀਲ ਹੁੰਦਾ ਹੈ। ਦੋਵਾਂ ਭਾਸ਼ਾਵਾਂ ਦੇ ਇਕ ਅੱਖਰੀ ਉਚਾਰਖੰਡੀ ਪੈਟਰਨ ਦੇ ਅਧਿਐਨ ਉਪਰੰਤ ਇਹ ਸਪੱਸ਼ਟ ਹੁੰਦਾ ਹੈ ਕਿ ਗਿਣਤੀ ਪੱਖੋਂ ਜਿੱਥੇ ਪੰਜਾਬੀ ਵਿਚ ਉਚਾਰਖੰਡ ਦੀ ਗਿਣਤੀ 8 ਹੈ, ਉੱਥੇ ਹਿੰਦੀ ਵਿਚ 15 ਹੈ। ਹਿੰਦੀ ਭਾਸ਼ਾ ਵਿਚ ਉਚਾਰਖੰਡ ਦੇ ਇਸ ਵਾਧੇ ਦਾ ਕਾਰਨ ਲੰਬੇ ਵਿਅੰਜਨੀ ਗੁੱਛੇ ਹਨ।